

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 23; June 8, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਇੰਡੀਆ ਗੱਠਜੋੜ ਨੇ ਭਗਵਾ ਧਿਰ ਨੂੰ ਪੈਰੋਂ ਕੱਢਿਆ

**ਨਵੀਂ ਦਿੱਲੀ:** ਭਾਰਤ ਵਿਚ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਸਿਆਸੀ ਮਾਹਿਰਾਂ ਦੀਆਂ ਗਿਣਤੀਆਂ-ਮਿਣਤੀਆਂ ਹਿਲਾ ਕੇ ਰੱਖ ਦਿੱਤੀਆਂ ਹਨ। ਚੋਣ ਨਤੀਜਿਆਂ ਵਿਚ ਇੰਡੀਆ ਗੱਠਜੋੜ ਨੇ 'ਇਸ ਵਾਰ 400 ਪਾਰ' ਦਾ ਨਾਅਰਾ ਮਾਰਨ ਵਾਲੀ ਭਾਜਪਾ ਨੂੰ ਪੈਰੋਂ ਕੱਢ ਦਿੱਤਾ ਹੈ। 400 ਤਾਂ ਦੂਰ ਦੀ ਗੱਲ, ਭਗਵਾ ਧਿਰ 300 ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ।

ਆਪਣੇ ਦਮ ਉਤੇ ਬਹੁਮਤ ਦਾ ਦਾਅਵਾ ਕਰ ਰਹੀ ਭਾਜਪਾ 240 ਸੀਟਾਂ ਉਤੇ ਸਿਮਟ ਗਈ। ਐਨ.ਡੀ.ਏ. ਗੱਠਜੋੜ ਪੱਲੇ ਤਕਰੀਬਨ 292 ਸੀਟਾਂ ਪਈਆਂ ਹਨ ਜਦ ਕਿ ਇੰਡੀਆ ਗੱਠਜੋੜ 234 ਸੀਟਾਂ ਜਿੱਤਣ ਵਿਚ ਕਾਮਯਾਬ ਰਿਹਾ ਹਾਲਾਂਕਿ ਐਗਜ਼ਿਟ ਪੋਲਾਂ ਵਿਚ ਇੰਡੀਆ ਗੱਠਜੋੜ ਨੂੰ 180 ਤੱਕ ਸੀਟਾਂ ਮਿਲਣ ਦੇ ਦਾਅਵੇ ਕੀਤੇ ਗਏ ਸਨ। ਗੱਠਜੋੜ ਨੇ ਐਗਜ਼ਿਟ ਪੋਲ ਦੇ ਅਨੁਮਾਨਾਂ ਨੂੰ ਗ਼ਲਤ ਸਾਬਤ ਕਰਦਿਆਂ ਯੂ.ਪੀ., ਮਹਾਰਾਸ਼ਟਰ, ਰਾਜਸਥਾਨ, ਹਰਿਆਣਾ ਤੇ ਕਰਨਾਟਕ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

ਰਾਮ ਮੰਦਰ ਦੇ ਨਾਮ ਉਤੇ ਵੋਟਾਂ ਮੰਗਣ ਵਾਲੀ ਭਗਵਾ ਧਿਰ ਲਈ ਸਭ ਤੋਂ ਨਮੋਸ਼ੀ ਵਾਲੀ ਗੱਲ ਇਹ ਰਹੀ ਕਿ ਉਤਰ ਪ੍ਰਦੇਸ਼ ਵਿਚ ਇਹ 80 ਵਿਚੋਂ ਸਿਰਫ 33 ਸੀਟਾਂ ਹੀ ਜਿੱਤ ਸਕੀ। ਭਗਵਾ ਧਿਰ ਰਾਮ ਮੰਦਰ ਵਾਲੀ ਅਯੁੱਧਿਆ ਸੀਟ ਵੀ ਹਾਰ ਗਈ। ਚੋਣ ਨਤੀਜਿਆਂ ਵਿਚ ਨਰਿੰਦਰ ਮੋਦੀ ਦਾ ਜਾਦੂ ਕਿਤੇ ਨਜ਼ਰ ਨਹੀਂ ਆਇਆ। ਵੋਟਾਂ ਦੀ ਗਿਣਤੀ ਸਮੇਂ ਇਕ ਵਾਰ ਹਾਲਾਤ ਇਹ ਬਣ ਗਏ ਸਨ ਕਿ ਮੋਦੀ ਆਪਣੀ ਵਾਰਾਣਸੀ ਸੀਟ ਉਤੇ ਕਾਂਗਰਸੀ ਉਮੀਦਵਾਰ ਅਜੈ ਰਾਏ ਤੋਂ ਪੱਛੜ ਗਏ। ਭਾਜਪਾ ਨੇ ਲਖੀਮਪੁਰ ਖੀਰੀ ਤੋਂ ਕਿਸਾਨ ਜਥੇਬੰਦੀਆਂ ਨੂੰ ਵੰਗਾਰਦੇ ਹੋਏ ਅਜੈ ਮਿਸ਼ਰਾ ਟੈਨੀ ਨੂੰ ਮੈਦਾਨ ਵਿਚ ਉਤਾਰਿਆ ਸੀ ਪਰ ਉਹ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਉਤਕਰਸ਼ ਵਰਮਾ ਤੋਂ 34329 ਵੋਟਾਂ ਦੇ ਫਰਕ ਨਾਲ ਹਾਰ ਗਿਆ। ਕੇਂਦਰ ਵੱਲੋਂ ਲਿਆਂਦੇ ਗਏ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਦੌਰਾਨ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ 'ਤੇ ਕਿਸਾਨਾਂ ਉੱਤੇ ਜੀਪ ਚੜ੍ਹਾਉਣ ਦਾ ਦੋਸ਼ ਲੱਗਿਆ ਸੀ। ਇਸ ਦੌਰਾਨ ਚਾਰ ਕਿਸਾਨਾਂ ਦੀ ਮੌਤ ਹੋ ਗਈ ਸੀ। ਇਸ ਦੇ ਬਾਵਜੂਦ ਟੈਨੀ ਮੰਤਰੀ ਬਣੇ ਰਹੇ ਅਤੇ ਭਾਜਪਾ ਨੇ ਮੁੜ ਉਨ੍ਹਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ।

ਇਧਰ, ਕਾਂਗਰਸੀ ਆਗੂ ਰਾਹੁਲ ਗਾਂਧੀ ਚੋਣ ਨਤੀਜਿਆਂ ਵਿਚ ਵੱਡਾ ਚਿਹਰਾ ਬਣ ਕੇ ਉਭਰੇ ਹਨ। ਰਾਹੁਲ ਗਾਂਧੀ ਨੇ ਉੱਤਰ ਪ੍ਰਦੇਸ਼ ਦੇ ਰਾਏਬਰੇਲੀ ਤੇ ਕੇਰਲਾ ਦੇ ਵਾਇਨਾਡ ਸੰਸਦੀ ਹਲਕਿਆਂ 'ਤੇ ਸ਼ਾਨਦਾਰ ਜਿੱਤਾਂ ਦਰਜ ਕੀਤੀਆਂ ਹਨ। ਉਨ੍ਹਾਂ ਵਾਇਨਾਡ ਲੋਕ ਸਭਾ ਹਲਕੇ ਤੋਂ ਸੀ.ਪੀ.ਆਈ. ਦੀ ਐਨੀ ਰਾਜਾ ਨੂੰ 3.5 ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ। ਇਸੇ ਤਰ੍ਹਾਂ ਕਾਂਗਰਸੀ ਆਗੂ ਨੇ ਰਾਏਬਰੇਲੀ ਸੀਟ 'ਤੇ 3.9 ਲੱਖ ਤੋਂ ਵੱਧ ਵੋਟਾਂ ਤੋਂ ਜਿੱਤ ਦਰਜ ਕੀਤੀ ਹੈ ਜਦ ਕਿ ਮੋਦੀ ਦੀ ਜਿੱਤ ਦਾ ਇਸ ਵਾਰ ਫ਼ਰਕ 1,52,513 ਰਿਹਾ ਜੋ 2019 ਅਤੇ 2014 ਦੀ ਜਿੱਤ ਨਾਲੋਂ ਘੱਟ ਹੈ। ਸਾਲ 2019 'ਚ ਮੋਦੀ ਦੀ ਜਿੱਤ ਦਾ ਫ਼ਰਕ 4,79,505 ਰਿਹਾ ਸੀ ਜਦੋਂ ਉਨ੍ਹਾਂ

*(ਬਾਕੀ ਸਫਾ 6 'ਤੇ)*





### ਭਾਜਪਾ ਦਾ ਪੰਜਾਬ ਤੇ ਚੰਡੀਗੜ੍ਹ ਵਿਚੋਂ ਸਫਾਇਆ

**ਚੰਡੀਗੜ੍ਹ:** ਭਾਜਪਾ ਨੂੰ ਇਸ ਵਾਰ ਪੰਜਾਬ ਵਿਚੋਂ ਇਕ ਵੀ ਸੀਟ ਨਹੀਂ ਮਿਲੀ। ਇਥੋਂ ਤੱਕ ਕਿ ਚੰਡੀਗੜ੍ਹ ਦੀ ਇਕੋ-ਇਕ ਸੀਟ ਵੀ ਹਾਰ ਗਈ। ਚੰਡੀਗੜ੍ਹ ਵਿਚ ਕਾਂਗਰਸ ਦੇ ਮਨੀਸ਼ ਤਿਵਾੜੀ ਜਿੱਤੇ ਹਨ। ਕਾਂਗਰਸ ਨੂੰ ਪੰਜਾਬ ਦੀਆਂ 13 ਸੀਟਾਂ 'ਚੋਂ ਸੱਤ ਸੀਟਾਂ ਮਿਲੀਆਂ ਹਨ ਜਦੋਂ ਕਿ 'ਆਪ' ਦੇ ਹਿੱਸੇ ਤਿੰਨ ਸੀਟਾਂ ਆਈਆਂ ਹਨ। ਅਕਾਲੀ ਦਲ ਹੱਥ ਸਿਰਫ ਬਠਿੰਡਾ ਵਾਲੀ ਇਕੋ-ਇਕ ਸੀਟ ਲੱਗੀ।

## ਪੰਜਾਬੀਆਂ ਦਾ 'ਆਪ' ਵਾਲਾ ਚਾਅ ਲੱਥਾ, ਕਾਂਗਰਸ ਦਾ 'ਹੱਥ' ਫੜਿਆ

**ਚੰਡੀਗੜ੍ਹ:** ਲੋਕ ਸਭਾ ਚੋਣਾਂ 'ਚ ਇਸ ਵਾਰ ਪੰਜਾਬ ਨੇ ਕਾਂਗਰਸ ਦਾ 'ਹੱਥ' ਫੜਿਆ ਹੈ। ਪੰਜਾਬੀਆਂ ਨੇ ਇਨ੍ਹਾਂ ਚੋਣਾਂ ਵਿਚ ਸੱਤਾਧਾਰੀਆਂ ਦੇ ਉਲਟ ਭੁਗਤਣ ਦੀ ਆਪਣੀ ਰਵਾਇਤ ਨੂੰ ਵੀ ਕਾਇਮ ਰੱਖਿਆ। ਕਾਂਗਰਸ ਨੂੰ ਪੰਜਾਬ ਦੀਆਂ 13 ਸੀਟਾਂ 'ਚੋਂ 7 ਸੀਟਾਂ ਮਿਲੀਆਂ ਹਨ ਜਦੋਂ ਕਿ 'ਆਪ' ਦੇ ਹਿੱਸੇ ਸਿਰਫ 3 ਸੀਟਾਂ ਆਈਆਂ ਹਨ। ਸ਼੍ਰੋਮਣੀ ਅਕਾਲੀ ਦਲ ਬਠਿੰਡਾ ਸੀਟ ਜਿੱਤ ਕੇ ਆਪਣਾ ਗੜ੍ਹ ਬਚਾਉਣ ਵਿਚ ਸਫਲ ਰਿਹਾ ਹੈ। ਭਾਜਪਾ ਇਕ ਵੀ ਸੀਟ ਨਹੀਂ ਜਿੱਤ ਸਕੀ।

ਪੰਜਾਬ ਵਿਚ ਸਭ ਤੋਂ ਵੱਡੀ ਜਿੱਤ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅਤੇ 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਨੇ ਦਰਜ ਕੀਤੀ। ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਐਨ.ਐਸ.ਏ. ਤਹਿਤ ਬੰਦ ਅੰਮ੍ਰਿਤਪਾਲ ਸਿੰਘ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਕੁਲਵੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਦੇ ਫ਼ਰਕ ਨਾਲ ਹਰਾਇਆ। ਇਸ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਲਈ ਜ਼ਿੰਮੇਵਾਰ ਸ਼ਹੀਦ ਬੇਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਖ਼ਾਲਸਾ ਨੇ ਹਲਕਾ ਫ਼ਰੀਦਕੋਟ ਤੋਂ ਵਿਰੋਧੀ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੂੰ 70,053 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਖਡੂਰ ਸਾਹਿਬ ਅਤੇ ਫ਼ਰੀਦਕੋਟ ਹਲਕੇ ਵਿਚ ਬੰਦੀ ਸਿੰਘਾਂ ਦੀ ਰਿਹਾਈ, ਕਿਸਾਨੀ ਮੁੱਦੇ ਅਤੇ ਨਸ਼ਿਆਂ ਦੇ ਮੁੱਦੇ ਭਾਰੂ ਰਹੇ।

ਜਲੰਧਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਅਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਵੱਡੇ ਫਰਕ ਨਾਲ



ਜਿੱਤੇ ਹਨ। ਸੰਗਰੂਰ ਤੋਂ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ 3,64,085 ਹਾਸਲ ਕਰ ਕੇ ਜੇਤੂ ਰਹੇ ਹਨ। ਮੀਤ ਹੇਅਰ ਨੇ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਨੂੰ ਸਿਰਫ 62,488 ਵੋਟਾਂ ਪਈਆਂ ਹਨ।

ਫਤਹਿਗੜ੍ਹ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਡਾ. ਅਮਰ ਸਿੰਘ ਨੇ ਕੁੱਲ 3,32,591 ਵੋਟਾਂ ਹਾਸਲ ਕਰਦਿਆਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੂੰ 34,202 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਪਟਿਆਲਾ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ 3,05,616 ਵੋਟਾਂ ਹਾਸਲ ਕਰ ਕੇ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਬਲਬੀਰ ਸਿੰਘ ਨੂੰ ਹਰਾਇਆ ਹੈ। ਬਲਬੀਰ ਸਿੰਘ ਨੂੰ 2,90,785 ਵੋਟਾਂ ਪਈਆਂ ਹਨ। ਭਾਜਪਾ ਉਮੀਦਵਾਰ ਪ੍ਰਨੀਤ ਕੌਰ 2,88,998 ਵੋਟਾਂ ਨਾਲ

*(ਬਾਕੀ ਸਫਾ 6 'ਤੇ)*


## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




Call us at:
+18442272162

Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ





Balbir (Bill) Grewal
MORTGAGE LOAN OFFICER
NMLS# 353442

Corporate NMLS# 68434
AZ License# BK-0945946

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਅਰੁਣਾਚਲ ਵਿਚ ਭਾਜਪਾ ਤੇ ਸਿੱਕਮ 'ਚ ਐਸ.ਕੇ.ਐਮ. ਦੀ ਵਾਪਸੀ

**ਈਟਾਨਗਰ:** ਅਰੁਣਾਚਲ ਪ੍ਰਦੇਸ਼ ਤੇ ਸਿੱਕਮ ਵਿਧਾਨ ਸਭਾ ਲਈ 19 ਅਪਰੈਲ ਨੂੰ ਪਈਆਂ ਵੋਟਾਂ ਦੇ ਐਲਾਨੇ ਗਏ ਨਤੀਜਿਆਂ ਵਿਚ ਅਰੁਣਾਚਲ ਪ੍ਰਦੇਸ਼ ਵਿਚ ਭਾਜਪਾ ਨੇ ਲਗਾਤਾਰ ਤੀਜੀ ਵਾਰ ਸੱਤਾ 'ਚ ਵਾਪਸੀ ਕੀਤੀ ਹੈ ਜਦਕਿ ਸਿੱਕਮ 'ਚ ਸਿੱਕਮ ਕ੍ਰਾਂਤੀਕਾਰੀ ਮੋਰਚਾ (ਐਸ.ਕੇ.ਐਮ) ਹੂੰਝਾ ਫੇਰ ਜਿੱਤ ਹਾਸਲ ਕਰਕੇ ਲਗਾਤਾਰ ਦੂਜੀ ਵਾਰ ਸੱਤਾ 'ਚ ਆ ਗਿਆ ਹੈ।

ਭਾਜਪਾ ਨੇ ਅਰੁਣਾਚਲ ਪ੍ਰਦੇਸ਼ 'ਦੀ 60 ਮੈਂਬਰੀ ਵਿਧਾਨ ਸਭਾ 'ਚ 46 ਸੀਟਾਂ ਜਿੱਤ ਕੇ ਬਹੁਮਤ ਹਾਸਲ ਕੀਤਾ ਹੈ ਜਦਕਿ ਐਸ.ਕੇ.ਐਮ. ਨੇ ਸਿੱਕਮ ਦੀ 32 ਮੈਂਬਰੀ ਵਿਧਾਨ ਸਭਾ 'ਚ 31 ਸੀਟਾਂ ਜਿੱਤੀਆਂ ਹਨ। ਇਸੇ ਦੌਰਾਨ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਰਾਜਪਾਲ ਲੈਫਟੀਨੈਂਟ ਜਨਰਲ ਕੇਟੀ ਪਰਨਾਇਕ ਨੂੰ ਮਿਲ ਕੇ ਅਸਤੀਫਾ ਸੌਂਪ ਦਿੱਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਭਾਜਪਾ ਨੇ ਅਰੁਣਾਚਲ ਪ੍ਰਦੇਸ਼ ਦੀਆਂ 10 ਸੀਟਾਂ ਪਹਿਲਾਂ ਹੀ ਬਿਨਾਂ ਵਿਰੋਧ ਜਿੱਤ ਲਈਆਂ ਸਨ। ਅਧਿਕਾਰੀਆਂ ਅਨੁਸਾਰ ਜਿਨ੍ਹਾਂ 50 ਸੀਟਾਂ 'ਤੇ ਵੋਟਾਂ ਪਈਆਂ, ਉਨ੍ਹਾਂ 'ਚੋਂ ਭਾਜਪਾ ਨੇ 36 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ ਅਤੇ ਮੁੱਖ ਮੰਤਰੀ ਪੇਮਾ ਖਾਂਡੂ ਬਿਨਾਂ ਵਿਰੋਧ ਜਿੱਤਣ ਵਾਲੇ ਉਮੀਦਵਾਰਾਂ 'ਚੋਂ ਇੱਕ ਹਨ। ਇਨ੍ਹਾਂ ਚੋਣਾਂ ਵਿਚ ਨੈਸ਼ਨਲ ਪੀਪਲਜ਼ ਪਾਰਟੀ (ਐਨ.ਪੀ.ਪੀ.) ਨੂੰ ਪੰਜ ਸੀਟਾਂ ਮਿਲੀਆਂ ਜਦਕਿ ਪੀਪਲਜ਼ ਪਾਰਟੀ ਆਫ ਅਰੁਣਾਚਲ ਨੇ ਦੋ ਅਤੇ



ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਨੇ ਤਿੰਨ ਸੀਟਾਂ 'ਤੇ ਜਿੱਤ ਦਰਜ ਕੀਤੀ। ਕਾਂਗਰਸ ਨੇ ਇਕ ਸੀਟ ਜਿੱਤੀ ਹੈ ਅਤੇ ਤਿੰਨ ਸੀਟਾਂ 'ਤੇ ਆਜ਼ਾਦ ਉਮੀਦਵਾਰ ਜਿੱਤੇ ਹਨ। ਭਾਜਪਾ ਨੇ ਅਰੁਣਾਚਲ ਪ੍ਰਦੇਸ਼ 'ਚ 2019 ਦੀਆਂ ਵਿਧਾਨ ਸਭਾ ਚੋਣਾਂ ਵਿਚ 41 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਇਸ ਵਾਰ ਉਸ ਦੀਆਂ ਪੰਜ ਸੀਟਾਂ ਵਧੀਆਂ ਹਨ। ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਇਨ੍ਹਾਂ ਨਤੀਜਿਆਂ ਨੂੰ ਇਤਿਹਾਸਕ ਕਰਾਰ ਦਿੱਤਾ ਤੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯੋਗਦਾਨ ਦਾ ਬਦਲਾ ਚੁਕਾਇਆ ਹੈ। ਉੱਧਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਦੀ ਜਿੱਤ 'ਤੇ ਸੂਬੇ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ। ਦੂਜੇ ਪਾਸੇ ਹਿਮਾਲਿਅਨ ਸੂਬੇ 'ਚ ਸਿੱਕਮ ਕ੍ਰਾਂਤੀਕਾਰੀ ਮੋਰਚਾ (ਐਸ.ਕੇ.ਐਮ) ਹੂੰਝਾ ਫੇਰ ਜਿੱਤ ਹਾਸਲ ਕਰਕੇ ਲਗਾਤਾਰ ਦੂਜੀ ਵਾਰ ਸੱਤਾ 'ਚ ਆ ਗਿਆ ਹੈ।

ਐਸ.ਕੇ.ਐਮ. ਨੇ 32 ਮੈਂਬਰੀ ਵਿਧਾਨ ਸਭਾ 'ਚ 31 ਸੀਟਾਂ ਜਿੱਤੀਆਂ ਹਨ। ਵਿਰੋਧੀ ਸਿੱਕਮ ਡੈਮੋਕਰੈਟਿਕ ਫਰੰਟ (ਐਸ.ਡੀ.ਐਫ), ਜਿਸ ਨੇ 2019 ਤੱਕ ਲਗਾਤਾਰ 25 ਵਰ੍ਹਿਆਂ ਤੱਕ ਸੂਬੇ 'ਚ ਰਾਜ ਕੀਤਾ ਸੀ, ਸਿਰਫ਼ ਇਕ ਸੀਟ ਹੀ ਜਿੱਤ ਸਕਿਆ। ਪਾਰਟੀ ਪ੍ਰਧਾਨ ਅਤੇ ਪੰਜ ਵਾਰ ਦਾ ਮੁੱਖ ਮੰਤਰੀ ਤੇ ਅੱਠ ਵਾਰ ਵਿਧਾਇਕ ਰਿਹਾ ਪਵਨ ਕੁਮਾਰ ਚਾਮਲਿੰਗ ਦੋ ਸੀਟਾਂ ਤੋਂ ਚੋਣ ਲੜਿਆ ਸੀ ਅਤੇ ਉਹ ਦੋਹਾਂ ਤੋਂ ਹਾਰ ਗਿਆ। ਐਸ.ਕੇ.ਐਮ. ਪ੍ਰਧਾਨ ਅਤੇ ਮੌਜੂਦਾ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਦੋਵੇਂ ਸੀਟਾਂ ਜਿੱਤਣ 'ਚ ਕਾਮਯਾਬ ਰਿਹਾ ਅਤੇ ਪਾਰਟੀ ਨੂੰ 58.38 ਫੀਸਦ ਵੋਟਾਂ ਮਿਲੀਆਂ। ਤਮਾਂਗ ਰੇਨੌਕ ਅਤੇ ਸੋਰੇਂਗ-ਚਕੁੰਗ ਹਲਕਿਆਂ ਤੋਂ 7-7 ਹਜ਼ਾਰ ਤੋਂ ਵੱਧ ਵੋਟਾਂ ਤੋਂ ਚੋਣ ਜਿੱਤੇ ਹਨ। ਤਮਾਂਗ ਦੀ ਪਤਨੀ ਕ੍ਰਿਸ਼ਨਾ ਕੁਮਾਰੀ ਰਾਏ ਨਾਮਚੀ-ਸਿੰਗੀਥਾਂਗ ਹਲਕੇ ਤੋਂ ਚੋਣ ਜਿੱਤ ਗਈ। ਉਨ੍ਹਾਂ ਆਪਣੇ ਨਜ਼ਦੀਕੀ ਉਮੀਦਵਾਰ ਐਸ.ਡੀ.ਐਫ. ਦੇ ਬਿਮਲ ਰਾਏ ਨੂੰ 5,302 ਵੋਟਾਂ ਨਾਲ ਹਰਾਇਆ। ਭਾਜਪਾ ਅਤੇ ਕਾਂਗਰਸ ਸਿੱਕਮ 'ਚ ਖਾਤਾ ਖੋਲ੍ਹਣ 'ਚ ਨਾਕਾਮ ਰਹੇ। ਭਾਜਪਾ ਨੇ 31 ਸੀਟਾਂ 'ਤੇ ਚੋਣ ਲੜੀ ਸੀ ਅਤੇ ਉਸ ਨੂੰ 5.18 ਫੀਸਦ ਵੋਟ ਮਿਲੇ। ਇਸੇ ਤਰ੍ਹਾਂ ਕਾਂਗਰਸ ਨੂੰ ਮਹਿਜ਼ 0.32 ਫੀਸਦ ਵੋਟ ਮਿਲੇ ਜੋ ਨੋਟਾ (0.99 ਫੀਸਦ) ਤੋਂ ਵੀ ਘੱਟ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਮਾਂਗ ਅਤੇ ਐਸ.ਕੇ.ਐਮ. ਦੀ ਜਿੱਤ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ 'ਐਕਸ' 'ਤੇ ਕਿਹਾ ਕਿ ਉਹ ਆਉਂਦੇ ਸਮੇਂ 'ਚ ਸਿੱਕਮ ਦੀ ਹੋਰ ਤਰੱਕੀ ਲਈ ਸੂਬਾ ਸਰਕਾਰ ਨਾਲ ਰਲ ਕੇ ਕੰਮ ਕਰਨਾ ਚਾਹੁਣਗੇ। ਇਸ ਦੇ ਜਵਾਬ 'ਚ ਤਮਾਂਗ ਨੇ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਿੱਕਮ ਦੇ ਵਿਕਾਸ ਅਤੇ ਖੁਸ਼ਹਾਲੀ ਦੀਆਂ ਕੋਸ਼ਿਸ਼ਾਂ ਪ੍ਰਤੀ ਵਚਨਬੱਧ ਹਨ। ਸਿੱਕਮ ਭਾਜਪਾ ਪ੍ਰਧਾਨ ਦਿਲੀ ਰਾਮ ਥਾਪਾ ਅਪਰ ਬਰਟੁਕ ਹਲਕੇ ਤੋਂ ਐਸ.ਕੇ.ਐਮ. ਦੇ ਕਾਲਾ ਰਾਏ ਤੋਂ 2,968 ਵੋਟਾਂ ਦੇ ਫ਼ਰਕ ਨਾਲ ਚੋਣ ਹਾਰ ਗਏ। ਹੂੰਝਾ ਫੇਰ ਜਿੱਤ ਮਗਰੋਂ ਤਮਾਂਗ ਨੇ ਪਾਰਟੀ ਵਰਕਰਾਂ ਅਤੇ ਸਿੱਕਮ ਦੇ ਵੋਟਰਾਂ ਦਾ ਧੰਨਵਾਦ ਕੀਤਾ ਹੈ।

## 25 ਸਾਲ ਰਾਜ ਕਰਨ ਵਾਲੇ ਚਾਮਲਿੰਗ ਦੋਵੇਂ ਸੀਟਾਂ ਤੋਂ ਹਾਰੇ

**ਗੰਗਟੋਕ:** ਪੰਜ ਵਾਰ ਦੇ ਸਾਬਕਾ ਮੁੱਖ ਮੰਤਰੀ ਅਤੇ ਐਸ.ਡੀ.ਐਫ. ਸੁਪਰੀਮੋ ਪਵਨ ਕੁਮਾਰ ਚਾਮਲਿੰਗ ਦੋਵੇਂ ਪੋਕਲੋਕ ਕਾਮਰੰਗ ਤੇ ਨਾਮਚੇਯਬੁੰਗ ਹਲਕਿਆਂ ਤੋਂ ਚੋਣ ਹਾਰ ਗਏ। ਜ਼ਦੀ ਨਾਮਚੀ ਜ਼ਿਲ੍ਹੇ 'ਚ ਪੈਂਦੇ ਪੋਕਲੋਕ ਕਾਮਰੰਗ ਸੀਟ 'ਤੇ ਉਨ੍ਹਾਂ ਨੂੰ ਸਿੱਕਮ ਕ੍ਰਾਂਤੀਕਾਰੀ ਮੋਰਚੇ ਦੇ ਭੋਜ ਰਾਜ ਰਾਏ ਨੇ 3,063 ਵੋਟਾਂ ਨਾਲ ਹਰਾਇਆ। ਨਾਮਚੇਯਬੁੰਗ ਵਿਧਾਨ ਸਭਾ ਸੀਟ 'ਤੇ ਉਹ ਐਸ.ਕੇ.ਐਮ. ਦੇ ਰਾਜੂ ਬਸਨੇਤ ਤੋਂ 2,256 ਵੋਟਾਂ ਨਾਲ ਹਾਰ ਗਏ। ਚਾਮਲਿੰਗ 1994 ਤੋਂ 2019 ਤੱਕ 25 ਸਾਲਾਂ ਤੱਕ ਸਿੱਕਮ ਦੇ ਮੁੱਖ ਮੰਤਰੀ ਰਹੇ ਸਨ। ਪਿਛਲੇ 39 ਸਾਲਾਂ 'ਚ ਐਤਕੀਂ ਪਹਿਲੀ ਵਾਰ ਹੋਵੇਗਾ ਕਿ ਚਾਮਲਿੰਗ ਸਿੱਕਮ ਵਿਧਾਨ ਸਭਾ ਅੰਦਰ ਵਿਧਾਇਕ ਵਜੋਂ ਮੌਜੂਦ ਨਹੀਂ ਰਹਿਣਗੇ।

# ਰੂਸੀ ਹਮਲਿਆਂ ਤੋਂ ਬਾਅਦ ਯੂਕਰੇਨ 'ਚ ਬਿਜਲੀ ਸਪਲਾਈ ਠੱਪ

**ਕੀਵ:** ਰੂਸ ਵੱਲੋਂ ਬੁਨਿਆਦੀ ਊਰਜਾ ਢਾਂਚੇ ਉੱਤੇ ਵੱਡੇ ਪੱਧਰ 'ਤੇ ਹਮਲੇ ਕੀਤੇ ਜਾਣ ਤੇ ਪੂਰਬੀ ਦੋਨੇਤਸਕ ਸੂਬੇ 'ਚ ਕਾਮਯਾਬੀ ਹਾਸਲ ਕਰਨ ਦਾ ਦਾਅਵਾ ਕੀਤੇ ਜਾਣ ਤੋਂ ਬਾਅਦ ਯੂਕਰੇਨ ਨੇ ਦੇਸ਼ ਦੇ ਵਧੇਰੇ ਹਿੱਸਿਆਂ 'ਚ ਐਮਰਜੈਂਸੀ ਬਿਜਲੀ ਕਟੌਤੀ ਲਾਗੂ ਕਰ ਦਿੱਤੀ ਹੈ।

ਊਰਜਾ ਪਲਾਂਟਾਂ ਨੂੰ ਨਿਸ਼ਾਨਾ ਬਣਾ ਕੇ ਡਰੋਨ ਤੇ ਮਿਜ਼ਾਈਲ ਹਮਲੇ ਕੀਤੇ ਜਾਣ ਮਗਰੋਂ ਯੂਕਰੇਨ ਦੇ ਤਿੰਨ ਇਲਾਕਿਆਂ ਨੂੰ ਛੱਡ ਕੇ ਸਾਰੇ ਖੇਤਰਾਂ 'ਚ ਬਿਜਲੀ ਬੰਦ ਹੋ ਗਈ ਹੈ। ਇਨ੍ਹਾਂ ਹਮਲਿਆਂ 'ਚ ਘੱਟ ਤੋਂ ਘੱਟ 19 ਜਣੇ ਜ਼ਖ਼ਮੀ ਹੋਏ ਹਨ। ਯੂਕਰੇਨ ਦੇ ਸਰਕਾਰੀ ਮਾਲਕੀ ਵਾਲੇ ਬਿਜਲੀ ਗਰਿੱਡ ਸੰਚਾਲਕ ਯੂਕੇਨੇਗੋ ਨੇ ਕਿਹਾ ਕਿ ਬਿਜਲੀ ਬੰਦ ਹੋਣ ਕਾਰਨ ਸਨਅਤੀ ਤੇ ਘਰੇਲੂ ਖਪਤਕਾਰ ਦੋਵੇਂ ਪ੍ਰਭਾਵਿਤ ਹੋਏ ਹਨ। ਲੰਘੇ ਅਪਰੈਲ 'ਚ ਹੋਇਆ ਹਮਲਾ ਹਾਲ ਹੀ ਦੇ ਸਭ ਤੋਂ ਵੱਡੇ ਹਮਲਿਆਂ 'ਚੋਂ ਇੱਕ ਸੀ ਜਿਸ ਨੇ ਕੀਵ ਦੇ ਸਭ ਤੋਂ ਵੱਡੇ ਬਿਜਲੀ ਊਰਜਾ ਪਲਾਂਟ ਨੂੰ ਨੁਕਸਾਨ ਪਹੁੰਚਾਇਆ ਸੀ।

ਅੱਠ ਮਈ ਨੂੰ ਇੱਕ ਹੋਰ ਵੱਡਾ ਹਮਲਾ ਹੋਇਆ ਜਿਸ ਵਿੱਚ ਕਈ ਖੇਤਰਾਂ 'ਚ ਬਿਜਲੀ ਉਤਪਾਦਨ ਤੇ ਬਿਜਲੀ ਵੰਡ ਅਦਾਰਿਆਂ ਨੂੰ ਨੁਕਸਾਨ ਪੁੱਜਾ। ਯੂਕਰੇਨ ਦੀ ਹਵਾਈ ਸੈਨਾ ਨੇ ਹਮਲਿਆਂ ਤੋਂ ਬਾਅਦ ਕਿਹਾ ਕਿ ਹਵਾਈ ਰੱਖਿਆ ਬਲਾਂ ਨੇ ਰਾਤ ਭਰ 'ਚ ਸਾਰੇ 25 ਡਰੋਨ ਹੇਠਾਂ ਸੁੱਟ ਲਏ। ਰੂਸ ਨੇ ਦਾਅਵਾ ਕੀਤਾ ਕਿ ਉਸ ਨੇ ਅੰਸ਼ਿਕ ਤੌਰ 'ਤੇ ਰੂਸ ਦੇ ਕਬਜ਼ੇ ਹੇਠਲੇ ਦੋਨੇਤਸਕ ਖੇਤਰ ਦੇ ਉਮਾਨਸਕੇ ਪਿੰਡ 'ਤੇ ਕੰਟਰੋਲ ਕਰ ਲਿਆ ਹੈ। ਰੂਸ 'ਚ ਯੂਕਰੇਨ ਦੀ ਹੱਦ ਨਾਲ ਲੱਗੇ ਬੈਲਗਰਾਦ ਖੇਤਰ ਦੇ ਸ਼ੈਬੇਕਿਨੋ ਸ਼ਹਿਰ 'ਚ ਗੋਲਾਬਾਰੀ 'ਚ ਛੇ ਵਿਅਕਤੀ ਜ਼ਖ਼ਮੀ ਹੋ ਗਏ।

# ਚੀਨ-ਅਮਰੀਕਾ ਵਿਚਕਾਰ ਜੰਗ ਦੀ ਸੰਭਾਵਨਾ ਨਹੀਂ: ਆਸਟਿਨ

**ਸੰਗਾਪੁਰ:** ਅਮਰੀਕੀ ਰੱਖਿਆ ਮੰਤਰੀ ਲੌਇਡ ਆਸਟਿਨ ਨੇ ਸਿਖਰਲੇ ਸੁਰੱਖਿਆ ਅਧਿਕਾਰੀਆਂ ਦੇ ਇਕ ਸਮੂਹ ਨੂੰ ਕਿਹਾ ਕਿ ਏਸ਼ੀਆ-ਪ੍ਰਸ਼ਾਂਤ 'ਚ ਤੇਜ਼ੀ ਨਾਲ ਵਧਦੇ ਤਣਾਅ ਦੇ ਬਾਵਜੂਦ ਚੀਨ ਨਾਲ ਨੇੜ ਭਵਿੱਖ 'ਚ ਜੰਗ ਦੀ ਕੋਈ ਸੰਭਾਵਨਾ ਨਹੀਂ ਹੈ ਤੇ ਅਜਿਹਾ ਕੋਈ ਕਾਰਨ ਵੀ ਨਹੀਂ ਹੈ ਕਿ ਅਜਿਹੀ ਕਿਸੇ ਜੰਗ ਨੂੰ ਟਾਲਿਆ ਨਾ ਜਾ ਸਕੇ।



ਉਨ੍ਹਾਂ ਨਾਲ ਹੀ ਗਲਤ ਅਨੁਮਾਨ ਤੇ ਗਲਤਫਹਿਮੀਆਂ ਤੋਂ ਬਚਣ ਲਈ ਆਪਣੇ ਤੇ ਚੀਨੀ ਹਮਰੁਤਬਾ ਵਿਚਾਲੇ ਨਵੇਂ ਸਿਰੇ ਤੋਂ ਵਾਰਤਾ ਦੇ ਮਹੱਤਵ 'ਤੇ ਜ਼ੋਰ ਦਿੱਤਾ। ਆਸਟਿਨ ਨੇ ਸਿੰਗਾਪੁਰ 'ਚ ਸ਼ੰਗਰੀ ਲਾ ਰੱਖਿਆ ਮੰਚ ਤੋਂ ਇਹ ਟਿੱਪਣੀਆਂ ਚੀਨ ਦੇ ਰੱਖਿਆ ਮੰਤਰੀ ਡੌਂਗ ਜੁਨ ਨਾਲ ਇਕ ਘੰਟੇ ਤੋਂ ਵੀ ਵੱਧ ਸਮਾਂ ਚੱਲੀ ਮੀਟਿੰਗ ਤੋਂ ਬਾਅਦ ਕੀਤੀਆਂ। ਸਾਲ 2022 'ਚ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਤਤਕਾਲੀ ਸਪੀਕਰ ਨੈਨਸੀ ਪੈਲੋਸੀ ਦੀ ਤਾਇਵਾਨ ਯਾਤਰਾ ਮਗਰੋਂ ਅਮਰੀਕਾ ਤੇ ਚੀਨੀ ਸੈਨਾਵਾਂ ਵਿਚਾਲੇ ਸੰਪਰਕ ਖਤਮ ਹੋ ਗਿਆ ਸੀ। ਇਸ ਮਗਰੋਂ ਦੋਵੇਂ ਸਿਖਰਲੇ ਰੱਖਿਆ ਅਧਿਕਾਰੀਆਂ ਵਿਚਾਲੇ ਆਹਮੋ-ਸਾਹਮਣੇ ਪਹਿਲੀ ਮੀਟਿੰਗ ਹੈ। ਮੀਟਿੰਗ ਬਾਰੇ ਵੇਰਵੇ ਦੇਣ ਤੋਂ ਇਨਕਾਰ ਕਰਦਿਆਂ ਆਸਟਿਨ ਨੇ ਕਿਹਾ ਕਿ ਸਭ ਤੋਂ ਅਹਿਮ ਗੱਲ ਇਹ ਹੈ ਕਿ ਦੋਵੇਂ ਆਗੂ ਮੁੜ ਤੋਂ ਗੱਲਬਾਤ ਕਰ ਰਹੇ ਹਨ। ਆਸਟਿਨ ਨੇ ਕਿਹਾ, 'ਚੀਨ ਨਾਲ ਜੰਗ ਜਾਂ ਲੜਾਈ ਦੀ ਨੇੜ ਭਵਿੱਖ 'ਚ ਕੋਈ ਸੰਭਾਵਨਾ ਨਹੀਂ ਹੈ।' ਉਨ੍ਹਾਂ ਕਿਹਾ, 'ਵੱਡੇ ਦੇਸ਼ਾਂ ਦੇ ਆਗੂਆਂ ਨੂੰ ਇਹ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਨ ਦੀ ਲੋੜ ਹੈ ਕਿ ਅਸੀਂ ਗਲਤ ਅਨੁਮਾਨਾਂ ਤੇ ਗਲਤਫਹਿਮੀਆਂ ਲਈ ਮੌਕੇ ਘਟਾਉਣ ਵਾਲੇ ਕੰਮ ਕਰੀਏ।'

ਉਨ੍ਹਾਂ ਕਿਹਾ, 'ਹਰ ਗੱਲ ਖੁਸ਼ਨੁਮਾ ਗੱਲ ਨਹੀਂ ਹੁੰਦੀ ਪਰ ਅਹਿਮ ਇਹ ਹੈ ਕਿ ਅਸੀਂ ਇੱਕ-ਦੂਜੇ ਨਾਲ ਗੱਲਬਾਤ ਕਰਦੇ ਰਹੀਏ ਅਤੇ ਇਹ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ ਸਹਿਯੋਗੀਆਂ ਤੇ ਭਾਈਵਾਲਾਂ ਨਾਲ ਸਹਿਯੋਗ ਕਰਦੇ ਰਹੀਏ।' ਫਿਲਪੀਨ ਦੇ ਰਾਸ਼ਟਰਪਤੀ ਫਰਦੀਨੈਂਡ ਮਾਰਕੋਸ ਜੂਨੀਅਰ ਨੇ ਇਸੇ ਮੰਚ ਤੋਂ ਕਿਹਾ ਕਿ ਜੇ ਚੀਨ ਦੇ ਉਨ੍ਹਾਂ ਦੇ ਮੁਲਕ ਦੇ ਤੱਟ ਰੱਖਿਅਕ ਬਲਾਂ ਨਾਲ ਟਕਰਾਅ ਦੌਰਾਨ ਇੱਕ ਵੀ ਫਿਲਪੀਨੀ ਨਾਗਰਿਕ ਮਾਰਿਆ ਜਾਂਦਾ ਹੈ ਤਾਂ ਇਸ ਨੂੰ ਜੰਗ ਦੇ ਬਰਾਬਰ ਕਾਰਵਾਈ ਮੰਨਿਆ ਜਾਵੇਗਾ ਅਤੇ ਉਹ ਉਸੇ ਅਨੁਸਾਰ ਜਵਾਬੀ ਕਾਰਵਾਈ ਕਰਨਗੇ।

# ਦਲਾਈ ਲਾਮਾ ਇਲਾਜ ਲਈ ਅਮਰੀਕਾ ਜਾਣਗੇ

**ਧਰਮਸ਼ਾਲਾ:** ਤਿੱਬਤੀ ਅਧਿਆਤਮਕ ਨੇਤਾ ਦਲਾਈ ਲਾਮਾ ਡਾਕਟਰੀ ਇਲਾਜ ਲਈ ਸੰਯੁਕਤ ਰਾਜ ਦੀ ਯਾਤਰਾ ਕਰਨ ਵਾਲੇ ਹਨ। ਇਹ ਜਾਣਕਾਰੀ ਉਨ੍ਹਾਂ ਦੇ ਦਫ਼ਤਰ ਨੇ ਇਕ ਬਿਆਨ ਵਿੱਚ ਦਿੱਤੀ। ਬਿਆਨ ਅਨੁਸਾਰ 20 ਜੂਨ ਤੋਂ ਅਗਲੇ ਨੋਟਿਸ ਤੱਕ ਉਨ੍ਹਾਂ ਦੇ ਕੋਈ ਰੁਝੇਵੇਂ ਨਿਰਧਾਰਤ ਨਹੀਂ ਕੀਤੇ ਜਾਣਗੇ। ਦਲਾਈ ਲਾਮਾ ਦੇ ਦਫ਼ਤਰ ਨੇ ਐਕਸ ਉਤੇ ਇਕ ਪੋਸਟ ਵਿਚ ਕਿਹਾ ਕਿ ਉਹ ਆਪਣੇ ਗੋਡਿਆਂ ਦੇ



ਇਲਾਜ ਲਈ ਅਮਰੀਕਾ ਦੀ ਯਾਤਰਾ ਕਰਨ ਵਾਲੇ ਹਨ। ਧਰਮਸ਼ਾਲਾ ਪਰਤਣ ਤੋਂ ਬਾਅਦ ਉਨ੍ਹਾਂ ਦੇ ਨਿਯਮਤ ਰੁਝੇਵੇਂ ਮੁੜ ਸ਼ੁਰੂ ਹੋ ਜਾਣਗੇ।

# ਅਸਾਮ ਵਿਚ ਹੜ੍ਹਾਂ ਦੀ ਮਾਰ, ਲੱਖਾਂ ਲੋਕ ਪ੍ਰਭਾਵਿਤ

**ਗੁਹਾਟੀ:** ਅਸਾਮ 'ਚ ਹੜ੍ਹਾਂ ਦੀ ਸਥਿਤੀ 'ਚ ਕੋਈ ਸੁਧਾਰ ਨਹੀਂ ਹੋਇਆ ਹੈ ਅਤੇ 10 ਜ਼ਿਲ੍ਹਿਆਂ 'ਚ ਛੇ ਲੱਖ ਤੋਂ ਵੱਧ ਲੋਕ ਹੁਣ ਵੀ ਪ੍ਰਭਾਵਿਤ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸੂਬੇ ਦੇ ਵੱਖ ਵੱਖ ਖੇਤਰਾਂ 'ਚ ਭਾਰੀ ਮੀਂਹ ਕਾਰਨ ਨਦੀਆਂ 'ਚ ਪਾਣੀ ਦਾ ਪੱਧਰ ਵੱਧ ਗਿਆ ਜਿਸ ਨਾਲ ਕਈ ਖੇਤਰਾਂ 'ਚ ਪ੍ਰਭਾਵਿਤ ਹੋਏ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਗਿਆ।

ਕੋਪਿਲੀ, ਬਰਾਕ ਤੇ ਕੁਸ਼ਿਆਰਾ ਨਦੀਆਂ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀਆਂ ਹਨ। ਹੜ੍ਹਾਂ ਕਾਰਨ ਹੈਲਾਕਾਂਡੀ, ਹੋਜਾਈ, ਮੋਰੀਗਾਓਂ, ਕਰੀਮਗੰਜ, ਨਗਾਓਂ, ਕਛਾਰ, ਦਿਬਰੂਗੜ੍ਹ, ਗੋਲਾਘਾਟ, ਕਾਰਬੀ ਆਂਗਲੋਂਗ ਪੱਛਮੀ ਤੇ ਦੀਮਾ ਹਸਾਓ ਜ਼ਿਲ੍ਹਿਆਂ 'ਚ ਕੁੱਲ 6,01,642 ਲੋਕ ਪ੍ਰਭਾਵਿਤ ਹੋਏ ਹਨ। ਅਧਿਕਾਰੀਆਂ ਨੇ ਦੱਸਿਆ ਕਿ 28 ਮਈ ਤੋਂ ਹੁਣ ਤੱਕ ਹੜ੍ਹਾਂ ਤੇ ਤੂਫਾਨ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 15 ਹੋ ਗਈ ਹੈ।

ਨਗਾਓਂ ਸਭ ਤੋਂ ਪ੍ਰਭਾਵਿਤ ਜ਼ਿਲ੍ਹਾ ਹੈ, ਜਿੱਥੇ 2.79 ਲੱਖ ਤੋਂ ਵੱਧ ਲੋਕ ਪ੍ਰਭਾਵਤ ਹੋਏ ਜਦਕਿ



ਹੋਜਾਈ 'ਚ 1,26,813 ਤੇ ਕਛਾਰ 'ਚ 1,12,265 ਲੋਕ ਪ੍ਰਭਾਵਿਤ ਹੋਏ ਹਨ। ਸੂਬੇ 'ਚ 40 ਹਜ਼ਾਰ ਤੋਂ ਵੱਧ ਲੋਕਾਂ ਨੇ ਰਾਹਤ ਕੈਂਪਾਂ 'ਚ ਪਨਾਹ ਲਈ ਹੈ। ਕੌਮੀ ਆਫ਼ਤ ਪ੍ਰਬੰਧਨ ਬਲ (ਐਨ.ਡੀ.ਆਰ.ਐਫ), ਸੂਬਾ ਆਫ਼ਤ ਪ੍ਰਬੰਧਨ ਬਲ (ਐਸ.ਡੀ.ਆਰ.ਐਫ), ਸਥਾਨਕ ਪ੍ਰਸ਼ਾਸਨ ਤੇ ਆਮ ਲੋਕਾਂ ਵੱਲੋਂ ਬਚਾਅ ਤੇ ਰਾਹਤ ਮੁਹਿੰਮ ਚਲਾਈ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੂਬੇ ਦੇ ਕਈ ਹਿੱਸਿਆਂ 'ਚ ਸੜਕ ਤੇ ਰੇਲ ਆਵਾਜਾਈ ਪ੍ਰਭਾਵਿਤ ਹੋ ਗਈ ਹੈ। ਪੂਰਬ-ਉੱਤਰ ਸਰਹੱਦੀ ਰੇਲਵੇ ਦੇ ਬੁਲਾਰੇ ਨੇ ਦੱਸਿਆ ਕਿ ਨਿਊ ਹਾਫਲੌਂਗ ਦੇ ਚੰਦਰਨਾਥਪੁਰ ਬਲਾਕ 'ਚ ਪੱਟੜੀ ਨੂੰ ਨੁਕਸਾਨ ਹੋਣ ਤੇ ਸਿਲਚਰ ਸਟੇਸ਼ਨ 'ਤੇ ਪਾਣੀ ਭਰਨ ਕਾਰਨ ਘੱਟ ਤੋਂ ਘੱਟ 10 ਰੇਲ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ।

ਉਧਰ, ਦੱਖਣੀ-ਪੱਛਮੀ ਮੌਨਸੂਨ ਕਾਰਨ ਕੇਰਲ ਦੇ ਵੱਖ ਵੱਖ ਹਿੱਸਿਆਂ 'ਚ ਪੈ ਰਹੇ ਮੀਂਹ ਵਿਚਾਲੇ ਮੌਸਮ ਵਿਗਿਆਨ ਵਿਭਾਗ ਨੇ ਸੂਬੇ ਦੇ ਐਰਨਾਕੁਲਮ ਜ਼ਿਲ੍ਹੇ 'ਚ ਔਰੇਂਜ ਅਲਰਟ ਜਾਰੀ ਕੀਤਾ ਹੈ ਜਿੱਥੇ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ। ਇਸੇ ਦੌਰਾਨ ਮੌਸਮ ਵਿਭਾਗ ਨੇ ਤਾਮਿਲ ਨਾਡੂ ਦੇ 14 ਜ਼ਿਲ੍ਹਿਆਂ 'ਚ ਵੀ ਭਾਰੀ ਮੀਂਹ ਪੈਣ ਦੀ ਚਿਤਾਵਨੀ ਜਾਰੀ ਕੀਤੀ ਹੈ। ਮੌਸਮ ਵਿਭਾਗ ਦੀ ਚਿਤਾਵਨੀ ਦੇ ਮੱਦੇਨਜ਼ਰ ਸੂਬਾ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਕੇਰਲਾ ਦੇ ਲੋਕਾਂ ਨੂੰ ਪਹਾੜੀ ਇਲਾਕਿਆਂ 'ਚ ਢਿੱਗਾਂ ਖਿਸਕਣ ਦੇ ਸੰਭਾਵੀ ਖਤਰਿਆਂ ਤੋਂ ਚੌਕਸ ਕੀਤਾ ਹੈ ਤੇ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਜ਼ਰੂਰੀ ਹੋਵੇ ਤਾਂ ਉਹ ਸੁਰੱਖਿਅਤ ਥਾਵਾਂ ਵੱਲ ਚਲੇ ਜਾਣ। ਅਧਿਕਾਰੀਆਂ ਨੇ ਹੇਠਲੇ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਨੂੰ ਵੀ ਰਾਹਤ ਕੈਂਪਾਂ 'ਚ ਚਲੇ ਜਾਣ ਦੀ ਸਲਾਹ ਦਿੱਤੀ ਹੈ।

## ਅਦਾਲਤ ਵੱਲੋਂ ਇਮਰਾਨ ਖਾਨ ਦੋ ਹੋਰ ਮਾਮਲਿਆਂ ਵਿਚ ਬਰੀ

**ਇਸਲਾਮਾਬਾਦ:** ਪਾਕਿਸਤਾਨ ਦੀ ਇਕ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਾਰਟੀ ਦੇ ਹੋਰ ਪ੍ਰਮੁੱਖ ਨੇਤਾਵਾਂ ਨੂੰ ਭ੍ਰਿਸ਼ਟਾਚਾਰ ਦੇ ਕਥਿਤ ਮਾਮਲੇ ਵਿਚ ਗ੍ਰਿਫ਼ਤਾਰੀ ਤੋਂ ਬਾਅਦ 2022 ਵਿਚ ਇਕ ਰੋਸ ਮਾਰਚ ਦੌਰਾਨ ਭੰਨਤੋੜ ਨਾਲ ਸਬੰਧਤ ਦੋ ਮਾਮਲਿਆਂ ਵਿਚ ਬਰੀ ਕਰ ਦਿੱਤਾ। 71 ਸਾਲਾ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਪਾਰਟੀ ਦੇ ਸੰਸਥਾਪਕ ਨੂੰ ਅਪਰੈਲ 2022 ਵਿਚ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਉਸ ਉਤੇ ਲਗਾਏ ਗਏ ਲਗਪਗ 200 ਮਾਮਲਿਆਂ ਵਿਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਪਿਛਲੇ ਸਾਲ ਅਗਸਤ ਤੋਂ ਜੇਲ੍ਹ ਵਿਚ ਹਨ। ਐਕਸਪ੍ਰੈਸ ਟ੍ਰਿਬਿਊਨ ਅਖ਼ਬਾਰ ਦੀ ਰਿਪੋਰਟ ਮੁਤਾਬਕ ਇਸਲਾਮਾਬਾਦ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਨੇ ਖਾਨ, ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ, ਸਾਬਕਾ ਸੰਚਾਰ ਮੰਤਰੀ ਮੁਰਾਦ ਸਈਦ ਅਤੇ ਹੋਰ ਪੀ.ਟੀ.ਆਈ. ਨੇਤਾਵਾਂ ਨੂੰ 'ਹਕੀਕੀ ਅਜ਼ਾਦੀ' ਮਾਰਚ ਦੌਰਾਨ ਭੰਨਤੋੜ ਦੇ ਦੋ ਮਾਮਲਿਆਂ ਵਿਚ ਬਰੀ ਕਰ ਦਿੱਤਾ ਹੈ।

# ‘ਕੈਨੇਡਾ ਦਰਪਣ’ ਦੀ ਆਰਕਾਈਵ ਲਾਂਚ


**ਸਰੀ:** ਸਰੀ ਫਲੀਟਵੁੱਡ ਲਇਬਰੇਰੀ ਵਿਚ ਲੰਘੀ 26 ਮਈ ਨੂੰ ਪੰਜਾਬੀ ਅਖਬਾਰ ‘ਕੈਨੇਡਾ ਦਰਪਣ’ ਦੀ ਆਰਕਾਈਵ ਲਾਂਚ ਕੀਤੀ ਗਈ। ਕੈਨੇਡਾ ਦਰਪਣ ਨਵੰਬਰ 1982 ਤੋਂ ਲੈ ਕੇ ਫਰਵਰੀ 1989 ਤੱਕ ਵੈਨਕੂਵਰ/ਸਰੀ ਤੋਂ ਹਫਤਾਵਾਰੀ/ਪੰਦਰਵਾੜਾ ਤੌਰ ’ਤੇ ਦਰਸ਼ਨ ਗਿੱਲ ਦੀ ਸੰਪਾਦਨਾ ਹੇਠ ਛਪਦਾ ਹੁੰਦਾ ਸੀ। ਇਸ ਸਮੇਂ ਦੌਰਾਨ ਇਸ ਦੇ 250 ਦੇ ਕਰੀਬ ਅੰਕ ਪ੍ਰਕਾਸ਼ਤ ਹੋਏ। ਇਨ੍ਹਾਂ ਵਿਚੋਂ ਬਹੁਗਿਣਤੀ ਅੰਕ ਇਸ ਦੀ ਆਰਕਾਈਵ ’ਤੇ ਅਪਲੋਡ ਕਰ ਦਿੱਤੇ ਗਏ ਹਨ, ਜਿਨ੍ਹਾਂ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਵਸਣ ਵਾਲਾ ਵਿਅਕਤੀ ਇੰਟਰਨੈੱਟ ’ਤੇ ਪੜ੍ਹ ਸਕਦਾ ਹੈ। ਇਹ ਆਰਕਾਈਵ ਸੁਖਵੰਤ ਹੁੰਦਲ ਦੇ ਯਤਨਾਂ ਨਾਲ ਹੋਂਦ ਵਿਚ ਆਈ। ਸੁਖਵੰਤ ਹੁੰਦਲ ਇਸ ਤੋਂ ਪਹਿਲਾਂ ਸਾਹਿਤਕ ਰਸਾਲੇ ‘ਸਿਰਜਣਾ’ ਦੀ ਆਰਕਾਈਵ ਵੀ ਤਿਆਰ ਕਰ ਚੁੱਕੇ ਹਨ।

ਲਾਂਚ ਸਮਾਗਮ ਦੇ ਸ਼ੁਰੂ ਵਿਚ ਸਾਧੂ ਬਿਨਿੰਗ ਨੇ ਵੈਨਕੂਵਰ ਸੱਥ ਵਲੋਂ ਸਰੋਤਿਆਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਕਿਹਾ ਕਿ ਕੈਨੇਡਾ ਦਰਪਣ ਅਖਬਾਰ ਦੀ ਆਰਕਾਈਵ ਦਾ ਬਣਨਾ ਸਾਡੇ ਭੂਤ ਅਤੇ ਭਵਿੱਖ ਨਾਲ ਸੰਬੰਧਿਤ ਹੈ। ਇਸ ਤਰੀਕੇ ਨਾਲ ਅਸੀਂ ਆਪਣੇ ਭੂਤ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੋੜ ਰਹੇ ਹਾਂ। ਦਰਸ਼ਨ ਗਿੱਲ ਅਤੇ ਉਨ੍ਹਾਂ ਦੀ ਪਤਨੀ ਚਰਨਜੀਤ ਕੌਰ ਗਿੱਲ ਨੇ ‘ਕੈਨੇਡਾ ਦਰਪਣ’ ਨੂੰ ਕੱਢਣ ਦਾ ਕੰਮ ਹੌਂਸਲੇ ਅਤੇ ਦ੍ਰਿੜਤਾ ਨਾਲ ਕੀਤਾ, ਜਿਸ ਲਈ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ। ਸੁਖਵੰਤ ਹੁੰਦਲ ਨੇ ਆਰਕਾਈਵ ਦੇ ਪੇਜ ਨੂੰ ਪ੍ਰੋਜੈਕਟਰ ’ਤੇ ਉਜਾਗਰ ਕਰ ਕੇ ਇਸ ਵਿਚ ਮੌਜੂਦ ਸਮੱਗਰੀ ਸਰੋਤਿਆਂ ਨੂੰ ਦਿਖਾਈ। ਉਨ੍ਹਾਂ ਨੇ ਅਖਬਾਰ ਦੇ ਨਵੰਬਰ 1982 ਵਿਚ ਛਪੇ ਪਹਿਲੇ ਅੰਕ ਦੀ ਸੰਪਾਦਕੀ ਦੇ ਕੁਝ ਹਿੱਸੇ ਸ੍ਰੋਤਿਆਂ ਨੂੰ ਪੜ੍ਹ ਕੇ ਸੁਣਾਏ। ਉਨ੍ਹਾਂ ਨੇ ਇਸ ਆਰਕਾਈਵ ਨੂੰ ਬਣਾਉਣ ਵਿਚ ਚਰਨਜੀਤ ਕੌਰ ਗਿੱਲ ਵਲੋਂ ਮਿਲੇ ਸਹਿਯੋਗ ਦਾ ਜ਼ਿਕਰ ਕੀਤਾ। ਦੋਵਾਂ ਨੇ ਇਸ ਆਰਕਾਈਵ ਨੂੰ ਜਨਤਕ ਤੌਰ ’ਤੇ ਲਾਂਚ ਕੀਤਾ।

ਡਾ: ਅਜੇ ਭਾਰਦਵਾਜ ਨੇ “ਹਿਸਟਰੀ ਐਕਟਵਿਜ਼ਮ” ਬਾਰੇ ਕਿਹਾ ਕਿ “ਹਿਸਟਰੀ ਐਕਟਵਿਜ਼ਮ” ਦਾ ਮਕਸਦ “ਜੱਦੋ ਜਹਿਦਾਂ ਦੇ ਇਤਿਹਾਸ ਨੂੰ ਜੱਦੋ ਜਹਿਦਾਂ ਦਾ ਹਿੱਸਾ ਬਣਾਉਣਾ ਹੈ -ਮੇਕਿੰਗ ਹਿਸਟਰੀ ਆਫ ਸਟ੍ਰਗਲ, ਪਾਰਟ ਆਫ ਸਟ੍ਰਗਲ।” ਇਸ ਤਰ੍ਹਾਂ ਦੇ ਕੰਮ ਦੀ ਪਰੰਪਰਾ ਬਹੁਤ ਪੁਰਾਣੀ ਹੈ ਅਤੇ ਦੁਨੀਆ ਦੇ ਬਹੁਤ ਸਾਰੇ ਹਿੱਸਿਆਂ ਵਿਚ ਹਿਸਟਰੀ ਐਕਟਵਿਸਟ ਇਸ ਕਾਰਜ ਵਿਚ ਲੱਗੇ ਹੋਏ ਹਨ। ਉਨ੍ਹਾਂ ਅਨੁਸਾਰ ਕੈਨੇਡਾ ਦਰਪਣ ਦੀ ਆਰਕਾਈਵ ਬਣਾਏ ਜਾਣਾ ਵੀ “ਹਿਸਟਰੀ ਐਕਟਵਿਜ਼ਮ” ਦੀ ਪਰੰਪਰਾ ਦਾ ਹੀ ਹਿੱਸਾ ਹੈ।

ਹਾਜ਼ਰ ਸ੍ਰੋਤਿਆਂ ਵਿਚੋਂ ਮੱਖਣ ਟੁੱਟ, ਹਰਦੇਵ ਸਿੱਧੂ, ਡਾ: ਸਾਧੂ ਸਿੰਘ, ਸੁਰਿੰਦਰ ਸੰਘਾ, ਉੱਜਲ ਦੁਸਾਂਝ, ਅਜਮੇਰ ਰੋਡੇ, ਹਰਪ੍ਰੀਤ ਸੇਖਾ, ਜਰਨੈਲ ਸਿੰਘ ਸੇਖਾ, ਹਰਿੰਦਰ ਮਾਹਲ, ਸੁਰਜੀਤ ਕਲਸੀ, ਸੁਖਵਿੰਦਰ ਚੋਹ੍ਲਾ ਅਤੇ ਫੌਜੀਆ ਰਫੀਕ ਨੇ ਵੀ ਵਿਚਾਰ ਪ੍ਰਗਟਾਏ। ਅੰਤ ਵਿੱਚ ਸਾਧੂ ਬਿਨਿੰਗ ਨੇ ਨਵਜੋਤ ਢਿੱਲੋਂ ਦਾ ਇਸ ਆਰਕਾਈਵ ਬਾਰੇ ਸੁਖਵੰਤ ਹੁੰਦਲ ਨਾਲ ਇੰਟਰਵਿਊ ਕਰਨ ਅਤੇ ਆਪਣੇ ਯੂ-ਟਿਊਬ ਚੈਨਲ ‘ਤੇ ਪਾਉਣ ਲਈ ਧੰਨਵਾਦ ਕੀਤਾ ਅਤੇ ਬਾਕੀ ਸਾਰੇ ਸ੍ਰੋਤਿਆਂ ਦਾ ਆਉਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਤੁਸੀਂ ਸਾਰਿਆਂ ਨੇ ਸਾਡੀ ਉਮੀਦ ਤੋਂ ਦੁੱਗਣੀ ਗਿਣਤੀ ਵਿਚ ਹਾਜ਼ਰ ਹੋ ਕੇ ਸਾਨੂੰ ਖੁਸ਼ੀ ਭਰਿਆ ਸਰਪਰਾਈਜ਼ ਦਿੱਤਾ ਹੈ। ਇਸ ਲਈ ਅਸੀਂ ਤੁਹਾਡੇ ਸ਼ੁਕਰਗੁਜ਼ਾਰ ਹਾਂ। ਕੈਨੇਡਾ ਦਰਪਣ ਦੀ ਇਹ ਆਰਕਾਈਵ https://canada darpan. wordpress.com ‘ਤੇ ਦੇਖੀ ਜਾ ਸਕਦੀ ਹੈ।

*-ਰਿਪੋਰਟ: ਹਰਪ੍ਰੀਤ ਸੇਖਾ*




*ਚਰਨਜੀਤ ਕੌਰ ਗਿੱਲ ਅਤੇ ਸੁਖਵੰਤ ਹੁੰਦਲ ਆਰਕਾਈਵ ਲਾਂਚ ਕਰਦੇ ਹੋਏ।*


**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



**EARLY BIRD SALE!!!!**

*Etihad, Air India, KLM, Lufthansa, Delta, Qatar Airlines.*

**Domestic fares available**



**UMA TRAVELS**

**2541 W. Devon Ave.,**
**Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**


# Matrimonials

## ਲੜਕੀ ਦੀ ਲੋੜ ਹੈ

Saini family (Belongs to Hoshiarpur) looking for a suitable match for their 28, 5'5" son, Masters in Bio tech. Boy is Working as Research professional in Stanford University. Please call to his Uncle at: 510-557-6988

23-26

---

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com

22-25

---

Parjapat Punjabi family looking for a H1B or Student visa holder Match for their Engineer son, working in MNC at Texas, USA. Age- 28, 5.10". Caste no Bar. Please Contact us at: singh.dapinder@gmail.com or call at 732-407-6683.

20-23

---

Looking for a suitable Ramgarhia Sikh Dhiman match in the USA/Canada for our well-settled boy (US citizen), 31, 5'11" tall, residing in Chicago. Please contact: man.rupal93@gmail.com

20-23

---

Ramgarhia family looking for a suitable match for their USA born Electtrical Engineer boy, 31, 5'11" tall. Gilr should be educated. Please call us at: **586-549-0107** or E-mail: sukhjitusa@att.net.

20-23

---

Jatt Sikh family seeks a suitable match for their US Citizen, very handsome, teetotaller, trimmed hair, son, 31, 5'8", Master in Education and diploma in Administration. Working as Program specialist in Maths with California govt. He is very knowledgeable, sincere and progressive. Caste no bar, no demand. Send profile with photo at whatsapp no. 661-578-2261

19-22

---

Jat Sikh family from California Bay Area looking for a suitable match for their son born & raised in the US , 38 Yrs., 6.2", Engineer working in an executive Position in the Bay Area. Girl should be tall and from the US. For more info. E-mail: SVSCC2013@gmail.com or call (408) 309-9026.

19-22

---

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'3" , residing in Michigan (Canton). Bachelors degree holder and currently working as a Embedded Software Engineer. please call us at : +17348001448

17-20

## ਲੜਕੇ ਦੀ ਲੋੜ ਹੈ

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

---

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2" , residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

---

Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744

17-20

---

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793

17-20

---

Ramgarhia Sikh family is looking for a suitable match for their Canadian Citizen daughter 30, 5'-8" beautiful, family oriented, graduated in M.B.A (Canada). The boy must be from USA or Canada, professionally qualified, well settled, and with good family values. Serious enquiries only. Please respond to hunjan.inders@gmail.com with biodata.

16-19

# ਸਾਕਾ ਨੀਲਾ ਤਾਰਾ: ਫਲੈਕਸਾਂ ਕਾਰਨ ਸ਼੍ਰੋਮਣੀ ਕਮੇਟੀ ਸਵਾਲਾਂ ਦੇ ਘੇਰੇ 'ਚ ਆਈ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਸ਼ਹਿਰ ਅਤੇ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਲਾਏ ਫਲੈਕਸਾਂ ਨੂੰ ਲੈ ਕੇ ਸਿੱਖ ਸੰਸਥਾ ਨੂੰ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕੀਤਾ ਜਾ ਰਿਹਾ ਹੈ। ਪੋਸਟਰਾਂ ਵਿਚ ਢਾਹ ਢੇਰੀ ਹੋਏ ਸ੍ਰੀ ਅਕਾਲ ਤਖ਼ਤ ਦੀ ਤਸਵੀਰ ਵੀ ਸ਼ਾਮਲ ਹੈ। ਅਜਿਹੇ ਫਲੈਕਸ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਦੇ ਨੇੜੇ ਲਾਏ ਗਏ ਹਨ। ਸ਼ਹਿਰ ਵਿਚੋਂ ਇਕ ਦੋ ਥਾਵਾਂ ਤੋਂ ਅਜਿਹੇ ਪੋਸਟਰ ਪਾੜੇ ਵੀ ਗਏ ਹਨ।



ਵੱਖ-ਵੱਖ ਸਿਆਸੀ ਧਿਰਾਂ ਦੇ ਉਮੀਦਵਾਰਾਂ ਵੱਲੋਂ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ 'ਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਅਕਾਲੀ ਦਲ ਦਾ ਪੱਖ ਮਜ਼ਬੂਤ ਕਰਨ ਲਈ ਅਜਿਹਾ ਕਰ ਰਹੀ ਹੈ। ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ, 'ਆਪ' ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਅਤੇ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਵੱਲੋਂ ਇਸ ਸਬੰਧੀ ਸਿੱਖ ਸੰਸਥਾ 'ਤੇ ਸਵਾਲ ਖੜ੍ਹੇ ਕੀਤੇ ਗਏ ਹਨ। ਉਧਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਮਗਰੋਂ ਸਿੱਖ ਸੰਸਥਾ ਅਤੇ ਸਮੂਹ ਸਿੱਖ ਜਥੇਬੰਦੀਆਂ ਤੇ ਸਿੱਖ ਜਗਤ ਨੂੰ ਆਦੇਸ਼ ਦਿੱਤਾ ਸੀ ਕਿ ਸਾਕਾ ਨੀਲਾ ਤਾਰਾ ਦੀ 40ਵੀਂ ਯਾਦ ਨੂੰ ਵੱਡੇ ਪੱਧਰ 'ਤੇ ਮਨਾਇਆ ਜਾਵੇ। ਇਸੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਉਪਰਾਲੇ ਸ਼ੁਰੂ ਕੀਤੇ ਗਏ ਹਨ। ਇਸ ਨੂੰ ਕਿਸੇ ਵੀ ਤਰ੍ਹਾਂ ਸਿਆਸੀ ਰੰਗ ਦੇਣਾ ਉਚਿਤ ਨਹੀਂ ਹੈ। ਸ਼੍ਰੋਮਣੀ ਕਮੇਟੀ ਵੱਲੋਂ ਲਗਭਗ 1500 ਅਜਿਹੇ ਫਲੈਕਸ ਬੋਰਡ ਪੰਜਾਬ ਵਿਚ ਵੱਖ-ਵੱਖ ਗੁਰਦੁਆਰਿਆਂ ਅਤੇ ਹੋਰ ਥਾਵਾਂ 'ਤੇ ਲਾਏ ਗਏ ਹਨ।

### ਜ਼ਖ਼ਮੀ ਸਰੂਪ ਹਫ਼ਤਾ ਪਹਿਲਾਂ ਸੰਗਤ ਦੇ ਦਰਸ਼ਨਾਂ ਲਈ ਰੱਖਣ ਉਤੇ ਸਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਜ਼ਖ਼ਮੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਸੰਗਤ ਦੇ ਦਰਸ਼ਨਾਂ ਲਈ ਰੱਖ ਕੇ ਅਤੇ ਇਸ ਲਈ ਪ੍ਰਚਾਰ ਸ਼ੁਰੂ ਕਰਕੇ ਸਿੱਖ ਵੋਟਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿਚ ਭੁਗਤਾਉਣ ਦਾ ਯਤਨ ਕੀਤਾ ਗਿਆ। ਇਹ ਦੋਸ਼ ਵੱਖ-ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਲਾਏ ਗਏ। ਇਹ ਮਾਮਲਾ ਇਸ ਵਾਰ ਇਸ ਕਰਕੇ ਵੀ ਧਿਆਨ ਵਿਚ ਵਧੇਰੇ ਆਇਆ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਵੱਲੋਂ ਜ਼ਖ਼ਮੀ ਸਰੂਪ ਘੱਲੂਘਾਰਾ ਹਫ਼ਤੇ ਤੋਂ ਪਹਿਲਾਂ ਹੀ ਸੰਗਤ ਦਰਸ਼ਨ ਲਈ ਰੱਖਿਆ ਗਿਆ। ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਇਹ ਸਾਰੇ ਦੋਸ਼ ਬੇਬੁਨਿਆਦ ਹਨ ਅਤੇ ਇਨ੍ਹਾਂ ਵਿਚ ਕੋਈ ਸੱਚਾਈ ਨਹੀਂ ਹੈ।

# ਚੀਫ ਖਾਲਸਾ ਦੀਵਾਨ ਦੇ ਦੋ ਮੈਂਬਰਾਂ ਦੀ ਮੁੱਢਲੀ ਮੈਂਬਰਸ਼ਿਪ ਖਾਰਜ

**ਅੰਮ੍ਰਿਤਸਰ:** ਇੱਥੇ ਚੀਫ਼ ਖ਼ਾਲਸਾ ਦੀਵਾਨ ਦੀ ਕਾਰਜਸਾਧਕ ਕਮੇਟੀ ਅਤੇ ਜਨਰਲ ਕਮੇਟੀ ਦੀ ਮੀਟਿੰਗ ਮਗਰੋਂ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਸੰਸਥਾ ਦੇ ਦੋ ਮੈਂਬਰਾਂ ਅਜੈਬ ਸਿੰਘ ਅਭਿਆਸੀ ਅਤੇ ਸਤਨਾਮ ਸਿੰਘ (ਮੁੰਬਈ) ਨੂੰ ਸੰਸਥਾ ਬਾਰੇ ਕਥਿਤ ਕੂੜ ਪ੍ਰਚਾਰ ਕਰਨ, ਦੀਵਾਨ ਦੇ ਅਕਸ ਨੂੰ ਢਾਹ ਲਗਾਉਣ ਦੇ ਦੋਸ਼ ਹੇਠ ਉਨ੍ਹਾਂ ਦੀ ਮੁੱਢਲੀ ਮੈਂਬਰਸ਼ਿਪ ਖਾਰਜ ਕਰ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਬ ਕਮੇਟੀ ਗਠਿਤ ਕੀਤੀ ਗਈ ਸੀ। ਇਸ ਦੇ ਮੈਂਬਰਾਂ ਵੱਲੋਂ ਅਜੈਬ ਸਿੰਘ ਅਭਿਆਸੀ ਅਤੇ ਸਤਨਾਮ ਸਿੰਘ ਨੂੰ ਸਪੱਸ਼ਟੀਕਰਨ ਦੇਣ ਲਈ ਤਿੰਨ ਵਾਰ ਨੋਟਿਸ ਭੇਜਿਆ ਪਰ ਉਹ ਕਮੇਟੀ ਨੂੰ ਕੋਈ ਵੀ ਜਵਾਬ ਦੇਣ ਜਾਂ ਉਨ੍ਹਾਂ ਅੱਗੇ ਪੇਸ਼ ਹੋਣ ਦੀ ਬਜਾਏ ਕਮੇਟੀ ਮੈਂਬਰਾਂ ਨੂੰ ਗੁਮਰਾਹ ਕਰਦੇ ਰਹੇ। ਇਸ ਕਾਰਨ ਸਬ ਕਮੇਟੀ ਵੱਲੋਂ ਪ੍ਰਧਾਨ ਡਾ. ਨਿੱਜਰ ਨੂੰ ਦੋਸ਼ੀਆਂ ਵਿਰੁੱਧ ਬਣਦੀ ਯੋਗ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਸੀ। ਇਸ 'ਤੇ ਕਾਰਵਾਈ ਕਰਦਿਆਂ ਦੋਵਾਂ ਮੈਂਬਰਾਂ ਦੀ ਚੀਫ਼ ਖ਼ਾਲਸਾ ਦੀਵਾਨ ਸਬੰਧੀ ਮੁੱਢਲੀ ਮੈਂਬਰਸ਼ਿਪ ਖਾਰਜ ਕਰ ਦਿੱਤੀ ਗਈ।

# ਕੋਟਕਪੂਰਾ ਤੇ ਬਹਿਬਲ ਕੇਸਾਂ ਦੀ ਸੁਣਵਾਈ ਚੰਡੀਗੜ੍ਹ ਤਬਦੀਲ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਫਰੀਦਕੋਟ ਜ਼ਿਲ੍ਹੇ ਵਿਚ ਵਾਪਰੇ ਬਹਿਬਲ ਅਤੇ ਕੋਟਕਪੂਰਾ ਗੋਲੀਕਾਂਡ ਨਾਲ ਸਬੰਧਤ ਮੁਕੱਦਮਿਆਂ ਦੀ ਸੁਣਵਾਈ ਫਰੀਦਕੋਟ ਦੀ ਥਾਂ ਹੁਣ ਚੰਡੀਗੜ੍ਹ ਦੀ ਅਦਾਲਤ 'ਚ ਹੋਵੇਗੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ ਨੂੰ ਫਰੀਦਕੋਟ ਦੀ ਅਦਾਲਤ ਤੋਂ ਚੰਡੀਗੜ੍ਹ ਤਬਦੀਲ ਕਰਨ ਦੇ ਹੁਕਮ ਦਿੱਤੇ ਹਨ। ਇਸ ਕੇਸ ਵਿਚ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਤਤਕਾਲੀ ਡੀ.ਜੀ.ਪੀ. ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਚਰਨਜੀਤ ਸ਼ਰਮਾ ਸਮੇਤ ਇਕ ਦਰਜਨ ਵਿਅਕਤੀ ਮੁਲਜ਼ਮਾਂ ਵਜੋਂ ਨਾਮਜ਼ਦ ਹਨ। ਵਿਸ਼ੇਸ਼ ਜਾਂਚ ਟੀਮ ਨੇ ਇਨ੍ਹਾਂ ਸਾਰੇ ਮੁਲਜ਼ਮਾਂ ਖ਼ਿਲਾਫ਼ ਫਰੀਦਕੋਟ ਦੀ ਅਦਾਲਤ ਵਿਚ ਕਰੀਬ 11 ਹਜ਼ਾਰ ਸਫ਼ਿਆਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਹੋਈ ਹੈ ਅਤੇ ਦੋਸ਼ ਆਇਦ ਕਰਨ ਦੇ ਮੁੱਦੇ 'ਤੇ ਸੁਣਵਾਈ ਚੱਲ ਰਹੀ ਹੈ। ਜਾਣਕਾਰੀ ਮੁਤਾਬਕ ਇਸ ਕੇਸ ਵਿਚ ਮੁਲਜ਼ਮ ਅਤੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਨੇ ਸਾਲ 2019 ਵਿਚ ਜੇਲ੍ਹ ਵਿਚ ਨਜ਼ਰਬੰਦ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਕਤਲ ਤੋਂ ਬਾਅਦ ਆਪਣੀ ਨਿੱਜੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਬਹਿਬਲ ਗੋਲੀਕਾਂਡ ਨੂੰ ਫਰੀਦਕੋਟ ਦੀ ਅਦਾਲਤ 'ਚੋਂ ਚੰਡੀਗੜ੍ਹ ਤਬਦੀਲ ਕੀਤਾ ਜਾਵੇ।



ਇਸ ਤੋਂ ਪਹਿਲਾਂ ਹਾਈ ਕੋਰਟ ਬਹਿਬਲ ਅਤੇ ਕੋਟਕਪੂਰਾ ਗੋਲੀਕਾਂਡ ਦੇ ਮਾਮਲੇ ਦੀ ਸੁਣਵਾਈ ਇੱਕੋ ਅਦਾਲਤ ਵਿਚ ਇਕੱਠਿਆਂ ਕਰਨ ਦੇ ਹੁਕਮ ਸੁਣਾ ਚੁੱਕੀ ਹੈ। ਇਸ ਤੋਂ ਪਹਿਲਾਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਦਰਜ ਹੋਏ ਤਿੰਨ ਮੁਕੱਦਮੇ ਫਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਹੋ ਚੁੱਕੇ ਹਨ। ਪੰਜਾਬ ਸਰਕਾਰ ਨੇ ਸਾਰੇ ਕੇਸ ਫਰੀਦਕੋਟ ਦੀਆਂ ਅਦਾਲਤਾਂ ਵਿਚ ਹੀ ਜਾਰੀ ਰੱਖਣ ਲਈ ਕਿਹਾ ਸੀ ਅਤੇ ਨਾਲ ਹੀ ਮੁਲਜ਼ਮਾਂ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ ਸੀ ਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਇਨ੍ਹਾਂ ਮਾਮਲਿਆਂ ਵਿਚ ਨਾਮਜ਼ਦ ਤਿੰਨ ਮੁਲਜ਼ਮਾਂ ਦਾ ਕਤਲ ਹੋ ਚੁੱਕਾ ਹੈ। ਅਦਾਲਤ ਨੇ ਮਾਮਲਿਆਂ ਦੀ ਗੰਭੀਰਤਾ ਨੂੰ ਦੇਖਦਿਆਂ ਇਹ ਕੇਸ ਚੰਡੀਗੜ੍ਹ ਤਬਦੀਲ ਕਰਨ ਦਾ ਹੁਕਮ ਦਿੱਤਾ ਹੈ।

# ਬੇਅਦਬੀ ਮਾਮਲੇ: ਜਥੇਦਾਰ ਨੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਮੰਗੀ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬੰਬਾਂ ਵਿਚ ਗੁਟਕਾ ਸਾਹਿਬ ਤੇ ਸਮਰਾਲਾ ਨੇੜਲੇ ਪਿੰਡ ਢਿੱਲਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਦੀਆਂ ਘਟਨਾਵਾਂ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਰਕਾਰ ਨੂੰ ਅਪੀਲ ਕੀਤੀ ਕਿ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਇਨ੍ਹਾਂ ਘਟਨਾਵਾਂ ਦੇ ਮੁਲਜ਼ਮ ਫੜੇ ਗਏ ਹਨ ਤੇ ਹੁਣ ਪੁਲਿਸ ਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਕਿ ਉਹ ਮੁਲਜ਼ਮਾਂ ਤੋਂ ਪੁੱਛ-ਪੜਤਾਲ ਕਰ ਕੇ ਸਾਜ਼ਿਸ਼ ਘਾੜਿਆਂ ਨੂੰ ਸਾਹਮਣੇ ਲਿਆਉਣ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪਿੰਡ ਢਿੱਲਵਾਂ 'ਚ ਹੋਈ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

ਪਿੰਡ ਢਿੱਲਵਾਂ ਦੇ ਗੁਰਦੁਆਰਾ ਸਾਹਿਬ ਵਿਚ ਸਵੇਰੇ ਇਕ ਮੰਦਬੁੱਧੀ ਔਰਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਦੀ ਜਾਂਚ ਲਈ ਪੁੱਜੇ ਗੁਰਦੁਆਰਾ ਚਰਨਕੰਵਲ ਸਾਹਿਬ ਮਾਛੀਵਾੜਾ ਦੇ ਕਥਾਵਾਚਕ ਇਕਨਾਮ ਸਿੰਘ ਨੇ ਦੱਸਿਆ ਕਿ ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਗੁਰਦੁਆਰੇ ਦਾ ਗ੍ਰੰਥੀ ਸਵੇਰੇ ਪੰਜ ਵਜੇ ਨਿਤਨੇਮ ਦੇ ਭੋਗ ਪਾ ਕੇ ਆਪਣੇ ਕਮਰੇ ਵਿਚ ਗਿਆ ਹੋਇਆ ਸੀ। ਸੀ.ਸੀ.ਟੀ.ਵੀ. ਦੀ ਜਾਂਚ ਮਗਰੋਂ ਪਤਾ ਲੱਗਾ ਕਿ ਗ੍ਰੰਥੀ ਸਿੰਘ ਦੇ ਬਾਹਰ ਜਾਣ ਤੋਂ ਬਾਅਦ ਇਹ ਔਰਤ ਗੁਰਦੁਆਰੇ ਅੰਦਰ ਦਾਖ਼ਲ ਹੋਈ। ਮਗਰੋਂ ਇਸ ਨੇ ਬੇਅਦਬੀ ਦੀ ਘਟਨਾ ਨੂੰ ਅੰਜਾਮ ਦਿੱਤਾ। ਐਸ.ਐਚ.ਓ. ਰਾਓ ਵਰਿੰਦਰ ਸਿੰਘ ਨੇ ਦੱਸਿਆ ਕਿ ਘਟਨਾ ਸਬੰਧੀ ਜਸਵੰਤ ਕੌਰ (40) ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਮੰਦਬੁੱਧੀ ਹੈ।

# ਹੇਮਕੁੰਟ ਸਾਹਿਬ ਦੀ ਯਾਤਰਾ ਲਈ ਰੋਪ ਵੇਅ ਦੀ ਉਸਾਰੀ ਸ਼ੁਰੂ

**ਅੰਮ੍ਰਿਤਸਰ:** ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਵਾਸਤੇ ਸਰਕਾਰ ਨੇ ਰੋਪ-ਵੇਅ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਜਿਸ ਨਾਲ ਇਹ ਯਾਤਰਾ ਸੁਖਾਲੀ ਹੋ ਜਾਵੇਗੀ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਸ੍ਰੀ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਮੰਗਾਂ 'ਤੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਕੱਤਰ ਪ੍ਰਤਾਪ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਅਤੇ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਗੁਰਦੁਆਰਾ ਗਿਆਨ ਗੋਦੜੀ ਨਾਲ ਸਬੰਧਤ ਮਾਮਲੇ ਨਾਲ ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮਾਮਲੇ ਨੂੰ ਵੀ ਉਨ੍ਹਾਂ ਅੱਗੇ ਰੱਖਿਆ। ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਚਾਰ ਧਾਮ ਯਾਤਰਾ ਤਹਿਤ ਰਜਿਸਟ੍ਰੇਸ਼ਨ ਕਰਨ ਦੇ ਮਾਮਲੇ 'ਤੇ ਵੀ ਇਤਰਾਜ਼ ਦਰਜ ਕਰਵਾਇਆ ਅਤੇ ਇਸ ਲਈ ਵੱਖਰਾ ਪੋਰਟਲ ਬਣਾਉਣ ਦੀ ਮੰਗ ਕੀਤੀ।

# ਸਿੱਖ ਕੌਮ ਅਕਾਲ ਤਖਤ ਦੀ ਅਗਵਾਈ ਹੇਠ ਮਜ਼ਬੂਤ ਹੋਵੇ: ਜਥੇਦਾਰ

## ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਗੱਦੀ ਦਿਵਸ ਮਨਾਇਆ

**ਅੰਮ੍ਰਿਤਸਰ:** ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਗੱਦੀ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਾਏ ਗਏ।



ਇਸ ਮੌਕੇ ਸਿੱਖ ਕੌਮ ਨੂੰ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਹੇਠ ਮਜ਼ਬੂਤ ਹੋਣ ਦਾ ਸੱਦਾ ਦਿੱਤਾ ਗਿਆ। ਸਖ਼ਤ ਗਰਮੀ ਦੇ ਬਾਵਜੂਦ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਵਿਖੇ ਨਤਮਸਤਕ ਹੋਈ। ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਗੱਦੀ ਦਿਹਾੜੇ ਸਬੰਧੀ ਸ੍ਰੀ ਅਕਾਲ ਤਖ਼ਤ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਸ੍ਰੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਹੁਕਮਨਾਮਾ ਸਰਵਣ ਕਰਵਾਇਆ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਦੇ ਗੁਰਗੱਦੀ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਿੱਖਾਂ ਦਾ ਸ਼ਕਤੀ ਸੋਮਾ ਹੈ ਤੇ ਇਸ ਦੀ ਅਗਵਾਈ ਵਿਚ ਸਿੱਖ ਪੰਥ ਨੇ ਵੱਡੀਆਂ-ਵੱਡੀਆਂ ਸ਼ਕਤੀਆਂ ਦਾ ਮੁਕਾਬਲਾ ਕੀਤਾ ਹੈ।

ਉਨ੍ਹਾਂ ਕਿਹਾ, "ਅੱਜ ਹਰ ਸਿੱਖ ਦਾ ਫ਼ਰਜ਼ ਹੈ ਕਿ ਕੌਮੀ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਕੌਮੀ ਸ਼ਕਤੀ ਨੂੰ ਮਜ਼ਬੂਤ ਕਰੇ। ਗੁਰੂ ਸਾਹਿਬ ਨੇ 'ਮੀਰੀ' ਦੀ ਤਾਕਤ ਦੇ ਨਾਲ ਦੁਨਿਆਵੀ ਹੁਕਮਰਾਨਾਂ ਵੱਲੋਂ ਹੁੰਦੇ ਜ਼ੁਲਮਾਂ ਨੂੰ ਠੱਲ੍ਹਿਆ ਅਤੇ ਸ਼ਬਦ ਦੀ ਤਾਕਤ ਨਾਲ ਮਨੁੱਖਤਾ ਨੂੰ ਪਰਮਾਤਮਾ ਨਾਲ ਜੋੜਿਆ।" ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਗੱਦੀ ਦਿਵਸ ਮੌਕੇ ਸੰਗਤ ਨੂੰ ਵਧਾਈ ਦਿੱਤੀ ਤੇ ਸਮੁੱਚੀ ਕੌਮ ਨੂੰ ਬਾਣੀ ਬਾਣੇ ਦੇ ਧਾਰਨੀ ਹੋਣ ਲਈ ਪ੍ਰੇਰਿਆ।

# ਗ੍ਰੰਥੀ ਦੀ ਧੀ ਅਗਵਾ ਕੇਸ 'ਚ ਯੋਗੀ ਸਰਕਾਰ ਨੂੰ ਅਲਟੀਮੇਟਮ

**ਅੰਮ੍ਰਿਤਸਰ:** ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਪੀਲੀਭੀਤ ਦੇ ਪਿੰਡ ਟਿਪਰੀਆਂ ਮਝਰਾ ਵਿਚ ਗ੍ਰੰਥੀ ਸਿੰਘ ਦੀ ਨਾਬਾਲਗ ਧੀ ਨੂੰ ਅਗਵਾ ਕਰਨ ਵਾਲਿਆਂ ਦੀ ਗ੍ਰਿਫ਼ਤਾਰੀ ਦੇ ਮਾਮਲੇ ਵਿਚ ਪੁਲਿਸ ਦੀ ਢਿੱਲ-ਮੱਠ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਨੋਟਿਸ ਲੈਂਦਿਆਂ ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਇਕ ਹਫਤੇ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜੇ ਇਸ ਘਟਨਾ ਨਾਲ ਸਬੰਧਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਸਿੱਖ ਸੰਗਤ ਨੂੰ ਆਪਣੇ ਪੱਧਰ 'ਤੇ ਸਖ਼ਤ ਕਾਰਵਾਈ ਲਈ ਮਜਬੂਰ ਹੋਣਾ ਪਵੇਗਾ। ਉਨ੍ਹਾਂ ਆਖਿਆ ਕਿ ਗੁਰਦੁਆਰੇ ਦੇ ਗ੍ਰੰਥੀ ਦੀ 13 ਸਾਲਾ ਲੜਕੀ ਨੂੰ ਕੁਝ ਵਿਅਕਤੀਆਂ ਨੇ ਅਗਵਾ ਕਰ ਕੇ ਜਬਰ ਜਨਾਹ ਕਰਨ ਦੀ ਘਟਨਾ ਸਾਹਮਣੇ ਆਈ ਹੈ। ਲੜਕੀ ਨੇ ਅਦਾਲਤ ਵਿਚ ਆਪਣੇ ਬਿਆਨਾਂ ਦੌਰਾਨ ਮੁਲਜ਼ਮਾਂ ਦੀ ਸ਼ਨਾਖ਼ਤ ਕੀਤੀ ਹੈ ਪਰ ਪੁਲਿਸ ਨੇ ਉਨ੍ਹਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ।

# ਪੰਜਾਬੀਆਂ ਨੇ ਵੋਟਾਂ ਲਈ ਨਾ ਉਤਸ਼ਾਹ ਨਹੀਂ ਦਿਖਾਇਆ, ਕਈ ਪਿੰਡਾਂ 'ਚ ਬਾਈਕਾਟ




**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਆਖਰੀ ਗੇੜ 'ਚ ਪੰਜਾਬ ਵਿਚ 13 ਲੋਕ ਸੀਟਾਂ 'ਤੇ 61.32 ਫ਼ੀਸਦੀ ਵੋਟਰਾਂ ਨੇ ਆਪਣੇ ਜਮਹੂਰੀ ਹੱਕ ਦੀ ਵਰਤੋਂ ਕੀਤੀ। ਪੰਜਾਬ ਵਿਚ ਵੋਟਾਂ ਪਾਉਣ ਦਾ ਅਮਲ ਮਾਮੂਲੀ ਘਟਨਾਵਾਂ ਦਰਮਿਆਨ ਅਮਨ ਅਮਾਨ ਨਾਲ ਨੇਪਰੇ ਚੜ੍ਹਿਆ। ਉਂਜ ਪੰਜਾਬ 'ਚ ਇਸ ਵਾਰ ਪਿਛਲੀਆਂ ਚੋਣਾਂ ਦੇ ਮੁਕਾਬਲੇ ਘੱਟ ਵੋਟਿੰਗ ਹੋਈ ਹੈ।

ਪੰਜਾਬ ਦੇ ਕਈ ਪਿੰਡਾਂ ਨੇ ਚੋਣਾਂ ਦਾ ਬਾਈਕਾਟ ਕੀਤਾ। ਫ਼ਤਿਹਗੜ੍ਹ ਸਾਹਿਬ ਹਲਕੇ ਦੇ ਤਿੰਨ ਪਿੰਡਾਂ ਮੁਸ਼ਕਾਬਾਦ, ਟੱਪਰੀਆ ਅਤੇ ਖੀਰਨੀਆ ਦੇ ਲੋਕਾਂ ਨੇ ਇਕ ਬਾਇਓ ਗੈਸ ਪਲਾਂਟ ਦੇ ਪ੍ਰਦੂਸ਼ਣ ਨੂੰ ਲੈ ਕੇ ਵੋਟਾਂ ਦਾ ਬਾਈਕਾਟ ਕੀਤਾ। ਇਨ੍ਹਾਂ ਲੋਕਾਂ ਨੂੰ ਮਨਾਉਣ ਦੀ ਖੰਨਾ ਪੁਲਿਸ ਦੀ ਐਸ.ਐਸ.ਪੀ. ਅਵਨੀਤ ਨੇ ਕੋਸ਼ਿਸ਼ ਕੀਤੀ। ਅਜਨਾਲਾ ਦੇ ਪਿੰਡ ਲੱਖੂਵਾਲ ਦੇ ਲੋਕਾਂ ਨੇ ਰੋਸ ਵਜੋਂ ਚੋਣਾਂ ਦਾ ਬਾਈਕਾਟ ਕਰ ਦਿੱਤਾ। ਪਿੰਡ ਦੇ 'ਆਪ' ਵਰਕਰ ਦੀ ਹੱਤਿਆ ਹੋ ਗਈ ਸੀ। ਪਿੰਡ ਦੇ ਸਾਬਕਾ ਸਰਪੰਚ ਜਗਤਾਰ ਸਿੰਘ ਨੇ ਦੱਸਿਆ ਕਿ ਇਕ ਵੀ ਵੋਟ ਨਹੀਂ ਪਾਈ ਜਾਵੇਗੀ। ਇਸੇ ਤਰ੍ਹਾਂ ਮਾਨਸਾ ਦੇ ਪਿੰਡ ਅਹਿਮਦਪੁਰ ਦੇ ਲੋਕਾਂ ਨੇ ਦੋਹਰੇ ਕਤਲ ਦੇ ਮਾਮਲੇ 'ਚ ਇਨਸਾਫ਼ ਨਾ ਮਿਲਣ ਕਰਕੇ ਵੋਟਾਂ ਦਾ ਬਾਈਕਾਟ ਕੀਤਾ ਅਤੇ ਇੱਥੇ ਸਿਰਫ਼ 82 ਵੋਟਾਂ ਦਾ ਹੀ ਭੁਗਤਾਨ ਹੋਇਆ।

ਚੋਣ ਕਮਿਸ਼ਨ ਦੇ ਪ੍ਰਬੰਧਾਂ ਦੇ ਬਾਵਜੂਦ ਗਰਮੀ ਦਾ ਅਸਰ ਮਤਦਾਨ 'ਤੇ ਦੇਖਣ ਨੂੰ ਮਿਲਿਆ। ਖ਼ਾਸ ਕਰਕੇ ਸ਼ਹਿਰੀ ਖੇਤਰਾਂ 'ਚ ਪੋਲਿੰਗ ਲਈ ਬਹੁਤਾ ਉਤਸ਼ਾਹ ਨਜ਼ਰ ਨਹੀਂ ਆਇਆ। ਮਤਦਾਨ ਦੇ ਪਹਿਲੇ ਦੋ ਘੰਟਿਆਂ ਦੌਰਾਨ 9 ਵਜੇ ਤੱਕ 9.64 ਫ਼ੀਸਦੀ ਪੋਲਿੰਗ ਹੋਈ ਸੀ ਜਦਕਿ 11 ਵਜੇ ਤੱਕ ਪੋਲਿੰਗ ਵਧ ਕੇ 23.91 ਫ਼ੀਸਦੀ ਹੋ ਗਈ। ਦੁਪਹਿਰ ਇਕ ਵਜੇ ਮਤਦਾਨ ਦਰ 37.80 ਫ਼ੀਸਦੀ ਹੋ ਗਈ ਸੀ ਅਤੇ ਤਿੰਨ ਵਜੇ ਤੱਕ 46.38 ਫ਼ੀਸਦੀ ਵੋਟਾਂ ਪਈਆਂ। ਸ਼ਾਮ ਪੰਜ ਵਜੇ ਤੱਕ 55.20 ਫ਼ੀਸਦੀ ਵੋਟਾਂ ਦਾ ਭੁਗਤਾਨ ਹੋਇਆ। ਮਾਲਵਾ ਖ਼ਿੱਤੇ ਦੇ ਚਾਰ ਜ਼ਿਲ੍ਹਿਆਂ ਬਠਿੰਡਾ, ਸੰਗਰੂਰ, ਫ਼ਿਰੋਜ਼ਪੁਰ ਅਤੇ ਪਟਿਆਲਾ ਤੋਂ ਇਲਾਵਾ ਮਾਝੇ ਦੇ ਗੁਰਦਾਸਪੁਰ ਹਲਕੇ ਵਿਚ ਵੋਟ ਫ਼ੀਸਦ ਕਾਫ਼ੀ ਉੱਚੀ ਰਹੀ।

ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਲੁਧਿਆਣਾ ਵਿਚ ਵੋਟਿੰਗ ਦਰ ਘੱਟ ਰਹੀ। ਪੰਜ ਕੈਬਨਿਟ ਮੰਤਰੀਆਂ, ਸੱਤ ਵਿਧਾਇਕਾਂ, ਅੱਠ ਮੌਜੂਦਾ ਸੰਸਦ ਮੈਂਬਰਾਂ ਤੋਂ ਇਲਾਵਾ 21 ਸਾਬਕਾ ਵਿਧਾਇਕਾਂ/ਸਾਬਕਾ ਵਜ਼ੀਰਾਂ ਤੇ ਸਾਬਕਾ ਸੰਸਦ ਮੈਂਬਰਾਂ ਦੀ ਕਿਸਮਤ ਵੋਟਿੰਗ ਮਸ਼ੀਨਾਂ ਵਿਚ ਬੰਦ ਹੋ ਗਈ ਹੈ। ਸੂਬੇ ਦੇ 24,451 ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਪੈਣ ਦਾ ਅਮਲ ਸਵੇਰੇ 7 ਵਜੇ ਸ਼ੁਰੂ ਹੋਇਆ ਸੀ ਜੋ ਸ਼ਾਮ 6 ਵਜੇ ਤੱਕ ਚੱਲਿਆ। ਚੋਣ ਅਮਲੇ ਦੇ 1.20 ਲੱਖ ਮੈਂਬਰਾਂ ਨੇ ਡਿਊਟੀ ਨਿਭਾਈ। ਚੋਣ ਜ਼ਾਬਤਾ ਲੱਗਣ ਮਗਰੋਂ ਵੋਟਰਾਂ ਦੀ ਖ਼ਰੀਦੋ-ਫ਼ਰੋਖ਼ਤ ਜਾਂ ਸ਼ਰਾਬ ਵਰਤਾਏ ਜਾਣ ਦੇ ਕੋਈ ਪ੍ਰਤੱਖ ਮਾਮਲੇ ਸਾਹਮਣੇ ਨਹੀਂ ਆਏ। ਉਂਜ ਬਠਿੰਡਾ ਹਲਕੇ 'ਚ ਇਕਾ-ਦੁੱਕਾ ਥਾਵਾਂ 'ਤੇ ਖ਼ਰੀਦੋ-ਫ਼ਰੋਖ਼ਤ ਦੇ ਚਰਚੇ ਜ਼ਰੂਰ ਸੁਣੇ ਗਏ। ਮਤਦਾਨ ਕੇਂਦਰਾਂ ਵਿਚ 85 ਸਾਲ ਤੋਂ ਉਪਰ ਦੇ ਬਜ਼ੁਰਗ ਵੋਟਰਾਂ ਨੇ ਵੀ ਵੋਟ ਦਾ ਭੁਗਤਾਨ ਕੀਤਾ। ਮੁਹਾਲੀ ਵਿਚ 103 ਸਾਲ ਦੀ ਬਜ਼ੁਰਗ ਜੋਗਿੰਦਰ ਕੌਰ ਨੇ ਵੋਟ ਪਾਈ।

ਇਸੇ ਤਰ੍ਹਾਂ ਫ਼ਿਰੋਜ਼ਪੁਰ ਹਲਕੇ ਦੇ ਪਿੰਡ ਅੱਕੂ ਮਸਤੇ ਵਿਚ 103 ਸਾਲ ਦੇ ਬਜ਼ੁਰਗ ਅਤੇ ਉਸ ਦੀ 100 ਸਾਲ ਦੀ ਪਤਨੀ ਨੇ ਵੋਟ ਪਾਈ। ਚੋਣ ਅਮਲੇ ਨੇ ਇਸ ਜੋੜੇ ਨੂੰ ਸਰਟੀਫਿਕੇਟ ਅਤੇ ਹਾਰ ਪਾ ਕੇ ਸਨਮਾਨਿਤ ਕੀਤਾ। ਚੋਣ ਕਮਿਸ਼ਨ ਵੱਲੋਂ 85 ਸਾਲ ਤੋਂ ਉਪਰ ਦੇ ਵੋਟਰਾਂ ਲਈ ਵਾਹਨਾਂ ਦਾ ਉਚੇਚੇ ਤੌਰ 'ਤੇ ਪ੍ਰਬੰਧ ਕੀਤਾ ਗਿਆ ਸੀ। ਅਕਾਲੀ ਦਲ ਅਤੇ ਭਾਜਪਾ ਵੱਖੋ-ਵੱਖਰੇ ਚੋਣਾਂ ਲੜੀ, ਜਦੋਂ ਕਿ 'ਇੰਡੀਆ ਗੱਠਜੋੜ' ਦੇ ਪ੍ਰਮੁੱਖ ਭਾਈਵਾਲ ਕਾਂਗਰਸ ਅਤੇ 'ਆਪ' ਵੀ ਅਲੱਗ-ਅਲੱਗ ਚੋਣਾਂ ਵਿਚ ਉਤਰੇ।

## ਵੋਟਿੰਗ 'ਚ ਬਠਿੰਡਾ ਦੀ ਚੌਥੀ ਵਾਰ ਝੰਡੀ

ਬਠਿੰਡਾ ਸੰਸਦੀ ਹਲਕੇ ਨੇ ਪੰਜਾਬ ਭਰ 'ਚੋਂ ਵੋਟ ਫ਼ੀਸਦ ਵਿਚ ਲਗਾਤਾਰ ਚੌਥੀ ਵਾਰ ਝੰਡੀ ਲਈ ਹੈ। ਬਠਿੰਡਾ ਹਲਕੇ ਵਿਚ ਸਭ ਤੋਂ ਵਧ 67.97 ਫ਼ੀਸਦੀ ਵੋਟਿੰਗ ਹੋਈ ਹੈ। ਬਠਿੰਡਾ ਜਦੋਂ ਤੋਂ ਸਾਲ 2009 ਵਿਚ ਜਨਰਲ ਹੋਇਆ ਹੈ, ਉਸ ਸਮੇਂ ਤੋਂ ਇਹ ਪੋਲਿੰਗ ਵਿਚ ਨੰਬਰ ਇਕ ਬਣਨਾ ਸ਼ੁਰੂ ਹੋ ਗਿਆ ਹੈ। ਸਾਲ 2009 ਦੀ ਚੋਣ ਵਿਚ ਬਠਿੰਡਾ ਹਲਕੇ 78.4 ਫ਼ੀਸਦੀ ਪੋਲਿੰਗ ਨਾਲ ਪਹਿਲੇ ਨੰਬਰ 'ਤੇ ਰਿਹਾ ਸੀ। ਸਾਲ 2014 ਦੀਆਂ ਚੋਣਾਂ ਵਿਚ ਇਹ ਹਲਕਾ 77.2 ਫ਼ੀਸਦੀ ਵੋਟਾਂ ਨਾਲ ਸਿਖਰ 'ਤੇ ਰਿਹਾ ਸੀ। ਇਸੇ ਤਰ੍ਹਾਂ 2019 ਦੀਆਂ ਚੋਣਾਂ ਵਿਚ 76.4 ਫ਼ੀਸਦੀ ਵੋਟਾਂ ਪਈਆਂ ਸਨ। ਇਸ ਤੋਂ ਪਹਿਲਾਂ ਪੋਲਿੰਗ 'ਚ ਫ਼ਰੀਦਕੋਟ ਹਲਕਾ ਸੂਬੇ ਭਰ 'ਚੋਂ ਸਾਲ 2004, 1999, 1998 ਅਤੇ 1996 ਵਿਚ ਝੰਡੀ ਲਈ ਸੀ।

# ਪਾਰਟੀਆਂ ਦੇ ਚੋਣ ਵਾਅਦੇ ਕਾਨੂੰਨੀ ਦਸਤਾਵੇਜ਼ ਹੋਣ: ਕੇਂਦਰੀ ਸਭਾ



**ਚੰਡੀਗੜ੍ਹ:** ਕੇਂਦਰੀ ਪੰਜਾਬੀ ਲੇਖਕ ਸਭਾ ਨੇ ਕਿਹਾ ਕਿ ਪੰਜਾਬ ਸਮੇਤ ਪੂਰੇ ਦੇਸ਼ ਵਿਚ ਜਦੋਂ ਸੱਤਾ ਹਥਿਆਉਣ ਲਈ ਰਾਜਨੀਤਕ ਪਾਰਟੀਆਂ ਹਰ ਹਰਬਾ ਵਰਤ ਰਹੀਆਂ ਹਨ ਤਾਂ ਕਿਸੇ ਵੀ ਰਾਜਸੀ ਧਿਰ ਕੋਲ ਆਮ ਬੰਦੇ ਦੀ ਬੁਨਿਆਦ ਨਾਲ ਜੁੜੇ ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੇ ਮੁੱਦੇ ਨਹੀਂ ਹਨ।

ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਸਭ ਤੋਂ ਵੱਡੇ ਲੋਕਤੰਤਰੀ ਹੱਕ ਦੇ ਇਸਤੇਮਾਲ ਤੋਂ ਪਹਿਲਾਂ ਸਿਆਸੀ ਪਾਰਟੀਆਂ ਵੋਟਰਾਂ ਨੂੰ ਧਾਰਮਿਕ ਮੁੱਦੇ, ਫਿਰਕੂਵਾਦ ਅਤੇ ਜਾਤੀਵਾਦ ਵਿੱਚ ਵੰਡਣ ਦੇ ਨਾਲ-ਨਾਲ ਮੁਫ਼ਤਖੋਰ ਸਕੀਮਾਂ ਰਾਹੀਂ ਭਰਮਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਚੋਣ ਲੜ ਰਹੀਆਂ ਧਿਰਾਂ ਦੇ ਚੋਣ ਵਾਅਦੇ ਕਾਨੂੰਨੀ ਦਸਤਾਵੇਜ਼ ਹੋਣੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਧਿਰਾਂ ਨੂੰ ਲੋਕ ਕਚਹਿਰੀ ਵਿਚ ਜਵਾਬਦੇਹ ਬਣਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਖਿੱਤੇ ਦੀ ਆਰਥਿਕ, ਸਭਿਆਚਾਰਕ ਤੇ ਭਾਸ਼ਾਈ ਖੁਸ਼ਹਾਲੀ ਅਤੇ ਤਰੱਕੀ ਲਈ ਇਨ੍ਹਾਂ ਪਾਰਟੀਆਂ ਨੂੰ ਆਮ ਲੋਕਾਂ ਨੂੰ ਫੋਕੀਆਂ ਗੱਲਾਂ 'ਚ ਉਲਝਾਉਣ ਦੀ ਬਜਾਏ ਸੂਬੇ 'ਚ ਰੁਜ਼ਗਾਰ ਦੇ ਵਸੀਲੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਅਜੋਕੀ ਨੌਜਵਾਨ ਪੀੜ੍ਹੀ ਜਿਹੜੀ ਕਿ ਰੋਜ਼ੀ ਰੋਟੀ ਦੀ ਭਾਲ ਵਿਚ ਵਿਦੇਸ਼ਾਂ ਨੂੰ ਭੱਜ ਰਹੀ ਹੈ, ਉਹ ਆਪਣੀ ਜ਼ੁਬਾਨ ਅਤੇ ਜ਼ਮੀਨ ਨਾਲ ਜੁੜੀ ਰਹੇ।

# ਚੋਣ ਪਿੜ 'ਚੋਂ ਗੈਰਹਾਜ਼ਰ ਰਹੇ ਕੈਪਟਨ ਤੇ ਨਵਜੋਤ ਸਿੱਧੂ





**ਪਟਿਆਲਾ:** ਲੋਕ ਸਭਾ ਚੋਣਾਂ ਦੀ ਪ੍ਰਚਾਰ ਮੁਹਿੰਮ ਵਿਚੋਂ ਐਤਕੀਂ ਪਟਿਆਲਾ ਦੇ ਦੋ ਵੱਡੇ ਆਗੂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਗੈਰਹਾਜ਼ਰ ਰਹੇ। ਇਸ ਦੌਰਾਨ ਨਾ ਸਿਰਫ਼ ਇਨ੍ਹਾਂ ਦੀ ਪਾਰਟੀ ਦੇ ਵਰਕਰਾਂ ਬਲਕਿ ਆਮ ਲੋਕਾਂ ਅਤੇ ਦੂਜੀਆਂ ਧਿਰਾਂ ਦੇ ਆਗੂਆਂ ਨੂੰ ਵੀ ਇਨ੍ਹਾਂ ਦੀ ਗੈਰਹਾਜ਼ਰੀ ਰੜਕਦੀ ਰਹੀ ਕਿਉਂਕਿ ਦੋਵੇਂ ਵੱਡੇ ਨੇਤਾ ਹੋਣ ਕਰਕੇ ਇਨ੍ਹਾਂ ਵੱਲੋਂ ਦਾਗੇ ਜਾਣ ਵਾਲੇ ਬਿਆਨ ਵੀ ਸੁਰਖੀਆਂ ਬਣਨੇ ਸਨ।

ਕੈਪਟਨ ਅਮਰਿੰਦਰ ਸਿੰਘ ਤਾਂ ਆਪਣੀ ਪਤਨੀ ਪ੍ਰਨੀਤ ਕੌਰ ਵੱਲੋਂ ਚੋਣ ਲੜਨ ਦੇ ਬਾਵਜੂਦ ਉਹ ਇਕ ਦਿਨ ਵੀ ਇੱਥੇ ਨਹੀਂ ਆਏ। ਜਾਣਕਾਰੀ ਅਨੁਸਾਰ ਪ੍ਰਨੀਤ ਕੌਰ ਪੰਜ ਵਾਰ ਚੋਣ ਲੜ ਕੇ ਚਾਰ ਵਾਰ ਸੰਸਦ ਮੈਂਬਰ ਰਹਿ ਚੁੱਕੇ ਹਨ ਅਤੇ ਇਨ੍ਹਾਂ ਸਾਰੀਆਂ ਚੋਣਾਂ 'ਚ ਕੈਪਟਨ ਅਮਰਿੰਦਰ ਸਿੰਘ ਇੱਥੇ ਚੋਣ ਪ੍ਰਚਾਰ ਕਰਨ ਆਉਂਦੇ ਰਹੇ ਹਨ। ਉਂਝ, ਅਮਰਿੰਦਰ ਸਿੰਘ ਨੇ ਇੱਥੇ ਪੱਤਰ ਜਾਰੀ ਕਰਕੇ ਹਲਕਾ ਵਾਸੀਆਂ ਨੂੰ ਪ੍ਰਨੀਤ ਕੌਰ ਦੇ ਹੱਕ ਵਿਚ ਭੁਗਤਣ ਦੀ ਅਪੀਲ ਕੀਤੀ ਸੀ। ਉਨ੍ਹਾਂ ਦੱਸਿਆ ਕਿ ਉਹ ਆਪਣੀ ਸਿਹਤ ਠੀਕ ਨਾ ਹੋਣ ਕਰਕੇ ਚੋਣ ਮੁਹਿੰਮ ਦਾ ਹਿੱਸਾ ਨਹੀਂ ਬਣ ਸਕੇ।

ਇਸੇ ਤਰ੍ਹਾਂ ਸਿਆਸੀ ਮੰਚਾਂ 'ਤੇ ਕਾਂਗਰਸੀ ਆਗੂ ਨਵਜੋਤ ਸਿੱਧੂ ਦੀ ਗੈਰ-ਹਾਜ਼ਰੀ ਲੋਕਾਂ ਨੂੰ ਹੋਰ ਵੀ ਵਧੇਰੇ ਰੜਕੀ। ਭਾਵੇਂ ਰਾਜਸੀ ਸਫਾਂ ਨੂੰ ਇਸ ਨੂੰ ਹੋਰ ਕਾਰਨਾਂ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ, ਪਰ ਮੁੱਖ ਤੌਰ 'ਤੇ ਇਹੀ ਕਿਹਾ ਜਾ ਰਿਹਾ ਹੈ ਕਿ ਉਹ ਆਈ.ਪੀ.ਐਲ. ਵਿਚ ਰੁੱਝੇ ਰਹੇ। ਇਸ ਲਈ ਪ੍ਰਚਾਰ ਵਿਚ ਨਹੀਂ ਪੁੱਜੇ।

# 'ਆਪ' ਸਮਰਥਕਾਂ ਦੀਆਂ 300 ਵੋਟਾਂ ਕੱਟਣ 'ਤੇ ਹੰਗਾਮਾ

**ਬਟਾਲਾ:** ਇਥੋਂ ਦੇ ਬੂਥ ਨੰਬਰ 32 'ਤੇ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਇਲਾਕੇ ਦੇ ਵੋਟਰ ਆਪਣੇ ਵੋਟਰ ਕਾਰਡ ਲੈ ਕੇ ਵੋਟ ਪਾਉਣ ਆਏ ਤਾਂ ਇੱਥੇ ਆ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਵੋਟਰ ਸੂਚੀ ਵਿਚ ਉਨ੍ਹਾਂ ਦਾ ਨਾਮ ਹੀ ਨਹੀਂ ਹੈ। ਇਸ ਦੀ ਸੂਚਨਾ ਮਿਲਦਿਆਂ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੀ ਮੌਕੇ 'ਤੇ ਪਹੁੰਚ ਗਏ।

ਤਹਿਸੀਲਦਾਰ ਜਗਤਾਰ ਸਿੰਘ ਅਤੇ ਐਸ.ਐਸ.ਪੀ. ਅਸ਼ਵਿਨੀ ਗੋਟਿਆਲ ਵੀ ਪੋਲਿੰਗ ਬੂਥ ਨੰਬਰ 32 'ਤੇ ਪਹੁੰਚ ਗਏ ਅਤੇ ਜਿਨ੍ਹਾਂ ਲੋਕਾਂ ਦੀਆਂ ਵੋਟਾਂ ਕੱਟੀਆਂ ਸਨ, ਉਨ੍ਹਾਂ ਨਾਲ ਗੱਲਬਾਤ ਕੀਤੀ। ਇਨ੍ਹਾਂ ਵਿਚੋਂ ਬਹੁਤੇ 'ਆਪ' ਸਮਰਥਕ ਹਨ। ਗੋਪਾਲ ਕੁਮਾਰ, ਗੋਵਿੰਦ ਕਾਂਜੀ, ਕਮਲ, ਦੀਪਕ, ਸੁਰੇਸ਼ ਅਤੇ ਗੁਰਦਿਆਲ ਚੰਦ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਕੋਲ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਵੋਟਰ ਕਾਰਡ ਵੀ ਹਨ। ਉਕਤ ਵਿਅਕਤੀਆਂ ਨੇ ਦੋਸ਼ ਲਾਇਆ ਕਿ ਉਨ੍ਹਾਂ ਦੀਆਂ ਵੋਟਾਂ ਕਿਸੇ ਸਾਜ਼ਿਸ਼ ਤਹਿਤ ਕੱਟੀਆਂ ਗਈਆਂ ਹਨ। ਇਸ ਮੌਕੇ ਆਪ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਐਸ.ਡੀ.ਐਮ. ਕਮ ਏਆਰਓ ਸ਼ਾਇਰੀ ਭੰਡਾਰੀ ਨਾਲ ਬਹਿਸ ਵੀ ਹੋਈ ਪਰ ਅੰਤਿਮ ਸੂਚੀ ਵਿਚ ਨਾਮ ਨਾ ਹੋਣ ਕਾਰਨ ਕਰੀਬ 300 ਲੋਕ ਆਪਣੀ ਵੋਟ ਦੀ ਵਰਤੋਂ ਕਰਨ ਤੋਂ ਵਾਂਝੇ ਰਹਿ ਗਏ। ਤਹਿਸੀਲਦਾਰ ਜਗਤਾਰ ਸਿੰਘ ਨੇ ਕਿਹਾ ਕਿ ਇਸ ਬਾਰੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਭਾਜਪਾ ਦੇ ਚੋਣ ਬੂਥ ਤੋਂ ਸਾਮਾਨ ਚੁੱਕ ਕੇ ਲੈ ਗਏ ਸ਼ਰਾਰਤੀ ਅਨਸਰ



**ਤਰਨ ਤਾਰਨ:** ਪਿੰਡ ਖੱਬੇ ਡੋਗਰਾਂ ਵਿਚ ਭਾਜਪਾ ਵਰਕਰਾਂ ਵੱਲੋਂ ਲਗਾਏ ਗਏ ਪੋਲਿੰਗ ਬੂਥ ਤੋਂ ਸ਼ਰਾਰਤੀ ਅਨਸਰ ਸਾਮਾਨ ਆਦਿ ਖੋਹ ਕੇ ਲੈ ਗਏ। ਇਸ ਕਾਰਵਾਈ ਖ਼ਿਲਾਫ਼ ਭਾਜਪਾ ਵਰਕਰਾਂ ਨੇ ਤਿੱਖਾ ਵਿਰੋਧ ਕੀਤਾ। ਇਸ ਦੀ ਸੂਚਨਾ ਮਿਲਣ 'ਤੇ ਐਸ.ਐਸ.ਪੀ. ਅਸ਼ਵਨੀ ਕਪੂਰ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀਆਂ ਹਦਾਇਤਾਂ ਕੀਤੀਆਂ। ਖਡੂਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਮਨਜੀਤ ਸਿੰਘ ਮੰਨਾ ਨੇ ਕਿਹਾ ਕਿ ਸ਼ਰਾਰਤੀਆਂ ਨੇ ਬੂਥ ਦੇ ਸਾਮਾਨ ਦੀ ਭੰਨ-ਤੋੜ ਵੀ ਕੀਤੀ ਅਤੇ ਪਾਰਟੀ ਦੇ ਵਰਕਰਾਂ ਨੂੰ ਧਮਕੀਆਂ ਵੀ ਦਿੱਤੀਆਂ। ਮਨਜੀਤ ਸਿੰਘ ਨੇ ਕਿਹਾ ਕਿ ਪਾਰਟੀ ਨੂੰ ਲੋਕਾਂ ਵੱਲੋਂ ਮਿਲ ਰਹੇ ਭਾਰੀ ਸਮਰਥਨ ਨੂੰ ਦੇਖ ਕੇ ਵਿਰੋਧੀ ਬੁਖਲਾ ਗਏ ਹਨ।

ਇਸੇ ਤਰ੍ਹਾਂ ਭਾਜਪਾ ਵੱਲੋਂ ਸਾਰੇ ਪਿੰਡਾਂ ਵਿਚ ਆਪਣੇ ਬੂਥ ਲਗਾਉਣ ਦੀਆਂ ਕੀਤੀਆਂ ਕੋਸ਼ਿਸ਼ਾਂ ਉਸ ਸਮੇਂ ਅਧੂਰੀਆਂ ਰਹਿ ਗਈਆਂ ਜਦੋਂ ਪਿੰਡ ਅਲਕੜਾ (ਭਦੌੜ) ਦੇ ਕਿਸਾਨ ਆਗੂਆਂ ਨੇ ਪਿੰਡ ਵਿਚ ਭਾਜਪਾ ਦਾ ਬੂਥ ਨਾ ਲੱਗਣ ਦਿੱਤਾ। ਜਾਣਕਾਰੀ ਅਨੁਸਾਰ ਪਿੰਡ ਅਲਕੜਾ ਵਿਚ ਕਾਂਗਰਸ, 'ਆਪ', ਸ਼੍ਰੋਮਣੀ ਅਕਾਲੀ ਦਲ, ਬਸਪਾ ਅਤੇ ਅਕਾਲੀ ਦਲ (ਅ) ਦੇ ਵਰਕਰਾਂ ਨੇ ਇਕੱਠੇ ਬੂਥ ਲਾਏ ਹੋਏ ਸਨ ਜਦਕਿ ਭਾਜਪਾ ਵੱਲੋਂ ਵੱਖਰੇ ਤੌਰ 'ਤੇ ਬੂਥ ਲਗਾਇਆ ਗਿਆ ਸੀ। ਇਸ ਬਾਰੇ ਜਦੋਂ ਕਿਸਾਨ ਆਗੂਆਂ ਨੂੰ ਪਤਾ ਲੱਗਿਆ ਤਾਂ ਉਹ ਫੌਰੀ ਉੱਥੇ ਪੁੱਜ ਗਏ। ਉਸ ਵੇਲੇ ਬੂਥ 'ਤੇ ਬਾਹਰਲੇ ਪਿੰਡਾਂ ਦੇ ਬੰਦੇ ਬੈਠੇ ਸਨ। ਕਿਸਾਨ ਆਗੂ ਕਮਲਜੀਤ ਸਿੰਘ, ਗੁਰਮੇਲ ਸਿੰਘ ਅਤੇ ਹੋਰ ਕਿਸਾਨਾਂ ਨੇ ਉਨ੍ਹਾਂ ਨੂੰ ਸਵਾਲ ਕਰਨੇ ਸ਼ੁਰੂ ਕਰ ਦਿੱਤੇ ਕਿ ਜਦੋਂ ਕਿਸਾਨ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਸਨ ਤਾਂ ਭਾਜਪਾ ਆਗੂ ਕਹਿ ਰਹੇ ਸਨ ਕਿ ਇਹ ਕਿਸਾਨ ਨਹੀਂ ਕਿਰਾਏ 'ਤੇ ਲਿਆਂਦੇ ਗਏ ਬੰਦੇ ਹਨ। ਉਨ੍ਹਾਂ ਬੂਥ 'ਤੇ ਬੈਠੇ ਬੰਦਿਆਂ ਨੂੰ ਸਵਾਲ ਕੀਤਾ ਕਿ ਕੀ ਉਨ੍ਹਾਂ ਨੂੰ 'ਕਿਰਾਏ 'ਤੇ ਲਿਆਂਦਾ ਗਿਆ ਹੈ'। ਕਿਸਾਨ ਆਗੂਆਂ ਨੇ ਕਿਹਾ ਕਿ ਪਿੰਡ ਦਾ ਕੋਈ ਵਿਅਕਤੀ ਬੂਥ 'ਤੇ ਬਿਠਾ ਦਿੱਤਾ ਜਾਵੇ, ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਪਰ ਉਹ ਬਾਹਰਲੇ ਪਿੰਡ ਦੇ ਵਿਅਕਤੀ ਨੂੰ ਬੂਥ ਨਹੀਂ ਲਗਾਉਣ ਦੇਣਗੇ। ਇਸ 'ਤੇ ਭਾਜਪਾ ਆਗੂ ਕੋਈ ਜਵਾਬ ਨਾ ਦੇ ਸਕੇ। ਉਹ ਕੁਝ ਸਮੇਂ ਬਾਅਦ ਬੂਥ ਖਾਲੀ ਕਰਕੇ ਚਲੇ ਗਏ।

ਲੋਕ ਸਭਾ ਹਲਕਾ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਵਿਧਾਨ ਸਭਾ ਹਲਕਾ ਰਾਏਕੋਟ ਵਿਚ ਪੈਂਦੇ ਪਿੰਡ ਝੈਣੀ ਦਰੇੜਾ ਵਿਚ ਭਾਜਪਾ ਦੇ ਉਮੀਦਵਾਰ ਗੇਜਾ ਰਾਮ ਬਾਲਮੀਕੀ ਦੇ ਸਮਰਥਕਾਂ ਵੱਲੋਂ ਲਾਇਆ ਗਿਆ ਪੋਲਿੰਗ ਸਹਾਇਤਾ ਬੂਥ ਸਵੇਰ ਸਾਰ ਅਗਿਆਤ ਵਿਅਕਤੀਆਂ ਵੱਲੋਂ ਪੁੱਟ ਦਿੱਤਾ ਗਿਆ। ਇਸ ਪਿੰਡ ਵਿਚ ਦਿਨ ਸਮੇਂ ਮੁੜ ਕਿਸੇ ਭਾਜਪਾ ਵਰਕਰ ਵੱਲੋਂ ਬੂਥ ਸਥਾਪਤ ਕਰਨ ਦਾ ਯਤਨ ਨਹੀਂ ਕੀਤਾ ਗਿਆ ਅਤੇ ਨਾ ਹੀ ਇਸ ਬਾਰੇ ਕੋਈ ਸ਼ਿਕਾਇਤ ਪੁਲਿਸ ਕੋਲ ਦਰਜ ਕਰਵਾਈ ਗਈ ਹੈ।

## ਪੈਸੇ ਵੰਡਣ ਦੇ ਦੋਸ਼ ਹੇਠ ਭਾਜਪਾ ਆਗੂ ਖ਼ਿਲਾਫ਼ ਕੇਸ ਦਰਜ

**ਸ਼ਾਹਕੋਟ:** ਜਲੰਧਰ ਲੋਕ ਸਭਾ ਹਲਕੇ ਦੇ ਵਿਧਾਨ ਸਭਾ ਹਲਕਾ ਸ਼ਾਹਕੋਟ ਵਿਚ ਕੁਝ ਘਟਨਾਵਾਂ ਤੋਂ ਇਲਾਵਾ ਸਮੁੱਚੇ ਹਲਕੇ ਵਿਚ ਵੋਟਾਂ ਦਾ ਕੰਮ ਅਮਨ-ਅਮਾਨ ਨਾਲ ਮੁਕੰਮਲ ਹੋ ਗਿਆ। ਭਾਰਤੀ ਜਨਤਾ ਪਾਰਟੀ ਦੇ ਸੂਬਾਈ ਆਗੂ ਸੁਦਰਸ਼ਨ ਸੋਬਤੀ (ਕਾਲਾ ਪਹਿਲਵਾਨ) ਤੇ ਸਰਵਨ ਸਿੰਘ ਜੱਜ ਦੀ ਭਾਜਪਾ ਦੇ ਬੂਥ ਲਗਾਉਣ ਅਤੇ ਭਾਜਪਾ ਨੂੰ ਵੋਟਾਂ ਪਵਾਉਣ ਲਈ ਪੈਸੇ ਵੰਡਦਿਆਂ ਦੀ ਫੋਟੋ ਵਾਇਰਲ ਹੋ ਗਈ ਜਿਸ ਤੋਂ ਬਾਅਦ ਸੰਦੀਪ ਕੁਮਾਰ ਦੀ ਸ਼ਿਕਾਇਤ 'ਤੇ ਪੁਲਿਸ ਨੇ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪਿੰਡ ਬਾਹਮਣੀਆਂ ਵਿਚ ਭਾਰਤੀ ਜਨਤਾ ਪਾਰਟੀ ਵੱਲੋਂ ਪਿੰਡ ਦੇ ਅੱਡੇ ਉੱਪਰ ਲਗਾਏ ਬੂਥ ਨੂੰ ਲੈ ਕੇ ਕਾਂਗਰਸ ਤੇ 'ਆਪ' ਨੇ ਵਿਰੋਧ ਜਤਾਇਆ ਜਿਸ ਦੌਰਾਨ ਉਨ੍ਹਾਂ ਦੇ ਆਗੂਆਂ ਦਰਮਿਆਨ ਤਕਰਾਰ ਹੋਈ।

# ਗਰਮੀ ਦੀ ਲਹਿਰ ਨੂੰ ਕੌਮੀ ਆਫਤ ਐਲਾਨਣ ਦੀ ਮੰਗ

**ਪਟਿਆਲਾ:** ਅੱਤ ਦੀ ਗਰਮੀ ਕਾਰਨ ਦੇਸ਼ ਅੰਦਰ ਵਧੀ ਬਿਜਲੀ ਦੀ ਮੰਗ ਦੇ ਮੱਦੇਨਜ਼ਰ 'ਆਲ ਇੰਡੀਆ ਪਾਵਰ ਇੰਜਨੀਅਰਜ਼ ਫੈਡਰੇਸ਼ਨ' ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਗਰਮੀ ਦੀ ਲਹਿਰ ਨੂੰ ਰਾਸ਼ਟਰੀ ਆਫ਼ਤ ਐਲਾਨਣ ਦੀ ਮੰਗ ਕੀਤੀ ਹੈ। ਇਸ ਪੱਤਰ ਦੀਆਂ ਕਾਪੀਆਂ ਦੇਸ਼ ਦੇ ਸਾਰੇ ਮੁੱਖ ਮੰਤਰੀਆਂ ਅਤੇ ਸਕੱਤਰ (ਬਿਜਲੀ) ਭਾਰਤ ਸਰਕਾਰ ਨਵੀਂ ਦਿੱਲੀ ਨੂੰ ਵੀ ਭੇਜੀਆਂ ਗਈਆਂ ਹਨ। ਜਥੇਬੰਦੀ ਦੇ ਕੌਮੀ ਚੇਅਰਮੈਨ ਸ਼ੈਲੇਂਦਰ ਦੂਬੇ ਦੇ ਦਸਤਖਤਾਂ ਹੇਠਾਂ ਜਾਰੀ ਇਸ ਪੱਤਰ 'ਚ ਦੇਸ਼ ਅੰਦਰ ਗਰਮੀ ਅਤੇ ਬਿਜਲੀ ਦੀ ਵਧੀ ਮੰਗ ਵੱਲ ਧਿਆਨ ਦਿਵਾਇਆ ਗਿਆ ਹੈ।

ਤਰਕ ਦਿੱਤਾ ਗਿਆ ਹੈ ਕਿ ਉੱਤਰੀ ਰਾਜਾਂ ਵਿਚ ਬਿਜਲੀ ਦੀ ਮੰਗ ਸਿਖਰਾਂ ਨੂੰ ਛੂਹ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮਹੀਨੇ ਯੂਪੀ ਵਿਚ ਬਿਜਲੀ ਦੀ ਵੱਧ ਤੋਂ ਵੱਧ ਮੰਗ 29000 ਮੈਗਾਵਾਟ ਨੂੰ ਵੀ ਪਾਰ ਕਰ ਗਈ ਸੀ ਜਦਕਿ ਪੰਜਾਬ ਵਿਚ ਇਹ ਮੰਗ 14000 ਮੈਗਾਵਾਟ, ਹਰਿਆਣਾ ਵਿਚ 12000 ਮੈਗਾਵਾਟ ਅਤੇ ਦਿੱਲੀ ਵਿਚ 8300 ਮੈਗਾਵਾਟ ਤੱਕ ਵੀ ਅੱਪੜ ਚੁੱਕੀ ਹੈ। ਇਸ ਮੁਸ਼ਕਲ ਨਾਲ਼ ਜੂਝਣ ਲਈ ਜਥੇਬੰਦੀ ਵੱਲੋਂ ਕੁਝ ਸੁਝਾਅ ਪੇਸ਼ ਕੀਤੇ ਗਏ ਹਨ ਜਿਸ ਦੌਰਾਨ ਕਿਹਾ ਗਿਆ ਹੈ ਕਿ ਅਗਲੇ ਦਿਨੀਂ ਝੋਨੇ ਦੀ ਬਿਜਾਈ ਦੌਰਾਨ ਪੰਜਾਬ ਵਿਚ ਤਾਂ ਬਿਜਲੀ ਦੀ ਮੰਗ ਹੋਰ ਵੀ ਵਧੇਗੀ। ਇਸ ਕਰਕੇ ਝੋਨੇ ਦੀ ਬਿਜਾਈ ਲਈ ਨਿਰਧਾਰਤ 25 ਜੂਨ ਤੱਕ ਕਰਨ ਦੀ ਲੋੜ ਹੈ। ਝੋਨੇ ਦੀਆਂ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਦਫ਼ਤਰਾਂ ਦਾ ਸਮਾਂ ਸਵੇਰੇ 7 ਤੋਂ ਦੁਪਹਿਰ 2 ਵਜੇ ਤੱਕ ਕੀਤਾ ਜਾਵੇ। ਵਪਾਰਕ ਅਦਾਰੇ, ਮਾਲ ਤੇ ਦੁਕਾਨਾਂ ਆਦਿ 7 ਵਜੇ ਬੰਦ ਕਰਨੀਆਂ ਯਕੀਨੀ ਬਣਾਈਆਂ ਜਾਣ। ਉਦਯੋਗਾਂ 'ਤੇ ਪੀਕ ਲੋਡ ਪਾਬੰਦੀਆਂ ਲਗਾਈਆਂ ਜਾਣ।

# ਅਕਾਲੀ ਦਲ (ਅ) ਨੇ ਜਵਾਹਰਕੇ ਨੂੰ ਪਾਰਟੀ 'ਚੋਂ ਕੱਢਿਆ

**ਫ਼ਤਹਿਗੜ੍ਹ ਸਾਹਿਬ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਵਿਚ ਸ੍ਰੀ ਜਵਾਹਰਕੇ ਨੇ ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਪਾਰਟੀ ਉਮੀਦਵਾਰ ਬਲਦੇਵ ਸਿੰਘ ਗਗੜਾ ਦੀ ਥਾਂ ਕਿਸੇ ਆਜ਼ਾਦ ਉਮੀਦਵਾਰ ਦੀ ਮਦਦ ਕੀਤੀ ਹੈ। ਇਸ ਕਾਰਨ ਉਸ ਨੂੰ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਗਿਆ ਹੈ।

# ਭਾਜਪਾ ਦੀ ਅੱਖ ਹੁਣ ਪੰਜਾਬ ਦੀਆਂ ਦਲਿਤ ਵੋਟਾਂ ਉਤੇ

**ਪਠਾਨਕੋਟ:** ਭਾਰਤੀ ਜਨਤਾ ਪਾਰਟੀ ਦਾ ਅਗਲਾ ਨਿਸ਼ਾਨਾ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਹਨ। ਇਨ੍ਹਾਂ ਚੋਣਾਂ ਲਈ ਭਾਜਪਾ ਵੱਲੋਂ ਲੋਕ ਸਭਾ ਚੋਣਾਂ 'ਚ ਇਕੱਲਿਆਂ ਲੜ ਕੇ ਆਧਾਰ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਚੋਣਾਂ ਤੋਂ ਪਹਿਲਾਂ ਭਾਜਪਾ ਪੰਜਾਬ ਦੀਆਂ ਦਲਿਤ ਵੋਟਾਂ ਹਾਸਲ ਕਰਨ 'ਤੇ ਲੱਗ ਗਈ ਹੈ। ਇਸੇ ਉਦੇਸ਼ ਤਹਿਤ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 24 ਮਈ ਨੂੰ ਗੁਰਦਾਸਪੁਰ ਸੰਸਦੀ ਹਲਕੇ ਦੀ ਚੋਣ ਰੈਲੀ ਦੀਨਾਨਗਰ ਵਿਚ ਕੀਤੀ ਗਈ ਸੀ ਕਿਉਂਕਿ ਦੀਨਾਨਗਰ ਹਲਕੇ ਦੀ ਹੱਦ ਨਾਲ ਭੋਆ ਵਿਧਾਨ ਸਭਾ ਹਲਕਾ ਲੱਗਦਾ ਹੈ ਜੋ ਰਿਜ਼ਰਵ ਹਲਕਾ ਹੈ।

ਇੱਥੇ 42 ਪ੍ਰਤੀਸ਼ਤ ਆਬਾਦੀ ਦਲਿਤ ਭਾਈਚਾਰੇ ਦੀ ਹੈ, ਇਸ ਕਰਕੇ ਦਲਿਤਾਂ ਨੂੰ ਪ੍ਰਭਾਵਿਤ ਕਰਨ ਲਈ ਦੀਨਾਨਗਰ ਵਿਚ ਰੈਲੀ ਕਰਨ ਲਈ ਚੋਣ ਕੀਤੀ ਗਈ ਸੀ ਜਦ ਕਿ ਪਿਛਲੇ ਸਮਿਆਂ ਵਿਚ ਹਮੇਸ਼ਾ ਹੀ ਭਾਜਪਾ ਵੱਲੋਂ ਪਠਾਨਕੋਟ ਜਾਂ ਗੁਰਦਾਸਪੁਰ ਵਿਚ ਚੋਣ ਰੈਲੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਵੱਲੋਂ 24 ਮਈ ਨੂੰ ਹੀ ਜਲੰਧਰ ਚੋਣ ਰੈਲੀ ਕੀਤੀ ਗਈ ਜਿੱਥੇ ਦਲਿਤ ਭਾਈਚਾਰੇ ਦੀ ਕਾਫੀ ਵੱਸੋਂ ਹੈ ਤੇ ਡੇਰਾ ਬੱਲਾਂ ਦਾ ਬਹੁਤ ਪ੍ਰਭਾਵ ਹੈ। ਪ੍ਰਧਾਨ ਮੰਤਰੀ ਨੂੰ ਇਨ੍ਹਾਂ ਦੋਵਾਂ ਰੈਲੀਆਂ ਵਿਚੋਂ ਲੋਕਾਂ ਦੇ ਮਿਲੇ ਭਰਪੂਰ ਹੁੰਗਾਰੇ ਸਦਕਾ ਮੁੜ ਪ੍ਰਧਾਨ ਮੰਤਰੀ ਨੇ 30 ਤਰੀਕ ਨੂੰ ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਚੋਣ ਰੈਲੀਆਂ ਰੱਖ ਦਿੱਤੀਆਂ ਸਨ ਤੇ ਹੁਸ਼ਿਆਰਪੁਰ ਵਿਚ ਹੋਈ ਚੋਣ ਰੈਲੀ ਵਿੱਚ ਪ੍ਰਧਾਨ ਮੰਤਰੀ ਨੇ ਦਲਿਤ ਭਾਈਚਾਰੇ ਨੂੰ ਭਾਜਪਾ ਦੀ ਤਰਫ ਖਿੱਚਣ ਲਈ ਆਦਮਪੁਰ ਏਅਰਪੋਰਟ ਦਾ ਨਾਂ ਸ੍ਰੀ ਗੁਰੂ ਰਵਿਦਾਸ ਨੂੰ ਸਮਰਪਿਤ ਕਰਨ ਲਈ ਵਾਅਦਾ ਕਰ ਦਿੱਤਾ।

# ਯੂ.ਪੀ. ਦੇ ਗੁਰਦੁਆਰਿਆਂ 'ਚ ਭਿੰਡਰਾਂਵਾਲੇ ਦੇ ਪੋਸਟਰ ਲੱਗੇ, ਕੇਸ ਦਰਜ

**ਬਰੇਲੀ:** ਇੱਥੇ ਦੋ ਗੁਰਦੁਆਰਿਆਂ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ, ਅਮਰੀਕ ਸਿੰਘ ਤੇ ਜਨਰਲ ਸ਼ੁਬੇਗ ਸਿੰਘ ਦੇ ਪੋਸਟਰ ਲਾਉਣ ਦੇ ਦੋਸ਼ ਹੇਠ ਪੁਲਿਸ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜ ਮੈਂਬਰਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਮਾਡਲ ਟਾਊਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜ ਮੈਂਬਰਾਂ ਮਲਿਕ ਸਿੰਘ ਕਾਲੜਾ, ਗੁਰਦੀਪ ਸਿੰਘ ਬੱਗਾ, ਹਰਨਾਮ ਸਿੰਘ, ਰਾਜਿੰਦਰ ਸਿੰਘ ਜਾਨੀ ਤੇ ਹਰਦੀਪ ਸਿੰਘ ਨਿੰਮਾ ਖ਼ਿਲਾਫ਼ ਕੇਸ ਦਰਜ ਕੀਤਾ ਗਿਆ।

ਗੁਰਦੁਆਰਾ ਸ੍ਰੀ ਸਿੰਘ ਸਭਾ ਮਾਡਲ ਟਾਊਨ ਦੇ ਪ੍ਰਧਾਨ ਮਲਿਕ ਸਿੰਘ ਕਾਲੜਾ ਨੇ ਦੱਸਿਆ ਕਿ ਇਹ ਪੋਸਟਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ 'ਤੇ ਸੰਨ 1984 ਦੇ ਸਿੱਖ ਵਿਰੋਧੀ ਦੰਗਿਆਂ 'ਬਲੀਦਾਨ ਦਿਵਸ' ਦੇ ਸਬੰਧ 'ਚ ਲਾਏ ਗਏ ਸਨ। ਪੁਲਿਸ ਵੱਲੋਂ ਇਤਰਾਜ਼ ਕਰਨ 'ਤੇ ਇਹ ਪੋਸਟਰ ਉਤਾਰ ਦਿੱਤੇ ਗਏ।

# ਸ਼ੰਭੂ ਮੋਰਚਾ: ਮੰਗਾਂ ਦੀ ਪੂਰਤੀ ਤੱਕ ਇਵੇਂ ਹੀ ਡਟੇ ਰਹਿਣਗੇ ਕਿਸਾਨ

**ਪਟਿਆਲਾ:** ਪਿਛਲੇ ਕਿਸਾਨੀ ਸੰਘਰਸ਼ ਦੀਆਂ ਬਕਾਇਆ ਅਤੇ ਹੋਰ ਮੰਗਾਂ ਦੀ ਪੂਰਤੀ ਲਈ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ 'ਕਿਸਾਨ ਮਜ਼ਦੂਰ ਮੋਰਚਾ' ਦੀ ਅਗਵਾਈ ਹੇਠ ਸ਼ੰਭੂ ਅਤੇ ਢਾਬੀ ਗੁਜਰਾਂ ਬਾਰਡਰਾਂ ਸਮੇਤ ਹੋਰ ਥਾਈਂ 13 ਫਰਵਰੀ ਤੋਂ ਜਾਰੀ ਕਿਸਾਨੀ ਮੋਰਚਿਆਂ 'ਚ 1984 ਵਿਚ ਵਾਪਰੇ ਘੱਲੂਘਾਰੇ ਨੂੰ ਸਮਰਪਿਤ ਸੁਖਮਨੀ ਸਾਹਿਬ ਦਾ ਪਾਠ ਕਰ ਕੇ ਅਰਦਾਸ ਕੀਤੀ ਗਈ।

ਉਧਰ ਸ਼ੰਭੂ ਬਾਰਡਰ 'ਤੇ ਕਿਸਾਨਾਂ ਦੀ ਮੁੜ ਹੋਈ ਆਮਦ ਤਹਿਤ ਇਕੱਤਰਤਾ 'ਚ ਹੋਰ ਵਾਧਾ ਹੋਇਆ। ਮੁਢਲੇ ਤੌਰ 'ਤੇ ਇਹ ਸਪੱਸ਼ਟ ਹੈ ਕਿ ਸਰਕਾਰ ਭਾਵੇਂ ਕਿਸੇ ਦੀ ਵੀ ਬਣੇ, ਕਿਸਾਨ ਮੰਗਾਂ ਦੀ ਪੂਰਤੀ ਤੱਕ ਇਵੇਂ ਹੀ ਡਟੇ ਰਹਿਣਗੇ।

ਉਨ੍ਹਾਂ ਕਿਹਾ ਕਿ ਆਪਣੇ ਵਾਅਦੇ ਮੁਤਾਬਕ ਕਿਸਾਨ ਦਿੱਲੀ ਵੱਲ ਉਦੋਂ ਹੀ ਕੂਚ ਕਰਨਗੇ ਜਦੋਂ ਉਨ੍ਹਾਂ ਨੂੰ ਰੋਕਣ ਲਈ ਬਾਰਡਰਾਂ 'ਤੇ ਲਾਈਆਂ ਗਈਆਂ ਰੋਕਾਂ ਦੇਸ਼ ਦੀ ਹਕੂਮਤ ਖੁਦ ਹਟਾਏਗੀ। ਇਸ ਮੌਕੇ ਪਹਿਲਾਂ ਦੀ ਤਰ੍ਹਾਂ ਹੀ ਸਜਾਈ ਗਈ ਸਟੇਜ ਤੋਂ ਕਿਸਾਨ ਆਗੂਆਂ ਨੇ ਸੰਬੋਧਨ ਕੀਤਾ।

# ਪੰਜਾਬੀਆਂ ਦਾ 'ਆਪ' ਵਾਲਾ ਚਾਅ ਲੱਥਾ, ਕਾਂਗਰਸ ਦਾ 'ਹੱਥ' ਫੜਿਆ

*(ਪਹਿਲੇ ਸਫੇ ਦੀ ਬਾਕੀ)*

ਤੀਜੇ ਨੰਬਰ 'ਤੇ ਰਹੇ ਹਨ।

ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੇ 40,301 ਵੋਟਾਂ ਦੇ ਫਰਕ ਨਾਲ 'ਆਪ' ਉਮੀਦਵਾਰ ਅਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਹਰਾਇਆ ਹੈ। ਗੁਰਜੀਤ ਔਜਲਾ ਨੂੰ ਕੁੱਲ 2,55,181 ਵੋਟਾਂ ਅਤੇ ਕੁਲਦੀਪ ਧਾਲੀਵਾਲ ਨੂੰ 2,14,880 ਹਾਸਲ ਹੋਈਆਂ ਹਨ। ਇਸ ਦੌਰਾਨ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ 2,07,205 ਵੋਟਾਂ ਨਾਲ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ 1,62,896 ਵੋਟਾਂ ਨਾਲ ਚੌਥੇ ਸਥਾਨ 'ਤੇ ਰਹੇ।

ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਕਾਂਗਰਸੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੇ 2,66,626 ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ 'ਆਪ' ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਨੂੰ 3,242 ਵੋਟਾਂ ਦੇ ਫਰਕ ਨਾਲ ਹਰਾਇਆ। ਬਰਾੜ ਨੂੰ 2,63,384 ਵੋਟਾਂ ਮਿਲੀਆਂ ਹਨ। ਅਕਾਲੀ ਦਲ ਲਈ ਵੱਕਾਰੀ ਸੀਟ ਲੋਕ ਸਭਾ ਹਲਕਾ ਬਠਿੰਡਾ ਤੋਂ ਇਕ ਵਾਰ ਫਿਰ ਹਰਸਿਮਰਤ ਕੌਰ ਬਾਦਲ ਨੇ ਜਿੱਤ ਹਾਸਲ ਕੀਤੀ ਹੈ। ਉਨ੍ਹਾਂ 3,76,558 ਵੋਟਾਂ ਹਾਸਲ ਕਰ ਕੇ 'ਆਪ' ਉਮੀਦਵਾਰ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਦੇ ਫਰਕ ਨਾਲ ਹਰਾਇਆ। ਗੁਰਮੀਤ ਸਿੰਘ ਖੁੱਡੀਆਂ ਨੂੰ 3,26,902 ਵੋਟਾਂ ਮਿਲੀਆਂ ਹਨ।

ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ 'ਆਪ' ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਨੇ 3,03,859 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ। ਚੱਬੇਵਾਲ ਨੇ 2,59,748 ਵੋਟਾਂ ਹਾਸਲ ਕਰਨ ਵਾਲੀ ਕਾਂਗਰਸੀ ਉਮੀਦਵਾਰ ਯਾਮਨੀ ਗੋਮਰ ਨੂੰ 44,111 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ 'ਆਪ' ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੇ 3,13,217 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ। ਦੂਜੇ ਨੰਬਰ 'ਤੇ ਰਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇਇੰਦਰ ਸਿੰਗਲਾ ਨੇ 3,02,371 ਵੋਟਾਂ ਹਾਸਲ ਕੀਤੀਆਂ।

ਲੋਕ ਸਭਾ ਹਲਕਾ ਲੁਧਿਆਣਾ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣਾ ਦਬਦਬਾ ਕਾਇਮ ਕਰਦਿਆਂ 3,22,224 ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ 20,942 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਰਵਨੀਤ ਸਿੰਘ ਬਿੱਟੂ ਨੂੰ 3,01,282 ਵੋਟਾਂ ਪਈਆਂ ਹਨ। ਗੁਰਦਾਸਪੁਰ ਦੀ ਸੀਟ ਵੀ ਕਾਂਗਰਸ ਦੀ ਝੋਲੀ ਪਈ ਹੈ। ਇੱਥੋਂ ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਰੰਧਾਵਾ ਨੇ 3,64,043 ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ ਭਾਜਪਾ ਉਮੀਦਵਾਰ ਦਿਨੇਸ਼ ਸਿੰਘ ਬੱਬੂ ਨੂੰ 82,861 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਬੱਬੂ ਨੂੰ 2,81,182 ਵੋਟਾਂ ਪਈਆਂ ਹਨ।

# ਏਅਰ ਕੈਨੇਡਾ ਨੇ ਭਾਰਤ ਲਈ ਉਡਾਣਾਂ 'ਚ ਸੀਟਾਂ ਦੀ ਸਮਰੱਥਾ ਵਧਾਈ

**ਓਟਾਵਾ:** ਕੈਨੇਡਾ ਦੀ ਸਭ ਤੋਂ ਵੱਡੀ ਏਅਰਲਾਈਨ ਏਅਰ ਕੈਨੇਡਾ ਨੇ ਭਾਰਤ ਲਈ ਆਪਣੇ ਫਲਾਈਟ ਨੈੱਟਵਰਕ ਦਾ ਵਿਸਤਾਰ ਕਰਦਿਆਂ ਸੀਟਾਂ ਦੀ ਸਮਰੱਥਾ 40 ਫ਼ੀਸਦੀ ਤੱਕ ਵਧਾ ਦਿੱਤੀ ਹੈ। ਇਹ ਨਵੀਂ ਸਹੂਲਤ ਇਸ ਵਰ੍ਹੇ ਸਰਦੀਆਂ ਦੀ ਰੁੱਤ ਦੀ ਸ਼ੁਰੂਆਤ 'ਚ ਅਕਤੂਬਰ ਤੋਂ ਮਿਲਣੀ ਸ਼ੁਰੂ ਹੋ ਜਾਵੇਗੀ। ਏਅਰ ਕੈਨੇਡਾ ਨੇ ਦੱਸਿਆ ਕਿ ਇਸ ਵੱਲੋਂ ਇਨ੍ਹਾਂ ਸਰਦੀਆਂ ਵਿਚ ਕੈਨੇਡਾ ਤੋਂ ਭਾਰਤ ਲਈ 25 ਹਫ਼ਤਾਵਾਰੀ ਉਡਾਣਾਂ ਚੱਲਣਗੀਆਂ ਜਿਨ੍ਹਾਂ ਮੁਤਾਬਕ ਹਰ ਹਫ਼ਤੇ 7400 ਸੀਟਾਂ ਦਾ ਪ੍ਰਬੰਧ ਰਹੇਗਾ ਜਿਸ ਮੁਤਾਬਕ 11 ਹਫ਼ਤਾਵਾਰੀ ਫਲਾਈਟਾਂ ਚੱਲਣਗੀਆਂ। ਇਨ੍ਹਾਂ ਫਲਾਈਟਾਂ ਵਿਚ ਟੋਰਾਂਟੋ ਤੋਂ ਦਿੱਲੀ ਤੇ ਮੁੰਬਈ, ਮਾਂਟਰੀਅਲ ਤੋਂ ਦਿੱਲੀ ਲਈ ਰੋਜ਼ਾਨਾ ਫਲਾਈਟਾਂ ਤੇ ਦਿੱਲੀ ਤੋਂ ਪੱਛਮੀ ਕੈਨੇਡਾ ਵਾਇਆ ਹੀਥਰੋ ਲਈ ਰੋਜ਼ਾਨਾ ਫਲਾਈਟਾਂ ਸ਼ਾਮਲ ਹੋਣਗੀਆਂ।

# ਇੰਡੀਆ ਗੱਠਜੋੜ ਨੇ ਭਗਵਾ ਧਿਰ ਨੂੰ ਪੈਰੋਂ ਕੱਢਿਆ

*(ਪਹਿਲੇ ਸਫੇ ਦੀ ਬਾਕੀ)*

ਸਮਾਜਵਾਦੀ ਪਾਰਟੀ ਦੀ ਸ਼ਾਲਿਨੀ ਯਾਦਵ ਨੂੰ ਹਰਾਇਆ ਸੀ। ਇਹ ਅੰਕੜੇ ਸਾਫ ਇਸ਼ਾਰਾ ਕਰਦੇ ਹਨ ਕਿ ਮੋਦੀ ਦੀ ਮਕਬੂਲੀਅਤ ਵਿਚ ਵੱਡੀ ਗਿਰਾਵਟ ਆਈ ਹੈ।

ਪਿਛਲੀ ਵਾਰ ਹਰਿਆਣਾ ਦੀਆਂ ਸਾਰੀਆਂ ਸੀਟਾਂ ਉਤੇ ਕਬਜ਼ਾ ਕਰਨ ਵਾਲੀ ਭਗਵਾ ਧਿਰ ਇਸ ਵਾਰ ਸਿਰਫ ਪੰਜ ਸੀਟਾਂ ਹੀ ਜਿੱਤ ਸਕੀ। ਹਰਿਆਣਾ ਦੀਆਂ 10 ਸੀਟਾਂ 'ਤੇ ਭਾਜਪਾ ਅਤੇ ਕਾਂਗਰਸ ਨੇ 5-5 ਸੀਟਾਂ ਜਿੱਤੀਆਂ ਹਨ। ਸੂਬੇ ਵਿਚੋਂ ਜੇ.ਜੇ.ਪੀ. ਅਤੇ ਇਨੈਲੋ ਦਾ ਸਫਾਇਆ ਹੋ ਗਿਆ ਹੈ। ਪੱਛਮੀ ਬੰਗਾਲ ਵਿਚ ਵੀ ਭਗਵਾ ਧਿਰ ਨੂੰ ਵੱਡਾ ਝਟਕਾ ਲੱਗਾ ਹੈ। ਇਥੇ ਭਾਜਪਾ 18 ਤੋਂ 10 ਸੀਟਾਂ ਉਤੇ ਆ ਗਈ ਹੈ।

ਕਾਂਗਰਸ ਨੇ 20 ਸਾਲਾਂ ਬਾਅਦ ਨਾਗਾਲੈਂਡ ਦੀ ਇਕੋ-ਇਕ ਲੋਕ ਸਭਾ ਸੀਟ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਪਾਰਟੀ ਦਾ ਸੂਬੇ ਦੀ ਵਿਧਾਨ ਸਭਾ 'ਚ ਕੋਈ ਵਿਧਾਇਕ ਨਹੀਂ ਹੈ। ਕਾਂਗਰਸੀ ਉਮੀਦਵਾਰ ਐੱਸ ਸੁਪੋਂਗਮੇਰੇਨ ਜਮੀਰ ਨੇ ਆਪਣੇ ਨੇੜਲੇ ਵਿਰੋਧੀ ਅਤੇ ਨੈਸ਼ਨਲਿਸਟ ਡੈਮੋਕਰੈਟਿਕ ਪ੍ਰੋਗਰੈਸਿਵ ਪਾਰਟੀ (ਐਨ.ਡੀ.ਪੀ.ਪੀ.) ਉਮੀਦਵਾਰ ਚੁੰਬੇਨ ਮੂਰੀ ਨੂੰ 50,984 ਵੋਟਾਂ ਦੇ ਫਰਕ ਨਾਲ ਹਰਾਇਆ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਵੇਂ ਭਾਜਪਾ ਆਪਣੇ ਭਾਈਵਾਲਾਂ ਨਾਲ ਮਿਲ ਕੇ ਸਰਕਾਰ ਬਣਾਉਣ ਵਿਚ ਸਫਲ ਰਹੇਗੀ ਪਰ ਇਹ ਨਤੀਜੇ ਆਪਣੇ ਆਪ ਨੂੰ 'ਅਜਿੱਤ' ਦੱਸਣ ਵਾਲੀ ਭਗਵਾ ਧਿਰ ਲਈ ਵੱਡਾ ਝਟਕਾ ਹਨ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ

ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ

ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਉੱਤਰੀ ਭਾਰਤ ਵਿਚ ਗਰਮੀ ਦਾ ਕਹਿਰ



**ਚੰਡੀਗੜ੍ਹ:** ਦੇਸ਼ ਦੇ ਉੱਤਰ ਪੱਛਮੀ ਹਿੱਸਿਆਂ ਵਿਚ ਅੰਤਾਂ ਦੀ ਗਰਮੀ ਪੈ ਰਹੀ ਹੈ। ਤਾਪਮਾਨ ਦੇ ਇਸ ਵਾਧੇ ਕਾਰਨ ਕਈ ਮੌਤਾਂ ਦੀ ਖ਼ਬਰ ਹੈ। ਗਰਮੀ ਅਤੇ ਲੂ ਦੇ ਅਜਿਹੇ ਹਾਲਾਤ ਬਹੁਤ ਸਾਰੇ ਵਿਅਕਤੀਆਂ ਲਈ ਖ਼ਤਰਨਾਕ ਸਿੱਧ ਹੋ ਸਕਦੇ ਹਨ। ਦਿੱਲੀ ਵਿਚ 52.9 ਡਿਗਰੀ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਦੇ ਕਈ ਸ਼ਹਿਰਾਂ ਵਿਚ ਤਾਪਮਾਨ 50 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੀ ਪਾਰ ਜਾ ਚੁੱਕਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦਾ ਫਰੀਦਕੋਟ ਸ਼ਹਿਰ ਸਭ ਤੋਂ ਗਰਮ ਰਿਹਾ ਜਿੱਥੇ ਵੱਧ ਤੋਂ ਵੱਧ ਤਾਪਮਾਨ 50.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸੇ ਤਰ੍ਹਾਂ 49.1 ਡਿਗਰੀ ਤਾਪਮਾਨ ਨਾਲ ਹਰਿਆਣਾ ਦਾ ਸਿਰਸਾ ਸਭ ਤੋਂ ਗਰਮ ਰਿਹਾ।

ਰਾਤਾਂ ਵੀ ਆਮ ਨਾਲੋਂ ਵਧੇਰੇ ਗਰਮ ਹਨ। ਦੋਵਾਂ ਸੂਬਿਆਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿਚ ਵੀ ਤਾਪਮਾਨ 46.7 ਡਿਗਰੀ ਤੱਕ ਜਾ ਪੁੱਜਾ ਹੈ ਅਤੇ ਗਰਮੀ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਸ ਤੋਂ ਪਹਿਲਾਂ 1988 ਵਿਚ ਮਈ ਮਹੀਨੇ ਚੰਡੀਗੜ੍ਹ ਦਾ ਤਾਪਮਾਨ 46.5 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਸੀ। ਮੌਸਮ ਵਿਗਿਆਨੀਆਂ ਵੱਲੋਂ ਸਖ਼ਤ ਗਰਮੀ ਪੈਣ ਦੀਆਂ ਪੇਸ਼ੀਨਗੋਈਆਂ ਸਹੀ ਸਿੱਧ ਹੋਈਆਂ ਹਨ ਪਰ ਚਿੰਤਾ ਦੀ ਗੱਲ ਇਹ ਹੈ ਕਿ ਤਾਪਮਾਨ ਦਾ ਇਹ ਵਾਧਾ ਅਚਾਨਕ ਨਹੀਂ ਹੋਇਆ ਅਤੇ ਨਾ ਹੀ ਇਹ ਅਣਕਿਆਸਿਆ ਹੈ। ਆਉਣ ਵਾਲੇ ਸਾਲਾਂ ਵਿਚ ਹਾਲਤ ਹੋਰ ਗੰਭੀਰ ਹੋਣ ਦਾ ਖ਼ਦਸ਼ਾ ਹੈ।

ਗਰਮੀ ਦੇ ਇਸ ਕਹਿਰ ਕਾਰਨ ਸਕੂਲ ਪਹਿਲਾਂ ਹੀ ਬੰਦ ਕੀਤੇ ਜਾ ਚੁੱਕੇ ਹਨ ਅਤੇ ਦਿਨ ਵੇਲੇ ਆਪਣੇ ਕੰਮਕਾਰ ਲਈ ਨਿਕਲਣ ਵਾਲਿਆਂ ਨੂੰ ਲੂ ਤੋਂ ਬਚਣ ਦੀਆਂ ਚਿਤਾਵਨੀਆਂ ਜਾਰੀ ਕੀਤੀਆਂ ਜਾ ਰਹੀਆਂ ਹਨ। ਤਾਪਮਾਨ ਦੇ ਵਾਧੇ ਨਾਲ ਬਿਜਲੀ ਅਤੇ ਪਾਣੀ ਦੀ ਮੰਗ ਵੀ ਵਧ ਰਹੀ ਹੈ। ਕਈ ਖੇਤਰਾਂ ਨੂੰ ਪਾਣੀ ਦੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈ ਥਾਈਂ ਬਿਜਲੀ ਦੇ ਲੱਗਦੇ ਲੰਮੇ ਕੱਟ ਲੋਕਾਂ ਲਈ ਹੋਰ ਮੁਸ਼ਕਲਾਂ ਖੜ੍ਹੀਆਂ ਕਰ ਰਹੇ ਹਨ। ਪੇਂਡੂ ਖੇਤਰਾਂ ਦੇ ਮੁਕਾਬਲੇ ਸ਼ਹਿਰਾਂ ਵਿਚ ਇਸ ਦਾ ਕਹਿਰ ਵਧੇਰੇ ਹੈ। ਆਲਮੀ ਪੱਧਰ 'ਤੇ ਵੀ ਤਾਪਮਾਨ ਵਿਚ ਵਾਧਾ ਹੋ ਰਿਹਾ ਹੈ ਅਤੇ ਗਲੇਸ਼ੀਅਰ ਪਿਘਲ ਰਹੇ ਹਨ। ਵਧਦੇ ਤਾਪਮਾਨ ਦੇ ਪੱਕੇ ਹੱਲ ਲਈ ਕਈ ਮੰਚਾਂ ਉੱਤੇ ਵਿਚਾਰ ਚਰਚਾ ਚੱਲ ਰਹੀ ਹੈ ਪਰ ਇਸ ਪਾਸੇ ਅਜੇ ਤਸੱਲੀ ਬਖ਼ਸ਼ ਕਾਮਯਾਬੀ ਨਹੀਂ ਮਿਲ ਸਕੀ ਹੈ। ਮੌਸਮ ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਸਥਿਤੀ ਆਉਣ ਵਾਲੇ ਸਮਿਆਂ ਵਿਚ ਹੋਰ ਖ਼ਰਾਬ ਹੋਵੇਗੀ ਤੇ ਪਾਰਾ ਹੋਰ ਉੱਤੇ ਚੜ੍ਹੇਗਾ।

# ਕੈਬਨਿਟ ਮੰਤਰੀ ਅਨਮੋਲ ਗਗਨ ਮਾਨ 16 ਨੂੰ ਵਿਆਹ ਬੰਧਨ 'ਚ ਬੱਝਣਗੇ



**ਜ਼ੀਰਕਪੁਰ:** ਪੰਜਾਬ ਦੇ ਸੈਰ-ਸਪਾਟਾ ਮੰਤਰੀ ਅਤੇ ਵਿਧਾਨ ਸਭਾ ਹਲਕਾ ਖਰੜ ਤੋਂ ਵਿਧਾਇਕ ਅਨਮੋਲ ਗਗਨ ਮਾਨ ਆਉਣ ਵਾਲੀ 16 ਜੂਨ ਨੂੰ ਵਿਆਹ ਦੇ ਬੰਧਨ ਵਿਚ ਬੱਝਣ ਜਾ ਰਹੇ ਹਨ। ਉਨ੍ਹਾਂ ਦਾ ਵਿਆਹ ਬਲਟਾਣਾ (ਜ਼ੀਰਕਪੁਰ) ਦੇ ਨਾਮੀ ਸੋਹੀ ਪਰਿਵਾਰ ਵਿਚ ਤੈਅ ਹੋਇਆ ਹੈ। ਇਨ੍ਹੀਂ ਦਿਨੀਂ ਉਨ੍ਹਾਂ ਦੇ ਹੋਣ ਵਾਲੇ ਪਤੀ ਐਡਵੋਕੇਟ ਸ਼ਾਹਬਾਜ਼ ਸੋਹੀ ਆਪਣੀ ਮਾਤਾ ਸ਼ੀਲਮ ਸੋਹੀ ਨਾਲ ਚੰਡੀਗੜ੍ਹ ਦੇ ਸੈਕਟਰ-3 ਵਿਚ ਰਹਿੰਦੇ ਹਨ।

ਸ਼ਾਹਬਾਜ਼ ਸੋਹੀ ਦੇ ਪਿਤਾ ਰਵਿੰਦਰ ਸਿੰਘ ਕੁੱਕੂ ਸੋਹੀ ਹਲਕਾ ਡੇਰਾਬੱਸੀ (ਉਸ ਵੇਲੇ ਹਲਕਾ ਬਨੂੜ) ਤੋਂ ਵੱਡੇ ਕਾਂਗਰਸੀ ਆਗੂ ਰਹੇ ਹਨ, ਜਿਨ੍ਹਾਂ ਦੀ ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਅਚਨਚੇਤ ਮੌਤ ਹੋ ਗਈ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼ਾਹਬਾਜ਼ ਸੋਹੀ ਦੀ ਮਾਤਾ ਅਤੇ ਕੁੱਕੂ ਸੋਹੀ ਦੀ ਪਤਨੀ ਸ਼ੀਲਮ ਸੋਹੀ ਨੇ ਕਾਂਗਰਸ ਪਾਰਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਆਗੂ ਕੈਪਟਨ ਕੰਵਲਜੀਤ ਸਿੰਘ ਖ਼ਿਲਾਫ਼ ਬਨੂੜ ਵਿਧਾਨ ਸਭਾ ਹਲਕੇ ਤੋਂ ਚੋਣ ਲੜੇ ਸੀ ਤੇ ਉਹ ਸਿਰਫ਼ 714 ਵੋਟਾਂ ਨਾਲ ਹਾਰ ਗਈ ਸੀ।

ਸ਼ਾਹਬਾਜ਼ ਸੋਹੀ ਦੇ ਦਾਦਾ ਮਰਹੂਮ ਬਲਬੀਰ ਸਿੰਘ ਬਲਟਾਣਾ ਬਨੂੜ ਹਲਕੇ ਤੋਂ ਆਜ਼ਾਦ ਵਿਧਾਇਕ ਰਹੇ ਸਨ। ਅਨਮੋਲ ਗਗਨ ਮਾਨ ਦੀ ਹੋਣ ਵਾਲੀ ਸੱਸ ਸ਼ੀਲਮ ਸੋਹੀ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ 16 ਤਰੀਕ ਨੂੰ ਪੂਰੀ ਸਾਦਗੀ ਨਾਲ ਇਤਿਹਾਸਕ ਗੁਰਦੁਆਰਾ ਨਾਭਾ ਸਾਹਿਬ ਵਿਖੇ ਦੋਵੇਂ ਜਣੇ ਲਾਵਾਂ ਲੈਣਗੇ। ਉਪਰੰਤ ਇਕ ਨਿੱਜੀ ਪੈਲੇਸ ਵਿਚ ਕੁਝ ਖਾਸ ਮਹਿਮਾਨਾਂ ਲਈ ਦਾਵਤ ਰੱਖੀ ਗਈ ਹੈ।

# ਇਸ ਵਾਰ ਡੇਰਾ ਸਿਰਸਾ ਪੈਰੋਕਾਰਾਂ ਨੇ ਉਲਝਾਈ ਰੱਖੇ ਸਿਆਸੀ ਆਗੂ



**ਮਾਨਸਾ:** ਡੇਰਾ ਸੱਚਾ ਸੌਦਾ ਸਿਰਸਾ ਦੇ ਸ਼ਰਧਾਲੂਆਂ ਨੇ ਆਪਣੀ ਵੋਟ ਦੀ ਵਰਤੋਂ ਇਸ ਵਾਰ ਖੁੱਲ੍ਹ ਕੇ ਕਰਨ ਦੀ ਬਜਾਏ, ਚੁੱਪ-ਚਪੀਤਿਆਂ ਕੀਤੀ ਹੈ। ਰਾਜਸੀ ਮਾਹਿਰ ਸਾਰਾ ਦਿਨ ਸ਼ਰਧਾਲੂਆਂ ਦੇ ਕਿਸੇ ਪਾਸੇ ਭੁਗਤਣ ਦੀ ਕਨਸੋਅ ਲੈਂਦੇ ਰਹੇ, ਪਰ ਕਿਸੇ ਵੀ ਡੇਰਾ ਪੈਰੋਕਾਰ ਨੇ ਉਨ੍ਹਾਂ ਦੇ ਪੱਲੇ ਕੁਝ ਨਾ ਪਾਇਆ।

ਡੇਰੇ ਵਾਲਿਆਂ ਦੀ ਇਸ ਗੁੱਝੀ ਵੋਟ ਨੂੰ ਲੈ ਕੇ ਹੁਣ ਸਾਰੀਆਂ ਵੱਡੀਆਂ ਧਿਰਾਂ ਨੇ ਆਪੋ-ਆਪਣੀ ਜਿੱਤ ਦੇ ਦਾਅਵੇ ਕਰਨੇ ਸ਼ੁਰੂ ਕਰ ਦਿੱਤੇ। ਵੋਟਾਂ ਪੈਣ ਅਤੇ ਆਪੋ-ਆਪਣੀ ਸਥਿਤੀ ਨੂੰ ਅੰਦਰੂਨੀ ਤੌਰ 'ਤੇ ਸਮਝ ਲੈਣ ਦੇ ਬਾਵਜੂਦ ਭਾਜਪਾ, ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਸਮਰਥਕਾਂ ਸਣੇ ਹਲਕਾ ਇੰਚਾਰਜਾਂ ਵੱਲੋਂ ਆਪਣੀ ਜਿੱਤ ਦੇ ਦਾਅਵੇ ਜਾਰੀ ਰਹੇ।

ਡੇਰਾ ਸੱਚਾ ਸੌਦਾ ਨਾਲ ਜੁੜੇ ਸ਼ਰਧਾਲੂਆਂ ਨੂੰ ਪੋਲਿੰਗ ਬੂਥਾਂ ਦੇ ਨੇੜੇ ਖੁੱਲ੍ਹੇਆਮ ਫਿਰਦਿਆਂ ਵੀ ਇਸ ਵਾਰ ਨਹੀਂ ਦੇਖਿਆ ਗਿਆ ਜਦੋਂ ਕਿ ਸ਼ਰਧਾਲੂਆਂ ਨੂੰ ਟੋਹਣ ਲਈ ਹਰ ਕੋਈ ਸਾਰਾ ਦਿਨ ਉਤਾਵਲਾ ਦਿਖਾਈ ਦਿੰਦਾ ਰਿਹਾ। ਪੋਲਿੰਗ ਬੂਥਾਂ ਦੇ ਬੰਦ ਹੋਣ ਤੱਕ ਇਸ ਵਾਰ ਡੇਰਾ ਪੈਰੋਕਾਰਾਂ ਦੇ ਕਿਸੇ ਪਾਸੇ ਖੁੱਲ੍ਹ ਕੇ ਚੱਲਣ ਦੀ ਭਾਫ਼ ਬਾਹਰ ਨਾ ਨਿਕਲ ਸਕੀ। ਉਧਰ, ਦੂਜੇ ਪਾਸੇ ਡੇਰਾ ਸ਼ਰਧਾਲੂਆਂ ਦੀ ਹਮਾਇਤ ਸਬੰਧੀ ਇਸ ਵਾਰ ਕੋਈ ਵੀ ਪਾਰਟੀ ਹਾਮੀ ਨਹੀਂ ਭਰ ਰਹੀ, ਜਦੋਂਕਿ ਪਹਿਲਾਂ ਹਰ ਸਿਆਸੀ ਧਿਰ ਵੱਲੋਂ ਡੇਰਾ ਉਨ੍ਹਾਂ ਦੇ ਹੱਕ ਵਿਚ ਭੁਗਤਣ ਦਾ ਜ਼ੋਰ-ਸ਼ੋਰ ਨਾਲ ਦਾਅਵਾ ਕੀਤਾ ਜਾਂਦਾ ਸੀ। ਬਠਿੰਡਾ ਲੋਕ ਸਭਾ ਹਲਕੇ ਤੋਂ 'ਆਪ' ਸਣੇ ਭਾਜਪਾ, ਅਕਾਲੀ ਅਤੇ ਕਾਂਗਰਸੀ ਵਰਕਰ ਇਸ ਵਾਰ ਡੇਰਾ ਪ੍ਰੇਮੀਆਂ ਦੀ ਚੁੱਪ ਕਾਰਨ ਭੰਬਲਭੂਸੇ ਵਿਚ ਰਹੇ।

# ਗੁਰਦੁਆਰਾ ਪਾਉਂਟਾ ਸਾਹਿਬ ਮੱਥਾ ਟੇਕਣ ਗਏ ਤਿੰਨ ਨੌਜਵਾਨਾਂ ਦੀ ਮੌਤ



**ਡੇਰਾਬੱਸੀ:** ਹਿਮਾਚਲ ਪ੍ਰਦੇਸ਼ ਦੇ ਗੁਰਦੁਆਰਾ ਪਾਉਂਟਾ ਸਾਹਿਬ ਵਿਖੇ ਮੱਥਾ ਟੇਕਣ ਗਏ ਤਿੰਨ ਨੌਜਵਾਨਾਂ ਦੀ ਯਮੁਨਾ ਨਦੀ ਵਿਚ ਡੁੱਬਣ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਤਿੰਨੋਂ ਜਣੇ ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਣ ਮਗਰੋਂ ਯਮੁਨਾ ਨਦੀ 'ਚ ਨਹਾਉਣ ਗਏ ਸਨ।

ਇਸ ਦੌਰਾਨ ਜਦੋਂ ਉਨ੍ਹਾਂ ਵਿਚੋਂ ਇਕ ਡੁੱਬਣ ਲੱਗਾ ਤਾਂ ਦੂਜੇ ਦੋਵੇਂ ਉਸ ਨੂੰ ਬਚਾਉਂਦੇ ਹੋਏ ਡੁੱਬ ਗਏ। ਇਹ ਤਿੰਨੋਂ ਆਪਸ ਵਿਚ ਦੋਸਤ ਸਨ ਤੇ ਮੁਹਾਲੀ ਦੀ ਇਕ ਆਈਟੀ ਕੰਪਨੀ ਵਿੱਚ ਨੌਕਰੀ ਕਰਦੇ ਸੀ। ਮ੍ਰਿਤਕਾਂ ਦੀ ਪਛਾਣ ਧੀਰੇਂਦਰ ਸਿੰਘ ਸੈਣੀ ਉਰਫ਼ ਪ੍ਰਿੰਸ (22) ਵਾਸੀ ਜੀ.ਬੀ.ਪੀ. ਰੋਜ਼ਵੁੱਡ-1 ਕਲੋਨੀ, ਰਾਘਵ ਮਿਸ਼ਰਾ (21) ਵਾਸੀ ਰੋਜ਼ਵੁੱਡ-2 ਕਲੋਨੀ ਅਤੇ ਅਭਿਸ਼ੇਕ ਆਜ਼ਾਦ (21) ਵਾਸੀ ਗਣੇਸ਼ ਵਿਹਾਰ ਡੇਰਾਬੱਸੀ ਵਜੋਂ ਹੋਈ ਹੈ। ਮ੍ਰਿਤਕਾਂ ਵਿਚੋਂ ਪ੍ਰਿੰਸ ਅਤੇ ਅਭਿਸ਼ੇਕ ਦੋਵੇਂ ਆਪਣੇ ਪਰਿਵਾਰਾਂ ਦੇ ਇਕਲੌਤੇ ਪੁੱਤਰ ਸਨ, ਜਿਨ੍ਹਾਂ ਦੀਆਂ ਦੋ-ਦੋ ਭੈਣਾਂ ਹਨ ਜਦੋਂ ਕਿ ਰਾਘਵ ਦਾ ਇਕ ਹੋਰ ਭਰਾ ਹੈ। ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਪ੍ਰਿੰਸ ਦੀ ਕਾਰ ਵਿਚ ਗੁਰਦੁਆਰਾ ਪਾਉਂਟਾ ਸਾਹਿਬ ਗਏ ਸਨ। ਕਰੀਬ ਪੰਜ ਵਜੇ ਉਹ ਯਮੁਨਾ ਨਦੀ ਵਿਚ ਨਹਾਉਣ ਲੱਗ ਪਏ। ਉਥੇ ਜਦੋਂ ਉਨ੍ਹਾਂ 'ਚੋਂ ਇਕ ਜਣਾ ਡੁੱਬਣ ਲੱਗਾ ਤਾਂ ਦੂਜੇ ਦੋਵੇਂ ਉਸ ਨੂੰ ਬਚਾਉਂਦੇ ਹੋਏ ਡੁੱਬ ਗਏ। ਪਾਉਂਟਾ ਸਾਹਿਬ ਪੁਲਿਸ ਨੂੰ ਸ਼ਾਮ ਛੇ ਵਜੇ ਤਿੰਨਾਂ ਦੇ ਡੁੱਬਣ ਦੀ ਸੂਚਨਾ ਮਿਲੀ, ਜਿਸ ਨੇ ਗੋਤਾਖੋਰਾਂ ਦੀ ਮਦਦ ਨਾਲ ਲਾਸ਼ਾਂ ਨੂੰ ਬਾਹਰ ਕੱਢ ਕੇ ਸਥਾਨਕ ਹਸਪਤਾਲ ਦੇ ਮੁਰਦਾਘਰ ਵਿਚ ਰਖਵਾ ਦਿੱਤਾ। ਅਭਿਸ਼ੇਕ ਦੇ ਪਰਿਵਾਰਕ ਮੈਂਬਰ ਉਸ ਦੀ ਲਾਸ਼ ਨੂੰ ਹਿਮਾਚਲ ਲੈ ਗਏ ਜਦਕਿ ਪ੍ਰਿੰਸ ਅਤੇ ਰਾਘਵ ਦੀ ਲਾਸ਼ ਦਾ ਡੇਰਾਬੱਸੀ-ਬਰਵਾਲਾ ਸਥਿਤ ਸੈਣੀ ਸ਼ਮਸ਼ਾਨਘਾਟ ਵਿਚ ਸਸਕਾਰ ਕਰ ਦਿੱਤਾ ਹੈ।

# ਪੁਲਿਸ ਮੁਕਾਬਲੇ ਮਗਰੋਂ ਜੰਮੂ ਕਸ਼ਮੀਰ ਦਾ ਗੈਂਗਸਟਰ ਕਾਬੂ



**ਭੋਗਪੁਰ:** ਪੰਜਾਬ ਪੁਲਿਸ ਦੇ ਏ.ਜੀ.ਟੀ.ਐੱਫ. ਵਿੰਗ ਦੇ ਡੀ.ਐਸ.ਪੀ. ਰਾਜਨ ਪਰਮਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਨੇ ਜ਼ਿਲ੍ਹਾ ਜਲੰਧਰ ਥਾਣਾ ਭੋਗਪੁਰ ਵਿਚ ਪੈਂਦੇ ਪਿੰਡ ਮੁਮੰਦਪੁਰ ਵਿਚ ਇਕ ਘਰ ਨੂੰ ਘੇਰਾ ਪਾ ਕੇ ਜੰਮੂ ਕਸ਼ਮੀਰ ਦੇ ਗੈਂਗਸਟਰ ਨੂੰ ਜ਼ਖ਼ਮੀ ਹਾਲਤ ਵਿਚ ਕਾਬੂ ਕਰ ਲਿਆ। ਰੋਹਿਤ ਕੁਮਾਰ ਉਰਫ਼ ਮੱਖਣ, ਥਾਣਾ ਕੋਟਲੀ ਰਿਆਨ ਪੀਐਸਪੁਰਾ ਜ਼ਿਲ੍ਹਾ ਜੰਮੂ ਕਈ ਦਿਨਾਂ ਤੋਂ ਪਿੰਡ ਮੁਮੰਦਪੁਰ ਵਿਚ ਜਸਵੀਰ ਸਿੰਘ ਦੇ ਘਰ ਰਹਿ ਰਿਹਾ ਸੀ। ਏ.ਜੀ.ਟੀ.ਐਫ਼. ਦੇ ਐਸ.ਐਸ.ਪੀ. ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਜਾਣਕਾਰੀ ਮਗਰੋਂ ਪੁਲਿਸ ਨੇ ਪਿੰਡ ਮੁਮੰਦਪੁਰ ਪਹੁੰਚ ਕੇ ਉਸ ਘਰ ਨੂੰ ਘੇਰ ਲਿਆ। ਪੁਲਿਸ ਨੂੰ ਦੇਖ ਕੇ ਰੋਹਿਤ ਕੁਮਾਰ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਵਾਬੀ ਕਾਰਵਾਈ ਵਿਚ ਗੈਂਗਸਟਰ ਜ਼ਖ਼ਮੀ ਹੋ ਗਿਆ। ਗੈਂਗਸਟਰ ਸੋਨੂੰ ਖੱਤਰੀ ਗਰੁੱਪ ਨਾਲ ਸਬੰਧ ਰੱਖਦਾ ਹੈ।

# ਕਾਂਗਰਸ ਆਗੂ ਰਾਹੁਲ ਗਾਂਧੀ ਨੇ ਅਗਨੀਪਥ ਯੋਜਨਾ ਬਾਰੇ ਰਾਸ਼ਟਰਪਤੀ ਨੂੰ ਪੱਤਰ ਲਿਖਿਆ



**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਅਗਨੀਪਥ ਯੋਜਨਾ ਦੇ ਸਬੰਧ ਵਿਚ ਪੱਤਰ ਲਿਖਿਆ ਤੇ ਦੋਸ਼ ਲਾਇਆ ਕਿ ਇਸ ਯੋਜਨਾ ਤਹਿਤ ਸ਼ਹੀਦ ਹੋਣ ਵਾਲੇ ਜਵਾਨਾਂ ਦੇ ਪਰਿਵਾਰਾਂ ਨੂੰ ਦਿੱਤੇ ਜਾਣ ਵਾਲੇ ਲਾਭ 'ਚ ਪੱਖਪਾਤ ਹੋ ਰਿਹਾ ਹੈ।

ਰਾਸ਼ਟਰਪਤੀ ਨੂੰ ਦਖ਼ਲ ਦੇਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਦੇ ਸਰਵਉੱਚ ਕਮਾਂਡਰ ਹਨ ਤੇ ਇਹ ਮੁੱਦਾ ਕੌਮੀ ਸੁਰੱਖਿਆ ਨੂੰ ਪ੍ਰਭਾਵਿਤ ਕਰਦਾ ਹੈ। ਆਪਣੇ ਦੋ ਸਫ਼ਿਆਂ ਦੇ ਪੱਤਰ 'ਚ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਦੇਸ਼ ਦੀ ਸੇਵਾ 'ਚ ਆਪਣੀ ਜ਼ਿੰਦਗੀ ਕੁਰਬਾਨ ਕਰਨ ਵਾਲੇ ਅਗਨੀਵੀਰਾਂ ਨੂੰ ਨਿਆਂ ਦੇਣ ਦੀ ਅਪੀਲ ਦੇ ਨਾਲ ਲਿਖ ਰਹੇ ਹਨ। ਉਨ੍ਹਾਂ ਆਪਣਾ ਪੱਤਰ ਸਾਂਝਾ ਕਰਦਿਆਂ ਕਿਹਾ, "ਪੱਕੇ ਸੈਨਿਕਾਂ ਮੁਕਾਬਲੇ ਸ਼ਹੀਦ ਹੋਏ ਅਗਨੀਵੀਰਾਂ ਦੇ ਪਰਿਵਾਰਾਂ ਨੂੰ ਦਿੱਤੇ ਜਾਣ ਵਾਲੇ ਲਾਭ 'ਚ ਪੱਖਪਾਤ ਵੱਲ ਤੁਹਾਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ।" ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ, "ਇਹ ਅਨਿਆਂ ਹੈ। ਇਹੀ ਕਾਰਨ ਹੈ ਕਿ ਕਾਂਗਰਸ ਪਾਰਟੀ ਤੇ ਇੰਡੀਆ ਗੱਠਜੋੜ ਦੇ ਸਾਡੇ ਸਹਿਯੋਗੀਆਂ ਨੇ ਅਗਨੀਪਥ ਯੋਜਨਾ ਦਾ ਸਖ਼ਤ ਵਿਰੋਧ ਕੀਤਾ ਹੈ ਅਤੇ ਸਰਕਾਰ ਬਣਨ 'ਤੇ ਇਸ ਨੂੰ ਰੱਦ ਕਰਨ ਦਾ ਵਾਅਦਾ ਕੀਤਾ ਹੈ। ਮੈਂ ਤੁਹਾਨੂੰ ਦਖ਼ਲ ਦੇਣ ਦੀ ਅਪੀਲ ਕਰਦਾ ਹਾਂ। ਮੈਂ ਮੰਨਦਾ ਹਾਂ ਕਿ ਰਾਸ਼ਟਰਪਤੀ ਆਮ ਤੌਰ 'ਤੇ ਨੀਤੀ ਦੇ ਮਾਮਲੇ 'ਚ ਦਖ਼ਲ ਨਹੀਂ ਦਿੰਦਾ ਜੋ ਚੁਣੀ ਹੋਈ ਸਰਕਾਰ ਦਾ ਖੇਤਰ ਹੈ। ਮੇਰਾ ਮੰਨਣਾ ਹੈ ਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਇਹ ਵਿਸ਼ੇਸ਼ ਮਾਮਲਾ ਹੋ ਸਕਦਾ ਹੈ ਕਿਉਂਕਿ ਤੁਸੀਂ ਤੁਸੀਂ ਖ਼ੁਦ ਨੂੰ ਭਾਰਤ ਦੇ ਲੋਕਾਂ ਦੀ ਭਲਾਈ ਲਈ ਸਮਰਪਿਤ ਕਰਨ ਦੀ ਸਹੁੰ ਚੁੱਕੀ ਹੈ।"

# ਹਾਦਸੇ 'ਚ ਕੌਮਾਂਤਰੀ ਕਬੱਡੀ ਖਿਡਾਰੀ ਦੀ ਮੌਤ



**ਮੁਹਾਲੀ:** ਮੁਹਾਲੀ ਦੇ ਵਸਨੀਕ ਅਤੇ ਕੌਮਾਂਤਰੀ ਕਬੱਡੀ ਖਿਡਾਰੀ (ਪ੍ਰਸਿੱਧ ਜਾਫ਼ੀ) ਪਰਮਜੀਤ ਸਿੰਘ ਪੰਮਾ ਸੋਹਾਣਾ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਜਾਣਕਾਰੀ ਅਨੁਸਾਰ ਦੇਰ ਰਾਤ ਕਰੀਬ 11 ਵਜੇ ਮੌਲੀ ਬੈਦਵਾਨ ਅਕੈਡਮੀ ਤੋਂ ਆਪਣੇ ਘਰ ਵਾਪਸ ਆਉਣ ਸਮੇਂ ਸੈਕਟਰ-79 ਵਿਚ ਪੰਮਾ ਸੋਹਾਣਾ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਣਕਾਰੀ ਮੁਤਾਬਕ 10 ਤੋਂ 12 ਜੂਨ ਨੂੰ ਕੈਨੇਡਾ ਵਿਚ ਹੋਣ ਵਾਲੇ ਕਬੱਡੀ ਕੱਪ ਵਿਚ ਪੰਮਾ ਸੋਹਾਣਾ ਨੇ ਪੰਜਾਬ ਦੀ ਨੁਮਾਇੰਦਗੀ ਕਰਨੀ ਸੀ। ਉਹ ਆਪਣੇ ਪਿੱਛੇ ਪਤਨੀ, ਸੱਤ ਸਾਲ ਦੀ ਬੇਟੀ ਅਤੇ ਚਾਰ ਸਾਲ ਦਾ ਬੇਟਾ ਛੱਡ ਗਿਆ ਹੈ। ਮੌਲੀ ਬੈਦਵਾਨ ਕਬੱਡੀ ਅਕੈਡਮੀ ਦੇ ਸੰਸਥਾਪਕ ਤੇ ਮੁੱਖ ਕੋਚ ਮਾਸਟਰ ਭੁਪਿੰਦਰ ਸਿੰਘ ਭਿੰਦਾ ਨੇ ਦੱਸਿਆ ਕਿ ਪੰਮਾ ਸੋਹਾਣਾ ਨੂੰ ਛੋਟੇ ਹੁੰਦੇ ਹੀ ਮਾਂ ਖੇਡ ਕਬੱਡੀ ਨਾਲ ਬਹੁਤ ਮੋਹ ਸੀ। ਉਹ ਕਰੀਬ ਡੇਢ ਸਾਲ ਮੌਲੀ ਬੈਦਵਾਨ ਅਕੈਡਮੀ ਵਿਚ ਰਿਹਾ। ਇਸ ਮਗਰੋਂ ਉਹ ਵੱਡੇ ਟੂਰਨਾਮੈਂਟ ਖੇਡਣ ਲੱਗ ਪਿਆ। ਵਿਦੇਸ਼ਾਂ ਵਿਚ ਉਸ ਨੂੰ ਸਭ ਤੋਂ ਜ਼ਾਫੀ ਪਾਉਣ ਵਾਲੇ ਖਿਡਾਰੀ ਵਜੋਂ ਕਈ ਵਾਰ ਸਨਮਾਨਿਤ ਕੀਤਾ ਜਾ ਚੁੱਕਾ ਹੈ।

## ਬਸਪਾ ਉਮੀਦਵਾਰ ਗੁਰਬਖਸ਼ ਸਿੰਘ ਚੌਹਾਨ ਸਣੇ ਦੋ ਖਿਲਾਫ ਕੇਸ ਦਰਜ

**ਫਰੀਦਕੋਟ:** ਫਰੀਦਕੋਟ ਤੋਂ ਬਸਪਾ ਦੇ ਉਮੀਦਵਾਰ ਗੁਰਬਖਸ਼ ਸਿੰਘ ਚੌਹਾਨ ਅਤੇ ਜੈਤੋ ਦੇ ਇਕ ਵਸਨੀਕ ਖਿਲਾਫ਼ ਵੋਟ ਪਾਉਣ ਵੇਲੇ ਪੂਰੀ ਪ੍ਰਕਿਰਿਆ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਉਣ ਦੇ ਦੋਸ਼ ਹੇਠ ਪੁਲਿਸ ਨੇ ਆਈ.ਪੀ.ਸੀ. ਦੀ ਧਾਰਾ 171 ਐੱਫ ਤਹਿਤ ਕੇਸ ਦਰਜ ਕੀਤਾ ਹੈ।

ਪੁਲਿਸ ਨੂੰ ਮਿਲੀ ਸ਼ਿਕਾਇਤ ਅਨੁਸਾਰ ਗੁਰਬਖਸ਼ ਸਿੰਘ ਚੌਹਾਨ ਅਤੇ ਗੁਰਸ਼ਰਨਜੀਤ ਸਿੰਘ ਵਾਸੀ ਜੈਤੋ ਵੱਲੋਂ ਸੋਸ਼ਲ ਮੀਡੀਆ 'ਤੇ ਪਾਈ ਗਈ ਪੋਸਟ ਵਿਚ ਈ.ਵੀ.ਐਮ. ਅਤੇ ਬਟਨ ਵਗੈਰਾ ਵੀ ਦਿਸ ਰਹੇ ਹਨ। ਦੂਜੇ ਪਾਸੇ ਗੁਰਬਖਸ਼ ਸਿੰਘ ਚੌਹਾਨ ਨੇ ਕਿਹਾ ਕਿ ਉਨ੍ਹਾਂ ਨੂੰ ਸੋਸ਼ਲ ਮੀਡੀਆ ਚਲਾਉਣਾ ਨਹੀਂ ਆਉਂਦਾ ਅਤੇ ਨਾ ਹੀ ਉਨ੍ਹਾਂ ਨੇ ਆਪਣੀ ਕੋਈ ਪੋਸਟ ਸੋਸ਼ਲ ਮੀਡੀਆ 'ਤੇ ਪਾਈ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੇ ਕੇਸ ਦਰਜ ਕਰਨ ਤੋਂ ਪਹਿਲਾਂ ਉਨ੍ਹਾਂ ਕੋਲੋਂ ਇਸ ਬਾਰੇ ਕੋਈ ਪੁੱਛ-ਪੜਤਾਲ ਨਹੀਂ ਕੀਤੀ।

# ਸਪਰਿੰਗਫੀਲਡ: ਮੈਮੋਰੀਅਲ ਡੇਅ ਪਰੇਡ ਵਿਚ ਹਜ਼ਾਰਾਂ ਅਮਰੀਕਨਾਂ ਨੇ ਲਿਆ ਭਾਗ

## 26 ਸਾਲਾਂ ਤੋਂ ਹਿੱਸਾ ਲੈ ਰਹੇ ਅਵਤਾਰ ਸਿੰਘ ਸਪਰਿੰਗਫੀਲਡ ਪਰਿਵਾਰ ਸਮੇਤ ਸ਼ਾਮਲ ਹੋਏ

**ਸਪਰਿੰਗਫੀਲਡ (ਐੱਸ ਅਸ਼ੋਕ ਭੌਰਾ):** ਪਹਿਲੀ ਤੇ ਦੂਜੀ ਵਿਸ਼ਵ ਜੰਗ ਦੇ ਸ਼ਹੀਦਾਂ ਤੇ ਫੌਜੀਆਂ ਦੇ ਸਨਮਾਨ 'ਚ 63 ਸਾਲਾਂ ਤੋਂ ਕਲਾਰਕ ਕਾਊਂਟੀ ਵੈਟਰਨ ਕੌਂਸਲ ਵਲੋਂ ਆਯੋਜਿਤ ਕੀਤੀ ਜਾਣ ਵਾਲੀ ਮੈਮੋਰੀਅਲ ਡੇਅ ਪਰੇਡ ਵਿਚ 2 ਹਜ਼ਾਰ ਤੋਂ ਵੱਧ ਵਾਹਨਾਂ ਅਤੇ 20 ਹਜ਼ਾਰ ਤੋਂ ਵਧੇਰੇ ਲੋਕਾਂ ਨੇ ਫੌਜੀਆਂ ਦੇ ਸਨਮਾਨ 'ਚ ਸ਼ਿਰਕਤ ਕੀਤੀ। ਇਸ ਪਰੇਡ ਦੀ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਇਹ ਹੈ ਕਿ ਸਪਰਿੰਗਫੀਲਡ ਵਸਦੇ ਇੱਕੋ ਇੱਕ ਸਿੱਖ ਪਰਿਵਾਰ ਦੇ ਅਵਤਾਰ ਸਿੰਘ ਸਪਰਿੰਗਫੀਲਡ ਪਿਛਲੇ 26 ਸਾਲਾਂ ਤੋਂ ਲਗਾਤਾਰ ਆਪਣੇ ਵਾਹਨ 'ਤੇ ਸਿੱਖ ਕੌਮ ਦੇ ਪਹਿਚਾਣ ਚਿੰਨ੍ਹ, ਜੈਕਾਰੇ ਲਿਖ ਕੇ 'ਸਿੱਖਸ ਇਨ ਅਮੈਰੀਕਾ' ਦੇ ਬੈਨਰ ਹੇਠ ਭਾਗ ਲੈਂਦੇ ਆ ਰਹੇ ਹਨ।

9/11 ਦੇ ਅਮਰੀਕਾ ਹਮਲਿਆਂ ਤੋਂ ਬਾਅਦ ਜਦੋਂ ਸਿੱਖ ਵੀ ਨਸਲੀ ਹਮਲੇ ਦਾ ਸ਼ਿਕਾਰ ਹੋਏ ਤਾਂ ਸ. ਅਵਤਾਰ ਸਿੰਘ ਨੇ ਇਸ ਪਰੇਡ ਰਾਹੀਂ ਵੱਡਾ ਉਪਰਾਲਾ ਕਰਦਿਆਂ ਲੱਖਾਂ ਰੁਪਏ ਦਾ ਸਿੱਖ ਇਤਿਹਾਸ ਅੰਗਰੇਜ਼ੀ 'ਚ ਅਨੁਵਾਦ ਕਰ ਕੇ ਵੰਡਿਆ ਤੇ ਦੱਸਿਆ ਕਿ ਸਿੱਖ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ ਤੇ ਸਿੱਖਾਂ ਨੇ ਅਮਰੀਕਾ ਦੇ ਵਿਕਾਸ ਤੇ ਤਰੱਕੀ 'ਚ ਵੱਡਾ ਯੋਗਦਾਨ ਪਾਇਆ ਹੈ। 'ਬੱਘੀਆਂ, ਘੋੜੇ, ਪੁਰਾਣੇ ਵਾਹਨ, ਸਕੂਲੀ ਬੱਚੇ, ਫੌਜੀ' ਇਸ ਪਰੇਡ ਵਿਚ ਸ਼ਾਮਲ ਸਨ। ਸ. ਅਵਤਾਰ ਸਿੰਘ ਨੇ ਦੱਸਿਆ ਕਿ ਪਹਿਲਾਂ ਉਹ ਖਾਣ-ਪੀਣ ਦੀਆਂ ਵਸਤਾਂ ਦਾ ਖੁਦ ਪ੍ਰਬੰਧ ਕਰਦੇ ਸਨ ਤੇ ਇਸ ਵਾਰ ਸਿੱਖ ਸੁਸਾਇਟੀ ਆਫ ਡੇਟਨ ਅਤੇ ਸ. ਸਵਰਨਜੀਤ ਸਿੰਘ ਪੰਨੂੰ ਤੇ ਸੁਰਿੰਦਰ ਸਿੰਘ ਨੇ ਇਹ ਸੇਵਾ ਨਿਭਾਈ। ਤੰਦੂਰ ਇੰਡੀਆ ਦੇ ਪਰਮਿੰਦਰ ਸਿੰਘ ਬਾਸੀ ਵੱਲੋਂ ਛੋਲੇ ਪੂਰੀਆਂ ਦਾ ਲੰਗਰ ਲਗਾਇਆ ਗਿਆ। ਸਤਵੰਤ ਸਿੰਘ ਦਿਓਲ, ਵਰਿੰਦਰ ਰੰਧਾਵਾ, ਗੌਤਮਵੀਰ ਸਿੰਘ ਮਿਸ਼ੀਗਨ, ਬੀਬੀ ਸਰਬਜੀਤ ਕੌਰ, ਬੌਬੀ ਸਿੱਧੂ, ਮਨਪ੍ਰੀਤ ਸਿੰਘ, ਕਰਨਵੀਰ ਸਿੰਘ, ਡਾ. ਰਵਜੋਤ ਕੌਰ, ਸ਼ਿਕਾਗੋ ਤੋਂ ਉਂਕਾਰ ਸਿੰਘ ਸੰਘਾ, ਗੁਰਲੀਨ ਕੌਰ, ਰਾਜਪਾਲ ਸਿੰਘ ਬਜਾਜ, ਫੋਟੋਗ੍ਰਾਫਰ ਸੁਨੀਲ ਮੱਲ੍ਹੀ, ਤਾਰੀ ਪਹਿਲਵਾਨ ਤੇ ਗੁਰੂਘਰ ਦੇ ਸੇਵਾਦਾਰ ਭਾਈ ਹੇਮ ਸਿੰਘ ਨੇ ਬਿਹਤਰੀਨ ਸੇਵਾਵਾਂ ਨਿਭਾਈਆਂ।























# ਮੈਮੋਰੀਅਲ ਡੇਅ ਪਰੇਡ ਦੀਆਂ ਯਾਦਗਾਰੀ ਤਸਵੀਰਾਂ



























# ਸਰਹਿੰਦ ਨੇੜੇ ਦੋ ਮਾਲ ਗੱਡੀਆਂ ਆਪਸ ਵਿਚ ਟਕਰਾਈਆਂ

**ਸ੍ਰੀ ਫ਼ਤਹਿਗੜ੍ਹ ਸਾਹਿਬ:** ਸਰਹਿੰਦ ਨੇੜੇ ਵਾਪਰੇ ਰੇਲ ਹਾਦਸੇ 'ਚ ਦੋ ਰੇਲਗੱਡੀਆਂ ਦੇ ਡਰਾਈਵਰ ਜ਼ਖ਼ਮੀ ਹੋ ਗਏ, ਪਰ ਇਸ ਦੌਰਾਨ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਇਸ ਹਾਦਸੇ 'ਚ ਤਿੰਨ ਰੇਲਗੱਡੀਆਂ ਨੁਕਸਾਨੀਆਂ ਗਈਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਤੜਕੇ ਸਵਾ ਤਿੰਨ ਵਜੇ ਦੇ ਕਰੀਬ ਸਰਹਿੰਦ ਨੇੜਲੇ ਪਿੰਡ ਮਾਧੋਪੁਰ ਕੋਲ ਡੀ.ਐਫ.ਸੀ.ਸੀ. (ਡੈਡੀਕੇਟਿਡ ਫਰਾਈਟ ਕਾਰਪੋਰੇਸ਼ਨ ਆਫ ਇੰਡੀਆ) ਦੇ ਰੇਲ ਟਰੈਕ 'ਤੇ ਅੰਬਾਲਾ ਵੱਲੋਂ ਆਈ ਇਕ ਕੋਲੇ ਦੀ ਭਰੀ ਮਾਲ ਗੱਡੀ ਰੁਕੀ ਹੋਈ ਸੀ।

ਉਸੇ ਟਰੈਕ 'ਤੇ ਅੰਬਾਲਾ ਵੱਲੋਂ ਆਈ ਇਕ ਹੋਰ ਕੋਲੇ ਨਾਲ ਭਰੀ ਮਾਲ ਗੱਡੀ ਪਹਿਲਾਂ ਖੜ੍ਹੀ ਮਾਲ ਗੱਡੀ ਨਾਲ ਪਿੱਛੋਂ ਟਕਰਾ ਗਈ ਅਤੇ ਇਸ ਦਾ ਇੰਜਣ ਤੇ ਬੋਗੀਆਂ ਪਹਿਲਾਂ ਖੜ੍ਹੀ ਗੱਡੀ



ਦੇ ਉੱਪਰ ਚੜ੍ਹ ਗਏ ਅਤੇ ਮਾਲ ਗੱਡੀ ਦਾ ਕੁਝ ਹਿੱਸਾ ਅੰਬਾਲਾ-ਲੁਧਿਆਣਾ ਮੇਨ ਲਾਈਨ 'ਤੇ ਹਾਵੜਾ ਤੋਂ ਜੰਮੂ ਜਾ ਰਹੀ ਰੇਲ ਗੱਡੀ ਨੰਬਰ 04681 ਅੱਗੇ ਫਸ ਗਿਆ।

ਇਸ ਹਾਦਸੇ ਵਿਚ ਲੋਕੋ ਪਾਇਲਟ ਵਿਕਾਸ ਕੁਮਾਰ (37) ਅਤੇ ਹਿਮਾਂਸ਼ੂ ਕੁਮਾਰ (31) ਵਾਸੀਆਨ ਸਹਾਰਨਪੁਰ (ਯੂਪੀ) ਮਾਲ ਗੱਡੀ ਇੰਜਣ ਦੇ ਵਿਚ ਹੀ ਫਸ ਗਏ ਜਿਨ੍ਹਾਂ ਨੂੰ ਹਾਵੜਾ-ਜੰਮੂਤਵੀ ਐਕਸਪ੍ਰੈੱਸ ਦੇ ਸਟਾਫ ਨੇ ਇੰਜਣ ਦੇ ਸ਼ੀਸ਼ੇ ਤੋੜ ਕੇ ਬਾਹਰ ਕੱਢਿਆ ਤੇ ਇਲਾਜ ਲਈ ਫ਼ਤਹਿਗੜ੍ਹ ਸਾਹਿਬ ਦੇ ਸਿਵਲ ਹਸਪਤਾਲ ਪਹੁੰਚਾਇਆ।

ਸਰਕਾਰੀ ਹਸਪਤਾਲ ਦੀ ਡਾ. ਈਵਨਪ੍ਰੀਤ ਕੌਰ ਨੇ ਦੱਸਿਆ ਕਿ ਵਿਕਾਸ ਕੁਮਾਰ ਦੇ ਸਿਰ ਤੇ ਹਿਮਾਂਸ਼ੂ ਕੁਮਾਰ ਦੀ ਪਿੱਠ 'ਤੇ ਸੱਟ ਵੱਜੀ ਹੈ ਅਤੇ ਉਨ੍ਹਾਂ ਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਭੇਜ ਦਿੱਤਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਹਾਵੜਾ-ਜੰਮੂਤਵੀ ਰੇਲਗੱਡੀ ਦੇ ਡਰਾਈਵਰ ਨੇ ਗੱਡੀ ਦੀ ਸਪੀਡ ਕਾਫ਼ੀ ਘੱਟ ਕਰ ਦਿੱਤੀ ਸੀ ਜਿਸ ਕਾਰਨ ਵੱਡਾ ਹਾਦਸਾ ਹੋਣੋਂ ਟਲ ਗਿਆ। ਜੀ.ਆਰ.ਪੀ. ਥਾਣਾ ਸਰਹਿੰਦ ਦੇ ਮੁਖੀ ਰਤਨ ਲਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਸਵੇਰੇ 3:45 ਮਿਲੀ। ਉਹ ਘਟਨਾ ਸਥਾਨ 'ਤੇ ਪਹੁੰਚੇ ਤਾਂ ਉੱਥੇ ਦੋ ਮਾਲ ਗੱਡੀਆਂ ਅਤੇ ਇਕ ਪੈਸੰਜਰ ਗੱਡੀ ਮੌਜੂਦ ਸੀ।

ਰੇਲਵੇ ਦੇ ਬੁਲਾਰੇ ਅਨੁਸਾਰ ਇਸ ਹਾਦਸੇ ਕਾਰਨ ਹਾਵੜਾ-ਜੰਮੂ ਤਵੀ ਐਕਸਪ੍ਰੈੱਸ ਦਾ ਇਕ ਐਸ.ਐਲ.ਆਰ. ਤੇ ਇਕ ਜਨਰਲ ਕੋਚ ਨੁਕਸਾਨੇ ਗਏ। ਇਸ ਹਾਦਸੇ ਮਗਰੋਂ ਰੇਲਗੱਡੀਆਂ ਨੂੰ ਰਾਜਪੁਰਾ-ਧੂਰੀ-ਲੁਧਿਆਣਾ ਤੇ ਚੰਡੀਗੜ੍ਹ-ਲੁਧਿਆਣਾ ਰੇਲ ਮਾਰਗ ਰਾਹੀਂ ਭੇਜਿਆ ਗਿਆ।

## ਗੌਤਮ ਅਡਾਨੀ ਏਸ਼ੀਆ ਦਾ ਸਭ ਤੋਂ ਅਮੀਰ ਸ਼ਖਸ ਬਣਿਆ

**ਨਵੀਂ ਦਿੱਲੀ:** ਸੇਬ ਤੋਂ ਲੈ ਕੇ ਹਵਾਈ ਅੱਡਾ ਖੇਤਰ 'ਚ ਸਰਗਰਮ ਅਡਾਨੀ ਸਮੂਹ ਦੀਆਂ ਸੂਚੀਬੱਧ ਕੰਪਨੀਆਂ ਦੇ ਸ਼ੇਅਰਾਂ 'ਚ ਉਛਾਲ ਮਗਰੋਂ ਗੌਤਮ ਅਡਾਨੀ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਉਨ੍ਹਾਂ ਰਿਲਾਇੰਸ ਇੰਡਸਟਰੀਜ਼ ਦੇ ਮੁਕੇਸ਼ ਅੰਬਾਨੀ ਨੂੰ ਪਿੱਛੇ ਛੱਡ ਦਿੱਤਾ ਹੈ।

ਬਲੂਮਬਰਗ ਬਿਲੀਅਨਰਜ਼ ਇੰਡੈਕਸ ਅਨੁਸਾਰ 111 ਅਰਬ ਅਮਰੀਕੀ ਡਾਲਰ ਦੀ ਜਾਇਦਾਦ ਨਾਲ ਅਡਾਨੀ ਹੁਣ ਦੁਨੀਆ ਦੇ 11ਵੇਂ ਸਭ ਤੋਂ ਅਮੀਰ ਵਿਅਕਤੀ ਹਨ। ਅੰਬਾਨੀ 109 ਅਰਬ ਡਾਲਰ ਦੀ ਜਾਇਦਾਦ ਨਾਲ 12 ਸਥਾਨ 'ਤੇ ਹਨ। ਅਡਾਨੀ ਸਮੂਹ ਨੇ ਅਗਲੇ ਦਹਾਕੇ ਦੌਰਾਨ



ਵਿਸਤਾਰ ਦੀ ਯੋਜਨਾ ਤਹਿਤ 90 ਅਰਬ ਡਾਲਰ ਦੇ ਪੂੰਜੀਗਤ ਖਰਚੇ ਦੀ ਯੋਜਨਾ ਬਣਾਈ ਹੈ। ਇਸ ਮਗਰੋਂ ਅਮਰੀਕੀ ਬ੍ਰੋਕਰੇਜ ਕੰਪਨੀ ਜੈਫਰੀਜ਼ ਨੇ ਸਮੂਹ ਬਾਰੇ ਬਿਹਤਰ ਰਾਏ ਪੇਸ਼ ਕੀਤੀ ਹੈ। ਇਸ ਘਟਨਾਕ੍ਰਮ ਮਗਰੋਂ ਗਰੁੱਪ ਦੀਆਂ ਸਾਰੀਆਂ ਕੰਪਨੀਆਂ ਦੇ ਸ਼ੇਅਰ 14 ਫੀਸਦ ਤੱਕ ਚੜ੍ਹ ਗਏ। ਇਸ ਨਾਲ ਅਡਾਨੀ ਸਮੂਹ ਦੀਆਂ 10 ਸੂਚੀਬੱਧ ਕੰਪਨੀਆਂ ਦੇ ਬਾਜ਼ਾਰ ਮੁਲਾਂਕਣ 'ਚ 84,064 ਕਰੋੜ ਰੁਪਏ ਦਾ ਵਾਧਾ ਹੋਇਆ। ਕਾਰੋਬਾਰ ਬੰਦ ਹੋਣ ਸਮੇਂ ਅਡਾਨੀ ਸਮੂਹ ਦੀ 10 ਸੂਚੀਬੱਧ ਕੰਪਨੀਆਂ ਦਾ ਬਾਜ਼ਾਰ ਪੂੰਜੀਕਰਨ 17.51 ਲੱਖ ਕਰੋੜ ਰੁਪਏ ਹੋ ਗਿਆ। ਜ਼ਿਕਰਯੋਗ ਹੈ ਕਿ ਜਨਵਰੀ 2023 'ਚ ਅਮਰੀਕੀ ਕੰਪਨੀ ਹਿੰਡਨਬਰਗ ਵੱਲੋਂ ਹੇਰਾਫਰੀ ਦੇ ਦੋਸ਼ਾਂ ਦੀ ਰਿਪੋਰਟ ਪੇਸ਼ ਕੀਤੇ ਜਾਣ ਮਗਰੋਂ ਅਡਾਨੀ ਦੀਆਂ ਕੰਪਨੀਆਂ ਦੇ ਬਾਜ਼ਾਰ 'ਚ ਜ਼ਬਰਦਸਤ ਗਿਰਾਵਟ ਆਈ ਸੀ ਹਾਲਾਂਕਿ ਅਡਾਨੀ ਸਮੂਹ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਸੀ। ਬਲੂਮਬਰਗ ਬਿਲੀਅਨਰਜ਼ ਇੰਡੈਕਸ ਅਨੁਸਾਰ 2024 'ਚ ਹੁਣ ਤੱਕ ਅਡਾਨੀ ਦੀ ਕੁੱਲ ਜਾਇਦਾਦ 26.6 ਅਰਬ ਡਾਲਰ ਵਧੀ ਹੈ।

## ਮਾਰਚ ਤਿਮਾਹੀ ਵਿਚ ਭਾਰਤ ਦੀ ਵਿਕਾਸ ਦਰ 7.8 ਫੀਸਦ ਰਹੀ

**ਨਵੀਂ ਦਿੱਲੀ:** ਮਾਰਚ ਤਿਮਾਹੀ ਵਿਚ ਭਾਰਤ ਦੀ ਆਰਥਿਕ ਵਿਕਾਸ ਦਰ 7.8 ਫੀਸਦ ਸੀ, ਜਿਸ ਨਾਲ ਸਾਲਾਨਾ ਵਿਕਾਸ ਦਰ 8.2 ਫੀਸਦ ਦੇ ਅੰਕੜੇ ਨੂੰ ਪੁੱਜ ਗਈ।

ਸਰਕਾਰ ਵੱਲੋਂ ਜਾਰੀ ਅਧਿਕਾਰਤ ਅੰਕੜਿਆਂ ਮੁਤਾਬਕ ਦਸੰਬਰ ਤਿਮਾਹੀ ਵਿਚ 8.6 ਫੀਸਦ ਦੀ ਵਿਕਾਸ ਦਰ ਦੇ ਮੁਕਾਬਲੇ ਜਨਵਰੀ-ਮਾਰਚ ਵਿਚ ਇਹ ਅੰਕੜਾ ਘੱਟ ਸੀ। ਕੌਮੀ ਅੰਕੜਾ ਦਫ਼ਤਰ (ਐਨ.ਐਸ.ਓ) ਵੱਲੋਂ ਜਾਰੀ ਅੰਕੜਿਆਂ ਮੁਤਾਬਕ ਵਿੱਤੀ ਸਾਲ 2022-23 ਵਿਚ ਜਨਵਰੀ-ਮਾਰਚ ਦੀ ਤਿਮਾਹੀ ਵਿਚ ਜੀ.ਡੀ.ਪੀ. ਅਧਾਰਿਤ ਵਿਕਾਸ ਦਰ 6.2 ਫੀਸਦ ਵਧੀ ਸੀ।

ਡੇਟਾ ਮੁਤਾਬਕ 2022-23 ਦੇ 7 ਫੀਸਦ ਦੇ ਮੁਕਾਬਲੇ 2023-24 ਵਿਚ ਅਰਥਚਾਰਾ 8.2 ਫੀਸਦ ਵਧਿਆ ਸੀ। ਐਨ.ਐਸ.ਓ. ਨੇ ਕੌਮੀ ਖਾਤਿਆਂ ਲਈ ਜਾਰੀ ਦੂਜੇ ਐਡਵਾਂਸ ਅਨੁਮਾਨ ਵਿਚ ਦੇਸ਼ ਦੀ ਵਿਕਾਸ ਦਰ 2023-24 ਵਿਚ 7.7 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਸੀ। ਚੀਨ ਨੇ 2024 ਦੇ ਪਹਿਲੇ ਤਿੰਨ ਮਹੀਨਿਆਂ ਵਿਚ 5.3 ਫੀਸਦ ਦੀ ਵਿਕਾਸ ਦਰ ਦਰਜ ਕੀਤੀ ਹੈ।

## ਅਤਿਵਾਦੀ ਹਮਲੇ ਵਿਚ ਸੂਬੇਦਾਰ ਦੀ ਮੌਤ

**ਤਲਵਾੜਾ:** ਨੇੜਲੇ ਪਿੰਡ ਭਵਨੌਰ ਦੇ ਸੂਬੇਦਾਰ ਜਗਜੀਵਨ ਰਾਮ ਭਾਰਤੀ ਫੌਜ ਵਿਚ ਜੰਮੂ ਕਸ਼ਮੀਰ ਦੇ ਕੁਪਵਾੜਾ ਵਿਚ ਤਇਨਾਤ ਸੀ ਅਤੇ ਐਤਵਾਰ ਨੂੰ ਡਿਊਟੀ ਕਰਦੇ ਹੋਏ ਜਗਜੀਵਨ ਰਾਮ ਦੇਸ਼ ਲਈ ਸ਼ਹੀਦ ਹੋ ਗਏ। ਜਾਣਕਾਰੀ ਮੁਤਾਬਕ ਸ਼ਹੀਦ ਸੂਬੇਦਾਰ ਜਗਜੀਵਨ ਰਾਮ ਭਾਰਤੀ ਸੈਨਾ ਦੀ 7 ਪੈਰਾ ਬਟਾਲੀਅਨ ਜੋ ਕਿ ਜੰਮੂ ਕਸ਼ਮੀਰ ਦੇ ਕੁੱਪਵਾੜਾ ਵਿਚ ਤਾਇਨਾਤ ਹੈ, ਵਿਖੇ ਆਪਣੀ ਡਿਊਟੀ ਨਿਭਾ ਰਹੇ ਸਨ। ਅਤਿਵਾਦੀਆਂ ਵੱਲੋਂ ਇਨ੍ਹਾਂ ਦੇ ਟੈਂਟ 'ਤੇ ਗਰਨੇਡ ਸੁੱਟ ਦਿੱਤਾ ਗਿਆ ਜਿਸ ਵਿਚ ਸੂਬੇਦਾਰ ਜਗਜੀਵਨ ਰਾਮ ਦੀ ਮੌਤ ਹੋ ਗਈ।

## ਜੀ.ਐਸ.ਟੀ. ਮਾਲੀਆ 1.73 ਲੱਖ ਕਰੋੜ ਹੋਇਆ

**ਨਵੀਂ ਦਿੱਲੀ:** ਦੇਸ਼ ਦਾ ਕੁੱਲ ਜੀ.ਐਸ.ਟੀ. ਮਾਲੀਆ ਮਈ 'ਚ 10 ਫੀਸਦੀ ਵਾਧੇ ਦੇ ਨਾਲ 1.73 ਲੱਖ ਕਰੋੜ ਰੁਪਏ ਹੋ ਗਿਆ ਹੈ। ਵਿੱਤ ਮੰਤਰਾਲੇ ਨੇ ਕਿਹਾ ਕਿ ਇਹ ਵਾਧਾ ਘਰੇਲੂ ਲੈਣ-ਦੇਣ ਨਾਲ ਮਾਲੀਏ 'ਚ ਹੋਏ ਵਾਧੇ ਕਾਰਨ ਹੋਇਆ ਹੈ। ਵਸਤਾਂ ਤੇ ਸੇਵਾ ਟੈਕਸ (ਜੀ.ਐਸ.ਟੀ.) ਮਾਲੀਆ ਅਪਰੈਲ 2024 'ਚ 2.10 ਲੱਖ ਕਰੋੜ ਰੁਪਏ ਦੇ ਰਿਕਾਰਡ ਪੱਧਰ ਤੱਕ ਪਹੁੰਚ ਗਿਆ ਸੀ। ਮੰਤਰਾਲੇ ਨੇ ਕਿਹਾ, 'ਮਈ 2024 'ਚ ਕੁੱਲ ਜੀ.ਐਸ.ਟੀ. ਮਾਲੀਆ 1.73 ਲੱਖ ਕਰੋੜ ਰੁਪਏ ਰਿਹਾ ਹੈ।' ਮਈ ਮਹੀਨੇ ਦੇ ਟੈਕਸ ਮਾਲੀਏ 'ਚ ਸਾਲਾਨਾ ਆਧਾਰ 'ਤੇ 10 ਫੀਸਦ ਦਾ ਵਾਧਾ, ਦਰਾਮਦ 'ਚ ਕਮੀ (4.3 ਫੀਸਦ ਦੀ ਕਮੀ) ਦਰਮਿਆਨ ਘਰੇਲੂ ਲੈਣ-ਦੇਣ ਦੇ ਮਜ਼ਬੂਤ ਵਾਧੇ (15.3 ਫੀਸਦ) ਕਾਰਨ ਹੋਇਆ ਹੈ। ਰਿਫੰਡ ਮਗਰੋਂ ਮਈ 2024 ਲਈ ਸ਼ੁੱਧ ਜੀ.ਐਸ.ਟੀ. ਮਾਲੀਆ 1.44 ਲੱਖ ਕਰੋੜ ਰੁਪਏ ਰਿਹਾ ਜੋ ਪਿਛਲੇ ਸਾਲ ਮਈ ਤੋਂ 6.9 ਫੀਸਦ ਦਾ ਵਾਧਾ ਦਰਸਾਉਂਦਾ ਹੈ।

## ਵਿਧਾਇਕ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਮਨਜ਼ੂਰ

**ਜਲੰਧਰ:** ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿਚ ਗਏ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਗਿਆ ਹੈ। ਦੱਸ ਦਈਏ ਕਿ ਲੋਕ ਸਭਾ ਚੋਣਾਂ ਲਈ ਵੋਟਾਂ ਪੈਣ ਮਗਰੋਂ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਨੇ ਵਿਧਾਇਕ ਵਜੋਂ ਦਿੱਤਾ ਆਪਣਾ ਅਸਤੀਫ਼ਾ ਵਾਪਸ ਲੈ ਲਿਆ ਸੀ। ਉਨ੍ਹਾਂ ਇਸ ਸਬੰਧੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਚਿੱਠੀ ਲਿਖੀ ਸੀ, ਪਰ ਸਪੀਕਰ ਨੇ ਹੁਣ ਉਸ ਦਾ ਅਸਤੀਫਾ ਮਨਜ਼ੂਰ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਨੇ ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਨਾਲ ਇਕੱਠਿਆਂ ਹੀ 27 ਮਾਰਚ ਨੂੰ ਦਿੱਲੀ ਵਿਚ ਭਾਜਪਾ ਵਿੱਚ ਸ਼ਮੂਲੀਅਤ ਕੀਤੀ ਸੀ। ਲੋਕ ਸਭਾ ਚੋਣਾਂ ਖ਼ਤਮ ਹੁੰਦਿਆਂ ਹੀ ਅੰਗੁਰਾਲ ਨੇ ਭਾਰਤੀ ਜਨਤਾ ਪਾਰਟੀ ਤੋਂ ਕਿਨਾਰਾ ਕਰ ਲਿਆ ਹੈ।

ਉਨ੍ਹਾਂ ਆਪਣੇ ਸੋਸ਼ਲ ਮੀਡੀਆ ਪੇਜ ਤੋਂ 'ਮੋਦੀ ਦਾ ਪਰਿਵਾਰ' ਟੈਗ ਹਟਾ ਕੇ ਆਪਣੇ ਪਰਿਵਾਰ ਦੀ ਤਸਵੀਰ ਲਾ ਲਈ ਹੈ। ਸ਼ੀਤਲ ਅੰਗੁਰਾਲ ਨੇ ਕਿਹਾ ਕਿ ਉਹ ਕਿਸੇ ਵੀ ਰਾਜਸੀ ਪਾਰਟੀ ਵਿਚ ਨਹੀਂ ਰਹਿਣਗੇ। ਜ਼ਿਕਰਯੋਗ ਹੈ ਕਿ ਸ਼ੀਤਲ ਅੰਗੁਰਾਲ ਭਾਰਤੀ ਜਨਤਾ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਆਏ ਸਨ ਤੇ ਉਨ੍ਹਾਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ 'ਆਪ' ਵੱਲੋਂ ਲੜੀਆਂ ਸਨ।

## ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਚੋਣ ਪ੍ਰਕਿਰਿਆ 'ਤੇ ਇਤਰਾਜ਼

**ਬਠਿੰਡਾ:** ਚੋਣਾਂ ਵਾਲੇ ਦਿਨ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਦੇਸ਼ ਵਿਚ ਲੋਕ ਸਭਾ ਚੋਣ ਪ੍ਰਕਿਰਿਆ 'ਤੇ ਕਿੰਤੂ ਕਰਦਿਆਂ ਮੁੱਖ ਚੋਣ ਕਮਿਸ਼ਨਰ ਨੂੰ ਸਵਾਲ ਕੀਤੇ ਹਨ।

ਮਲੂਕਾ ਨੇ ਕਿਹਾ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਮੁਲਕ ਹੈ ਪਰ ਇਸ ਦੇਸ਼ ਅੰਦਰ ਚੋਣ ਪ੍ਰਕਿਰਿਆ ਵਿਚ ਬਹੁਤ ਖਾਮੀਆਂ ਹਨ। ਉਨ੍ਹਾਂ ਈ.ਵੀ.ਐਮ. ਵਿਧੀ ਦਾ ਵਿਰੋਧ ਕਰਦਿਆਂ ਕਿਹਾ ਕਿ ਦੁਨੀਆ ਦੇ ਵਿਕਸਤ ਦੇਸ਼ਾਂ ਅੰਦਰ ਬੈਲਟ ਪੇਪਰਾਂ ਰਾਹੀ ਚੋਣਾਂ ਕਰਵਾਈਆਂ ਜਾਂਦੀਆਂ ਹਨ ਪਰ ਭਾਰਤ ਹੀ ਇਕ ਅਜਿਹਾ ਦੇਸ਼ ਹੈ ਜਿਸ ਵਿਚ ਈ.ਵੀ.ਐਮਜ਼. ਦੀ



ਵਰਤੋਂ ਕੀਤੀ ਜਾ ਰਹੀ ਹੈ, ਜੋ ਗਲਤ ਹੈ। ਗੌਰਤਲਬ ਹੈ ਕਿ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਬਿਆਨ ਉਦੋਂ ਸਾਹਮਣੇ ਆਇਆ ਹੈ ਜਦੋਂ ਸੂਬੇ ਅੰਦਰ ਚੋਣ ਪ੍ਰਕਿਰਿਆ ਦਾ ਦੌਰ ਚੱਲ ਰਹੀ ਸੀ।

## ਫ਼ੌਜੀ ਹਮਲੇ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ

**ਅੰਮ੍ਰਿਤਸਰ:** ਜੂਨ 84 ਦੇ ਫ਼ੌਜੀ ਹਮਲੇ ਦੇ ਪਹਿਲੇ ਸ਼ਹੀਦ ਮਹਿੰਗਾ ਸਿੰਘ ਬੱਬਰ ਤੇ ਹੋਰਨਾਂ ਸ਼ਹੀਦਾਂ ਦੀ ਯਾਦ ਵਿਚ ਹਵਾਰਾ ਕਮੇਟੀ ਵੱਲੋਂ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਅਖੰਡ ਪਾਠ ਦੇ ਭੋਗ ਪਾ ਕੇ ਸ਼ਹੀਦੀ ਸਮਾਗਮ ਮਨਾਇਆ ਗਿਆ। ਇੱਥੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਕੀਰਤਨ ਹੋਇਆ।

ਹਵਾਰਾ ਕਮੇਟੀ, ਅਖੰਡ ਕੀਰਤਨੀ ਜਥਾ ਅਤੇ ਭਾਈ ਮਹਿੰਗਾ ਸਿੰਘ ਦੇ ਪਰਿਵਾਰ ਵੱਲੋਂ ਕਰਵਾਏ ਗਏ ਸਮਾਗਮ ਨੂੰ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ। ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਨੇ ਭਾਈ ਮਹਿੰਗਾ ਸਿੰਘ ਅਤੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸ਼ਹੀਦ ਸਭ ਦੇ ਸਾਂਝੇ ਹੁੰਦੇ ਹਨ ਅਤੇ ਕੌਮ ਨੂੰ ਇਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਇਨ੍ਹਾਂ ਵਿਚ ਮਹਿੰਗਾ ਸਿੰਘ ਦੇ ਪਰਿਵਾਰ ਵਿੱਚੋਂ ਦਵਿੰਦਰ ਸਿੰਘ ਜਦੋਂਕਿ ਹੋਰ ਸ਼ਹੀਦ ਪਰਿਵਾਰਾਂ ਵੱਲੋਂ ਭਾਈ ਮਨਜੀਤ ਸਿੰਘ , ਬੇਅੰਤ ਸਿੰਘ, ਕੁਲਦੀਪ ਸਿੰਘ ਨਾਗੋਕੇ,



ਮਹਾਂਬੀਰ ਸਿੰਘ, ਜਸਬੀਰ ਸਿੰਘ ਤੇ ਜਸਵਿੰਦਰ ਸਿੰਘ ਹਾਜ਼ਰ ਸਨ।

ਸਮਾਗਮ ਮਗਰੋਂ ਸਮੂਹ ਸੰਗਤ ਸ੍ਰੀ ਅਕਾਲ ਤਖ਼ਤ ਵਿਖੇ ਨਤਮਸਤਕ ਹੋਈ। ਇਸ ਮੌਕੇ ਭਾਈ ਤਰਲੋਕ ਸਿੰਘ ਨੇ ਸ਼ਹੀਦਾਂ ਦੇ ਨਮਿਤ ਅਰਦਾਸ ਕੀਤੀ। ਬਾਪੂ ਗੁਰਚਰਨ ਸਿੰਘ ਨੇ ਘੱਲੂਘਾਰੇ ਦੇ ਸਬੰਧ ਵਿਚ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਪੜ੍ਹ ਕੇ ਸੁਣਾਇਆ।

ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜਾਬ ਦੀਆਂ ਸਮੂਹ ਸਿਆਸੀ ਧਿਰਾਂ ਦੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਚੋਣ ਨਤੀਜੇ ਆਉਣ ਮਗਰੋਂ ਉਹ ਆਪਣੀ ਜਿੱਤ ਨੂੰ ਢੋਲ-ਢਮੱਕੇ ਆਦਿ ਨਾਲ ਨਾ ਮਨਾਉਣ ਕਿਉਂਕਿ ਇਸ ਵੇਲੇ ਘੱਲੂਘਾਰਾ ਹਫ਼ਤਾ ਚੱਲ ਰਿਹਾ ਹੈ ਅਤੇ ਸਮੁੱਚਾ ਸਿੱਖ ਜਗਤ ਜੂਨ 1984 ਸਾਕਾ ਨੀਲਾ ਤਾਰਾ ਸਮੇਂ ਮਾਰੇ ਗਏ ਲੋਕਾਂ ਨੂੰ ਯਾਦ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਸਾਕੇ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਤੀਜੇ ਘੱਲੂਘਾਰੇ ਦਾ ਨਾਂ ਦਿੱਤਾ ਗਿਆ ਹੈ। ਜੂਨ 1984 ਵਿਚ ਸਾਕਾ ਨੀਲਾ ਤਾਰਾ ਸਮੇਂ ਜਦੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਸ੍ਰੀ ਅਕਾਲ ਤਖ਼ਤ 'ਤੇ ਫ਼ੌਜੀ ਹਮਲਾ ਕੀਤਾ ਗਿਆ ਸੀ ਤਾਂ ਉਸ ਵੇਲੇ ਇੱਥੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਏ ਸ਼ਰਧਾਲੂ ਅਤੇ ਬੇਦੋਸ਼ੇ ਸਿੱਖ ਵੀ ਫ਼ੌਜ ਦੀ ਗੋਲੀਆਂ ਦਾ ਸ਼ਿਕਾਰ ਬਣੇ ਸਨ। ਇਸ ਵੇਲੇ ਸਮੁੱਚੇ ਸੰਸਾਰ ਵਿੱਚ ਵਸਦੇ ਸਿੱਖ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਵੀ ਸਮੁੱਚੇ ਸਿੱਖਾਂ ਨੂੰ ਅਪੀਲ ਕੀਤੀ ਗਈ ਸੀ ਕਿ ਘੱਲੂਘਾਰਾ ਦਿਵਸ ਹੋਣ ਕਾਰਨ ਚੋਣ ਨਤੀਜਿਆਂ ਮਗਰੋਂ ਜੇਤੂ ਉਮੀਦਵਾਰ ਖੁਸ਼ੀ ਮਨਾਉਂਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਨਾ ਆਉਣ ਸਗੋਂ ਇਸ ਹਫ਼ਤੇ ਮਗਰੋਂ ਖੁਸ਼ੀ-ਖੇੜੇ ਮਨਾਏ ਜਾਣ।

## ਅਮਰੀਕਾ ਵਿਚ ਭਾਰਤੀ ਵਿਦਿਆਰਥਣ ਲਾਪਤਾ

**ਹਿਊਸਟਨ:** ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਇਕ 23 ਸਾਲਾ ਭਾਰਤੀ ਵਿਦਿਆਰਥਣ ਪਿਛਲੇ ਹਫ਼ਤੇ ਤੋਂ ਲਾਪਤਾ ਹੈ ਅਤੇ ਪੁਲਿਸ ਨੇ ਉਸ ਨੂੰ ਲੱਭਣ ਲਈ ਲੋਕਾਂ ਦੀ ਮਦਦ ਮੰਗੀ ਹੈ। ਪੁਲਿਸ ਅਨੁਸਾਰ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਸੈਨ ਬਰਨਾਰਡੀਨੋ (ਸੀ.ਐਸ.ਯੂ.ਐਸ.ਬੀ.) ਦੀ ਵਿਦਿਆਰਥਣ ਨਿਤਿਸ਼ਾ ਕੰਧੂਲਾ 28 ਮਈ ਨੂੰ ਲਾਪਤਾ ਹੋ ਗਈ ਸੀ।

ਸੀ.ਐਸ.ਯੂ.ਐਸ.ਬੀ. ਦੇ ਪੁਲਿਸ ਮੁਖੀ ਜੌਨ ਗੁਟੀਰੇਜ਼ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਵਿਦਿਆਰਥਣ ਨੂੰ ਆਖਰੀ ਵਾਰ ਲਾਸ ਏਂਜਲਜ਼ ਵਿਚ ਦੇਖਿਆ ਗਿਆ ਸੀ ਅਤੇ 30 ਮਈ ਨੂੰ ਲਾਪਤਾ ਹੋਣ ਦੀ ਰਿਪੋਰਟ ਕੀਤੀ ਗਈ ਸੀ।" ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ ਕੰਧੂਲਾ ਦਾ ਕੱਦ 5 ਫੁੱਟ 6 ਇੰਚ ਅਤੇ ਵਾਲ ਕਾਲੇ ਹਨ। ਇਸ ਦੇ ਨਾਲ ਹੀ ਅੱਖਾਂ ਕਾਲੀਆਂ ਅਤੇ ਭਾਰ ਲਗਭਗ 160 ਪੌਂਡ (72.5 ਕਿਲੋ) ਦੱਸਿਆ ਗਿਆ ਸੀ।

# ਵਿਪਸਾਅ ਵੱਲੋਂ ਡਾ. ਸੁਰਜੀਤ ਪਾਤਰ ਨੂੰ ਸ਼ਰਧਾਂਜਲੀਆਂ





ਹੇਵਰਡ: ਵਿਪਸਾਅ ਵੱਲੋਂ ਫਰੀਮੌਂਟ ਵਿਖੇ ਪਦਮ ਸ੍ਰੀ ਡਾ. ਸੁਰਜੀਤ ਪਾਤਰ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਗ਼ਮਗੀਨ ਮਾਹੌਲ ਵਿਚ ਵਿਪਸਾਅ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਪ੍ਰੋਗਰਾਮ ਦੇ ਸ਼ੁਰੂ ਵਿਚ ਵਿਪਸਾਅ ਦੇ ਲੰਮਾ ਵਕਤ ਮੈਂਬਰ ਰਹੇ ਅਤੇ ਅਮਰੀਕਾ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਰਹੇ ਸ਼ਾਇਰ ਆਜ਼ਾਦ ਜਲੰਧਰੀ ਦੇ ਸਦੀਵੀ ਵਿਛੋੜੇ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸੰਸਕਾਰ ਦੀ ਜਾਣਕਾਰੀ ਸਭ ਨਾ਼ਲ ਸਾਂਝੀ ਕੀਤੀ ਜਾਵੇਗੀ। ਇਸ ਉਪਰੰਤ ਡਾ. ਸੁਰਜੀਤ ਪਾਤਰ ਅਤੇ ਆਜ਼ਾਦ ਜਲੰਧਰੀ ਦੀਆਂ ਵਿੱਛੜੀਆਂ ਰੂਹਾਂ ਦੀ ਸ਼ਾਂਤੀ ਲਈ ਮੌਨ ਧਾਰਨ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਵਿਪਸਾਅ ਪ੍ਰਧਾਨ ਕੁਲਵਿੰਦਰ, ਹਰਜਿੰਦਰ ਕੰਗ, ਸੁਰਜੀਤ ਸਖੀ, ਡਾ. ਸੁਖਵਿੰਦਰ ਕੰਬੋਜ, ਸਾਹਿਤ ਪ੍ਰੇਮੀ ਲਾਲੀ ਧਨੋਆ ਅਤੇ ਜਸਵੀਰ ਗਿੱਲ ਸ਼ਾਮਲ ਹੋਏ।

ਇਸ ਮੌਕੇ ਵਿਪਸਾਅ ਦੇ ਸਰਗਰਮ ਮੈਂਬਰ ਅਤੇ ਪੰਜਾਬ ਲੋਕ ਰੰਗ ਨਾ਼ਲ ਜੁੜੇ ਕਲਾਕਾਰ ਮੁਕੇਸ਼ ਸ਼ਰਮਾ ਦਾ ਕਾਵਿ ਸੰਗ੍ਰਹਿ ‘ਆਪੇ ਨਾ਼ਲ ਬਾਤ’ ਲੋਕ ਅਰਪਣ ਕੀਤਾ ਗਿਆ। ਪੰਜਾਬ ਲੋਕ ਰੰਗ ਦੇ ਸੁਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਮੁਕੇਸ਼ ਸ਼ਾਇਰ ਹੋਣ ਦੇ ਨਾ਼ਲ ਨਾਲ਼ ਵਧੀਆ ਰੰਗ-ਕਰਮੀ ਅਤੇ ਕਲਾਕਾਰ ਵੀ ਹੈ। ਉਹ ਉਸਦੀ ਅਗਲੀ ਕਿਤਾਬ ਵਿਚ ਹਰ ਨਜ਼ਮ ਦੇ ਨਾ਼ਲ ਉਸਦਾ ਬਣਾਇਆ ਸਕੈੱਚ ਦੇਖਣਾ ਚਾਹੁੰਦੇ ਹਨ। ਹਰਜਿੰਦਰ ਕੰਗ ਨੇ ਕਿਹਾ ਕਿ ਕਿਤਾਬ ਦਾ ਨਾਮ ‘ਆਪੇ ਨਾ਼ਲ ਬਾਤ’ ਹੀ ਸਪੱਸ਼ਟ ਕਰਦਾ ਹੈ ਕਿ ਇਸ ਵਿਚ ਕਵੀ ਨੇ ਆਤਮ ਮੰਥਨ ਕਰਦੇ ਹੋਏ ਸਮਾਜ ਨਾ਼ਲ ਸਾਂਝ ਪਾਈ ਹੈ। ਸੁਖਵਿੰਦਰ ਕੰਬੋਜ ਨੇ ਕਿਹਾ ਕਿ ਮੁਕੇਸ਼ ਮੰਚ ਦਾ ਧਨੀ ਹੈ। ਇਸ ਦੀ ਕਵਿਤਾ ਮਨ ਦੇ ਕਈ ਭਾਵਾਂ ਨੂੰ ਬਿਆਨਦੀ ਹੈ।

ਸਮਾਗਮ ਵਿਚ ਹਾਜ਼ਰ ਲੇਖਕਾਂ, ਸਾਹਿਤ ਪ੍ਰੇਮੀਆਂ ਅਤੇ ਡਾ. ਸੁਰਜੀਤ ਪਾਤਰ ਦੇ ਨਜ਼ਦੀਕੀਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਦੇ ਜੀਵਨ ਅਤੇ ਸਾਹਿਤਕ ਸਫ਼ਰ ਦੀ ਗੱਲ ਤੋਰਦਿਆਂ ਜਗਜੀਤ ਨੇ ਦੱਸਿਆ ਕਿ 14 ਜਨਵਰੀ 1945 ਨੂੰ ਪਾਤੜਕਲਾਂ ਵਿਚ ਜਨਮਿਆ ਇਹ ਬਾਲ ਪੰਜਾਹ ਸਾਲ ਤੋਂ ਵੱਧ ਪੰਜਾਬੀ ਸਾਹਿਤ ਜਗਤ ਦੀ ਆਭਾ ਬਣਿਆ ਰਿਹਾ। ਉਸਦੀ ਸ਼ਖ਼ਸੀਅਤ ਅਤੇ ਸ਼ਾਇਰੀ ਦੋਵਾਂ ਵਿਚ ਹੀ ਅਜਿਹੀ ਚੁੰਬਕੀ ਖਿੱਚ ਸੀ ਕਿ ਪਾਠਕ ਅਤੇ ਸਰੋਤੇ ਉਸ ਵੱਲ ਖਿੱਚੇ ਜਾਂਦੇ ਸਨ। ਲੇਖਕ ਵਰਿਆਮ ਸੰਧੂ ਦੇ ਸ਼ਬਦਾਂ ਵਿਚ, ‘ਸੁਰਜੀਤ ਪਾਤਰ ਨਾਅਰੇ ਜਾਂ ਲਲਕਾਰੇ ਦਾ ਨਹੀਂ, ਰਮਜ਼ ਤੇ ਇਸ਼ਾਰੇ ਦਾ ਸ਼ਾਇਰ ਹੈ’। ਜਯੋਤੀ ਸਿੰਘ, ਚਰਨਜੀਤ ਸਿੰਘ ਪਨੂੰ, ਅਵਤਾਰ ਸਿੰਘ ਗੋਂਦਾਰਾ, ਅਮਰ ਸੂਫ਼ੀ, ਮੁਕੇਸ਼ ਸ਼ਰਮਾ, ਜਸਵੰਤ ਸਿੰਘ ਸੰਧੂ, ਅਮਰਜੀਤ ਕੌਰ ਪੰਨੂੰ, ਮਨਦੀਪ ਗੋਰਾ, ਹਰਪ੍ਰੀਤ ਕੌਰ ਧੂਤ, ਐਸ਼ ਕੁਮ ਐਸ਼ ਵਿਕ, ਲਾਜ ਨੀਲਮ ਸੈਣੀ, ਪ੍ਰੋ. ਸੁਰਿੰਦਰ ਸਿੰਘ ਸੀਰਤ, ਲਾਲੀ ਧਨੋਆ, ਸੁਰਜੀਤ ਸਖੀ, ਹਰਜਿੰਦਰ ਕੰਗ, ਡਾ. ਸੁਖਵਿੰਦਰ ਕੰਬੋਜ, ਜਸਵੀਰ ਗਿੱਲ ਅਤੇ ਕੁਲਵਿੰਦਰ ਨੇ ਡਾ. ਪਾਤਰ ਨਾ਼ਲ ਜੁੜੀਆਂ ਯਾਦਾਂ ਸਾਂਝੀਆਂ ਕਰਕੇ, ਉਨ੍ਹਾਂ ਦੀਆਂ ਗ਼ਜ਼ਲਾਂ ਦੇ ਸ਼ਿਅਰ ਅਤੇ ਸ਼ਬਦ ਚਿੱਤਰ ਪੜ੍ਹ ਕੇ ਗ਼ਮਗੀਨ ਕਾਇਨਾਤ ਨੂੰ ਸਹਿਜ ਕਰ ਦਿੱਤਾ।

ਪ੍ਰੋ. ਸੁਰਿੰਦਰ ਸੀਰਤ ਨੇ ਪਾਤਰ ਸਾਹਿਬ ਨੂੰ ਇਸ ਸਦੀ ਦਾ ਕਵੀ ਕਹਿੰਦੇ ਹੋਏ ਆਪਣੀ ਗ਼ਜ਼ਲ ‘ਡੁੱਬਿਆ ਹੈ ਅੰਤ ਸੂਰਜਾ ਆਪਣੇ ਸਮੇਂ ਦੇ ਨਾਲ’ ਪਾਤਰ ਸਾਹਿਬ ਨੂੰ ਸਮਰਪਿਤ ਕੀਤੀ। ਹਰਜਿੰਦਰ ਕੰਗ ਨੇ ਕਿਹਾ ਕਿ ਪਾਤਰ ਅਸੀਮ ਸ਼ਾਇਰ ਸੀ ਜੋ ਖ਼ੂਬਸੂਰਤ ਸਾਹਿਤਕ ਜੀਵਨ ਜੀ ਕੇ ਨਵਿਆਂ ਰਾਹਾਂ ਨੂੰ ਤੁਰ ਗਿਆ। ਡਾ. ਸੁਖਵਿੰਦਰ ਕੰਬੋਜ ਨੇ ਇਤਿਹਾਸ ਸਿਰਜਕ ਦਾ ਦਰਜਾ ਦਿੱਤਾ।

ਜ਼ਿਕਰਯੋਗ ਹੈ ਕਿ 2002 ਵਿਚ ਵਿਪਸਾਅ ਦਾ ਸੰਗਠਨ ਡਾ. ਸੁਰਜੀਤ ਪਾਤਰ ਦੇ ਕਰ-ਕਮਲਾਂ ਨਾ਼ਲ ਹੀ ਹੋਇਆ ਸੀ। ਇਸ ਲਈ ਉਹ ਵਿਪਸਾਅ ਦਾ ਅੰਗ ਹੀ ਸਨ। ਕੁਲਵਿੰਦਰ ਨੇ ਪਾਤਰ ਜੀ ਨਾਲ ਬਿਤਾਏ ਵਕਤਾਂ ਦੀਆਂ ਕਈ ਨਿੱਘੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਪਾਤਰ ਦੀ ਸ਼ਖ਼ਸੀਅਤ ਉੱਪਰ ਲਿਖੀ ਆਪਣੀ ਨਜ਼ਮ ਸੁਣਾ ਕੇ ਸ਼ਰਧਾਂਜਲੀ ਭੇਟ ਕੀਤੀ। ਅਮਰ ਸੂਫ਼ੀ ਨੇ ਦੋਹੜਾ ਛੰਦ ਵਿਚ ਪਾਤਰ ਜੀ ‘ਤੇ ਲਿਖਿਆ ਸ਼ਬਦ ਚਿੱਤਰ ਸੁਣਾਇਆ। ਜਸਵੀਰ ਗਿੱਲ ਨੇ ਕਿਹਾ ਕਿ ਪਾਤਰ ਸਾਹਿਬ ਕੁਦਰਤ ਅਤੇ ਧਰਤੀ ਨਾ਼ਲ ਜੁੜੇ ਹੋਏ ਸ਼ਾਇਰ ਸਨ। ਉਨ੍ਹਾਂ ਦੀ ਗ਼ਜ਼ਲ ‘ਮੈਂ ਰਾਹਾਂ ’ਤੇ ਨਹੀਂ ਤੁਰਦਾ’ ਮੈਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਇਹ ਸੱਚ ਹੈ ਕਿ ਸਾਰੀ ਦੁਨੀਆਂ ਪੈੜਾਂ ’ਤੇ ਹੀ ਤੁਰਦੀ ਹੈ। ਅਸੀਂ ਅਮਰੀਕਾ ਪਹੁੰਚ ਕੇ ਇਸ ਗ਼ਜ਼ਲ ਵਾਂਗ ਆਪਣੇ ਰਾਹ ਬਣਾਏ ਹਨ। ਲਾਲੀ ਧਨੋਆ ਨੇ ਕਿਹਾ ਕਿ ਇਸ ਦਰਵੇਸ਼ ਸ਼ਾਇਰ ਨੂੰ ਅਸੀਂ ਕਾਲਜ ਦੇ ਸਮੇਂ ਤੋਂ ਹੀ ਪੜ੍ਹਦੇ ਅਤੇ ਸੁਣਦੇ ਆਏ ਹਾਂ। ਹਰਪ੍ਰੀਤ ਧੂਤ ਨੇ ਕਿਹਾ ਕਿ ਉਹ ਪਾਤਰ ਸਾਹਿਬ ਨੂੰ ਭਾਵੇਂ ਮਿਲੀ ਪਰ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਦੇ ਇੰਝ ਮਹਿਸੂਸ ਹੁੰਦਾ ਕਿ ਉਹ ਮੇਰੇ ਨਾ਼ਲ ਹੀ ਹਨ। ਉਸ ਨੇ ਪਾਤਰ ਸਾਹਿਬ ਨੂੰ ਸਮਰਪਿਤ ਬਹੁਤ ਭਾਵ-ਪੂਰਤ ਨਜ਼ਮ ਪੇਸ਼ ਕੀਤੀ।

ਸੁਖਦੇਵ ਸਾਹਿਲ ਨੇ ਡਾ. ਪਾਤਰ ਦੀਆਂ ਗ਼ਜ਼ਲਾਂ ਦਾ ਗਾਇਨ ਕਰਕੇ ਸਮਾਂ ਬੰਨ੍ਹਦੇ ਹੋਏ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿਚ ਅਮਰੀਕ ਸਿੰਘ ਪੰਨੂੰ, ਮਨਜੀਤ ਪਲਾਹੀ, ਮਨਜੀਤ ਕੌਰ, ਕਮਲਜੀਤ ਸਿੰਘ ਬਾਸੀ, ਰਮਜੀਤ ਕੌਰ, ਜਸਵਿੰਦਰ ਧਨੋਆ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਰਿਮੀ ਸੰਧੂ, ਜੇਅ ਸੰਧੂ, ਇਜਾਜ਼ ਸਈਅਦ, ਕੁਲਦੀਪ ਸੇਖੋਂ, ਵਿਜੇ ਸਿੰਘ, ਤਾਰਾ ਸਾਗਰ, ਰਮੇਸ਼ ਬੰਗੜ, ਲਾਜ ਨੀਲਮ ਸੈਣੀ ਆਦਿ ਨੇ ਸ਼ਿਰਕਤ ਕੀਤੀ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਨੇ ਕੀਤਾ। ਅਗਲੇ ਮਹੀਨੇ ਦੀ ਬੈਠਕ ਵਿਚ ਹਰਪ੍ਰੀਤ ਕੌਰ ਧੂਤ ਦੇ ਕਹਾਣੀ ਸੰਗ੍ਰਹਿ ‘ਸੂਰਜ ਹਾਰ ਗਿਆ ਹੈ’ ’ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

**ਰਿਪੋਰਟ: ਲਾਜ ਨੀਲਮ ਸੈਣੀ**
**ਫੋਨ: 510-502-0551**

# ਦੁਨੀਆਂ ਨੇ ਵਸਦੀ ਰਹਿਣਾ ਏ ਸਾਡੇ ਬਗੈਰ ਵੀ










ਕੈਲਗਰੀ ਲੇਖਕ ਸਭਾ ਦੀ ਜੂਨ ਮਹੀਨੇ ਦੀ ਮੀਟਿੰਗ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਦੇ ਅਜੋਕੇ ਸਮੇਂ ਦੇ ਮਹਾਨ ਕਵੀ ਸੁਰਜੀਤ ਪਾਤਰ ਜੀ ਨੂੰ ਸ਼ਰਧਾਂਜਲੀ ਅਤੇ ਜੂਨ 1984 ਦੇ ਪਹਿਲੇ ਹਫ਼ਤੇ ਵਾਪਰੇ ਇਤਿਹਾਸਕ ਦੁਖਾਂਤ ਨੂੰ ਸਮਰਪਤ ਰਹੀ। ਮੀਟਿੰਗ ਜੂਨ 1,2024 ਨੂੰ ਪ੍ਰਧਾਨ ਜਸਵੀਰ ਸਿੰਘ ਸਿਹੋਤਾ, ਡਾ: ਜੋਗਾ ਸਿੰਘ ਸਹੋਤਾ ਅਤੇ ਗੁਰਦੀਸ਼ ਕੌਰ ਗਰੇਵਾਲ ਜੀ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਹੋਈ। ‘ਦੁਨੀਆਂ ਨੇ ਵਸਦੀ ਰਹਿਣਾ ਏ ਸਾਡੇ ਬਗੈਰ ਵੀ, ਤੂੰ ਐਵੇਂ ਤਪਿਆ ਤੜਪਿਆ ਤੇ ਉਲਝਿਆ ਨਾ ਕਰ’ ‘ਜੇ ਆਈ ਪੱਤਝੜ ਤਾਂ ਫੇਰ ਕੀ ਏ ਤੂੰ ਅਗਲੀ ਰੁੱਤ ਦੀ ਉਡੀਕ ਕਰ, ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ ਤੂੰ ਫੁੱਲਾਂ ਜੋਗੀ ਜ਼ਮੀਨ ਰੱਖ’ ਸੁਰਜੀਤ ਪਾਤਰ ਜੀ ਦੇ ਸਿਰਜੇ ਭਾਵਪੂਰਤ ਬੋਲਾਂ ਨੂੰ ਦੁਹਰਾ ਸਭਾ ਦੇ ਸਕੱਤਰ ਗੁਰਚਰਨ ਥਿੰਦ ਨੇ ‘ਪਾਤਰ’ ਜੀ ਨੂੰ ਆਸ਼ਾ ਭਰਪੂਰ ਬੋਲਾਂ ਦਾ ਰਚੇਤਾ, ਸਹਿਜਮੱਤੀ ਸਖ਼ਸ਼ੀਅਤ ਦਾ ਮਾਲਕ, ਆਪਣੇ ਨਰਮ ਬੋਲਾਂ ਨਾਲ ਹਰੇਕ ਨੂੰ ਸੌਖੇ ਹੀ ਮਿਲ ਸਕਣ ਵਾਲਾ ਵਿਅਕਤੀ ਆਖ ਸਤਿਕਾਰਿਆ ਅਤੇ ਨਾਲ ਹੀ ਚਾਰ ਦਹਾਕੇ ਪਹਿਲਾਂ ਸਿੱਖੀ ਦੇ ਧਾਰਮਿਕ ਸਥਾਨ ਤੇ ਵਾਪਰੇ ਦੁਖਾਂਤ ਦੇ ਫਲਸਰੂਪ ਪੰਜਾਬ ਤੇ ਪੰਜਾਬੀਆਂ ਦੀ ਦੁਰਗਤੀ ਨੂੰ ਯਾਦ ਕਰਦਿਆਂ ਉਸ ਕਾਲੇ ਦੌਰ ਦਾ ਅੱਖੀਂ ਡਿੱਠਾ ਹਾਲ ਸਾਂਝਾ ਕੀਤਾ।

ਉਪਰੰਤ ਜਸਵੰਤ ਸਿੰਘ ਸੇਖੋਂ ਜੀ ਅਤੇ ਅਮਨਪ੍ਰੀਤ ਸਿੰਘ ਨੇ ਰਲ ਕੇ ਲੇਖਕ ਦੀ ਕਲਮ ਦੀ ਉਸਤਤ ਕਰਦਿਆਂ, ‘ਘੋਰ ਕਾਲੀਆਂ ਰਾਤਾਂ ਨੂੰ ਉਹ ਬਖਸ਼ਣ ਸਦਾ ਉਜਾਲੇ, ਸੱਚ ਕਹਿਣ ਤੋਂ ਨਹੀਂ ਡੋਲਿਆ ਦੇਖਿਆ ਨੇੜੇ ਹੋਕੇ।’ ਬੋਲਾਂ ਨਾਲ ਉਸ ਦੇ ਸਮਾਜ ਲਈ ਸਾਰਥਿਕ ਯੋਗਦਾਨ ਨੂੰ ਕਵੀਸ਼ਰੀ ਦੇ ਰੂਪ ਵਿੱਚ ਗਾਇਆ। ਬਲਵਿੰਦਰ ਬਰਾੜ ਨੇ ਪੰਜਾਬ ਯੂਨੀਵਰਸਿਟੀ ਵਿੱਚ ਦਲੀਪ ਕੌਰ ਟਿਵਾਣਾ, ਪ੍ਰੇਮ ਪ੍ਰਕਾਸ਼ ਤੇ ਹੋਰ ਬਹੁਤ ਸਾਰੇ ਲੇਖਕਾਂ ਸਮੇਤ ਸੁਰਜੀਤ ਪਾਤਰ ਨਾਲ ਮਿਲਣ ਦੇ ਮੌਕਿਆਂ ਦਾ ਬੜੇ ਭਾਵਪੂਰਤ ਸ਼ਬਦਾਂ ਵਿੱਚ ਵਰਨਣ ਕਰਦਿਆਂ ਕਿਹਾ ਕਿ ‘ਜਿਂਵੇਂ ਫ਼ਸਲ ਪੱਕੀ ਤੋਂ ਖੇਤ ਵੱਢਿਆ ਜਾਂਦਾ ਤਾਂ ਸਿੱ਼ਲਾ ਚੁੱਗਣ ਵਾਲੀਆਂ ਵੀ ਪੰਜ ਸੱਤ ਸੇਰ ਦਾਣੇ ਬਣਾ ਲੈਂਦੀਆਂ। ਮੈਨੂੰ ਲਗਦਾ ਕਿ ਉਹ ਸਾਰੇ ਚਲੇ ਗਏ ਤੇ ਮੈਂ ਉਨ੍ਹਾਂ ਦੇ ਰਾਹੀਂ ਕੁੱਝ ਨਾ ਕੁੱਝ ਸੰਭਾਲ ਲਿਆ।’ ਉਨ੍ਹਾਂ ਸੁਰਜੀਤ ਪਾਤਰ ਦੇ ਬੋਲ ਕਿ ‘ਜਦੋਂ ਕਵਿਤਾ ਅਜੇ ਲਿਖੀ ਨਹੀਂ ਹੁੰਦੀ ਤਾਂ ਕਵਿਤਾ ਮੇਰੀ ਪਕੜ ਵਿੱਚ ਹੁੰਦੀ ਤੇ ਜਦੋਂ ਕਵਿਤਾ ਲਿਖ ਲਈ ਜਾਂਦੀ ਤਾਂ ਮੈਂ ਕਵਿਤਾ ਦੀ ਪਕੜ ਵਿੱਚ ਹੁੰਦਾ ਹਾਂ’ ਨੂੰ ਯਾਦ ਕਰਦਿਆਂ ਕਿਹਾ ਕਿ ਪਾਸ਼ ਦੀ ਕਵਿਤਾ ਵਿਦ੍ਰੋਹ ਦੀ ਕਵਿਤਾ ਹੈ ਤੇ ਸੁਰਜੀਤ ਪਾਤਰ ਦੀ ਕਵਿਤਾ ਰੋਹ ਦੀ ਕਵਿਤਾ ਹੈ। ਉਨ੍ਹਾਂ ਜੂਨ 84 ਦੇ ਦੁਖਾਂਤ ਬਾਰੇ ਕਿਹਾ ਕਿ ‘ਇਹ ਸਿੱਖ ਇਤਿਹਾਸ ਦੀ ਛਾਤੀ ਤੇ ਉੱਠਿਆ ਛਾਲਾ ਹੈ ਜੋ ਹਮੇਸ਼ਾਂ ਰਿਸਦਾ ਰਹੇਗਾ।’

ਅਮਨਪ੍ਰੀਤ ਸਿੰਘ ਨੇ ‘ਲੜਦਾ ਲੜਦਾ ਥੱਕ ਗਿਆਂ ਹੁਣ ਸੌਣਾ ਚਾਹੁੰਨਾ, ਬੁੱਕਲ ਤੇਰੀ ਵਿੱਚ ਮਾਏ ਮੈਂ ਸੌਣਾ ਚਾਹੁੰਨਾ’ ਬੋਲਾਂ ਨਾਲ ਹਾਜ਼ਰੀ ਲਵਾਈ। ਡਾ: ਜੋਗਾ ਸਿੰਘ ਜੀ ਨੇ ਕਿਹਾ ਕਿ ਸੁਰਜੀਤ ਪਾਤਰ ਦਾ ਕਹਿਣਾ ਸੀ ਕਿ ਉਹ ਸੰਗੀਤਕਾਰ ਬਣਨਾ ਚਾਹੁੰਦਾ ਸੀ। ਸੰਗੀਤ ਉਹਦੇ ਡੀ. ਐਨ. ਓ. ਵਿੱਚ ਸੀ ਇਸੇ ਕਰਕੇ ਉਹ ਕਵੀ ਦੇ ਨਾਲ ਨਾਲ ਵਧੀਆ ਗਾਇਕ ਵੀ ਸੀ। ਉਨ੍ਹਾਂ ਆਪਣੀ ਸੁਰੀਲੀ ਅਵਾਜ਼ ਵਿੱਚ ਸੁਖਵਿੰਦਰ ਅੰਮ੍ਰਿਤ ਦੀ ਲਿਖੀ ਗ਼ਜ਼ਲ ‘ਮੇਰੇ ਹਰ ਗ਼ਮ ਵਿੱਚ ਖ਼ੁਸ਼ੀ ਵੀ ਸ਼ਰੀਕ ਸੀ, ਸ਼ਾਇਦ ਕਿ ਜਿੰਦ ਮੇਰੀ ਨੂੰ ਤੇਰੀ ਉਡੀਕ ਸੀ।’ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਬੰਧ ਵਿੱਚ ‘ਕਿਉਂ ਧੜਕਦਾਂ ਏ ਕਾਤਲ ਲੈ ਹੱਸ ਕੇ ਜਾਨ ਮੇਰੀ, ਉਬਲਾਂ ਮੈਂ ਦੇਗ ਅੰਦਰ ਇਸ ਵਿੱਚ ਹੈ ਸ਼ਾਨ ਮੇਰੀ’ ਗੀਤ ਆਪਣੀ ਸੁਰੀਲੀ ਸੁਰ ਵਿੱਚ ਗਾਏ। ਸਰਦੂਲ ਸਿੰਘ ਲੱਖਾ ਨੇ ‘ਮੇਰਾ ਪਿੰਡ’ ਸਿਰਲੇਖ ਹੇਠ ਪੰਜਾਬ ਦੇ ਪਿੰਡਾਂ ਦੀ ਤ੍ਰਾਸਦੀ ਦਰਸਾਉਂਦੀ ਆਪਣੀ ਰਚਨਾ ‘ਮੇਰੇ ਪਿੰਡ ਨਾ ਆਈਂ ਸੋਹਣਿਆ ਜਿੱਥੇ ਤੂੰ ਆਉਂਦਾ ਹੁੰਦਾ ਸੀ’ ਅਤੇ ‘ਤਾਰੇ’ ਤੇ ‘ਪੰਛੀ’ ਨਾਂ ਦੀਆਂ ਦੋ ਹੋਰ ਰਚਨਾਵਾਂ ਪੇਸ਼ ਕੀਤੀਆਂ। ਜਸਵੰਤ ਸਿੰਘ ਕਪੂਰ ਨੇ ਵੀ ਦੁਖਦ ਸਮਿਆਂ ਦੀਆਂ ਯਾਦਾਂ ਸਾਝੀਆਂ ਕੀਤੀਆਂ।

ਗੁਰਨਾਮ ਕੌਰ ਜੀ ਨੇ ਸਿੱਖ ਇਤਿਹਾਸ ਦੇ ਉਹ ਪੰਨੇ, ਜਦੋਂ ਸਿੱਖਾਂ ਦੇ ਘਰ ਉਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਹੁੰਦੇ ਸਨ, ਫਰੋਲਦਿਆਂ ਪਹਿਲੇ ਘਲੂਘਾਰੇ ਤੋਂ ਲੈ ਕੇ 1984 ਦੇ ਘਲੂਘਾਰੇ ਤੱਕ ਦੇ ਜ਼ੋਖਮਾਂ ਭਰੇ ਇਤਿਹਾਸ ਦਾ ਵਰਨਣ ‘ਕਦੇ ਚਰਖੜੀਆਂ ਤੋਂ ਬਾਦ ਕਦੇ ਆਰਿਆ ਤੋਂ ਬਾਦ, ਪੰਥ ਉੱਠਦਾ ਏ ਘਲੂਘਾਰਿਆਂ ਤੋਂ ਬਾਦ’ ਬੋਲਾਂ ਨਾਲ ਕੀਤਾ। ਸਰਬਜੀਤ ਉੱਪਲ ਨੇ ‘ਸੁਰਜੀਤ ਪਾਤਰ ਜੀ ਦੀ ਇੱਕ ਕਵਿਤਾ ਨਾਲ ਹਾਜ਼ਰੀ ਲਵਾਈ। ਗੁਰਦੀਸ਼ ਗਰੇਵਾਲ ਨੇ ਸੁਰਜੀਤ ਪਾਤਰ ਜੀ ਨਾਲ ਆਪਣੀਆਂ ਸਾਂਝਾਂ ਨੂੰ ਯਾਦ ਕੀਤਾ ਅਤੇ ਆਪਣੀ ਕਿਤਾਬ ‘ਸਰਘੀ ਦਾ ਸੂਰਜ’ ਦੇ ਕਵਰ ਲਈ ਪਾਤਰ ਜੀ ਦੇ ਲਿਖੇ ਸ਼ਬਦ ਪੜ੍ਹ ਕੇ ਸੁਣਾਏ ਅਤੇ ਪਾਤਰ ਜੀ ਲਈ ਲਿਖੇ ਆਪਣੇ ਸ਼ਰਧਾਂਜਲੀ ਬੋਲ “ਪਾਤਰ ਸਾਹਿਬ ਦੀ ਮੈਂ ਅੜੀਓ ਕੀ ਕੀ ਸਿਫ਼ਤ ਸੁਣਾਵਾਂ, ਰੱਬੀ ਗੁਣ ਦਾਤੇ ਨੇ ਦਿੱਤੇ ਉਨ੍ਹਾਂ ਦੇ ਗੁਣ ਗਾਵਾਂ” ਸੁਣਾਏ। ਦਰਸ਼ਨ ਸਿੰਘ ਜੀ ਨੇ ਪਾਤਰ ਸਾਹਿਬ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਏ ਕੁੱਝ ਪਲਾਂ ਦੇ ਮੇਲ ਦਾ ਜ਼ਿਕਰ ਕੀਤਾ ਅਤੇ ‘ਐ ਖ਼ੁਦਾ ਦੁਆ ਕਰਤਾ ਹੂੰ ਲੜਖੜਾਏਂ ਨਾ ਯਹ ਕਦਮ, ਉਠੇ ਹੈਂ ਜੋ ਕਦਮੋਂ ਕੀ ਕਦਮਬੋਸੀ ਕੇ ਲੀਏ’ ਗ਼ਜ਼ਲ ਪੇਸ਼ ਕੀਤੀ।

ਡਾ: ਸੁਖਵਿੰਦਰ ਸਿੰਘ ਥਿੰਦ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਵਾਈਸ ਚਾਂਸਲਰ ਐਮ.ਐਸ.ਰੰਧਾਵਾ ਵੇਲੇ ਪ੍ਰੋ: ਮੋਹਨ ਸਿੰਘ ਦੁਆਰਾ ਸੁਰਜੀਤ ਪਾਤਰ ਜੀ ਨੂੰ ‘ਲੈਂਗੈਏਜ਼ ਤੇ ਕਲਚਰਲ ਡੀਪਾਰਟਮੈਂਟ’ ਵਿੱਚ ਪ੍ਰੋਫੈਸਰ ਵਜੋਂ ਲਿਆਉਣ ਬਾਰੇ ਦੱਸਿਆ ਅਤੇ ਉਨ੍ਹਾਂ ਦੇ ਜੀਵਨ ਦੀਆਂ ਯਾਦਗਾਰੀ ਗੱਲਾਂ ਦੀ ਸਾਂਝ ਪਾਈ।

ਕਪੂਰਥਲੇ ਜ਼ਿਲੇ ਦੇ ਲੋਹੀਆਂ ਪਿੰਡ ਦੇ ਜੰਮਪਲ਼ ਜਾਣੇ-ਮਾਣੇ ਨਾਟਕਕਾਰ ਸ਼ੁਬੇਧੂ ਸ਼ਰਮਾ ਜੀ ਨੇ ਸਰਹਿੰਦ ਵਿਖੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਸਰਹਿੰਦ ਦੇ ਸੂਬੇਦਾਰ ਅਤੇ ਉਸ ਦੇ ਅਹਿਲਕਾਰ ਦਿਲਾਵਰ ਦਰਮਿਆਨ ਹੋਏ ਵਾਰਤਾਲਾਪ ਦਾ ਦ੍ਰਿਸ਼ ਨਾਟਕੀ ਰੂਪ ਵਿੱਚ ਪੇਸ਼ ਕਰ ਕਮਾਲ ਕਰ ਦਿੱਤਾ। ਗੁਰਮੀਤ ਸਿੰਘ ਤੰਬੜ ਜੀ ਨੇ 1984 ਦੇ ਦੁਖਾਂਤ ਨੂੰ ਕੌਮ ਦੀ ਨਸਲਕੁਸ਼ੀ ਆਖ ਉਸ ਦੌਰ ਦੇ ਅੱਖੀਂ ਡਿੱਠੇ ਤੇ ਹੰਢਾਏ ਦੁਖਾਂਤ ਨੂੰ ਬਿਆਨਿਆ। ਪ੍ਰੀਤਸਾਗਰ ਸਿੰਘ ਨੇ ‘ਆਨੰਦਪੁਰ ਦੇ ਜੰਮਿਆ ਨੂੰ ਦੱਸ ਕਦੋਂ ਤੂੰ ਆਪਣਾ ਮੰਨਿਆ ਏ’ ਬੋਲਾਂ ਨਾਲ ਆਪਣਾ ਰੋਹ ਪ੍ਰਗਟਾਇਆ। ਜਗਦੇਵ ਸਿੰਘ ਸਿੱਧੂ ਨੇ ਆਖਿਆ ਕਿ ਸੁਰਜੀਤ ਪਾਤਰ ਦੇ ਸੋਗ ਵਿੱਚ ਖਲੋਤੇ ਬ੍ਰਿਖ ਵੀ ਸ਼ਾਮਲ ਨੇ ਕਿਉਂਕਿ ਉਹ ਬ੍ਰਿਖਾਂ ਦੇ ਅਹਿਸਾਸਾਂ ਦਾ ਰਚੇਤਾ ਸੀ। ਪ੍ਰਧਾਨ ਜਸਵੀਰ ਸਿਹੋਤਾ ਜੀ ਨੇ ‘ਚਾਨਣ ਕਰਦਾਂ ਰਹੀਂ ਮਾਲਕਾ ਜ਼ਿੰਦਗੀ ’ਚ ਕਦੇ ਨਾ ਰਾਤ ਹੋਵੇ’ ਸ਼ਬਦਾਂ ਨਾਲ ਭਾਵਪੂਰਤ ਲੇਖਣੀ ਦੇ ਲੇਖਕ ਸੁਰਜੀਤ ਪਾਤਰ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ ਅਤੇ ਆਪਣੀ ਰਚਨਾ ਸਾਂਝੀ ਕੀਤੀ। ਉਨ੍ਹਾਂ ਸਭ ਹਾਜ਼ਰੀਨ ਦਾ ਅੱਜ ਦੀ ਮੀਟਿੰਗ ਵਿੱਚ ਉਨ੍ਹਾਂ ਦੀ ਸਾਰਥਿਕ ਹਾਜ਼ਰੀ ਲਈ ਤਹਿ ਦਿਲੋਂ ਧੰਨਵਾਦ ਕੀਤਾ। ਅੰਤ ਵਿੱਚ ਗੁਰਚਰਨ ਕੌਰ ਥਿੰਦ ਨੇ ਪਾਤਰ ਜੀ ਦੀ ਅੰਤਮ ਕਵਿਤਾ, ‘ਜੀਵਨ ਦੀਆਂ ਸ਼ਾਮਾਂ ਪੈ ਗਈਆਂ, ਕਈ ਗੱਲਾਂ ਦਿਲ ਵਿੱਚ ਰਹਿ ਗਈਆਂ। ਕਈ ਕੰਮ ਅਣਕੀਤੇ ਰਹਿ ਗਏ ਨੇ, ਕਈ ਮਾਫ਼ੀ ਮੰਗਣ ਵਾਲੀਆਂ ਵੀ’ ਸੁਣਾਈ’ ਅਤੇ ਸਭ ਦਾ ਧੰਨਵਾਦ ਕਰ ਮੀਟਿੰਗ ਦੀ ਸਮਾਪਤੀ ਕੀਤੀ।

**-ਗੁਰਚਰਨ ਕੌਰ ਥਿੰਦ**
**ਸਕੱਤਰ, ਕੈਲਗਰੀ ਲੇਖਕ ਸਭਾ**
**ਫੋਨ: 403-402-9635**

ਪੰਜਾਬ ਟਾਈਮਜ਼

ਸ਼ਨਿਚਰਵਾਰ, 8 ਜੂਨ, 2024

# ਚੋਣ ਨਤੀਜਿਆਂ ਦੇ ਅਰਥ

ਭਾਰਤ ਵਿਚ ਪਿਛਲੇ ਡੇਢ ਮਹੀਨੇ ਤੋਂ ਚੱਲ ਰਹੇ ਲੋਕ ਸਭਾ ਚੋਣ ਅਮਲ ਦੇ ਨਤੀਜੇ ਹੁਣ ਸਭ ਦੇ ਸਾਹਮਣੇ ਹਨ। ਮੁਲਕ ਵਿਚ ਭਾਵੇਂ ਭਾਰਤੀ ਜਨਤਾ ਪਾਰਟੀ ਲਗਾਤਾਰ ਤੀਜੀ ਵਾਰ ਕੇਂਦਰ ਵਿਚ ਸਰਕਾਰ ਬਣਾ ਲਵੇਗੀ ਪਰ ਇਨ੍ਹਾਂ ਚੋਣ ਨਤੀਜਿਆਂ ਨੇ ਇਕ ਵਾਰ ਤਾਂ ਭਾਰਤੀ ਜਨਤਾ ਪਾਰਟੀ ਦੀ ਉਸ ਮੁਹਿੰਮ ਨੂੰ ਠੱਲ੍ਹ ਪਾ ਦਿੱਤੀ ਹੈ ਜਿਸ ਤਹਿਤ ਇਹ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਾਹ ਪਈ ਹੋਈ ਸੀ। ਕੁਝ ਸਿਆਸੀ ਵਿਸ਼ਲੇਸ਼ਕਾਂ ਦਾ ਭਾਵੇਂ ਇਹ ਕਹਿਣਾ ਹੈ ਕਿ ਆਪਣੀ ਕੱਟੜ ਸਿਆਸਤ ਰਾਹੀਂ ਰਾਸ਼ਟਰੀ ਸਵੈਮਸੇਵਮ ਸੰਘ ਜਿਸ ਤਰ੍ਹਾਂ ਸਰਕਾਰ ਅਤੇ ਸਟੇਟ ਅੰਦਰ ਆਪਣੀ ਡੂੰਘੀ ਘੁਸਪੈਠ ਕਰ ਚੁੱਕਾ ਹੈ, ਉਸ ਨਾਲ ਭਾਰਤ ਹਿੰਦੂ ਰਾਸ਼ਟਰ ਤਾਂ ਇਕ ਤਰ੍ਹਾਂ ਨਾਲ ਬਣਿਆ ਪਿਆ ਹੈ ਪਰ ਲੋਕ ਸਭਾ ਚੋਣਾਂ ਵਿਚ ਇਕੱਲਿਆਂ ਬਹੁਮਤ ਨਾ ਮਿਲਣ ਕਾਰਨ ਇਸ ਪਾਰਟੀ ਦਾ ਏਜੰਡਾ ਹੁਣ ਆਉਣ ਵਾਲੇ ਸਮੇਂ ਦੌਰਾਨ ਮੱਠਾ ਪੈਣ ਦੇ ਆਸਾਰ ਬਣ ਗਏ ਹਨ; ਨਹੀਂ ਤਾਂ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਆਪਣੀ ਮਰਜ਼ੀ ਦੀ ਸਿਆਸਤ ਕਰ ਰਹੇ ਸਨ ਅਤੇ ਮੁਲਕ ਅੰਦਰ ਘੱਟ-ਗਿਣਤੀਆਂ 'ਤੇ ਲਗਾਤਾਰ ਹਮਲੇ ਕਰ ਰਹੇ ਸਨ। ਭਾਰਤੀ ਜਨਤਾ ਪਾਰਟੀ ਦਾ ਦਾਅਵਾ ਸੀ ਕਿ ਇਸ ਵਾਰ ਇਹ ਇਕੱਲਿਆਂ 370 ਸੀਟਾਂ ਹਾਸਲ ਕਰੇਗੀ ਅਤੇ ਇਨ੍ਹਾਂ ਦਾ ਗੱਠਜੋੜ ਐੱਨ.ਡੀ.ਏ. 400 ਤੋਂ ਉਤੇ ਸੀਟਾਂ ਜਿੱਤੇਗਾ। ਪਾਰਟੀ ਦੇ ਕਈ ਲੀਡਰ ਪਿਛਲੇ ਕੁਝ ਸਮੇਂ ਤੋਂ ਮੁਲਕ ਦਾ ਸੰਵਿਧਾਨ ਬਦਲਣ ਦੀਆਂ ਗੱਲਾਂ ਵੀ ਕਰਨ ਲੱਗ ਪਏ ਸਨ। ਯਾਦ ਰਹੇ ਕਿ ਆਰ.ਐੱਸ.ਐੱਸ. ਮੁੱਢ ਤੋਂ ਹੀ ਭਾਰਤ ਦੇ ਸੰਵਿਧਾਨ ਨੂੰ ਨਹੀਂ ਮੰਨਦੀ ਅਤੇ ਇਹ ਆਪਣੇ ਹੈੱਡਕੁਆਰਟਰ ਜੋ ਨਾਗਪੁਰ (ਮਹਾਰਾਸ਼ਟਰ ਵਿਚ ਸਥਿਤ ਹੈ) ਵਿਚ ਮੁਲਕ ਦਾ ਕੌਮੀ ਝੰਡਾ ਲਹਿਰਾਉਣ ਤੋਂ ਵੀ ਇਨਕਾਰੀ ਰਹੀ ਹੈ।

ਅਸਲ ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਗਦਾ ਸੀ ਕਿ ਉਹ ਲੋਕਾਂ ਨੂੰ ਆਪਣੇ ਭਰਮਾਊ ਭਾਸ਼ਣਾਂ ਨਾਲ ਵਰਗਲਾ ਕੇ ਪਿਛਲੀ ਵਾਰ ਨਾਲੋਂ ਵੀ ਵੱਧ ਸੀਟਾਂ ਹਾਸਲ ਕਰ ਲੈਣਗੇ। ਹਾਲਾਂਕਿ 2014 ਅਤੇ 2019 ਵਿਚ ਬਹੁਮਤ ਹਾਸਲ ਕਰਨ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਅਤੇ ਨਰਿੰਦਰ ਮੋਦੀ ਨੇ ਐੱਨ.ਡੀ.ਏ. ਕਾਇਮ ਰੱਖਿਆ ਸੀ ਪਰ ਸਰਕਾਰ ਅੰਦਰ ਐੱਨ.ਡੀ.ਏ. ਭਾਈਵਾਲਾਂ ਦੀ ਵੁਕਅਤ ਕੋਈ ਨਹੀਂ ਸੀ। ਮੋਦੀ ਨੇ ਸੱਤਾ ਉਤੇ ਇਸ ਹਿਸਾਬ ਨਾਲ ਕਬਜ਼ਾ ਕੀਤਾ ਕਿ ਐੱਨ.ਡੀ.ਏ. ਭਾਈਵਾਲਾਂ ਦੀ ਹਾਲਤ ਨਾ ਹੋਇਆਂ ਵਰਗੀ ਹੋ ਗਈ। ਹੋਰ ਤਾਂ ਹੋਰ, ਮੋਦੀ ਨੇ ਆਪਣੀ ਹੀ ਪਾਰਟੀ ਉਤੇ ਇਕ ਤਰ੍ਹਾਂ ਨਾਲ ਕਬਜ਼ਾ ਕਰ ਲਿਆ ਸੀ। ਉਸ ਦੀਆਂ ਤਾਨਾਸ਼ਾਹੀ ਰੁਚੀਆਂ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਹੋ ਜਾਂਦਾ ਹੈ ਕਿ ਐਤਕੀਂ ਉਸ ਨੇ ਭਾਰਤੀ ਜਨਤਾ ਪਾਰਟੀ ਜਾਂ ਆਪਣੀ ਸਰਕਾਰ ਦੇ ਨਾਂ 'ਤੇ ਵੋਟਾਂ ਨਹੀਂ ਮੰਗੀਆਂ ਸਗੋਂ 'ਮੋਦੀ ਦੀ ਗਾਰੰਟੀ' ਵਾਲਾ ਜੁਮਲਾ ਚਲਾ ਕੇ ਲੋਕਾਂ ਨੂੰ ਆਪਣੇ ਮਗਰ ਲਾਉਣ ਦਾ ਯਤਨ ਕੀਤਾ। ਉਂਝ, ਚੋਣਾਂ ਤੋਂ ਪਹਿਲਾਂ ਹੀ ਆਏ ਕੁਝ ਅਧਿਐਨਾਂ ਵਿਚ ਹੀ ਸਪਸ਼ਟ ਹੋ ਗਿਆ ਕਿ ਜ਼ਮੀਨੀ ਪੱਧਰ 'ਤੇ ਹਾਲਾਤ ਭਾਰਤੀ ਜਨਤਾ ਪਾਰਟੀ ਜਾਂ ਮੋਦੀ ਦੇ ਹੱਕ ਵਿਚ ਨਹੀਂ ਜਾ ਰਹੇ। ਮੋਦੀ ਅਤੇ ਭਾਰਤੀ ਜਨਤਾ ਪਾਰਟੀ ਜਿਸ ਤਰ੍ਹਾਂ ਧਰੁਵੀਕਰਨ ਦੀ ਸਿਆਸਤ ਰਾਹੀਂ ਵੱਧ ਵੋਟਾਂ ਹਾਸਲ ਕਰਨ ਦੇ ਯਤਨ ਕਰਦੇ ਹਨ, ਉਹ ਇਸ ਵਾਰ ਹੋ ਨਹੀਂ ਸਕਿਆ। ਲੋਕਾਂ ਉਤੇ ਬੇਰੁਜ਼ਗਾਰੀ ਅਤੇ ਮਹਿੰਗਾਈ ਦਾ ਅਸਰ ਹੋ ਰਿਹਾ ਸੀ ਅਤੇ ਉਹ ਇਸ ਬਾਰੇ ਸੱਤਾ ਨੂੰ ਸਵਾਲ ਵੀ ਕਰ ਰਹੇ ਸਨ। ਇਸੇ ਕਰਕੇ ਹੀ ਭਾਰਤੀ ਜਨਤਾ ਪਾਰਟੀ ਨੂੰ ਜਨਵਰੀ ਵਿਚ ਅਯੁੱਧਿਆ 'ਚ ਅਧੂਰੇ ਰਾਮ ਮੰਦਰ ਦਾ ਉਦਘਾਟਨ ਕਰਨਾ ਪਿਆ ਤਾਂ ਕਿ ਧਰਮ ਦੇ ਆਧਾਰ 'ਤੇ ਧਰੁਵੀਕਰਨ ਕੀਤਾ ਜਾ ਸਕੇ। ਹੇਠਲੇ ਪੱਧਰ 'ਤੇ ਇਸ ਦਾ ਬਹੁਤ ਘੱਟ ਅਸਰ ਦੇਖਣ ਨੂੰ ਮਿਲਿਆ ਸਗੋਂ ਉਤਰ ਪ੍ਰਦੇਸ਼ ਜਿੱਥੇ ਸਭ ਤੋਂ ਵੱਧ 80 ਲੋਕ ਸਭਾ ਸੀਟਾਂ ਹਨ, ਵਿਚ ਭਾਰਤੀ ਜਨਤਾ ਪਾਰਟੀ ਨੂੰ ਵੱਡੀ ਪਛਾੜ ਦਾ ਸਾਹਮਣਾ ਕਰਨਾ ਪਿਆ ਹੈ।

ਪੰਜਾਬ ਦੇ ਨਤੀਜੇ ਵੀ ਆਮ ਨਾਲੋਂ ਕਾਫੀ ਵੱਖਰੇ ਰਹੇ ਹਨ। ਦੋ ਸਾਲ ਪਹਿਲਾਂ ਪੂਰੇ ਧੜੱਲੇ ਨਾਲ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ ਹਨ। ਸਭ ਤੋਂ ਵੱਧ, 7 ਸੀਟਾਂ ਉਤੇ ਕਾਂਗਰਸ ਨੂੰ ਜਿੱਤ ਮਿਲੀ। ਸ਼੍ਰੋਮਣੀ ਅਕਾਲੀ ਦਲ ਨੂੰ ਇਕ ਸੀਟ ਹੀ ਮਿਲ ਸਕੀ ਅਤੇ ਦੋ ਸੀਟਾਂ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ ਜਿਨ੍ਹਾਂ ਵਿਚ 'ਵਾਰਿਸ ਪੰਜਾਬ ਦੇ' ਜਥੇਬੰਦੀ ਦਾ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਇੰਦਰਾ ਗਾਂਧੀ ਦੇ ਕਤਲ ਕੇਸ ਵਿਚ ਸ਼ਾਮਿਲ ਬੇਅੰਤ ਸਿੰਘ ਦਾ ਪੁੱਤਰ ਸਰਬਜੀਤ ਸਿੰਘ ਸ਼ਾਮਿਲ ਹਨ। ਇਸ ਵਾਰ ਕਾਂਗਰਸ ਨੂੰ 26.30 ਫੀਸਦੀ ਵੋਟਾਂ ਮਿਲੀਆਂ ਹਨ। ਆਮ ਆਦਮੀ ਪਾਰਟੀ ਨੂੰ ਭਾਵੇਂ ਤਕਰੀਬਨ ਕਾਂਗਰਸ ਜਿੰਨੀਆਂ ਹੀ, 26.02 ਫੀਸਦੀ ਵੋਟਾਂ ਮਿਲੀਆਂ ਪਰ ਸੀਟਾਂ ਜਿੱਤਣ ਦਾ ਫਰਕ ਬਹੁਤ ਜ਼ਿਆਦਾ ਹੈ। ਵੋਟ ਫੀਸਦ ਦੇ ਹਿਸਾਬ ਨਾਲ ਭਾਰਤੀ ਜਨਤਾ ਪਾਰਟੀ ਤੀਜੇ ਸਥਾਨ 'ਤੇ ਰਹੀ। ਇਸ ਨੂੰ ਕੁੱਲ 18.56 ਫੀਸਦੀ ਵੋਟਾਂ ਮਿਲੀਆਂ ਹਨ। ਇਹ ਆਪਣੀ ਪੁਰਾਣੀ ਭਾਈਵਾਲ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਨਾਲੋਂ ਵੀ ਵੱਧ ਵੋਟਾਂ ਲੈ ਗਈ ਹੈ। ਅਕਾਲੀ ਦਲ ਨੂੰ 13.42 ਫੀਸਦ ਵੋਟਾਂ ਮਿਲੀਆਂ। ਯਾਦ ਰਹੇ ਕਿ ਭਾਰਤੀ ਜਨਤਾ ਪਾਰਟੀ ਪਹਿਲਾਂ ਅਕਾਲੀ ਦਲ ਦੇ ਛੋਟੇ ਭਾਈਵਾਲ ਵਜੋਂ ਚੋਣ ਲੜਦੀ ਹੁੰਦੀ ਸੀ। ਇਸ ਸਮਝੌਤੇ ਤਹਿਤ ਭਾਰਤੀ ਜਨਤਾ ਪਾਰਟੀ ਤਿੰਨ ਅਤੇ ਅਕਾਲੀ ਦਲ ਦਸ ਹਲਕਿਆਂ ਤੋਂ ਆਪੋ-ਆਪਣੇ ਉਮੀਦਵਾਰ ਖੜ੍ਹੇ ਕਰਦੇ ਹੁੰਦੇ ਸਨ। ਇਸ ਵਾਰ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਦੀਆ ਜਿੱਤਾਂ ਨੇ ਪੰਜਾਬ ਅੰਦਰ ਨਵੇਂ ਸਿਆਸੀ ਸਮੀਕਰਨਾਂ ਦੀ ਕਨਸੋਅ ਦਿੱਤੀ ਹੈ। ਅਕਾਲੀ ਦਲ ਨੂੰ ਲਗਾਤਾਰ ਪਛਾੜ ਵੱਜ ਰਹੀ ਹੈ। ਹੁਣ ਦੇਖਣਾ ਇਹ ਹੈ ਕਿ ਇਹ ਦੋਵੇਂ ਆਪਣੀ ਜਿੱਤ ਨਾਲ ਪੰਜਾਬ ਅਤੇ ਅਕਾਲੀ ਦਲ ਦੀ ਸਿਆਸਤ ਅੰਦਰ ਕੋਈ ਤਬਦੀਲੀ ਲਿਆ ਸਕਣ ਦੇ ਸਮਰੱਥ ਹਨ ਜਾਂ ਆਮ ਵਾਂਗ ਇਹ ਜਿੱਤਾਂ ਵੀ ਵਕਤੀ ਜਿੱਤਾਂ ਵਾਂਗ ਇਤਿਹਾਸ ਦੇ ਕਿਸੇ ਪੰਨੇ ਹੇਠ ਦਬ ਜਾਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹਾਰ ਬਨਾਮ ਹਾਰ !

'ਚਾਰ ਜੂਨ' ਨੇ ਕਿਸੇ ਨੂੰ ਸਾੜ ਦਿੱਤਾ ਸੀਨਾ ਕਿਸੇ ਦਿੱਤਾ ਏ 'ਠਾਰ' ਮੀਆਂ।
ਡੁੱਬ ਗਏ ਨੇ ਸੁਪਨਿਆਂ ਸਣੇ ਬਹੁਤੇ ਬੇੜਾ ਕਿਸੇ ਦਾ ਹੋ ਗਿਆ ਪਾਰ ਮੀਆਂ।
ਪੈ ਗਿਆ ਹੈ ਭੋਗ 'ਕਿਆਫਿਆਂ' ਦਾ ਪੱਤਰਕਾਰ ਸਨ ਰਹੇ 'ਉਚਾਰ' ਮੀਆਂ।
ਹੁਣ ਚੱਲੇ ਗੱਲ ਬਈ 'ਸੌਦਿਆਂ' ਦੀ ਬਾਹਰ ਬਣੇ ਗੀ ਖੰਭ੍ਹਾਂ ਦੀ ਡਾਰ ਮੀਆਂ।
ਜੋੜ-ਤੋੜ ਦੀ 'ਖੇਡ' ਵੀ ਸ਼ੁਰੂ ਕਰਨੀਂ ਪਿੱਛੇ ਸੁੱਟ ਕੇ ਅੰਦਰਲੀ ਖਾਰ ਮੀਆਂ।
ਹਾਰ ਹੋ ਗਈ ਏ ਕਿਸਮਤਾਂ ਮਾੜੀਆਂ ਦੀ ਪੈ ਗਏ ਕਿਸੇ ਦੇ ਗ.ਲੇ ਵਿਚ ਹਾਰ ਮੀਆਂ!

# ਰਣਜੀਤ ਕਤਲ ਕੇਸ: ਡੇਰਾ ਮੁਖੀ ਦੇ ਬਰੀ ਹੋਣ ਦੇ ਮਾਇਨੇ

**ਰਣਜੀਤ ਕਤਲ ਕਾਂਡ ਦੀ ਜਾਂਚ ਦੇ ਆਧਾਰ 'ਤੇ ਪੰਚਕੂਲਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ 18 ਅਕਤੂਬਰ 2021 ਨੂੰ ਗੁਰਮੀਤ ਰਾਮ ਰਹੀਮ ਸਮੇਤ ਡੇਰੇ ਨਾਲ ਸਬੰਧਿਤ ਕ੍ਰਿਸ਼ਨ ਲਾਲ, ਅਵਤਾਰ ਸਿੰਘ, ਸਬਦਿਲ ਸਿੰਘ ਅਤੇ ਜਸਵੀਰ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ। ਹੁਣ ਇਸ ਕੇਸ ਵਿਚੋਂ ਡੇਰਾ ਮੁਖੀ ਦੇ ਬਰੀ ਹੋਣ ਨਾਲ ਦੋ ਸਵਾਲ ਉੱਠਣੇ ਸੁਭਾਵਕ ਹਨ: ਪਹਿਲਾ, ਸੀ.ਬੀ.ਆਈ. ਜਾਂਚ ਦਾ ਅਦਾਲਤ ਵਿਚ ਟਿਕ ਨਾ ਸਕਣਾ ਜਾਂਚ ਏਜੰਸੀਆਂ ਦੀ ਭਰੋਸੇਯੋਗਤਾ ਉੱਪਰ ਸਵਾਲ ਖੜ੍ਹੇ ਕਰਦਾ ਹੈ। ਦੂਜਾ, ਰਸੂਖਵਾਨਾਂ ਖਿਲਾਫ ਕੇਸਾਂ ਦੀ ਸਹੀ ਢੰਗ ਨਾਲ ਪੈਰਵਾਈ ਤੋਂ ਅਕਸਰ ਹੀ ਸਰਕਾਰਾਂ/ਜਾਂਚ ਏਜੰਸੀਆਂ ਪੈਰ ਪਿਛਾਂਹ ਖਿੱਚ ਲੈਂਦੀਆਂ ਹਨ।**



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਮਈ ਮਹੀਨੇ ਦੇ ਆਖਰੀ ਹਫਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ 22 ਸਾਲ ਪੁਰਾਣੇ ਰਣਜੀਤ ਸਿੰਘ ਕਤਲ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ। ਇਸ ਮਾਮਲੇ ਵਿਚ ਸੀ.ਬੀ.ਆਈ. ਦੀ ਅਦਾਲਤ ਨੇ ਡੇਰਾ ਮੁਖੀ ਸਣੇ 5 ਜਣਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਪੰਜਾਬ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਸਮੇਤ ਅੱਠ ਸੂਬਿਆਂ ਵਿਚ ਹੋਈਆਂ ਆਖਰੀ ਗੇੜ ਦੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਡੇਰਾ ਮੁਖੀ ਨੂੰ ਕਤਲ ਕੇਸ ਵਿਚੋਂ ਬਰੀ ਕਰਨ ਦਾ ਮਾਮਲਾ ਕਈ ਪਹਿਲੂਆਂ ਤੋਂ ਦੇਖਿਆ ਜਾ ਰਿਹਾ ਹੈ ਕਿਉਂਕਿ ਬਲਾਤਕਾਰ, ਕਤਲ ਵਰਗੇ ਗੰਭੀਰ ਦੋਸ਼ਾਂ ਤਹਿਤ ਜੇਲ੍ਹ ਵਿਚ ਬੰਦ ਡੇਰਾ ਮੁਖੀ ਨੂੰ ਚੋਣ ਪ੍ਰਕਿਰਿਆ ਦਰਮਿਆਨ ਮਿਲੀ ਇਹ ਵੱਡੀ ਰਾਹਤ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਡੇਰਾ ਮੁਖੀ ਨੂੰ ਬਰੀ ਕਰਨ ਸਮੇਂ ਹਾਈ ਕੋਰਟ ਨੇ ਸੀ.ਬੀ.ਆਈ. ਦੇ ਪੇਸ਼ ਕੀਤੇ ਸਬੂਤਾਂ ਦੀ ਭਰੋਸੇਯੋਗਤਾ ਉੱਪਰ ਪ੍ਰਸ਼ਨ ਚਿੰਨ੍ਹ ਲਾਉਂਦਿਆਂ ਕਿਹਾ ਹੈ ਕਿ ਕਿ ਜਾਂਚ ਅਫਸਰਾਂ ਨੇ ਬਹੁਤ 'ਕੱਚਘਰੜ ਤੇ ਮਾੜੀ' ਜਾਂਚ ਕੀਤੀ ਹੈ। ਮਤਲਬ ਸਾਫ ਹੈ ਕਿ ਸੀ.ਬੀ.ਆਈ. ਦੀ 'ਢਿੱਲ' ਦਾ ਲਾਹਾ ਡੇਰਾ ਮੁਖੀ ਨੂੰ ਮਿਲਿਆ ਹੈ।

ਜਦ ਅਸੀਂ ਰਣਜੀਤ ਸਿੰਘ ਦਾ ਡੇਰੇ ਸਿਰਸਾ ਨਾਲ ਸਬੰਧ ਸਮਝਾਂਗੇ ਤਾਂ ਕਤਲ ਪਿਛਲੀ ਵਜ੍ਹਾ ਵੀ ਸਮਝ ਪੈਂਦੀ ਜਾਵੇਗੀ। ਕੁਰੂਕਸ਼ੇਤਰ ਜ਼ਿਲ੍ਹੇ ਦੇ ਪਿੰਡ ਖਾਨਪੁਰ ਕੋਲੀਆਂ ਦਾ ਵਸਨੀਕ ਰਣਜੀਤ ਸਿੰਘ ਡੇਰਾ ਸਿਰਸਾ ਦੇ ਮੂਹਰਲੀ ਕਤਾਰ ਦੇ ਸ਼ਰਧਾਲੂਆਂ ਤੇ ਪ੍ਰਬੰਧਕਾਂ ਵਿਚੋਂ ਇਕ ਸੀ। ਉਸ ਦੀ ਡੇਰਾ ਮੁਖੀ ਨਾਲ ਬਹੁਤ ਨੇੜਤਾ ਸੀ ਤੇ ਉਸ ਦਾ ਪੂਰਾ ਪਰਿਵਾਰ ਡੇਰੇ ਦਾ ਸ਼ਰਧਾਲੂ ਸੀ।

ਮਈ 2002 ਵਿਚ ਡੇਰੇ ਦੀਆਂ ਦੋ ਸਾਧਵੀਆਂ ਨੇ ਗੁਮਨਾਮ ਚਿੱਠੀ ਰਾਹੀਂ ਡੇਰਾ ਮੁਖੀ ਦੀਆਂ ਕਰਤੂਤਾਂ ਦਾ ਖੁਲਾਸਾ ਕੀਤਾ ਸੀ। ਚਿੱਠੀ ਰਾਹੀਂ ਡੇਰੇ ਵਿਚ ਕੁੜੀਆਂ ਦੇ ਸ਼ੋਸ਼ਣ ਦਾ ਜ਼ਿਕਰ ਸੀ। ਪੱਤਰਕਾਰ ਰਾਮਚੰਦਰ ਛਤਰਪਤੀ ਦੇ ਅਖਬਾਰ 'ਪੂਰਾ ਸੱਚ' ਅਤੇ 'ਦੇਸ਼ ਸੇਵਕ' ਅਖਬਾਰ ਵੱਲੋਂ ਇਹ ਚਿੱਠੀ ਪ੍ਰਮੁੱਖਤਾ ਨਾਲ ਛਾਪਣ ਕਾਰਨ ਇਹ ਮਾਮਲਾ ਲੋਕਾਂ ਤੱਕ ਪਹੁੰਚ ਗਿਆ। ਡੇਰਾ ਮੁਖੀ ਨੂੰ ਸ਼ੱਕ ਸੀ ਕਿ ਇਹ ਚਿੱਠੀ ਰਣਜੀਤ ਸਿੰਘ ਨੇ ਹੀ ਕੁੜੀਆਂ ਤੋਂ ਲਿਖਵਾ ਕੇ ਜਨਤਕ ਕੀਤੀ ਹੈ। ਉਸ ਸਮੇਂ ਤੱਕ ਰਣਜੀਤ ਸਿੰਘ ਡੇਰਾ ਸਿਰਸਾ ਛੱਡ ਚੁੱਕਾ ਸੀ। ਜਦ ਉਹ ਡੇਰਾ ਮੁਖੀ ਦੇ ਵਾਰ-ਵਾਰ ਬੁਲਾਉਣ 'ਤੇ ਵੀ ਡੇਰੇ ਵਿਚ ਨਾ ਆਇਆ ਤਾਂ ਡੇਰਾ ਮੁਖੀ ਇਸ ਗੱਲੋਂ ਭੜਕ ਗਿਆ। ਡੇਰਾ ਮੁਖੀ ਨੂੰ ਡਰ ਸੀ ਕਿ ਰਣਜੀਤ ਡੇਰੇ ਦੇ ਹੋਰ 'ਰਾਜ਼' ਵੀ ਖੋਲ੍ਹ ਸਕਦਾ ਹੈ।

10 ਜੁਲਾਈ 2002 ਨੂੰ ਰਣਜੀਤ ਸਿੰਘ ਦਾ ਕਤਲ ਉਸ ਦੇ ਪਿੰਡ ਵਿਚ ਗੋਲੀਆਂ ਮਾਰ ਕੇ ਕਰ ਦਿੱਤਾ ਗਿਆ ਤਾਂ ਰਣਜੀਤ ਸਿੰਘ ਦੇ ਪਰਿਵਾਰ ਅਤੇ ਮਾਮਲੇ ਨੂੰ ਜਾਨਣ ਵਾਲੇ ਲੋਕਾਂ ਦਾ ਸਿੱਧਾ ਸ਼ੱਕ ਡੇਰਾ ਮੁਖੀ ਉੱਪਰ ਗਿਆ। ਪਰਿਵਾਰ ਵੱਲੋਂ ਪੁਲਿਸ ਕੋਲ ਮਾਮਲਾ ਉਠਾਉਣ ਦੇ ਬਾਵਜੂਦ ਪੁਲਿਸ ਡੇਰੇ ਤੱਕ ਨਾ ਅੱਪੜੀ। ਇਸੇ ਲੜੀ ਤਹਿਤ ਰਣਜੀਤ ਸਿੰਘ ਦੇ ਕਤਲ ਦੇ ਕੁਝ ਮਹੀਨਿਆਂ ਬਾਅਦ 24 ਅਕਤੂਬਰ 2002 ਨੂੰ ਚਿੱਠੀ ਛਾਪਣ ਵਾਲੇ ਸਥਾਨਕ ਅਖਬਾਰ 'ਪੂਰਾ ਸੱਚ' ਦੇ ਸੰਪਾਦਕ ਰਾਮ ਚੰਦਰ ਛਤਰਪਤੀ ਦਾ ਉਨ੍ਹਾਂ ਦੇ ਘਰ ਦੇ ਬਾਹਰ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਡੇਰੇ ਦੀ ਪਹੁੰਚ ਕਾਰਨ ਪੁਲਿਸ ਤੋਂ ਇਨਸਾਫ ਮਿਲਦਾ ਨਾ ਦੇਖ ਪੱਤਰਕਾਰ ਅਤੇ ਰਣਜੀਤ ਸਿੰਘ ਦੇ ਪਰਿਵਾਰਾਂ ਨੇ ਸੀ.ਬੀ.ਆਈ. ਜਾਂਚ ਦੀ ਮੰਗ ਲਈ ਵੱਖੋ-ਵੱਖ ਰੂਪ ਵਿਚ ਹਾਈਕੋਰਟ ਦਾ ਰੁਖ ਕੀਤਾ ਜਿਸ ਤਹਿਤ 10 ਨਵੰਬਰ 2003 ਨੂੰ ਦੋਵਾਂ ਕਤਲ ਕੇਸਾਂ ਵਿਚ



ਹਾਈਕੋਰਟ ਨੇ ਸੀ.ਬੀ.ਆਈ. ਜਾਂਚ ਦੇ ਹੁਕਮ ਸੁਣਾਏ।

ਸੀ.ਬੀ.ਆਈ. ਵੱਲੋਂ ਰਣਜੀਤ ਕਤਲ ਕਾਂਡ ਦੀ ਕੀਤੀ ਜਾਂਚ ਦੇ ਆਧਾਰ 'ਤੇ 18 ਅਕਤੂਬਰ 2021 ਨੂੰ ਪੰਚਕੂਲਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਰਣਜੀਤ ਕਤਲ ਕੇਸ ਵਿਚ ਗੁਰਮੀਤ ਰਾਮ ਰਹੀਮ ਸਮੇਤ ਡੇਰੇ ਨਾਲ ਸਬੰਧਿਤ ਕ੍ਰਿਸ਼ਨ ਲਾਲ, ਅਵਤਾਰ ਸਿੰਘ, ਸਬਦਿਲ ਸਿੰਘ ਅਤੇ ਜਸਵੀਰ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਚਿੱਠੀ ਵਾਇਰਲ ਕਰਨ ਦੇ ਮਾਮਲੇ ਵਿਚ ਉਸ ਸਮੇਂ ਦੌਰਾਨ ਸਿਰਫ ਰਣਜੀਤ ਸਿੰਘ ਅਤੇ ਪੱਤਰਕਾਰ ਰਾਮਚੰਦਰ ਛਤਰਪਤੀ ਦਾ ਹੀ ਕਤਲ ਨਹੀਂ ਹੋਇਆ ਸੀ ਬਲਕਿ ਹਰਿਆਣਾ ਦੇ ਤਰਕਸ਼ੀਲ ਸੁਸਾਇਟੀ ਨਾਲ ਜੁੜੇ ਕੁਝ ਆਗੂਆਂ ਉੱਪਰ ਵੀ ਜਾਨਲੇਵਾ ਹਮਲੇ ਹੋਏ ਸਨ। ਡੇਰੇ ਉੱਪਰ ਸਵਾਲ ਉਠਾਉਣ ਵਾਲੇ ਕੁਝ ਲੋਕਾਂ ਨੂੰ ਡਰਾਉਣ-ਧਮਕਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਬਾਅਦ ਵਿਚ ਪੱਤਰਕਾਰ ਦੇ ਕਤਲ ਕੇਸ ਵਿਚ ਵੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਜਨਵਰੀ 2019 ਵਿਚ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਰਣਜੀਤ ਕਤਲ ਕਾਂਡ ਵਿਚੋਂ ਡੇਰਾ ਮੁਖੀ ਦੇ ਬਰੀ ਹੋਣ ਨਾਲ ਇਸ ਮਾਮਲੇ ਵਿਚ ਦੋ ਸਵਾਲ ਉੱਠਣੇ ਸੁਭਾਵਕ ਹਨ: ਪਹਿਲਾ, ਸੀ.ਬੀ.ਆਈ. ਜਾਂਚ ਦਾ ਅਦਾਲਤ ਵਿਚ ਟਿਕ ਨਾ ਸਕਣਾ ਜਾਂਚ ਏਜੰਸੀਆਂ ਦੀ ਭਰੋਸੇਯੋਗਤਾ ਉੱਪਰ ਸਵਾਲ ਖੜ੍ਹੇ ਕਰਦਾ ਹੈ। ਸੀ.ਬੀ.ਆਈ. ਦੇਸ਼ ਦੀ ਪ੍ਰਮੁੱਖ ਜਾਂਚ ਏਜੰਸੀ ਹੈ ਅਤੇ ਜੇਕਰ ਇਕ ਕਤਲ ਕਾਂਡ ਮਾਮਲੇ ਵਿਚ ਅਦਾਲਤ ਇਸ ਏਜੰਸੀ ਦੀ ਜਾਂਚ ਉੱਪਰ ਹੀ ਸਵਾਲ ਖੜ੍ਹੇ ਕਰ ਕੇ ਗੰਭੀਰ ਊਣਤਾਈਆਂ ਦੀ ਨਿਸ਼ਾਨਦੇਹੀ ਕਰਦੀ ਹੈ ਤਾਂ ਫਿਰ ਲੋਕ ਇਨਸਾਫ ਲਈ ਕਿੱਥੇ ਜਾਣਗੇ? ਸਾਡੇ ਸਮਾਜ ਵਿਚ ਜਦ ਕੋਈ ਵੱਡਾ ਘਟਨਾਕ੍ਰਮ ਵਾਪਰਦਾ ਹੈ ਤਾਂ ਅਕਸਰ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਜਾਂਦੀ ਹੈ ਪਰ ਇਸ ਮਾਮਲੇ ਵਿਚ ਸੀ.ਬੀ.ਆਈ. ਜਾਂਚ ਉੱਪਰ ਹੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਅਸਲ ਵਿਚ ਸੱਤਾ ਧਿਰ ਜਾਂਚ ਏਜੰਸੀਆਂ ਨੂੰ ਜਿਸ ਤਰ੍ਹਾਂ ਵਿਰੋਧੀਆਂ ਨੂੰ ਡਰਾਉਣ ਧਮਕਾਉਣ ਲਈ ਵਰਤਦੀ ਹੈ, ਉਸ ਨਾਲ ਇਹਨਾਂ ਏਜੰਸੀਆਂ ਦੇ ਕੰਮ-ਢੰਗ ਉੱਪਰ ਫਰਕ ਪਿਆ ਹੈ। ਇਹ ਜਾਂਚ ਏਜੰਸੀਆਂ ਨਿਰਪੱਖਤਾ ਨਾਲ ਕੰਮ ਕਰਨ ਦੀ ਬਜਾਇ ਅਕਸਰ ਸੱਤਾ ਧਿਰ ਦੇ ਨਫੇ-ਨੁਕਸਾਨ ਦੇਖ ਕੇ ਚੱਲਦੀਆਂ ਹਨ।

ਦੂਸਰਾ ਸਵਾਲ ਇਹ ਹੈ ਕਿ 'ਰਸੂਖਵਾਨ' ਲੋਕਾਂ ਖਿਲਾਫ ਕੇਸਾਂ ਦੀ ਸਹੀ ਢੰਗ ਨਾਲ ਪੈਰਵਾਈ ਤੋਂ ਅਕਸਰ ਹੀ ਸਰਕਾਰਾਂ/ਜਾਂਚ ਏਜੰਸੀਆਂ ਪੈਰ ਪਿਛਾਂਹ ਖਿੱਚ ਜਾਂਦੀਆਂ ਹਨ। ਇਹ ਕੋਈ ਪਹਿਲਾ ਮਾਮਲਾ ਨਹੀਂ ਜਦ ਕੋਈ 'ਬਾਹੂਬਲੀ' ਸਬੂਤਾਂ ਦੀ ਘਾਟ ਅਤੇ ਕੇਸ ਦੀ ਢੁੱਕਵੀਂ ਪੈਰਵਾਈ ਨਾ ਹੋਣ ਕਾਰਨ ਅਦਾਲਤ ਵਿਚੋਂ ਬਚ ਨਿੱਕਲਿਆ ਹੋਵੇ। ਸਲਮਾਨ ਖਾਨ ਵਰਗਿਆਂ ਵੱਲੋਂ ਅਦਾਲਤਾਂ ਵਿਚ ਵਕੀਲਾਂ ਦੀਆਂ ਟੀਮਾਂ ਖੜ੍ਹੀਆਂ ਕਰ ਕੇ ਕਾਨੂੰਨੀ ਚੋਰ-ਮੋਰੀਆਂ ਦਾ ਲਾਹਾ ਲੈਂਦਿਆਂ ਬਚ ਨਿਕਲਣ ਦੀਆਂ ਅਨੇਕ ਉਦਾਹਰਨਾਂ ਸਾਡੇ ਸਾਹਮਣੇ ਹਨ।

ਹਕੀਕਤ ਇਹ ਹੈ ਕਿ ਸਿਆਸਤਦਾਨਾਂ ਤੇ ਡੇਰੇਦਾਰਾਂ ਦਾ ਮਜਬੂਤ ਗੱਠਜੋੜ ਕੰਮ ਕਰ ਰਿਹਾ ਹੈ। ਸਰਕਾਰਾਂ ਡੇਰਿਆਂ ਦੇ ਮੁਖੀਆਂ ਨੂੰ ਹਰ ਤਰ੍ਹਾਂ ਦੀ ਖੁੱਲ੍ਹ ਦਿੰਦੀਆਂ ਹਨ ਜਿਸ ਦੇ ਬਦਲ ਵਜੋਂ ਡੇਰੇ ਆਪਣੇ ਸ਼ਰਧਾਲੂਆਂ ਨੂੰ ਕਿਸੇ ਵਿਸ਼ੇਸ਼ ਪਾਰਟੀ ਦੇ ਵੋਟ ਬਕਸੇ ਵਿਚ ਢਾਲ ਦਿੰਦੇ ਹਨ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਡੇਰਿਆਂ ਦੇ ਮੁਖੀ ਅਤੇ ਹਾਕਮ ਜਮਾਤ ਪਾਰਟੀਆਂ ਦੇ ਆਗੂ ਇਕ ਦੂਜੇ ਦੇ ਪੂਰਕ ਹਨ। ਡੇਰਾ ਸਿਰਸਾ ਦਾ ਪੰਜਾਬ, ਹਰਿਆਣਾ ਵਿਚ ਗਿਣਨਯੋਗ ਆਧਾਰ ਹੈ ਅਤੇ ਇਹ ਡੇਰਾ ਹਰ ਚੋਣ ਵਿਚ ਆਪਣੇ ਸ਼ਰਧਾਲੂਆਂ ਨੂੰ ਕਿਸੇ ਨਾ ਕਿਸੇ ਪਾਰਟੀ ਜਾਂ ਕਿਸੇ ਉਮੀਦਵਾਰ ਦੇ ਸਮਰਥਨ ਦਾ 'ਗੁਪਤ' ਸੰਦੇਸ਼ ਜਾਰੀ ਕਰਦਾ ਹੈ। ਕਈ ਵਾਰ ਇਹਨਾਂ ਡੇਰਿਆਂ ਨੂੰ 'ਸੱਤਾ' ਧਿਰ ਦੀ ਨਾਰਾਜ਼ਗੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਡੇਰੇ ਵੱਲੋਂ ਕਾਂਗਰਸ ਪਾਰਟੀ ਨੂੰ ਸਮਰਥਨ ਦੇਣ ਦੇ ਬਾਵਜੂਦ ਸੱਤਾ ਵਿਚ ਆਇਆ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਦਾ ਗੱਠਜੋੜ ਕਾਫੀ ਨਾਰਾਜ਼ ਹੋਇਆ ਸੀ।

ਲੰਘੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹਾਕਮ ਜਮਾਤ ਪਾਰਟੀਆਂ ਦੇ ਲੱਗਭੱਗ ਸਾਰੇ ਲੀਡਰ ਜਿਸ ਤਰ੍ਹਾਂ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੂੰ ਮਿਲਣ ਪਹੁੰਚੇ ਹਨ, ਉਹ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਇਹ ਲੀਡਰ ਇਸੇ ਤਰ੍ਹਾਂ ਹੀ ਡੇਰਾ ਸਿਰਸਾ ਦੇ ਮੁਖੀ ਨੂੰ ਮਿਲਦੇ ਰਹੇ ਸਨ।

ਲੋਕ ਸਭਾ ਚੋਣਾਂ ਦੇ ਪ੍ਰਚਾਰ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਮਿਲੀ ਅੰਤਰਿਮ ਜ਼ਮਾਨਤ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਕੇਜਰੀਵਾਲ ਨਾਲ 'ਵਿਸ਼ੇਸ਼ ਵਿਹਾਰ' ਕੀਤਾ ਗਿਆ ਹੈ। ਕੇਜਰੀਵਾਲ ਨਾਲ ਵਿਸ਼ੇਸ਼ ਵਿਹਾਰ ਹੋਇਆ ਜਾਂ ਨਹੀਂ ਪਰ ਬਲਾਤਕਾਰ ਤੇ ਕਤਲ ਕੇਸਾਂ ਤਹਿਤ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਹੁਣ ਤੱਕ ਨੌਂ ਵਾਰ ਪੈਰੋਲ ਮਿਲਣਾ ਕੀ ਵਿਸ਼ੇਸ਼ ਵਿਹਾਰ ਨਹੀਂ? ਹਰਿਆਣਾ ਦੀ ਭਾਜਪਾ ਸਰਕਾਰ ਦੀ ਮਿਹਰਬਾਨੀ ਸਦਕਾ ਉਹ ਕਈ-ਕਈ ਹਫਤੇ ਦੀ ਛੁੱਟੀ ਦਾ ਨਿੱਘ ਮਾਣ ਚੁੱਕਾ ਹੈ। ਕੁਝ ਮਹੀਨੇ ਪਹਿਲਾਂ ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਡੇਰਾ ਸਿਰਸਾ ਮੁਖੀ ਨੂੰ ਵਾਰ-ਵਾਰ ਮਿਲ ਰਹੀ ਪੈਰੋਲ ਦਾ ਮਾਮਲਾ ਉਠਾਇਆ ਸੀ ਤਾਂ ਅਦਾਲਤ ਨੇ ਇਹੋ ਸਵਾਲ ਸਰਕਾਰ ਤੋਂ ਪੁੱਛਿਆ ਕਿ ਡੇਰਾ ਮੁਖੀ ਨੂੰ ਤਾਂ ਪੈਰੋਲ ਦਿੱਤੀ ਜਾ ਰਹੀ ਹੈ ਪਰ ਕੀ ਇਸ ਦਾ ਲਾਭ ਜੇਲ੍ਹ ਵਿਚ ਬੰਦ ਹੋਰਨਾਂ ਕੈਦੀਆਂ ਨੂੰ ਮਿਲ ਰਿਹਾ ਹੈ?

ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਡੇਰਾ ਸਿਰਸਾ ਮੁਖੀ ਦੀਆਂ ਵਧੀਕੀਆਂ ਖਿਲਾਫ ਕਾਨੂੰਨੀ ਲੜਾਈ ਲੜ ਰਹੇ ਪਰਿਵਾਰਾਂ ਦੀ ਹਰ ਪੱਖੋਂ ਮਦਦ ਕੀਤੀ ਜਾਵੇ ਅਤੇ ਡੇਰਾ ਮੁਖੀ ਨਾਲ ਉਸੇ ਤਰ੍ਹਾਂ ਦਾ ਵਿਹਾਰ ਕੀਤਾ ਜਾਵੇ ਜਿਸ ਤਰ੍ਹਾਂ ਸਜ਼ਾਯਾਫਤਾ ਆਮ ਕੈਦੀਆਂ ਨਾਲ ਕੀਤਾ ਜਾਂਦਾ ਹੈ।

# ਭਗਵਾ ਬ੍ਰਿਗੇਡ ਦੀ ਤੀਜੀ ਵਾਰ ਜਿੱਤ ਅਤੇ ਇਸ ਦੇ ਮਾਇਨੇ

18ਵੀਂ ਲੋਕ ਸਭਾ ਦੇ ਨਤੀਜਿਆਂ 'ਚ ਭਾਜਪਾ ਦੀ ਅਗਵਾਈ ਵਾਲਾ ਗੱਠਜੋੜ ਐਨ.ਡੀ.ਏ. ਬੇਸ਼ੱਕ ਸਭ ਤੋਂ ਵੱਧ ਸੀਟਾਂ ਜਿੱਤਣ 'ਚ ਸਫਲ ਰਿਹਾ ਅਤੇ ਮੋਦੀ-ਸ਼ਾਹ ਜੋੜੀ ਮਹਾਂ-ਮੌਕਾਪ੍ਰਸਤ ਚੰਦਰਬਾਬੂ ਨਾਇਡੂ ਅਤੇ ਨਿਤੀਸ਼ ਕੁਮਾਰ ਨਾਲ ਜੋੜ-ਤੋੜ ਕਰ ਕੇ ਸਰਕਾਰ ਬਣਾ ਸਕਦੀ ਹੈ ਪਰ ਭਗਵਾ ਬ੍ਰਿਗੇਡ ਦੇ ਤੀਜੀ ਵਾਰ ਇਕੱਲੇ ਤੌਰ 'ਤੇ ਬਹੁਮਤ ਨਾਲ ਜਿੱਤਣ ਦੇ ਦਾਅਵੇ ਦੀ ਫੂਕ ਜ਼ਰੂਰ ਨਿੱਕਲ ਗਈ ਹੈ। ਇਕ ਤਰ੍ਹਾਂ ਨਾਲ ਭਾਰਤ ਦੀ ਅਵਾਮ ਨੇ ਇਸ ਫਾਸ਼ੀਵਾਦੀ ਤਾਕਤ ਨੂੰ ਨਕਾਰ ਦਿੱਤਾ ਹੈ।

ਇਹ ਸਾਧਾਰਨ ਚੋਣਾਂ ਨਹੀਂ ਸਨ। ਇਹ ਦੋ ਧਿਰਾਂ ਆਰ.ਐਸ.ਐਸ.-ਭਾਜਪਾ ਅਤੇ ਇੰਡੀਆ ਗੱਠਜੋੜ ਦਰਮਿਆਨ ਫਸਵੀਂ ਟੱਕਰ ਸੀ। ਭਗਵਾ ਬ੍ਰਿਗੇਡ ਮੁਲਕ ਦੀ ਮਿਲੀਜੁਲੀ ਨਸਲੀ-ਸੱਭਿਆਚਾਰਕ ਬਣਤਰ ਖ਼ਤਮ ਕਰ ਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦਾ ਹੈ ਅਤੇ ਇੰਡੀਆ ਗੱਠਜੋੜ ਸੰਵਿਧਾਨ 'ਚ ਦਰਜ 'ਭਾਰਤ ਦੇ ਵਿਚਾਰ', ਭਾਵ, 1947 ਦੀ ਸੱਤਾ ਬਦਲੀ ਤੋਂ ਬਾਅਦ ਨਹਿਰੂ ਦੀ ਅਗਵਾਈ ਹੇਠ ਅਪਣਾਏ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

'ਸੰਵਿਧਾਨ ਨੂੰ ਬਚਾਉਣ' ਲਈ ਲੜ ਰਿਹਾ ਸੀ। ਬੁਨਿਆਦੀ ਤਬਦੀਲੀ ਦੀਆਂ ਝੰਡਾਬਰਦਾਰ ਇਨਕਲਾਬੀ ਤਾਕਤਾਂ ਇੰਨੀਆਂ ਕਮਜ਼ੋਰ ਹਨ ਕਿ ਅਗਵਾਨੂੰ ਤਾਕਤ ਦੇ ਰੂਪ 'ਚ ਪਹਿਲਕਦਮੀ ਲੈ ਕੇ ਫਾਸ਼ੀਵਾਦੀ ਤਾਕਤ ਨੂੰ ਸੱਤਾ 'ਚ ਆਉਣ ਤੋਂ ਰੋਕਣ ਲਈ ਜਨਤਕ ਲਹਿਰ ਦੇ ਰੂਪ 'ਚ ਟੱਕਰ ਦੇਣ ਦੀ ਹਾਲਤ 'ਚ ਨਹੀਂ ਹਨ। ਆਮ ਲੋਕ ਅਜੇ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਚੋਣਾਂ ਰਾਹੀਂ ਸਰਕਾਰਾਂ ਬਦਲਣ 'ਚ ਯਕੀਨ ਰੱਖਦੇ ਹਨ। ਇਸ ਕਰ ਕੇ ਉਨ੍ਹਾਂ ਦੀ ਹਾਸਲ ਰਾਜਨੀਤਕ ਸਮਝ ਅਨੁਸਾਰ ਅਜੇ ਚੋਣਾਂ ਹੀ ਸਮੇਂ ਦੀ ਹੁਕਮਰਾਨ ਧਿਰ ਨੂੰ ਸੱਤਾ ਤੋਂ ਲਾਹੁਣ ਅਤੇ ਤਬਦੀਲੀ ਲਿਆਉਣ ਦਾ ਜ਼ਰੀਆ ਹਨ। ਇਸੇ ਕਰ ਕੇ ਇਹ ਚੋਣਾਂ ਰਾਜਨੀਤਕ ਤੌਰ 'ਤੇ ਇੰਨਾ ਮਹੱਤਵ ਅਖ਼ਤਿਆਰ ਕਰ ਗਈਆਂ ਅਤੇ ਇਨ੍ਹਾਂ ਨੇ ਨਿਰੰਕੁਸ਼ ਮੋਦੀ ਗੈਂਗ ਦਾ ਹੰਕਾਰ ਤੋੜਨ 'ਚ ਵੱਡੀ ਭੂਮਿਕਾ ਨਿਭਾਈ।

ਲਿਹਾਜ਼ਾ, ਮੁਲਕ ਦੇ ਭਵਿੱਖ ਦੀ ਦਿਸ਼ਾ ਫ਼ਿਲਹਾਲ ਚੋਣ ਨਤੀਜਿਆਂ 'ਤੇ ਨਿਰਭਰ ਹੋਣ ਕਾਰਨ ਹਰ ਬੰਦਾ ਇਹ ਜਾਣਨ ਲਈ ਉਤਸੁਕ ਸੀ ਕਿ ਕੀ ਭਾਜਪਾ ਦਾ 'ਅਬ ਕੀ ਵਾਰ, 400 ਪਾਰ' ਦਾ ਦਾਅਵਾ ਝੂਠਾ ਸਾਬਤ ਹੋਵੇਗਾ ਜਾਂ ਇਹ ਮੁੜ ਪਹਿਲਾਂ ਵਾਂਗ ਭਾਰੀ ਬਹੁਮਤ ਲੈ ਜਾਵੇਗੀ? ਕੀ ਇੰਡੀਆ ਗੱਠਜੋੜ ਵੋਟਰਾਂ ਦੇ ਸੱਤਾ ਵਿਰੋਧੀ ਰੁਝਾਨ ਨੂੰ ਵੋਟਾਂ 'ਚ ਢਾਲ ਕੇ ਆਰ.ਐਸ.ਐਸ.-ਭਾਜਪਾ ਨੂੰ ਮਾਤ ਦੇ ਸਕੇਗਾ?

ਫਾਸ਼ੀਵਾਦੀਆਂ ਨੂੰ ਪਾਰਲੀਮੈਂਟਰੀ ਵਿਰੋਧੀ ਧਿਰ ਦੀ ਹੋਂਦ ਵੀ ਮਨਜ਼ੂਰ ਨਹੀਂ ਹੈ। ਉਨ੍ਹਾਂ ਨੇ ਈ.ਡੀ.-ਸੀ.ਬੀ.ਆਈ. ਵਰਗੀਆਂ ਕੇਂਦਰੀ ਏਜੰਸੀਆਂ ਜ਼ਰੀਏ ਵਿਰੋਧੀ ਧਿਰ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਨ/ਛਾਪੇ ਮਾਰਨ ਸਮੇਤ ਹਰ ਹਰਬਾ ਵਰਤ ਕੇ ਵਿਰੋਧੀ ਧਿਰ ਨੂੰ ਚੋਣ ਮੁਹਿੰਮ 'ਚੋਂ ਬਾਹਰ ਕਰਨ ਦੀ ਸਿਰਤੋੜ ਕੋਸ਼ਿਸ਼ ਕੀਤੀ। ਚੋਣਾਂ ਤੋਂ ਐਨ ਪਹਿਲਾਂ ਚੋਣ ਕਮਿਸ਼ਨ 'ਚ ਦੋ ਨਵੇਂ ਕਮਿਸ਼ਨਰਾਂ ਦੀ ਨਿਯੁਕਤੀ ਕੀਤੀ ਗਈ ਤਾਂ ਜੋ ਕਮਿਸ਼ਨ ਪੂਰੀ ਤਰ੍ਹਾਂ ਮੋਦੀ-ਅਮਿਤ ਸ਼ਾਹ ਦੇ ਹੁਕਮਾਂ ਅਨੁਸਾਰ ਚੱਲੇ। ਕਮਿਸ਼ਨ ਨੇ ਹੁਕਮਰਾਨ ਧਿਰ ਦੀ ਸਹੂਲਤ ਅਨੁਸਾਰ ਚੋਣ ਅਮਲ ਸੱਤ ਗੇੜਾਂ 'ਚ 82 ਦਿਨ ਤੱਕ ਲਮਕਾਇਆ। ਇਹ ਪੋਲਿੰਗ ਅੰਕੜਿਆਂ ਦੇ ਨਾਂਹ ਪੱਖੀ ਅਸਰ ਨੂੰ ਮੈਨੇਜ ਕਰਨ ਦੀ ਚਾਲ ਸੀ। ਚੋਣਾਂ ਦੀ ਨਜ਼ਰਸਾਨੀ ਕਰਨ ਵਾਲੀ ਇਹ ਸੰਸਥਾ ਇਸ ਕਦਰ ਸੱਤਾਧਾਰੀ ਧਿਰ ਦੀ ਕਠਪੁਤਲੀ ਬਣਾ ਲਈ ਗਈ ਕਿ ਇਸ ਨੇ ਮੋਦੀ ਸਮੇਤ ਮੁੱਖ ਭਾਜਪਾ ਆਗੂਆਂ ਦੇ ਚੋਣ ਜ਼ਾਬਤੇ ਦੀਆਂ ਧੱਜੀਆਂ ਉਡਾਉਣ ਵਾਲੇ ਅਤਿ ਜ਼ਹਿਰੀਲੇ ਭਾਸ਼ਣਾਂ ਵਿਰੁੱਧ ਸੈਂਕੜੇ ਸ਼ਿਕਾਇਤਾਂ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ। ਹੋਰ ਤਾਂ ਹੋਰ, ਇਸ ਨੇ ਪੋਲਿੰਗ ਦੇ ਹਰ ਪੜਾਅ ਤੋਂ ਬਾਅਦ ਪੋਲਿੰਗ ਦੀ ਜਾਣਕਾਰੀ ਜਨਤਕ ਕਰਨ ਲਈ ਪ੍ਰੈੱਸ ਕਾਨਫਰੰਸ ਕਰਨ ਦਾ ਦਸਤੂਰ ਹੀ ਤਿਆਗ ਦਿੱਤਾ। ਪੋਲਿੰਗ ਡੇਟਾ ਜਨਤਕ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਜੋ ਪੋਲਿੰਗ ਦੇ ਅੰਕੜੇ ਮੋਦੀ ਦੇ ਘਟ ਰਹੇ ਰਸੂਖ਼ ਦਾ ਸੰਕੇਤ ਨਾ ਦੇ ਦੇਣ। ਸੁਪਰੀਮ ਕੋਰਟ ਨੇ ਵੀ ਇਸ ਵਿਰੁੱਧ ਪਟੀਸ਼ਨ ਦੀ ਸੁਣਵਾਈ ਨਾ ਕਰ ਕੇ ਜੁਲਾਈ 'ਚ ਰੈਗੂਲਰ ਬੈਂਚ ਅੱਗੇ ਪਟੀਸ਼ਨ ਪੇਸ਼ ਕਰਨ ਦਾ ਆਦੇਸ਼ ਦੇ ਦਿੱਤਾ। ਸੁਪਰੀਮ ਕੋਰਟ ਅਤੇ ਚੋਣ ਕਮਿਸ਼ਨ ਨੇ ਈ.ਵੀ.ਐਮ. ਦੀ ਭੂਮਿਕਾ ਬਾਰੇ ਸਵਾਲਾਂ ਤੋਂ ਵੀ ਟਾਲ਼ਾ ਵੱਟ ਲਿਆ। ਇਉਂ ਈ.ਵੀ.ਐਮ., ਚੋਣ ਕਮਿਸ਼ਨ, ਸੁਪਰੀਮ ਕੋਰਟ ਵਗੈਰਾ ਸਭ ਦੀ ਭੂਮਿਕਾ ਸਵਾਲਾਂ ਦੇ ਘੇਰੇ 'ਚ ਹੈ।

ਸ਼ੁਰੂ ਤੋਂ ਹੀ ਸਪਸ਼ਟ ਸੀ ਕਿ ਐਤਕੀਂ 2019 ਵਾਲੀ 'ਮੋਦੀ ਲਹਿਰ' ਨਹੀਂ ਜਿਸ ਵਿਚ ਗੋਦੀ ਮੀਡੀਆ ਦੀ ਮਦਦ ਨਾਲ ਪੁਲਵਾਮਾ ਹਮਲੇ ਤੋਂ ਬਾਅਦ ਭੜਕਾਏ ਰਾਸ਼ਟਰਵਾਦ ਨੇ ਵੱਡੀ ਭੂਮਿਕਾ ਨਿਭਾਈ ਸੀ। ਅਵਾਮ ਨੇ ਸਮਝ ਲਿਆ ਕਿ 'ਕਿਸਾਨਾਂ ਦੀ ਆਮਦਨ ਦੁੱਗਣੀ ਕਰਨ', 'ਐਮ.ਐਸ.ਪੀ. ਦੇਣ', 'ਬੇਟੀ ਪੜ੍ਹਾਓ, ਬੇਟੀ ਬਚਾਓ', 'ਸਭ ਕਾ ਸਾਥ, ਸਭ ਕਾ ਵਿਕਾਸ' ਵਰਗੇ ਵਾਅਦੇ ਮਹਿਜ਼ ਚੋਣ ਜੁਮਲੇ ਹਨ ਜੋ ਵੱਖ-ਵੱਖ ਹਿੱਸਿਆਂ ਨੂੰ ਗੁਮਰਾਹ ਕਰਕੇ ਵੋਟਾਂ ਬਟੋਰਨ ਲਈ ਘੜੇ ਜਾਂਦੇ ਹਨ। ਪਿਛਲੇ ਦਸ ਸਾਲਾਂ 'ਚ ਲੋਕਾਂ ਨੇ ਵੱਖ-ਵੱਖ ਰੂਪਾਂ 'ਚ ਆਰਥਿਕ ਹਮਲਿਆਂ ਤੋਂ ਲੈ ਕੇ ਤਰ੍ਹਾਂ-ਤਰ੍ਹਾਂ ਦੇ ਕਾਲੇ ਕਾਨੂੰਨਾਂ, ਮੁਸਲਮਾਨਾਂ-ਔਰਤਾਂ-ਦਲਿਤਾਂ-ਆਦਿਵਾਸੀਆਂ ਤੇ ਹੋਰ ਹਿੱਸਿਆਂ ਉੱਪਰ ਬੇਕਿਰਕ ਹਮਲਿਆਂ ਅਤੇ ਮਨੀਪੁਰ ਦੀ ਘਿਨਾਉਣੀ ਜਿਨਸੀ ਹਿੰਸਾ ਤੱਕ ਇਸ ਤਾਨਾਸ਼ਾਹ ਰਾਜ ਦਾ ਖ਼ੂੰਖ਼ਾਰ ਚਿਹਰਾ ਵਾਰ-ਵਾਰ ਦੇਖਿਆ ਅਤੇ ਇਸ ਦਾ ਕਰੂਰ ਜਬਰ ਆਪਣੇ ਪਿੰਡਿਆਂ 'ਤੇ ਝੱਲਿਆ। ਉਨ੍ਹਾਂ ਦੇ ਅੰਦਰ ਇਸ ਹਕੂਮਤ ਤੋਂ ਅਸੰਤੁਸ਼ਟੀ ਸੁਲਗ ਰਹੀ ਸੀ। ਸੱਤਾ ਵਿਰੁੱਧ ਇਹ ਲੋਕ-ਬੇਚੈਨੀ ਤੇ ਅਸੰਤੁਸ਼ਟੀ ਭਾਂਪ ਕੇ ਭਗਵਾ ਲੀਡਰਸ਼ਿਪ ਵੱਲੋਂ ਹਿੰਦੂ ਧਰਮ ਦੇ ਸਿਖਰਲੇ ਆਗੂਆਂ ਦੇ ਤਿੱਖੇ ਵਿਰੋਧ ਦੇ ਬਾਵਜੂਦ, ਅਧੂਰੇ ਰਾਮ ਮੰਦਰ ਦੀ 'ਪ੍ਰਾਣ ਪ੍ਰਤਿਸ਼ਠਾ' ਦਾ 'ਮਾਸਟਰ ਸਟ੍ਰੋਕ' ਕੀਤਾ ਗਿਆ ਤਾਂ ਜੋ ਰਾਮ ਮੰਦਰ ਬਣਾਉਣ ਦੀ 'ਪ੍ਰਾਪਤੀ' ਨੂੰ ਸੱਤਾ ਦੀ ਪੌੜੀ ਬਣਾ ਕੇ ਵਰਤਿਆ ਜਾ ਸਕੇ ਅਤੇ ਧਾਰਮਿਕ ਭਾਵਨਾਵਾਂ ਦੇ ਵਹਿਣ 'ਚ ਵਹਿ ਕੇ ਹਿੰਦੂ ਬਹੁਗਿਣਤੀ ਮੋਦੀ ਨੂੰ ਹਿੰਦੂ ਧਰਮ ਦਾ ਰਖਵਾਲਾ ਮੰਨ ਲਵੇ।

ਇਸ ਦੇ ਬਾਵਜੂਦ ਚੋਣਾਂ ਤੋਂ ਪਹਿਲੇ ਸਰਵੇਖਣ ਨੇ ਇਹ ਸੰਕੇਤ ਦੇ ਦਿੱਤੇ ਸਨ ਕਿ ਤਕਰੀਬਨ 60 ਫ਼ੀਸਦੀ ਵੋਟਰਾਂ ਦੀ ਨਜ਼ਰ 'ਚ ਮਹਿੰਗਾਈ ਅਤੇ ਬੇਰੁਜ਼ਗਾਰੀ ਇਸ ਸਮੇਂ ਦੇ ਸਭ ਤੋਂ ਵੱਡੇ ਮਸਲੇ ਹਨ। ਇਸੇ ਦੇ ਮੱਦੇਨਜ਼ਰ ਭਾਜਪਾ ਵੱਲੋਂ ਇਹ ਪ੍ਰਭਾਵ ਸਿਰਜਣ ਲਈ ਪੂਰੀ ਪ੍ਰਚਾਰ ਮਸ਼ੀਨਰੀ ਝੋਕ ਦਿੱਤੀ ਗਈ ਕਿ ਮੋਦੀ ਦਾ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਾ ਤੈਅ ਹੈ। ਮੋਦੀ ਨੂੰ ਅਜਿੱਤ ਬਣਾ ਕੇ ਪੇਸ਼ ਕਰਨ ਲਈ 'ਅਬ ਕੀ ਵਾਰ, ਚਾਰ ਸੌ ਪਾਰ' ਦਾ ਨਾਅਰਾ ਘੜਿਆ। ਚੋਣ ਵਾਅਦਿਆਂ ਨੂੰ 'ਮੋਦੀ ਕੀ ਗਾਰੰਟੀ' ਦੇ ਰੂਪ 'ਚ ਪੇਸ਼ ਕੀਤਾ। ਇਹ 2013 ਤੋਂ ਹੀ ਮੋਦੀ ਦਾ ਮਜ਼ਬੂਤ ਆਗੂ ਦਾ ਅਕਸ ਸਥਾਪਤ ਕਰਨ ਦੀ ਕਵਾਇਦ ਦੀ ਲਗਾਤਾਰਤਾ ਹੈ। ਨਾਇਕ ਪੂਜਾ ਦਾ ਇਹ ਗਿਣਿਆ-ਮਿਥਿਆ ਮਾਹੌਲ ਆਰ.ਐਸ.ਐਸ.-ਭਾਜਪਾ ਦੀ 'ਇਕ ਦੇਸ਼, ਇਕ ਕਾਨੂੰਨ, ਇਕ ਭਾਸ਼ਾ, ਇਕ ਧਰਮ, ਇਕ ਸੱਭਿਆਚਾਰ, ਇਕ ਆਗੂ' ਦੀ ਫਾਸ਼ੀਵਾਦੀ ਧਾਰਨਾ ਦਾ ਵਿਹਾਰਕ ਰੂਪ ਹੈ। ਮੋਦੀ ਪਹਿਲਾਂ ਵਾਲੇ ਸਵੈ-ਵਿਸ਼ਵਾਸ ਨਾਲ ਹੀ ਪੇਸ਼ ਆ ਰਿਹਾ ਸੀ ਕਿ ਉਹ ਜਿਹੜਾ ਵੀ ਝੂਠ ਬੋਲੇਗਾ, ਉਸ ਨੂੰ ਲੋਕ ਸੱਚ ਮੰਨ ਲੈਣਗੇ। ਮੋਦੀ-ਸ਼ਾਹ ਇਉਂ ਵਿਹਾਰ ਕਰ ਰਹੇ ਸਨ ਜਿਵੇਂ ਉਹੀ ਅਗਲੇ ਪ੍ਰਧਾਨ/ਗ੍ਰਿਹ ਮੰਤਰੀ ਹੋਣ। ਮੋਦੀ ਨੇ ਹਿਟਲਰ ਦੀ ਤਰਜ਼ 'ਤੇ ਆਪਣੇ ਬਾਰੇ ਇਹ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕੀਤੀ ਕਿ 'ਉਸ ਨੂੰ ਤਾਂ ਈਸ਼ਵਰ ਨੇ ਮੁਲਕ ਦੀ ਸੇਵਾ ਕਰਨ ਲਈ ਭੇਜਿਆ ਹੈ।'

ਉਂਝ, ਜਦੋਂ ਚੋਣਾਂ ਦੇ ਪਹਿਲੇ ਪੜਾਅ 'ਚ ਹੀ ਸੰਕੇਤ ਮਿਲਣ ਲੱਗੇ ਕਿ ਕਥਿਤ ਵਿਕਾਸ ਅਤੇ 'ਹਿੰਦੂ ਗੌਰਵ' ਦੀ ਬਜਾਇ ਅਵਾਮ ਜ਼ਿੰਦਗੀ ਦੇ ਬੁਨਿਆਦੀ ਮੁੱਦਿਆਂ ਨੂੰ ਤਰਜੀਹ ਦੇ ਰਹੀ ਹੈ ਤਾਂ ਮੋਦੀ ਦਾ ਭਰੋਸਾ ਡੋਲ ਗਿਆ ਜੋ ਉਸ ਦੀ ਬੁਖਲਾਹਟ 'ਚ ਸਾਫ਼ ਦਿਸਣਾ ਸ਼ੁਰੂ ਹੋ ਗਿਆ। ਨਾਗਪੁਰ ਸਦਰ-ਮੁਕਾਮ ਨੇ ਵੀ ਉਸ ਨੂੰ ਚੁਕੰਨਾ ਕਰ ਦਿੱਤਾ ਕਿ ਉਸ ਦਾ 'ਵਿਕਾਸ' ਦਾ ਮੰਤਰ ਕੰਮ ਨਹੀਂ ਆ ਰਿਹਾ। ਇਹ ਦੇਖ ਕੇ 'ਚਾਰ ਸੌ ਪਾਰ' ਦਾ ਰਾਗ ਅਲਾਪਣਾ ਬੰਦ ਕਰ ਕੇ ਮੋਦੀ-ਟੋਲੇ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ 'ਇਹ ਤਾਂ ਵਿਰੋਧੀ ਧਿਰ ਨੂੰ ਉਲਝਾਉਣ ਲਈ ਚੋਣ ਜੁਮਲਾ ਸੀ ਅਤੇ ਉਨ੍ਹਾਂ ਦੀ ਇਹ ਚਾਲ ਕਾਮਯਾਬ ਰਹੀ ਹੈ।' ਫਿਰ ਮੁਸਲਮਾਨਾਂ ਵਿਰੁੱਧ ਨਫ਼ਰਤ ਦਾ ਮੋਰਚਾ ਖੋਲ੍ਹ ਦਿੱਤਾ ਕਿ ਕਾਂਗਰਸ ਹਿੰਦੂ ਔਰਤਾਂ ਦੇ ਗਹਿਣੇ-ਗੱਟੇ ਤੇ ਮੰਗਲਸੂਤਰ ਲਾਹ ਲਵੇਗੀ ਅਤੇ ਹਿੰਦੂਆਂ ਦੀ ਦੌਲਤ ਖੋਹ ਕੇ ਮੁਸਲਮਾਨਾਂ 'ਚ ਵੰਡ ਦੇਵੇਗੀ। ਉੱਪਰੋਂ ਦੇਖਿਆਂ ਇਸ ਦਾ ਨਿਸ਼ਾਨਾ ਕਾਂਗਰਸ ਸੀ ਪਰ ਅਸਲ ਨਿਸ਼ਾਨਾ ਮੁਸਲਮਾਨ ਘੱਟਗਿਣਤੀ ਅਤੇ ਫਿਰਕੂ ਪਾਲਾਬੰਦੀ ਸੀ।





ਦੂਜੇ ਪਾਸੇ, ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਅਵਾਮ ਦੇ ਮੁੱਖ ਮੁੱਦੇ ਸ਼ਾਮਲ ਕਰ ਕੇ ਇਸ ਬਿਰਤਾਂਤ ਨੂੰ ਚੁਣੌਤੀ ਦਿੱਤੀ। ਭਾਜਪਾ ਦੇ ਦਸ ਸਾਲ ਦੇ ਰਾਜ ਹੱਥੋਂ ਬੇਕਿਰਕ ਲੁੱਟ-ਖਸੁੱਟ ਅਤੇ ਤਾਨਾਸ਼ਾਹ ਫ਼ੈਸਲਿਆਂ ਤੋਂ ਅੱਕੀ ਅਵਾਮ ਦਾ ਝੁਕਾਅ ਸੁਭਾਵਿਕ ਤੌਰ 'ਤੇ ਇੰਡੀਆ ਗੱਠਜੋੜ ਵੱਲ ਰਿਹਾ। 2019 ਦੇ ਮੁਕਾਬਲੇ ਇਸ ਵਾਰ ਕਾਂਗਰਸ ਜਥੇਬੰਦਕ ਪੱਖੋਂ ਵੀ ਕੁਝ ਮਜ਼ਬੂਤ ਸੀ। ਇਸ ਲਈ ਆਰ.ਐਸ.ਐਸ.-ਭਾਜਪਾ ਨੂੰ ਇੰਡੀਆ ਗੱਠਜੋੜ ਦੀ ਚੋਣ ਮੁਹਿੰਮ ਨੂੰ ਕਾਟ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਣਾ ਪਿਆ। ਯੂ.ਪੀ. ਵਿਚ ਭਾਜਪਾ ਨੂੰ ਇੰਡੀਆ ਗੱਠਜੋੜ ਨੇ ਸਖ਼ਤ ਟੱਕਰ ਦਿੱਤੀ। ਮਹਾਰਾਸ਼ਟਰ ਅਤੇ ਕਈ ਹੋਰ ਰਾਜਾਂ ਵਿਚ ਮੋਦੀ ਗੈਂਗ ਨੂੰ ਜੀਵਨ-ਗੁਜ਼ਾਰੇ, ਬੇਰੁਜ਼ਗਾਰੀ ਅਤੇ ਮਹਿੰਗਾਈ ਕਾਰਨ ਹਕੂਮਤ ਵਿਰੋਧੀ ਵਿਆਪਕ ਬੇਚੈਨੀ ਦਾ ਸਾਹਮਣਾ ਕਰਨਾ ਪਿਆ। ਚੋਣਾਂ ਦੇ ਐਲਾਨ ਤੋਂ ਬਾਅਦ ਮੋਦੀ ਨੇ ਮਹਾਰਾਸ਼ਟਰ ਵਿਚ 18 ਗੇੜੇ ਲਾਏ। ਪੂਰੇ ਮੁਲਕ 'ਚ 206 ਚੋਣ ਰੈਲੀਆਂ/ਰੋਡ ਸ਼ੋਅ ਕੀਤੇ। ਭਾਜਪਾ ਦੇ ਹੋਰ ਮੁੱਖ ਪ੍ਰਚਾਰਕਾਂ ਨੇ ਵੀ ਸੈਂਕੜਿਆਂ ਦੀ ਤਾਦਾਦ 'ਚ ਰੈਲੀਆਂ ਕੀਤੀਆਂ ਪਰ ਉਹ 2019 ਵਾਲੀ 'ਮੋਦੀ ਲਹਿਰ' ਨਹੀਂ ਬਣਾ ਸਕੇ।

**ਭਾਜਪਾ/ਮੋਦੀ ਵੱਲੋਂ ਸਿੱਖ ਅਤੇ ਦਲਿਤ ਪੱਤਾ ਖੇਡਣ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੇ ਭਾਜਪਾ ਉਮੀਦਵਾਰਾਂ ਨੂੰ ਮੂੰਹ ਨਹੀਂ ਲਾਇਆ। ਉਂਝ, ਚਿੰਤਾਜਨਕ ਪੱਖ ਇਹ ਹੈ ਕਿ ਭਾਜਪਾ ਦਲਿਤਾਂ ਦੇ ਇਕ ਹਿੱਸੇ 'ਚ ਆਪਣੀ ਜ਼ਹਿਰੀਲੀ ਸਿਆਸਤ ਦਾ ਸੰਚਾਰ ਕਰਨ 'ਚ ਸਫਲ ਰਹੀ ਹੈ। ਪੰਜਾਬ ਵਿਚ ਵੋਟਰਾਂ ਦਾ ਫ਼ਤਵਾ ਕਾਂਗਰਸ ਦੇ ਹੱਕ 'ਚ ਨਹੀਂ ਸਗੋਂ ਆਮ ਆਦਮੀ ਪਾਰਟੀ ਦੀ ਵਾਅਦਾਖ਼ਿਲਾਫ਼ੀ ਤੇ ਬੇਹੱਦ ਨਖਿੱਧ ਕਾਰਗੁਜ਼ਾਰੀ ਵਿਰੁੱਧ ਹੈ। ਅਕਾਲੀ ਦਲ ਨੂੰ ਪੰਜਾਬੀ ਪਹਿਲਾਂ ਹੀ ਨਕਾਰ ਚੁੱਕੇ ਹਨ। ਖਡੂਰ ਸਾਹਿਬ ਅਤੇ ਫਰੀਦਕੋਟ ਵਿਚ ਵੋਟਰਾਂ ਦਾ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਨੂੰ ਜਿਤਾਉਣਾ ਰਵਾਇਤੀ ਪਾਰਟੀਆਂ ਨੂੰ ਨਕਾਰਨ ਅਤੇ ਨਸ਼ੇ, ਆਰਥਿਕ ਸੰਕਟ ਤੋਂ ਨਿਜਾਤ ਪਾਉਣ ਦੀ ਤਾਂਘ ਦਾ ਸੰਕੇਤ ਹੈ ਨਾ ਕਿ ਖ਼ਾਲਸਤਾਨੀ ਵਿਚਾਰਧਾਰਾ ਨੂੰ ਹਮਾਇਤ ਦਾ।**

ਸਮੁੱਚੇ ਪੋਲਿੰਗ ਅਮਲ 'ਚ ਦੇਖਿਆ ਗਿਆ ਕਿ ਜ਼ਮੀਨੀ ਪੱਧਰ 'ਤੇ ਵੋਟਰਾਂ ਦਾ ਹੁੰਗਾਰਾ ਭਗਵਾ ਬ੍ਰਿਗੇਡ ਦੇ ਦਾਅਵਿਆਂ ਦੀ ਹਾਮੀ ਨਹੀਂ ਭਰ ਰਿਹਾ। ਲਿਹਾਜ਼ਾ, ਸੱਤਵਾਂ ਗੇੜ ਖ਼ਤਮ ਹੁੰਦੇ ਸਾਰ ਐਗਜ਼ਿਟ ਪੋਲ ਦਾ ਮੋਰਚਾ ਖੋਲ੍ਹ ਦਿੱਤਾ। 'ਐਗਜ਼ਿਟ ਪੋਲ' ਦੇ ਨਾਂ ਹੇਠ ਗੋਦੀ ਮੀਡੀਆ ਨੇ ਐਨ.ਡੀ.ਏ. ਨੂੰ 350 ਸੀਟਾਂ ਜਿੱਤਦੇ ਦਿਖਾ ਕੇ 'ਐਗਜ਼ੈਕਟ ਫ਼ਤਵੇ' ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਚੋਣ ਨਤੀਜਿਆਂ ਨੇ ਇਸ ਧੋਖਾਧੜੀ ਦੀ ਪੋਲ ਖੋਲ੍ਹ ਦਿੱਤੀ। ਦਰਅਸਲ, ਇਹ ਨਿਰੰਕੁਸ਼ ਤਾਕਤਾਂ ਦੇ ਹੱਥ 'ਚ ਮਨੋਵਿਗਿਆਨਕ ਹਥਿਆਰ ਹੈ ਜਿਸ ਰਾਹੀਂ ਕਾਰਪੋਰੇਟ ਮੀਡੀਆ ਆਪਣੇ ਚਹੇਤੇ ਹੁਕਮਰਾਨ ਗੁੱਟ ਨੂੰ ਜਿੱਤਦਾ ਹੋਇਆ ਦਿਖਾਉਂਦਾ ਹੈ। ਇਸ ਲਈ ਇਹ ਹੋਣ ਵਾਲੀ ਚੋਣ ਧਾਂਦਲੀ ਤੋਂ ਧਿਆਨ ਹਟਾਉਣ ਲਈ ਜ਼ਮੀਨ ਤਿਆਰ ਕਰਨ ਦੀ ਕਵਾਇਦ ਤੋਂ ਸਿਵਾਇ ਕੁਝ ਨਹੀਂ।

ਸੋ, ਭਗਵਾ ਬ੍ਰਿਗੇਡ ਨੇ ਜੋ ਸੀਟਾਂ ਜਿੱਤੀਆਂ, ਉਹ ਫਿਰਕੂ ਪਾਲਾਬੰਦੀ ਅਤੇ ਜਾਅਲਸਾਜ਼ੀ ਦੇ ਸਹਾਰੇ ਜਿੱਤੀਆਂ। ਮੋਦੀ ਦੇ ਰਾਜ ਵਿਚ ਹੋਏ ਤੇਜ਼ ਰਫ਼ਤਾਰ 'ਵਿਕਾਸ' ਦਾ ਝੂਠ ਪ੍ਰਚਾਰਨ, ਫਿਰਕੂ ਨਫ਼ਰਤ ਫੈਲਾਉਣ, ਨਸ਼ੇ ਅਤੇ ਧਨ ਦੀ ਵਰਤੋਂ ਕਰਕੇ ਵੋਟਾਂ ਹਥਿਆਉਣ ਉੱਪਰ ਕਾਰਪੋਰੇਟਾਂ ਤੋਂ ਲਏ ਦਹਿ-ਹਜ਼ਾਰਾਂ ਕਰੋੜ ਰੁਪਏ ਪਾਣੀ ਵਾਂਗ ਵਹਾਏ ਗਏ ਅਤੇ ਬੇਸ਼ੁਮਾਰ ਸਰਕਾਰੀ ਮਾਲੀ ਵਸੀਲੇ ਇਸ ਤੋਂ ਵੱਖਰੇ ਵਰਤੇ ਗਏ। ਈ.ਵੀ.ਐਮ. ਰਾਹੀਂ ਚੋਣ ਧਾਂਦਲੀ ਦੇ ਖ਼ਦਸ਼ੇ ਵੀ ਬੇਬੁਨਿਆਦ ਨਹੀਂ। ਅਮਿਤ ਸ਼ਾਹ ਦੇ ਚੋਣ ਹਲਕੇ ਗਾਂਧੀਨਗਰ ਅਤੇ ਹੋਰ ਕਈ ਹਲਕਿਆਂ 'ਚ ਭਗਵਾ ਗਰੋਹਾਂ ਵੱਲੋਂ ਭਾਜਪਾ ਵਿਰੁੱਧ ਰੁਝਾਨ ਰੱਖਦੇ ਲੋਕਾਂ ਨੂੰ ਦਬਾਅ ਅਤੇ ਦਹਿਸ਼ਤ ਨਾਲ ਵੋਟਾਂ ਪਾਉਣ ਤੋਂ ਰੋਕਣ ਦੀਆਂ ਰਿਪੋਰਟਾਂ ਹਨ। ਕਾਂਗਰਸ ਨੇ ਅਮਿਤ ਸ਼ਾਹ ਉੱਪਰ 150 ਦੇ ਕਰੀਬ ਡਿਪਟੀ ਕਮਿਸ਼ਨਰਾਂ ਨੂੰ ਫੋਨ ਕਰ ਕੇ ਪੋਲਿੰਗ ਦੇ ਨਤੀਜੇ ਭਾਜਪਾ ਦੇ ਪੱਖ 'ਚ ਮੈਨੇਜ ਕਰਨ ਦਾ ਦੋਸ਼ ਲਗਾਇਆ। ਇੰਨੀ ਧੜਵੈਲ ਚੋਣ ਮੁਹਿੰਮ ਦੇ ਬਾਵਜੂਦ ਭਾਜਪਾ ਵੱਲੋਂ 2019 ਵਾਲੀ ਕਾਰਗੁਜ਼ਾਰੀ ਨਾ ਦੁਹਰਾ ਸਕਣਾ ਮੋਦੀ ਲਈ ਵੱਡੀ ਪਛਾੜ ਹੈ। ਹੁਣ ਹਿੰਦੂਤਵ ਫਾਸ਼ੀਵਾਦ ਦਾ ਬੁਲਡੋਜ਼ਰ ਉਸ ਬੇਕਿਰਕ ਰੂਪ 'ਚ ਅਵਾਮ ਨੂੰ ਨਹੀਂ ਦਰੜ ਸਕੇਗਾ ਜਿਵੇਂ ਇਹ ਭਾਰੀ ਬਹੁਮਤ ਵਾਲੀ ਸਰਕਾਰ ਬਣਾ ਕੇ ਬੇਰੋਕ-ਟੋਕ ਫ਼ੈਸਲੇ ਕਰ ਸਕਦਾ ਸੀ। ਇਹ ਭਾਰਤ ਦੇ ਲੋਕਾਂ ਲਈ ਫ਼ੌਰੀ ਰਾਹਤ ਹੈ।

ਭਾਜਪਾ/ਮੋਦੀ ਵੱਲੋਂ ਸਿੱਖ ਅਤੇ ਦਲਿਤ ਪੱਤਾ ਖੇਡਣ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੇ ਭਾਜਪਾ ਉਮੀਦਵਾਰਾਂ ਨੂੰ ਮੂੰਹ ਨਹੀਂ ਲਾਇਆ। ਉਂਝ, ਚਿੰਤਾਜਨਕ ਪੱਖ ਇਹ ਹੈ ਕਿ ਭਾਜਪਾ ਦਲਿਤਾਂ ਦੇ ਇਕ ਹਿੱਸੇ 'ਚ ਆਪਣੀ ਜ਼ਹਿਰੀਲੀ ਸਿਆਸਤ ਦਾ ਸੰਚਾਰ ਕਰਨ 'ਚ ਸਫਲ ਰਹੀ ਹੈ। ਪੰਜਾਬ ਵਿਚ ਵੋਟਰਾਂ ਦਾ ਫ਼ਤਵਾ ਕਾਂਗਰਸ ਦੇ ਹੱਕ 'ਚ ਨਹੀਂ ਸਗੋਂ ਆਮ ਆਦਮੀ ਪਾਰਟੀ ਦੀ ਵਾਅਦਾਖ਼ਿਲਾਫ਼ੀ ਤੇ ਬੇਹੱਦ ਨਖਿੱਧ ਕਾਰਗੁਜ਼ਾਰੀ ਵਿਰੁੱਧ ਹੈ। ਅਕਾਲੀ ਦਲ ਨੂੰ ਪੰਜਾਬੀ ਪਹਿਲਾਂ ਹੀ ਨਕਾਰ ਚੁੱਕੇ ਹਨ। ਖਡੂਰ ਸਾਹਿਬ ਅਤੇ ਫਰੀਦਕੋਟ ਵਿਚ ਵੋਟਰਾਂ ਦਾ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਨੂੰ ਜਿਤਾਉਣਾ ਰਵਾਇਤੀ ਪਾਰਟੀਆਂ ਨੂੰ ਨਕਾਰਨ ਅਤੇ ਨਸ਼ੇ, ਆਰਥਿਕ ਸੰਕਟ ਤੋਂ ਨਿਜਾਤ ਪਾਉਣ ਦੀ ਤਾਂਘ ਦਾ ਸੰਕੇਤ ਹੈ ਨਾ ਕਿ ਖ਼ਾਲਸਤਾਨੀ ਵਿਚਾਰਧਾਰਾ ਨੂੰ ਹਮਾਇਤ ਦਾ।

ਭਾਰਤ ਦੀਆਂ ਉਦਾਰ ਖ਼ਿਆਲ ਜਾਗਰੂਕ ਤਾਕਤਾਂ ਦੀ ਸਰਗਰਮ ਹਮਾਇਤ ਨਾਲ 'ਇੰਡੀਆ ਗੱਠਜੋੜ' ਦੀ ਪ੍ਰਚਾਰ ਮੁਹਿੰਮ ਦੀ ਇਸ ਕਾਰਗੁਜ਼ਾਰੀ ਵਿਚ ਭਾਵੇਂ ਗਿਣਨਯੋਗ ਭੂਮਿਕਾ ਹੈ ਪਰ ਮੁੱਖ ਭੂਮਿਕਾ ਭਗਵਾ ਰਾਜ ਤੋਂ ਅਸੰਤੁਸ਼ਟ ਆਮ ਲੋਕਾਂ ਦੀ ਹੈ ਜਿਨ੍ਹਾਂ ਨੇ ਫਾਸ਼ੀਵਾਦੀ ਤਾਕਤ ਦੇ ਜ਼ਹਿਰੀਲੇ ਪ੍ਰਚਾਰ ਨੂੰ ਮੂੰਹ ਨਹੀਂ ਲਾਇਆ। ਇਹ ਤਲਖ਼ ਹਕੀਕਤ ਹੈ ਕਿ 'ਅਟੱਲ ਜਿੱਤ' ਦੇ ਭਗਵਾ ਬਿਰਤਾਂਤ ਨੂੰ ਵਿਰੋਧੀ ਧਿਰ ਦੀ ਤਰਫ਼ੋਂ ਮੂੰਹ ਤੋੜਵੇਂ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ ਕਿਉਂਕਿ ਇੰਡੀਆ ਗੱਠਜੋੜ ਦੇ ਹੋਂਦ 'ਚ ਆਉਣ ਦੇ ਬਾਵਜੂਦ ਮੌਕਾਪ੍ਰਸਤ ਖ਼ਸਲਤ ਕਾਰਨ ਇਸ ਗੱਠਜੋੜ 'ਚ ਸ਼ਾਮਲ ਪਾਰਟੀਆਂ 'ਚ ਲੋੜੀਂਦੀ ਮਜ਼ਬੂਤ ਏਕਤਾ ਨਹੀਂ ਬਣੀ। ਲੋੜੀਂਦੀ ਏਕਤਾ ਨਾਲ ਇਹ ਭਾਜਪਾ ਨੂੰ ਪੂਰੀ ਤਰ੍ਹਾਂ ਸੱਤਾ ਤੋਂ ਲਾਹ ਸਕਦੇ ਸਨ। ਦਰਅਸਲ, ਇਹ ਰਾਜਨੀਤਕ ਗੁੱਟ ਭਗਵਾ ਹਮਲੇ ਤੋਂ ਆਪਣੀ ਹੋਂਦ ਬਚਾਉਣ ਲਈ ਲੜ ਰਹੇ ਹਨ। ਇਸ ਕਾਰਨ ਇਹ ਹਿੰਦੂਤਵ ਫਾਸ਼ੀਵਾਦ ਵਿਰੁੱਧ ਮਜ਼ਬੂਤ ਫ਼ੈਸਲਾਕੁਨ ਲੜਾਈ ਦੇਣ ਦੀ ਹਾਲਤ 'ਚ ਨਹੀਂ ਹਨ। ਅਗਲੀ ਸਰਕਾਰ ਬਣਨ 'ਤੇ ਇਹ ਗੱਠਜੋੜ ਹਕੂਮਤ ਦੀਆਂ ਨੀਤੀਆਂ ਦਾ ਵਿਰੋਧ ਕਿਹੋ ਜਿਹਾ ਕਰੇਗਾ, ਉਸ ਨਾਲ ਹੀ ਇਸ ਦੀ ਭਵਿੱਖੀ ਭੂਮਿਕਾ ਤੈਅ ਹੋਵੇਗੀ। ਇਹ ਹਕੀਕਤ ਧਿਆਨ 'ਚ ਰਹਿਣੀ ਚਾਹੀਦੀ ਹੈ ਕਿ ਕਾਂਗਰਸ ਅਤੇ ਇੰਡੀਆ ਗੱਠਜੋੜ 'ਚ ਸ਼ਾਮਲ ਹੋਰ ਪਾਰਟੀਆਂ ਲੋਕ ਵਿਰੋਧੀ ਹਾਕਮ ਜਮਾਤੀ ਪਾਰਟੀਆਂ ਹਨ ਜਿਨ੍ਹਾਂ ਦਾ ਹਿੰਦੂਤਵ ਨੂੰ ਛੱਡ ਕੇ ਭਾਜਪਾ ਨਾਲੋਂ ਵੱਖਰਾ ਆਰਥਿਕ ਨੀਤੀ-ਪ੍ਰੋਗਰਾਮ ਨਹੀਂ ਹੈ। ਲਿਹਾਜ਼ਾ, ਨਾ ਸਿਰਫ਼ ਭਗਵਾ ਹਕੂਮਤ ਵੱਲੋਂ ਫੈਲਾਈ ਫਿਰਕੂ ਜ਼ਹਿਰ ਨੂੰ ਖ਼ਤਮ ਕਰਨ ਲਈ ਸਗੋਂ ਇਸ ਹਕੂਮਤ ਵੱਲੋਂ ਲਏ ਸਾਮਰਾਜ ਅਤੇ ਦੇਸੀ ਕਾਰਪੋਰੇਟ ਹਿਤੈਸ਼ੀ ਫ਼ੈਸਲਿਆਂ ਨੂੰ ਰੱਦ ਕਰਾਉਣ ਲਈ ਵੀ ਖ਼ੁਦ ਅਵਾਮ ਨੂੰ ਹੀ ਤਿੱਖੇ ਸੰਘਰਸ਼ ਕਰਨੇ ਪੈਣਗੇ; ਚਾਹੇ ਉਹ ਆਰਥਿਕ ਨੀਤੀਆਂ ਦੇ ਫ਼ੈਸਲੇ ਹੋਣ ਜਾਂ ਕਾਲੇ ਕਾਨੂੰਨਾਂ ਦੇ ਰੂਪ 'ਚ।

ਇਹ ਤੈਅ ਹੈ ਕਿ ਆਰ.ਐਸ.ਐਸ.-ਭਾਜਪਾ ਰਾਜ ਪ੍ਰਬੰਧ ਉੱਪਰ ਆਪਣੀ ਜਕੜ ਢਿੱਲੀ ਨਹੀਂ ਪੈਣ ਦੇਵੇਗੀ। ਬਹੁਮਤ ਨਾ ਮਿਲਣ ਕਾਰਨ ਬੇਸ਼ੱਕ ਭਾਜਪਾ ਦੀ ਮਨਮਰਜ਼ੀ ਦੇ ਫ਼ੈਸਲੇ ਲੈਣ ਦੀ ਨਿਰੰਕੁਸ਼ ਤਾਕਤ ਕਮਜ਼ੋਰ ਪੈ ਗਈ ਹੈ ਪਰ ਇਹ ਸੱਤਾ ਉੱਪਰ ਮਜ਼ਬੂਤ ਪਕੜ ਬਣਾਉਣ ਲਈ ਹਰ ਹਰਬਾ ਵਰਤੇਗੀ। ਉਂਝ ਵੀ ਇਸ ਨੇ ਰਾਜ ਪ੍ਰਬੰਧ ਦੇ ਵੱਖ-ਵੱਖ ਅੰਗਾਂ ਅੰਦਰ ਜਿੰਨੀ ਡੂੰਘੀ ਘੁਸਪੈਠ ਕਰ ਲਈ ਹੈ, ਉਸ ਦੇ ਆਧਾਰ 'ਤੇ ਇਹ ਕਮਜ਼ੋਰ ਹਾਲਤ 'ਚ ਵੀ ਰਾਜਤੰਤਰ ਨੂੰ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਅੱਗੇ ਵਧਾਉਣ ਦਾ ਸੰਦ ਬਣਾਏਗੀ। ਚੋਣਾਂ ਦੌਰਾਨ ਹੀ ਫ਼ੌਜ ਮੁਖੀ ਦੀ ਸਰਵਿਸ ਇਕ ਮਹੀਨਾ ਹੋਰ ਵਧਾਉਣ (ਰਿਟਾਇਰਮੈਂਟ ਤੋਂ ਸਿਰਫ਼ ਛੇ ਦਿਨ ਪਹਿਲਾਂ) ਸਮੇਤ ਕੁਝ ਚੋਟੀ ਦੇ ਅਧਿਕਾਰੀਆਂ ਦੀ ਅਤਿ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤੀ ਇਹੀ ਇਸ਼ਾਰਾ ਕਰਦੀ ਹੈ।


ਅਗਲੀ ਸਰਕਾਰ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਨਿਰਣੇ ਲੈਣ ਦੀ ਕੋਸ਼ਿਸ਼ ਨਹੀਂ ਛੱਡੇਗੀ। ਆਮ ਲੋਕਾਂ ਵਿਰੁੱਧ ਆਰਥਕ ਹਮਲੇ, ਕਾਲੇ ਕਾਨੂੰਨਾਂ ਅਤੇ ਹਕੂਮਤੀ ਦਹਿਸ਼ਤਵਾਦ ਦੇ ਜਾਬਰ ਹੱਲੇ ਵੀ ਤਿੱਖੇ ਰੂਪ 'ਚ ਸਾਹਮਣੇ ਆਉਣਗੇ। ਹੁਣ ਤੱਕ ਗੁਪਤ ਚਲੀ ਆ ਰਹੀ ਤਿਆਰੀ ਹਕੂਮਤੀ ਹਮਲਿਆਂ ਦੇ ਰੂਪ 'ਚ ਸਾਹਮਣੇ ਆ ਜਾਵੇਗੀ। ਮੁਸਲਮਾਨਾਂ, ਈਸਾਈਆਂ, ਦਲਿਤਾਂ ਅਤੇ ਹਾਸ਼ੀਏ 'ਤੇ ਧੱਕੇ ਹੋਰ ਸਮਾਜਿਕ ਹਿੱਸਿਆਂ ਵਿਰੁੱਧ ਝਪਟਣ ਲਈ ਹਿੰਦੂਤਵੀ ਦਹਿਸ਼ਤੀ ਗਰੋਹਾਂ ਨੂੰ ਖੁੱਲ੍ਹੀ ਛੁੱਟੀ ਦੇਣ ਦਾ ਵਰਤਾਰਾ ਵੀ ਬੰਦ ਨਹੀਂ ਹੋਵੇਗਾ। ਭਾਜਪਾ ਵਿਰੁੱਧ ਡਟਣ ਵਾਲੇ ਪੰਜਾਬ ਦੇ ਕਿਸਾਨਾਂ ਤੇ ਹੋਰ ਹਿੱਸਿਆਂ ਨੂੰ ਹਕੂਮਤ ਦੇ ਬਦਲਾਲਊ ਹਮਲਿਆਂ ਦਾ ਸਾਹਮਣਾ ਕਰਨਾ ਪਵੇਗਾ।

ਕੁਲ ਮਿਲਾ ਕੇ ਚੋਣਾਂ ਤੋਂ ਬਾਅਦ ਸੰਘਰਸ਼ਸ਼ੀਲ ਤਾਕਤਾਂ ਅੱਗੇ ਮੁਲਕ ਦੇ ਭਵਿੱਖ ਨੂੰ ਬਚਾਉਣ ਲਈ ਸਖ਼ਤ ਸੰਘਰਸ਼ ਦੀਆਂ ਚੁਣੌਤੀਆਂ ਹਨ। ਸਮਾਜ ਦੇ ਜਾਗਰੂਕ ਹਿੱਸਿਆਂ ਅਤੇ ਅਵਾਮ ਨੂੰ ਆਪਣੀ ਅਗਲੀ ਭੂਮਿਕਾ ਹੁਣ ਤੋਂ ਹੀ ਤੈਅ ਕਰ ਲੈਣੀ ਚਾਹੀਦੀ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਟਰੇਡ ਯੂਨੀਅਨਾਂ ਅਤੇ ਹੋਰ ਜਮਹੂਰੀ ਤਾਕਤਾਂ ਨਾਲ ਮਿਲ ਕੇ ਚੋਣਾਂ ਦੌਰਾਨ ਕੀਤੀ ਸਰਗਰਮੀ ਨੂੰ ਫਾਸ਼ੀਵਾਦੀ ਵਿਰੋਧੀ ਮਜ਼ਬੂਤ ਲਹਿਰ 'ਚ ਬਦਲਣ ਦੀਆਂ ਬੇਹੱਦ ਸੰਭਾਵਨਾਵਾਂ ਹਨ ਜਿਨ੍ਹਾਂ ਉੱਪਰ ਖਰੀਆਂ ਜਮਹੂਰੀ ਤਾਕਤਾਂ ਨੂੰ ਬੇਹੱਦ ਸੰਜੀਦਗੀ ਨਾਲ ਕੰਮ ਕਰਨ ਦੀ ਲੋੜ ਹੈ।

# 9 ਜੂਨ 1984 : ਮੇਰਾ ਹਰਿਮੰਦਰ ਸਾਹਿਬ ਦਰਸ਼ਨ

ਭਾਰਤ ਸਰਕਾਰ ਵਲੋਂ ਜੂਨ 1984 ਦੇ ਪਹਿਲੇ ਹਫ਼ਤੇ ਦਰਬਾਰ ਸਾਹਿਬ 'ਤੇ ਕਰਵਾਏ ਹਮਲੇ ਤੋਂ ਬਾਅਦ ਅੱਠ ਜੂਨ ਨੂੰ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਵਾਏ ਗਏ। ਜਨਤਾ ਦੇ ਰੋਹ ਨੂੰ ਭਾਂਪਦਿਆਂ 9 ਜੂਨ 1984 ਨੂੰ ਸ਼ਰਧਾਲੂਆਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਦੀ ਖੁੱਲ੍ਹ ਦਿੱਤੀ ਗਈ। ਮੈਂ ਪੰਜਾਹ- ਸੱਠ ਯਾਤਰੂਆਂ ਦੀ ਉਸ ਪਹਿਲੀ ਮੁੱਠੀ ਭਰ ਟੋਲੀ ਵਿਚ ਵੀ ਸ਼ਾਮਲ ਸੀ, ਜਿਸ ਨੇ ਆਪਣੇ ਉਸ ਪਵਿੱਤਰ ਸਥਾਨ ਦੀ ਤਬਾਹੀ ਦਾ ਸੱਜਰਾ ਕਰੁਣਾਮਈ ਦ੍ਰਿਸ਼ ਆਪਣੀਆਂ ਅੱਖਾਂ ਨਾਲ ਵੇਖਿਆ।

ਹਾਲ ਗੇਟ ਤੋਂ ਅੰਦਰ ਸਾਈਕਲ, ਸਕੂਟਰ ਜਾਂ ਕਿਸੇ ਹੋਰ ਸਿਵਲ ਵਾਹਨ ਦੇ ਜਾਣ ਦੀ ਮਨਾਹੀ ਸੀ। ਸਿਰਫ਼ ਪੈਦਲ ਜਾਣ ਦੀ ਆਗਿਆ ਸੀ। ਹਾਲ ਗੇਟ ਨੇੜੇ ਲੱਗੀ ਇੱਕ ਛਬੀਲ ਤੋਂ ਕੁੱਝ ਲੋਕ ਮਿੱਠਾ ਪਾਣੀ, ਚਾਹ ਦੇ ਕੱਪ ਤੇ ਡੂਨਿਆਂ ਵਿਚ ਲੱਡੂ ਵਰਤਾ ਰਹੇ ਹਿੜ-ਹਿੜ ਹੱਸ ਰਹੇ ਸਨ। ਇਨ੍ਹਾਂ ਵਿਚ ਬਹੁਤੇ ਮੋਨੇ, ਕੁੱਝ ਪਟਕੇ ਵਾਲੇ ਤੇ ਕੁੱਝ ਮੋਟੇ ਢਿੱਡਾਂ ਵਾਲੇ ਪਗੜੀਧਾਰੀ ਸਰਦਾਰ ਵੀ ਸ਼ਾਮਲ ਸਨ। ਮਨ ਵਿਚ ਇਨ੍ਹਾਂ ਲੋਕਾਂ ਦੀ ਸੇਵਾ, ਸ਼ਰਧਾ ਤੇ ਸਤਿਕਾਰ ਬਾਰੇ ਸ਼ਲਾਘਾ ਉਤਪੰਨ ਹੋਈ... ਪਰ! ਏਨਾ ਕਹਿਰ ਵਰਤਿਆ ਤੇ ਇਹ ਖੁਸ਼ੀ ਮਨਾ ਰਹੇ ਨੇ? ਹੋਰਾਂ ਵਾਂਗ ਮੈਂ ਵੀ ਅੱਗੇ ਹੋ ਗਿਆ। ਜਲਦੀ



**ਚਰਨਜੀਤ ਸਿੰਘ ਪੰਨੂੰ**
**ਫੋਨ: 408-608-4961**

ਹੀ ਪਤਾ ਲੱਗ ਗਿਆ ਕਿ ਇਹ ਮੁਤਅੱਸਬ ਲੋਕ ਭਿੰਡਰਾਂਵਾਲਾ ਸੰਤਾਂ ਦੀ ਮੌਤ ਦੀ ਖ਼ਬਰ ਸੁਣ ਕੇ ਲੱਡੂ ਵੰਡ ਕੇ ਖ਼ੁਸ਼ੀ ਮਨਾ ਰਹੇ ਹਨ। 'ਅੰਦਰੋਂ ਬੜੇ ਨਾਜਾਇਜ਼ ਹਥਿਆਰ ਤੇ ਗੋਲੀ ਸਿੱਕਾ ਬਰਾਮਦ ਹੋਇਆ। ਨਿਰੋਧ, ਸਿਗਰਟਾਂ ਤੇ ਦਾਰੂ ਸ਼ਰਾਬ, ਵਿਸਕੀ ਦੀਆਂ ਬੋਤਲਾਂ ਫ਼ੌਜੀਆਂ ਦੇ ਹੱਥ ਲੱਗੀਆਂ।' ਮੇਰਾ ਇੱਕ ਵਾਕਫ਼ਕਾਰ ਚਰਨਜੀਤ ਲਾਲ ਮੁਸ਼ਕੜੀਆਂ ਵਿਚ ਹੱਸਦਾ ਮੇਰੇ ਨੇੜੇ ਹੋ ਗਿਆ। ਮੇਰਾ ਜੀ ਕੀਤਾ, ਇਸ ਦਾ ਮੂੰਹ ਥੱਪੜਾਂ ਨਾਲ ਭੰਨ ਦੇਵਾਂ ਪਰ ਸਾਰਾ ਹਜੂਮ ਇਹੀ ਗੱਲਾਂ ਕਰਦਾ ਜਾਚ ਕੇ ਮੇਰੇ ਪੈਰ ਪਿੱਛੇ ਮੁੜ ਗਏ। ਮੈਨੂੰ ਉਨ੍ਹਾਂ ਦੀਆਂ ਕਰਤੂਤਾਂ ਤੋਂ ਕੋਈ ਹੈਰਾਨੀ ਨਹੀਂ ਹੋਈ ਕਿਉਂਕਿ ਬਹੁਤ ਦੇਰ ਤੋਂ ਇਹ ਲੋਕ ਇਸ ਸਮੇਂ ਦਾ ਇੰਤਜ਼ਾਰ ਕਰ ਰਹੇ ਸਨ। ਮੈਨੂੰ ਇਨ੍ਹਾਂ ਲੋਕਾਂ ਦੇ ਮਖੌਟੇ ਵਿਚੋਂ ਉਸ ਥਾਣੇਦਾਰ ਦੀ ਸ਼ਕਲ ਦਿਖਾਈ ਦਿੱਤੀ ਜੋ ਮੇਰੇ ਪਿੰਡ ਸਖੀਰਾ ਦੇ ਕਤਲ ਹੋਏ ਮਾਪਿਆਂ ਦੇ ਇਕਲੌਤੇ ਪੁੱਤਰ ਦੀਪੇ ਦੇ ਘਰ ਉਸ ਦੀ ਲਾਸ਼ ਦੇ ਸਿਰਹਾਣੇ ਬੈਠ ਕੇ ਮੁਰਗੇ ਦੀਆਂ ਲੱਤਾਂ ਚੂੰਡ ਰਿਹਾ ਉਸ ਦੇ ਬਾਪ ਨੂੰ ਕਾਤਲਾਂ ਨੂੰ ਸਜ਼ਾ ਦਿਵਾਉਣ ਦੀ ਤਸੱਲੀ ਕਰਵਾਉਂਦਾ ਸੌਦੇਬਾਜ਼ੀ ਕਰ ਰਿਹਾ ਸੀ। ਇਹ ਵੀ ਪਤਾ ਲੱਗਾ ਕਿ ਇਹ ਲੋਕ ਕੱਲ੍ਹ ਤੋਂ ਹੀ ਖ਼ੁਸ਼ੀਆਂ ਮਨਾਉਂਦੇ, ਭੰਗੜੇ ਪਾਉਂਦੇ, ਫ਼ੌਜੀਆਂ ਨੂੰ ਤੋਹਫ਼ੇ, ਫ਼ਲ, ਮਠਿਆਈ ਵੰਡ ਕੇ ਉਨ੍ਹਾਂ ਦੇ ਗਲ ਹਾਰ ਪਾ ਰਹੇ ਹਨ।

ਹਰਿਮੰਦਰ ਸਾਹਿਬ ਦੇ ਦਰਸ਼ਨ ਅਭਿਲਾਸ਼ੀ ਬੜੇ ਉਤਸ਼ਾਹ ਤੇ ਉਤਸੁਕਤਾ ਨਾਲ ਲਗਭਗ ਦੋ ਕਿੱਲੋਮੀਟਰ ਦਾ ਇਹ ਪੈਂਡਾ ਪੈਦਲ ਜਾਣ ਲਈ ਉਤਾਵਲੇ ਸਨ। ਮੈਂ ਵੀ ਸੱਜੇ ਪਾਸੇ ਖੁੱਲ੍ਹੀ ਜਗ੍ਹਾ 'ਤੇ ਆਪਣਾ ਸਕੂਟਰ ਲਗਾ ਕੇ ਪੈਦਲ ਵਾਲੀ ਵਹੀਰ ਵਿਚ ਸ਼ਾਮਲ ਹੋ ਗਿਆ। ਸਕੂਟਰ ਦੇ ਚੋਰੀ ਹੋ ਜਾਣ ਦਾ ਡਰ ਮੇਰੇ ਅੱਜ ਦੇ ਮਿਸ਼ਨ ਤੋਂ ਵਧੇਰੇ ਮਹੱਤਵਪੂਰਨ ਨਹੀਂ ਸੀ। ਸਦਾ-ਬਹਾਰ ਰੌਣਕੀਲਾ ਹਾਲ ਬਜ਼ਾਰ ਅੱਜ ਕੁੱਝ ਕੁੱਝ ਖੁੱਲ੍ਹਾ ਤਾਂ ਸੀ ਪਰ ਸੁੰਨ-ਮਸਾਣ ਸਹਿਮਿਆ-ਸਹਿਮਿਆ ਨਜ਼ਰ ਆ ਰਿਹਾ ਸੀ। ਕਰਫ਼ਿਊ ਖੁੱਲ੍ਹਣ 'ਤੇ ਦੁਕਾਨਦਾਰਾਂ ਤੇ ਲੋਕਾਂ ਦੇ ਚਿਹਰੇ 'ਤੇ ਗ਼ਮੀ ਦੇ ਰੰਗ ਵਿਚ ਰੰਗੀ ਕੁੱਝ ਖ਼ੁਸ਼ੀ ਵੀ ਝਲਕ ਰਹੀ ਸੀ। ਬਹੁਤ ਦੇਰ ਤੋਂ ਅੰਦਰ ਤਾੜੇ ਨਾਗਰਿਕ ਸੌਦਾ ਪਾਣੀ ਤੋਂ ਆਤੁਰ ਬਾਹਰ ਨਿਕਲੇ ਸਨ। ਦਰਬਾਰ ਸਾਹਿਬ ਜਾਣ ਵਾਲੇ ਉਤਸੁਕ ਯਾਤਰੀ ਭੇਡਾਂ ਵਾਂਗ ਇੱਕ ਦੂਜੇ ਤੋਂ ਅੱਗੇ ਪਿੱਛੇ ਤੇਜ਼ੀ ਨਾਲ ਚੱਲ ਰਹੇ ਸਨ। ਮੋਢਿਆਂ 'ਤੇ ਜੰਗੀ ਬੈਗ ਲਟਕਾਈ ਫ਼ੌਜੀ ਪੈਰ ਪੈਰ 'ਤੇ ਹਰਲ ਹਰਲ ਕਰਦੇ ਫਿਰ ਰਹੇ ਸਨ। ਆਸੇ ਪਾਸੇ ਉੱਚੀਆਂ ਇਮਾਰਤਾਂ ਵਿਚੋਂ ਲੋਹ ਟੋਪਧਾਰੀ ਫ਼ੌਜੀ ਯਾਤਰੀਆਂ ਵੱਲ ਸਟੇਨਗੰਨਾਂ ਬੀੜ ਕੇ ਪਹਿਰਾ ਦੇ ਰਹੇ ਸਨ। ਕੋਤਵਾਲੀ ਦੀ ਸਾਰੀ ਇਮਾਰਤ ਫ਼ੌਜੀਆਂ ਦੇ ਕੰਟਰੋਲ ਹੇਠ ਸੀ। ਮਲਕਾ ਵਿਕਟੋਰੀਆ ਚੌਕ ਅਤੇ ਧਰਮ ਸਿੰਘ ਮਾਰਕੀਟ ਲਾਗੇ ਜੁੜੀ ਭੀੜ ਵਿਚ ਲੋਕ ਪੂਰੀਆਂ, ਛੋਲੇ, ਲੱਡੂ, ਸਮੋਸੇ, ਫਲ ਫਰੂਟ ਵੰਡ ਰਹੇ ਸਨ, ਛਕ ਰਹੇ ਸਨ, ਛਕਾ ਰਹੇ ਸਨ।

'ਦੁਰਗਾ ਦੇਵੀ ਵਾਂਗ ਇੰਦਰਾ ਗਾਂਧੀ ਨੇ ਅਤਿਵਾਦੀਆਂ 'ਤੇ ਰੋਲਰ ਫੇਰ ਕੇ ਦੇਸ਼ ਦੀ ਅਖੰਡਤਾ ਬਚਾ ਦਿੱਤੀ ਹੈ ਤੇ ਉਨ੍ਹਾਂ ਭੂਤਰੇ ਹੋਏ ਲੋਕਾਂ ਨੂੰ ਚਣੇ ਚਬਾ ਦਿੱਤੇ ਹਨ।' ਇੰਦਰਾ ਦੇ ਪ੍ਰਸ਼ੰਸਕ ਖ਼ੁਸ਼ੀਆਂ ਮਨਾ ਰਹੇ ਸਨ।

ਮੈਂ ਉੱਧਰ ਵੀ ਹੋਣ ਦਾ ਹੀਆ ਨਹੀਂ ਕਰ ਸਕਿਆ ਕਿਉਂਕਿ ਮੈਨੂੰ ਉਨ੍ਹਾਂ ਦੀ ਨੀਯਤ ਦਾ ਪਹਿਲਾਂ ਹੀ ਅਭਿਆਸ ਹੋ ਚੁੱਕਾ ਸੀ। ਨਹਿਰ ਦੀ ਠੋਕਰ ਵਾਂਗ ਤੇਜ਼ ਦੌੜਦੇ ਮੁਸਾਫ਼ਰਾਂ ਦੀਆਂ ਖੁੱਚਾਂ ਇੱਥੇ ਜਾਮ ਹੋ ਗਈਆਂ। ਧਰਮ ਸਿੰਘ ਮਾਰਕੀਟ ਤੋਂ ਅੱਗੇ ਨਾਕੇ 'ਤੇ ਰੋਕੇ ਬਹੁਤ ਸਾਰੇ ਯਾਤਰੀ ਜਮਾਂ ਹੋ ਗਏ ਸਨ। ਇਵੇਂ ਜਾਪਦਾ ਸੀ ਜਿਵੇਂ ਅੰਦਰ ਕੋਈ ਹੋਰ ਨਵਾਂ ਵਾਕਿਆ ਹੋ ਗਿਆ ਹੈ ਤੇ ਇਹ ਅੰਦਰੋਂ ਅਗਲੀ ਹਦਾਇਤ ਦੀ ਇੰਤਜ਼ਾਰ ਕਰ ਰਹੇ ਹਨ। ਪੰਦਰਾਂ-ਵੀਹ ਮਿੰਟ ਉਡੀਕਣਾ ਕੀਹਦੇ ਵੱਸ ਹੁੰਦਾ ਹੈ, ਸਬਰ ਵਾਲੇ ਖੜ੍ਹੇ ਰਹੇ। ਕੁੱਝ ਪਿੱਛੇ ਮੁੜਦੇ ਵੀ ਵੇਖੇ ਗਏ ਕਿਉਂਕਿ ਨਾਕੇ 'ਤੇ ਖੜ੍ਹੇ ਸੰਤਰੀ ਕਰਫ਼ਿਊ ਪਾਸ ਜਾਂ ਅੰਦਰ ਜਾਣ ਵਾਸਤੇ ਅੱਜ ਦੇ ਸਪੈਸ਼ਲ ਪਰਮਿਟ ਦੀ ਮੰਗ ਕਰ ਰਹੇ ਸਨ।

### ਜੱਲਿਆਂਵਾਲਾ ਬਾਗ਼

ਜੱਲਿਆਂਵਾਲਾ ਬਾਗ਼ ਵੱਲੋਂ ਵੇਖਿਆਂ ਸਾਹਮਣਾ ਦਰਵਾਜ਼ਾ ਵਿਸਾਖੀ 1919 ਦੀ ਦਰਦਨਾਕ ਤਰਾਸਦੀ ਯਾਦ ਕਰਵਾ ਦਿੰਦਾ ਹੈ। ਇਹ ਉਹੀ ਦੁਰਭਾਗਾ ਗੇਟ ਹੈ ਜਿਸ ਰਸਤੇ ਅੰਦਰ ਲੰਘ ਕੇ ਗੋਰੇ ਅਫ਼ਸਰ ਜਨਰਲ ਡਾਇਰ ਨੇ ਪਾਰਕ ਵਿਚ ਬੈਠੇ ਵਿਸਾਖੀ ਦੇ ਜਸ਼ਨ ਮਨਾਉਂਦੇ ਹਿੰਦੂ-ਸਿੱਖ-ਮੁਸਲਮਾਨਾਂ 'ਤੇ ਗੋਲੀਆਂ ਵਰ੍ਹਾ ਦਿੱਤੀਆਂ ਸਨ, ਜਿਸ ਵਿਚ ਚਾਰ ਸੌ ਮਾਰੇ ਗਏ ਤੇ ਪੰਦਰਾਂ ਸੌ ਦੇ ਕਰੀਬ ਜ਼ਖ਼ਮੀ ਹੋ ਗਏ ਸਨ। ਸੋਹਣੀ ਸੁਨੱਖੀ ਧਰਤੀ ਦੇ ਸੀਨੇ 'ਤੇ ਬਿਗਾਨਿਆਂ ਨੇ ਲਹੂ ਭਿੱਜੀ ਇਬਾਰਤ ਲਿਖ ਦਿੱਤੀ ਤੇ ਬਾਅਦ ਵਿਚ ਸਾਡਿਆਂ ਨੇ ਗੋਲੀਆਂ ਦੇ ਨਿਸ਼ਾਨਾਂ ਅਤੇ ਟੱਸ ਟੱਸ ਕਰਦੀਆਂ ਯਾਦਾਂ 'ਤੇ ਸਮਾਧਾਂ ਉਸਾਰ ਦਿੱਤੀਆਂ। ਗੋਰੀ ਸਰਕਾਰ ਦੇ ਹੈਵਾਨੀਅਤ ਭਰੇ ਵਤੀਰੇ ਜੰਗਲੀ ਜਾਨਵਰਾਂ ਦੀਆਂ ਖੂੰਖ਼ਾਰ ਬਿਰਤੀਆਂ ਨੂੰ ਵੀ ਮਾਤ ਪਾ ਦਿੰਦੇ ਹਨ। ਸਾਰੇ ਭਾਰਤੀ ਮਜ਼੍ਹਬਾਂ ਦਾ ਸਾਂਝਾ ਖ਼ੂਨ ਇੱਥੇ ਵਿਦੇਸ਼ੀ ਸਰਕਾਰ ਵੱਲੋਂ ਡੋਲ੍ਹਿਆ ਗਿਆ ਸੀ। ਬੇਹੱਦ ਕਰੂਰ ਉਦਾਸ ਕਰਨ ਵਾਲੀ ਪੁਰਾਣੀ ਘਟਨਾ ਦਾ ਇਤਿਹਾਸ ਅੱਜ ਫੇਰ ਇੱਥੇ ਦੁਹਰਾਇਆ ਗਿਆ ਤੇ ਜਾ ਰਿਹਾ ਹੈ। ਇੱਥੇ ਖੜ੍ਹੇ ਦੋ-ਤਿੰਨ ਪੜ੍ਹੇ ਲਿਖੇ ਲੋਕਾਂ ਨੇ ਇਹ ਇਤਿਹਾਸਕ ਵਾਰਤਾਲਾਪ ਸ਼ੁਰੂ ਕਰ ਦਿੱਤੀ, ''ਜਨਰਲ ਡਾਇਰ ਜੋ ਬਹੁਤ ਕਾਬਲ ਪਰ ਬੇਕਿਰਕਾ ਅਫ਼ਸਰ ਸਮਝਿਆ ਜਾਂਦਾ ਸੀ, ਤਿੜੇ ਹੋਏ ਆਜ਼ਾਦੀ ਦਾ ਆਪਣਾ ਹੱਕ ਮੰਗਦੇ ਲੋਕਾਂ ਨੂੰ ਡਰਾਉਣ ਧਮਕਾਉਣ ਤੇ ਠੱਲ੍ਹ ਪਾਉਣ ਲਈ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਸੀ। ਇਸ ਤੋਂ ਪਹਿਲਾਂ ਅੰਮ੍ਰਿਤਸਰ ਦੀ ਹਾਲਤ ਬਹੁਤ ਵਿਗੜ ਚੁੱਕੀ ਸੀ। ਡਾ. ਕਿਚਲੂ ਤੇ ਸੱਤ ਪਾਲ ਦੀ ਗ੍ਰਿਫ਼ਤਾਰੀ ਤੋਂ ਭੜਕੇ ਲੋਕਾਂ ਨੇ ਨੈਸ਼ਨਲ ਬੈਂਕ ਆਫ਼ ਇੰਡੀਆ ਤੋਂ ਸੱਠ ਹਜ਼ਾਰ ਡਾਲਰ ਲੁੱਟ ਕੇ ਸਟਾਫ਼ ਨੂੰ ਮਾਰ ਕੇ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਸੀ। ਇੱਕ ਹੋਰ ਅਲਾਹਾਬਾਦ ਬੈਂਕ ਦਾ ਗੋਰਾ ਮੈਨੇਜਰ ਹਲਾਕ ਕਰ ਦਿੱਤਾ ਸੀ। ਆਜ਼ਾਦੀ ਦਾ ਹੱਕ ਮੰਗਦੀ ਭੀੜ ਵੱਲੋਂ ਰੇਲਵੇ ਸਟੇਸ਼ਨ ਸਾੜ ਦਿੱਤਾ, ਪਟੜੀ ਪੁੱਟ ਦਿੱਤੀ, ਟਾਊਨ-ਹਾਲ ਜਲਾ ਦਿੱਤਾ ਗਿਆ। ਸ਼ਹਿਰ ਵਿਚ ਬਹੁਤ ਅਗਜ਼ਨੀ ਮੱਚੀ ਹੋਈ ਸੀ। ਅਸੀਂ ਇਹ ਸਾਕਾ ਬਹੁਤ ਸ਼ਿੱਦਤ ਨਾਲ ਯਾਦ ਕਰਦੇ ਹਾਂ ਕਿ ਗੋਰੀ ਸਰਕਾਰ ਨੇ ਭਾਰਤੀ ਲੋਕਾਂ 'ਤੇ ਬਹੁਤ ਜ਼ੁਲਮ ਢਾਇਆ। ਦੂਜੇ ਪਾਸੇ ਇਨ੍ਹਾਂ ਲੋਕਾਂ ਦੀ ਦਿਲ ਵਧੀ ਤੇ ਸਰਕਾਰੀ ਮਸ਼ੀਨਰੀ ਦਾ ਨੁਕਸਾਨ ਤੇ ਲੁੱਟ ਮਾਰ ਵੇਖੀਏ ਤਾਂ ਇਸ ਗੱਲ ਦੀ ਆਪੇ ਸਮਝ ਪੈ ਜਾਂਦੀ ਹੈ। ਆਪਣਿਆਂ ਨੇ ਵੀ ਅੱਤ ਚੁੱਕੀ ਹੋਈ ਸੀ। ਲੁੱਟ, ਮਾਰ-ਧਾੜ ਅਫਰਾ-ਤਫਰੀ ਤੇ ਅਰਾਜਕਤਾ ਨੇ ਆਮ ਸ਼ਰੀਫ਼ ਜਨਤਾ ਦਾ ਨੱਕ ਵਿਚ ਦਮ ਕਰ ਛੱਡਿਆ ਸੀ। ਸਰਕਾਰ ਵਿਚਾਰੀ ਕੀ ਕਰੇ! ਅਵਾਮ ਨੂੰ ਏਨੀ ਜਾਂਗਲੀ ਖੁੱਲ੍ਹ ਨਹੀਂ ਦੇ ਸਕਦੀ। ਇਸ ਸਭ ਕੁੱਝ ਨੂੰ ਕੰਟਰੋਲ ਕਰਨ ਵਾਸਤੇ ਇਸ ਸਖ਼ਤ ਅਫ਼ਸਰ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ।'' ਇੱਕ ਟਿੱਪਣੀਕਾਰ ਵੱਲੋਂ ਇਸ ਨਾਜ਼ਕ ਮੌਕੇ ਅਜਿਹੀਆਂ ਤਸ਼ਬੀਹਾਂ ਦੇਣੀਆਂ ਇਹ ਸਾਬਤ ਕਰਦਾ ਸੀ ਕਿ ਉਹ ਕੋਈ ਸਰਕਾਰੀ ਏਜੰਟ ਹੈ।

''ਅਜੋਕੇ ਸਮੇਂ ਦੇ ਹਾਲਾਤ ਦਾ ਮੁਕਾਬਲਾ ਕਰੀਏ ਤਾਂ ਉਸ ਸਮੇਂ ਨਾਲੋਂ ਵੀ ਇਹ ਜ਼ਿਆਦਾ ਬਦਤਰ ਹਨ ਪਰ ਉਹ ਸਰਕਾਰ ਬਿਗਾਨੀ ਸੀ ਤੇ ਇਹ ਆਪਣੀ ਹੈ। ਆਪਣਿਆਂ ਦਾ ਡੁੱਲ੍ਹਦਾ ਖ਼ੂਨ ਵੇਖ ਕੇ ਕਿਹੜੀ ਸਰਕਾਰ ਕਿੰਨਾ ਚਿਰ ਚੁੱਪ ਰਹਿ ਸਕਦੀ ਹੈ।'' ਯਾਤਰੀਆਂ ਦੇ ਹਜੂਮ ਵਿਚੋਂ ਵੱਖ ਵੱਖ ਟਿੱਪਣੀਆਂ ਸੁਣਾਈ ਦਿੱਤੀਆਂ। ਲਾਈਨ ਕੁੱਝ ਹਿੱਲ ਪਈ, ਸ਼ਾਇਦ ਅੰਦਰੋਂ ਕਲੀਅਰੈਂਸ ਮਿਲ ਗਈ ਸੀ। ਅੰਦਰ ਜਾਣ ਦੇ ਚਾਹਵਾਨ ਜਿਨ੍ਹਾਂ ਕੋਲ ਪਰਮਿਟ ਜਾਂ ਪਾਸ ਨਹੀਂ ਸਨ ਉਹ ਨਿੰਮੋਝੂਣੇ ਹੋਏ ਪਾਸੇ ਖੜ੍ਹੇ ਸਨ। ਮੈਨੂੰ ਕਿਸੇ ਨੇ ਨਹੀਂ ਰੋਕਿਆ। ਮੇਰੇ ਕੋਲ ਸਦਾ ਬਹਾਰ ਕਰਫ਼ਿਊ ਪਾਸ ਸੀ।

'ਹੈ ਹੈ ਤੁਹਾਡਾ ਬੇੜਾ ਗ਼ਰਕ! ਤੁਹਾਡਾ ਕੱਖ ਨਾ ਰਹੇ ਨਿੱਜ ਹੋਣੀਓਂ!' ਇੱਕ ਮਾਤਾ ਦੀ ਉਚੀ ਧਾਹ ਨੇ ਜੱਲਿਆਂਵਾਲਾ ਕਾਂਡ ਦਾ ਪ੍ਰਸੰਗ ਬੰਦ ਕਰਾ ਦਿੱਤਾ। ਪਤਾ ਨਹੀਂ ਉਸ ਨੇ ਇਹ ਸਰਾਫ ਪਹਿਲਾਂ ਚੱਲ ਰਹੀ ਗੁਫ਼ਤਗੂ ਦੇ ਪੁਰਾਣੇ ਦੇਸੀ ਵਿਦੇਸ਼ੀ ਗੋਰੇ ਪਾਤਰਾਂ ਨੂੰ ਜਾਂ ਘੰਟਾ ਘਰ ਦਰਬਾਰ ਸਾਹਿਬ ਦੀ ਸਿਹਤ ਵਿਗਾੜਨ ਵਾਲੇ ਮੌਜੂਦਾ ਸਰਕਾਰੀ



ਤੰਤਰ ਨੂੰ ਦਿੱਤਾ ਸੀ। ਸੱਜੇ ਹੱਥ ਮੁੜਦੇ ਸਾਹਮਣੇ ਘੰਟਾ ਘਰ ਦੀ ਗੋਲੀਆਂ ਨਾਲ ਦਾਗ਼ ਦਾਗ਼ ਜ਼ਖ਼ਮੀ ਧੰਵਾਖੀ ਹੋਈ ਇਮਾਰਤ ਵੇਖ ਕੇ ਜੱਲਿਆਂਵਾਲਾ ਕਾਂਡ ਦਾ ਸਾਕਾ ਭੁੱਲ ਗਿਆ। ਸ਼ਮਸ਼ਾਨ ਘਾਟ ਜਿਹਾ ਦ੍ਰਿਸ਼ ਵੇਖ ਕੇ ਸਭ ਦਰਸ਼ਕਾਂ ਦੇ ਮੂੰਹ ਲਟਕ ਗਏ ਜਿਵੇਂ ਕਿਸੇ ਮਾਤਮ ਵਾਲੇ ਘਰ ਵੜ ਰਹੇ ਹੋਣ। ਗੋਲੀਆਂ ਤੇ ਬੰਬਾਂ ਨਾਲ ਵਿੰਨ੍ਹਿਆ ਧਵਾਂਖਿਆ ਚਾਰ ਚੁਫੇਰਾ ਬੇਕਿਰਕ ਧਾੜਵੀਆਂ ਦੇ ਅੱਤਿਆਚਾਰ ਦੀ ਮੂੰਹ ਬੋਲਦੀ ਤਸਵੀਰ ਦਿਖਾ ਰਿਹਾ ਸੀ। ਘੰਟਾ ਘਰ ਦੇ ਗੁੰਬਦ ਅਤੇ ਅਜਾਇਬ ਘਰ ਗੋਲੀਆਂ ਨਾਲ ਛਣਨੀ ਹੋਏ ਪਏ ਸਨ। ਵੱਡੇ ਵੱਡੇ ਮਘੋਰੇ ਮੂੰਹੋਂ ਬੋਲ ਰਹੇ ਸਨ ਕਿ ਜੱਲਿਆਂਵਾਲਾ ਚੌਕ ਵਿਚ ਤੋਪਾਂ ਖਲ੍ਹਾਰ ਕੇ ਘੰਟਾ ਘਰ 'ਤੇ ਚਾਂਦਮਾਰੀ ਕੀਤੀ ਗਈ ਹੈ।''

### ਘੰਟਾ ਘਰ ਦਰਬਾਰ ਸਾਹਿਬ ਦਰਸ਼ਨ

ਗੇਟ ਅੰਦਰ ਜੋੜਾਖਾਨਾ ਨੇੜੇ ਭਗਤ ਪੂਰਨ ਸਿੰਘ ਦੇ ਲਗਾਏ ਅੱਡੇ ਬੈਂਚ ਉੱਤੇ ਜਿੱਥੇ ਉਹ ਲੋੜਵੰਦਾਂ ਦੀ ਸਹਾਇਤਾ ਕਰਦਾ ਤੇ ਸਿੱਖਿਆਦਾਇਕ ਧਾਰਮਿਕ ਲਿਟਰੇਚਰ ਸਮੱਗਰੀ ਮੁਫ਼ਤ ਵੰਡਦਾ ਹੁੰਦਾ ਸੀ, ਬੈਠੇ ਕੁਲਚੇ ਛੋਲੇ ਖਾਂਦੇ ਗੋਰਖੇ ਮਦਰਾਸੀ ਸਿਪਾਹੀ ਸ਼ਰਧਾਲੂਆਂ ਦੇ ਚਿਹਰੇ ਪਰਖਦੇ ਘੂਰ ਰਹੇ ਸਨ। ਮੈਨੂੰ ਉਨ੍ਹਾਂ 'ਤੇ ਗ਼ੁੱਸਾ ਆਇਆ। ਇਹ ਜੱਲਿਆਂਵਾਲਾ ਬਾਗ਼ ਸਾਕੇ ਵੇਲੇ ਵੀ ਹਮਲਾ ਕਰਨ ਵਾਲਿਆਂ ਵਿਚ ਸ਼ਾਮਲ ਸਨ ਤੇ ਹੁਣ ਵੀ ਇਹ ਅੱਗੇ ਖੜ੍ਹੇ ਹਨ! ਪਰ ਕੋਈ ਜ਼ੋਰ ਨਹੀਂ ਸੀ। ਉਨ੍ਹਾਂ ਦਾ ਵੀ ਕੀ ਕਸੂਰ! ਉਹ ਤਾਂ ਨੌਕਰ ਹਨ ਤੇ ਮਾਲਕ ਦੀ ਰਜ਼ਾ ਵਿਚ ਆਪਣੇ ਫ਼ਰਜ਼ ਅਨੁਸਾਰ ਗੋਲੀ ਚਲਾਉਂਦੇ ਹਨ। ਭਗਤ ਜੀ ਨੂੰ ਸਮਾਜਿਕ ਤੇ ਵਾਤਾਵਰਨਿਕ ਪ੍ਰਦੂਸ਼ਣ ਨਾਲ ਬਹੁਤ ਭਾਰੀ ਚਿੜ੍ਹ ਸੀ ਤੇ ਪ੍ਰਦੂਸ਼ਣ ਦਾ ਅੱਜ ਇੱਥੇ ਚੰਗੀ ਤਰ੍ਹਾਂ ਜਨਾਜ਼ਾ ਨਿਕਲ ਚੁੱਕਾ ਦਿਸ ਰਿਹਾ ਸੀ। ਭਾਈ ਘਨੱਈਆ, ਮਦਰ ਟੈਰੇਸਾ ਤੇ ਫਲੋਰੈਂਸ ਨਾਈਟਿੰਗੇਲ ਦਾ ਆਧੁਨਿਕ ਰੂਪ ਭਗਤ ਪੂਰਨ ਸਿੰਘ ਸੀ। ਉਸ ਦੀਆਂ ਮਾਨਵਤਾ ਪ੍ਰਤੀ ਨਿਸ਼ਕਾਮ ਸੇਵਾਵਾਂ ਦੀ ਮਾਨਤਾ ਵਜੋਂ ਭਾਰਤ ਸਰਕਾਰ ਵੱਲੋਂ ਪਦਮ ਸ੍ਰੀ ਪੁਰਸਕਾਰ ਦਿੱਤਾ ਗਿਆ ਸੀ ਜੋ ਉਸ ਨੇ ਬਾਅਦ ਵਿਚ ਵਾਪਸ ਕਰ ਦਿੱਤਾ ਸੀ। ਹਰ ਅੰਦਰ ਜਾਣ ਵਾਲੇ ਯਾਤਰੀ ਨੂੰ ਸਕੈਨਿੰਗ ਮਸ਼ੀਨ ਵਾਲੇ ਗੇਟ ਵਿਚੋਂ ਗੁਜ਼ਰਨਾ ਪੈਂਦਾ ਸੀ। ਸ਼ਰਧਾਲੂਆਂ ਕੋਲੋਂ ਕੈਮਰਾ ਤਾਂ ਕੀ! ਪੈੱਨ, ਪੈਨਸਿਲ, ਕਾਗ਼ਜ਼, ਘੜੀਆਂ ਤੱਕ ਹਥਿਆ ਕੇ ਬਾਹਰ ਰਖਵਾ ਲਈਆਂ ਗਈਆਂ ਸਨ। ਸਾਰਾ ਵਾਤਾਵਰਨ ਭ੍ਰਿਸ਼ਟ, ਗੰਧਲਾ ਤੇ ਧਵਾਂਖਿਆ ਪ੍ਰਦੂਸ਼ਿਤ ਹੋਇਆ ਪਿਆ ਸੀ। ਅੰਦਰ ਵੜਨ ਵਾਲੀਆਂ ਕਈ ਔਰਤਾਂ ਧਾਹਾਂ ਮਾਰਦੀਆਂ ਰੋ ਰਹੀਆਂ ਸਨ। ਇਹ ਕਸ਼ਟਦਾਇਕ ਮੰਜ਼ਰ ਉਲੀਕਣ ਵਾਸਤੇ ਮੈਨੂੰ ਸ਼ਬਦਾਂ ਦੀ ਕਮੀ ਹੋ ਰਹੀ ਹੈ। ਘੰਟਾ ਘਰ ਦੀਆਂ ਪੌੜੀਆਂ ਚੜ੍ਹ ਕੇ ਉੱਪਰ ਅਜਾਇਬ ਘਰ ਅੰਦਰ ਲੱਗੀਆਂ ਫ਼ੋਟੋਆਂ ਬੜੀ ਬੁਰੀ ਤਰ੍ਹਾਂ ਸੜੀਆਂ ਪਈਆਂ ਸਨ ਜਿਵੇਂ ਉਨ੍ਹਾਂ ਨੂੰ ਵੀ ਤਸੀਹੇ ਦੇ ਦੇ ਕੇ ਜ਼ਲੀਲ ਕਰ ਕਰ ਝਟਕਾਇਆ ਗਿਆ ਹੋਵੇ।

ਪਰਿਕਰਮਾ ਵਿਚ ਉੱਤਰਦੇ ਸਰੋਵਰ ਵਿਚੋਂ ਸੁੱਕੇ ਛੱਪੜ ਕੰਢੇ ਮਰੀਆਂ ਮੱਛੀਆਂ ਦੀ ਗੰਧ-ਬੋਧ ਵਾਂਗ ਨੱਕ ਵਿਚ ਖਰਖਰੀ ਮਚਾਉਣ ਲੱਗੀ। ਡਿਟੌਲ, ਡੀ.ਡੀ.ਟੀ., ਫਰਨੈਲ ਤੇ ਹੋਰ ਕੀਟਨਾਸ਼ਕ ਦਵਾਈਆਂ ਆਦਿ ਦਾ ਛਿੜਕਾਅ ਵੀ ਇਸ ਹੁਮਕ ਨੂੰ ਰੋਕ ਨਹੀਂ ਸਕਿਆ। ਇਹ ਅੰਮ੍ਰਿਤ ਸਰੋਵਰ ਜਿੱਥੋਂ ਦੇ ਪਵਿੱਤਰ ਜਲ ਨਾਲ ਤਨ, ਮਨ ਸਵੱਛ ਨਿਰਮਲ ਹੋ ਜਾਂਦਾ ਹੈ, ਅੱਜ ਮਰੀਆਂ ਮੱਛੀਆਂ ਅਤੇ ਮਨੁੱਖੀ ਮਾਸ ਦੀ ਸੜ੍ਹਾਂਦ ਨਾਲ ਗੰਧਲਾ ਹੋਇਆ ਮੁਸ਼ਕ ਮਾਰ ਰਿਹਾ ਸੀ। ਮੱਛੀ ਦਾ ਹਿਰਦਾ ਬਹੁਤ ਕੋਮਲ ਤੇ ਸੋਹਲ ਹੁੰਦਾ ਹੈ। ਤੋਪਾਂ ਗੋਲਿਆਂ ਦੀ ਏਨੀ ਭਾਰੀ ਗੜਗੜਾਹਟ ਵਿਚ ਸਰੋਵਰ ਦੀਆਂ ਸਾਰੀਆਂ ਮੱਛੀਆਂ ਮਰ ਕੇ ਉੱਪਰ ਤਰ ਆਈਆਂ ਜੋ ਵੰਗਾਰੂ ਦਿਹਾੜੀਦਾਰਾਂ ਨੇ ਟਰੱਕਾਂ 'ਤੇ ਬਾਹਰ ਢੋਈਆਂ ਤੇ ਰੱਜ ਰੱਜ ਕੇ ਖਾਧੀਆਂ ਸਨ।

1965 ਦੀ ਭਾਰਤ-ਪਾਕ ਜੰਗ ਸਮੇਂ ਲਾਹੌਰ ਲਾਗੇ ਇਛੋਗਿੱਲ ਨਹਿਰ ਦੇ ਕੰਢੇ ਡੋਗਰਾਈ ਕਸਬਾ ਅਤੇ 1971 ਵਿਚ ਸਿਆਲਕੋਟ ਖੇਤਰ ਦਾ ਨੈਣਾ-ਕੋਟ ਕਸਬਾ ਉੱਥੇ ਜਾ ਕੇ ਮੈਂ ਆਪਣੀ ਅੱਖੀਂ ਵੇਖਿਆ ਸੀ ਜਦ ਭਾਰਤੀ ਫ਼ੌਜਾਂ ਨੇ ਘਮਸਾਣ ਦੀ ਲੜਾਈ ਲੜ ਕੇ ਪਾਕਿਸਤਾਨ ਦੇ ਉਹ ਇਲਾਕੇ ਜਿੱਤ ਕੇ ਆਪਣੇ ਕਬਜ਼ੇ ਹੇਠ ਕਰ ਲਏ ਸਨ। ਸਾਡੀ ਫ਼ੌਜ ਨੇ ਉਨ੍ਹਾਂ ਦੀਆਂ ਮਸਜਿਦਾਂ ਨੂੰ ਭੋਰਾ ਭਰ ਵੀ ਸੇਕ ਨਹੀਂ ਸੀ ਲੱਗਣ ਦਿੱਤਾ ਅਤੇ ਉਨ੍ਹਾਂ ਦੇ ਪਿੰਡਾਂ ਸ਼ਹਿਰਾਂ ਦੀ ਵੀ ਏਨੀ ਵਹਿਸ਼ੀਆਨਾ ਤਬਾਹੀ ਤੇ ਦੁਰਦਸ਼ਾ ਨਹੀਂ ਸੀ ਕੀਤੀ ਜਿੰਨੀ ਇਨ੍ਹਾਂ ਆਪਣੇ ਬੇਕਿਰਕਾਂ ਨੇ ਸਾਡੇ ਰੱਬ ਦੇ ਘਰ ਦੀ ਕੀਤੀ। ਇਸ ਬੇਜੋੜ ਜੰਗ ਵਿਚ ਲੱਖਾਂ ਦੀ ਨਫ਼ਰੀ ਵਿਚ ਬਖਤਰਬੰਦ ਭਾਰਤੀ ਫ਼ੌਜ ਦਾ ਮੁਕਾਬਲਾ ਕਰਦੇ ਸੰਤ ਭਿੰਡਰਾਂਵਾਲਾ ਦੀ ਕਮਾਨ ਹੇਠ ਦਰਬਾਰ ਸਾਹਿਬ ਦੀ ਰਖਵਾਲੀ ਕਰਦੇ ਸੈਂਕੜੇ ਜੁਝਾਰੂ ਸਿੰਘ ਲੜ ਮਰ ਸ਼ਹੀਦ ਹੋ ਗਏ। ਪਰਿਕਰਮਾ ਵਿਚ ਫ਼ੌਜੀ ਡਾਂਗਰੀ ਵਾਲੇ ਸਿੱਖ ਮੁਲਾਜ਼ਮ ਝਾੜੂ, ਡਸਟਰ, ਬੌਹਕਰਾਂ ਤੇ ਪੋਚੇ ਫੜ ਕੇ ਸਫ਼ਾਈ ਕਰਦੇ ਆਪਣੇ ਕਮਾਏ ਪਾਪ ਦੇ ਨਿਸ਼ਾਨ ਮਿਟਾਉਣ ਦਾ ਯਤਨ ਕਰ ਰਹੇ ਸਨ। ਪਰਿਕਰਮਾ ਵਿਚਲੀ ਦੁੱਖ-ਭੰਜਨੀ ਬੇਰੀ ਅਤੇ ਬਾਬਾ ਬੁੱਢਾ ਜੀ ਨਾਲ ਸਬੰਧਿਤ ਬੇਰ ਸਾਹਿਬ ਪਤਝੜ ਸਮੇਂ ਦਾ ਵਿਕਰਾਲ ਰੂਪ ਧਾਰ ਕੇ ਹੰਝੂ ਕੇਰਦੀਆਂ ਆਪਣੀ ਹੋਣੀ ਦੀ ਗਾਥਾ ਸੁਣਾ ਰਹੀਆਂ ਸਨ। ਬ੍ਰਹਮ ਬੂਟਾ ਅਖਾੜਾ ਦੇ ਨਾਲ ਦੀ ਪਾਣੀ ਟੈਂਕੀ ਜਿਸ ਨੂੰ ਖਾੜਕੂ ਸੂਰਮਿਆਂ ਨੇ ਪਹਿਰਾ ਬੁਰਜ ਵਜੋਂ ਵਰਤਿਆ ਤੇ ਡਟ ਕੇ ਮੁਕਾਬਲਾ ਕੀਤਾ ਸੀ, ਵੀ ਢਹਿ-ਢੇਰੀ ਹੋਈ ਥੱਲੇ ਲਟਕ ਰਹੀ ਸੀ।

ਇੱਥੇ ਬ੍ਰਹਮ ਬੂਟਾ ਤੇਰਾ ਵਾਲੀ ਨੁੱਕਰੇ ਪਰਿਕਰਮਾ ਵਿਚ ਬੜੇ ਗਹੁ ਨਾਲ ਲੋਕ ਤਹਿਖ਼ਾਨੇ ਦੇ ਕਾਲਖ ਭਰੇ ਰੌਸ਼ਨਦਾਨ ਵਿਚੋਂ ਝੁਕਦੇ ਅੰਦਰ ਝਾਕਦੇ ਸਿਰ ਨਿਵਾ ਰਹੇ ਸਨ। ਇੱਥੇ ਛਿਪੇ ਕਿਸੇ ਮਰਦੇ ਮਰਦੇ ਅਣਖੀ ਜੋਧੇ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਗੋਲੀਆਂ ਦੀ ਬੁਛਾੜ ਸੇਧ ਕੇ ਆਪਣੇ ਮਨ ਦੀ ਭੜਾਸ ਕੱਢੀ ਸੀ ਜਿਸ ਕਾਰਨ ਜ਼ੈਲ ਸਿੰਘ ਦੇ ਨਾਲ ਦਾ ਕੋਈ ਫ਼ੌਜੀ ਅਫ਼ਸਰ ਮੋਢੇ 'ਤੇ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ ਸੀ। ਜ਼ੈਲ ਸਿੰਘ ਤੋਂ ਨਿਸ਼ਾਨਾ ਖੁੰਝ ਗਿਆ। ਉਸ ਚੈਂਬਰ ਨੂੰ ਘੇਰ ਕੇ ਮੁੜ ਗੈਸ ਸੁੱਟ ਕੇ ਸੰਭਾਵਿਤ ਅੰਦਰਲੇ ਖਾੜਕੂਆਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਫ਼ੌਜੀਆਂ ਦੇ ਢਾਹੇ ਚੜ੍ਹਨ ਤੋਂ ਪਹਿਲਾਂ ਹੀ ਉਸ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਆਹੂਤੀ ਪ੍ਰਾਪਤ ਕਰ ਲਈ ਸੀ।

ਗੁਰੂ ਰਾਮ ਦਾਸ ਸਰਾਂ ਵਾਲੇ ਪਾਸੇ ਮਲਬੇ ਦੇ ਬਹੁਤ ਉੱਚੇ ਢੇਰ ਫਰੋਲਦੇ ਕੁੱਤੇ ਅੱਧਕੱਜੀਆਂ ਅੱਧਨੰਗੀਆਂ ਲਾਸ਼ਾਂ ਦੀਆਂ ਲੱਤਾਂ ਬਾਂਹਾਂ ਘਸੀਟਦੇ ਹੱਡੀਆਂ ਚੱਬਦੇ ਆਉਂਦੇ ਜਾਂਦੇ ਸ਼ਰਧਾਲੂਆਂ ਨੂੰ ਦੰਦ ਦਿਖਾਉਂਦੇ ਘੁਰਕੀਆਂ ਵੱਟ ਰਹੇ ਸਨ। ਕੁੱਝ ਉੱਪਰ ਉੱਡ ਰਹੀਆਂ ਤੇ ਕੁੱਝ ਚੰਗਾ ਚੋਖਾ ਖਾ ਕੇ ਸੁਸਤਾ ਰਹੀਆਂ ਗਿਰਝਾਂ ਹੱਡੋ-ਰੋੜੇ ਦਾ ਦ੍ਰਿਸ਼ ਪੇਸ਼ ਕਰ ਰਹੀਆਂ ਸਨ। ਭੱਜ ਟੁੱਟ ਮਲਬੇ ਦੇ ਉੱਚੇ ਢੇਰ ਦੀ ਟੀਸੀ 'ਤੇ ਬੈਠੀਆਂ ਕੁੱਝ ਗਿਰਝਾਂ ਮਿੱਟੀ ਨਾਲ ਚੁੰਝ ਘਸਰਦੀਆਂ ਚੁੰਝਾਂ ਮਾਂਜ ਰਹੀਆਂ ਸਨ। ਲੰਗਰ ਵਾਲੇ ਪਾਸੇ ਅਤੇ ਬਾਬਾ ਅਟੱਲ ਵਾਲੇ ਦਰਵਾਜ਼ੇ ਫ਼ੌਜੀ ਸੰਤਰੀਆਂ ਨੇ ਬੰਦ ਕਰ ਰੱਖੇ ਸਨ। ਮਿਲਟਰੀ ਦੇ ਬੁੱਲਟ-ਪਰੂਫ ਟਰੈਕਟਰ ਅਤੇ ਬੁਲਡੋਜ਼ਰ ਖੜ੍ਹੇ ਆਪਣੀ ਕਾਰਗੁਜ਼ਾਰੀ 'ਤੇ ਆਪਣੇ ਪਿੰਡੇ ਥਾਪੀ ਮਾਰ ਰਹੇ ਲਗਦੇ ਸਨ। ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ, ਗੁਰੂ ਨਾਨਕ ਨਿਵਾਸ, ਗੁਰੂ ਰਾਮ ਦਾਸ ਲਾਇਬਰੇਰੀ ਸਭ ਸੜ ਬਲ ਕੇ ਭਸਮ ਖੰਡਰ ਹੋ ਚੁੱਕੇ ਸਨ। ਗਰਮਾ-ਗਰਮ ਸਰਗਰਮੀਆਂ ਦਾ ਕੇਂਦਰ, ਗੁਰੂ ਨਾਨਕ ਨਿਵਾਸ ਦਾ ਉਹ ਕਮਰਾ ਜਿੱਥੋਂ ਸਰਕਾਰੀ ਹਕੂਮਤ ਦੇ ਬਰਾਬਰ ਸ਼ਾਹੀ ਫ਼ਰਮਾਨ ਜਾਰੀ ਹੁੰਦੇ ਸਨ, ਸ਼ਿਕਾਇਤ ਦਰਬਾਰ ਲਗਦੇ ਸਨ, ਫ਼ੈਸਲੇ ਹੁੰਦੇ ਸਨ ਅਤੇ ਕਿਸ ਨੂੰ ਕਦੋਂ ਗੱਡੀ ਚੜ੍ਹਾਉਣਾ ਹੈ, ਘੜੇ ਵਿਚੋਂ ਪਰਚੀਆਂ ਕੱਢੀਆਂ ਜਾਂਦੀਆਂ ਸਨ, ਅੱਜ ਸੱਖਣਾ ਨਿਰਜਨ ਬਿਲਕੁਲ ਸੁੰਨਾ ਸੀ। ਲਾਇਬਰੇਰੀ ਦੇ ਅੰਦਰ ਦੀਆਂ ਅਲਮਾਰੀਆਂ ਦੀ ਕੀਤੀ ਫਰੋਲਾ-ਫਰਾਲੀ, ਭੰਨ-ਤੋੜ, ਅੱਧ-ਪਚੱਧੀਆਂ ਸੜੀਆਂ ਕਿਤਾਬਾਂ ਤੇ ਵਡਮੁੱਲੀ ਇਤਿਹਾਸਕ ਸਮਗਰੀ ਦਾ ਉਥਲ-ਪੁਥਲ ਚੀਰ-ਹਰਨ ਦਿਨ-ਦਿਹਾੜੇ ਪਏ ਡਾਕੇ ਦੀ ਗਵਾਹੀ ਭਰ ਰਹੀਆਂ ਸਨ। ਲੱਖਾਂ ਕਰੋੜਾਂ ਵਿਚ ਨਹੀਂ ਅਰਬਾਂ ਖਰਬਾਂ ਦੀ ਕੀਮਤ ਵਿਚ ਅਣਗਿਣਤ ਦਸਤਾਵੇਜ਼, ਸੋਨਾ ਚਾਂਦੀ ਤੇ ਹੋਰ ਕੀਮਤੀ ਸਾਮਾਨ ਧਾੜਵੀ ਲੁੱਟ ਕੇ ਲੈ ਗਏ ਸਨ। ਲੰਗਰ ਵਿਚੋਂ ਸੜੀ ਹਜ਼ਾਰਾਂ ਬੋਰੀ ਕਣਕ, ਆਟਾ ਤੇ ਹੋਰ ਖਾਦ ਸਮੱਗਰੀ ਦੀ ਸੜੇਹਾਂਦ ਹੱਡਾਰੋੜੀ ਦੇ ਚੌਗਿਰਦੇ ਵਾਂਗ ਨੱਕ ਮੂੰਹ ਨੂੰ ਚੜ੍ਹ ਰਹੀ ਸੀ। ਕਿਤੇ ਕਿਤੇ ਅਜੇ ਤੱਕ ਵੀ ਧੂੰਆਂ ਨਿਕਲ ਰਿਹਾ ਸੀ। ਸਰਾਂਵਾਂ ਦੇ ਚੈਂਬਰਾਂ/ਤਹਿਖ਼ਾਨਿਆਂ ਦੇ ਝਰੋਖਿਆਂ ਵਿਚੋਂ ਅੱਗ ਅਤੇ ਧੂੰਏਂ ਦੀਆਂ ਲਪਟਾਂ ਨਿਕਲ ਕੇ ਘਰਾਲ਼ਾਂ ਘਾਸੀਆਂ ਜੰਮੀਆਂ ਪਈਆਂ ਸਨ ਜਿੱਥੇ ਫਸੇ ਯਾਤਰੂ ਅੰਦਰ ਗੈਸ ਸੁੱਟ ਕੇ ਅਤੇ ਬੰਬ ਮਾਰ ਕੇ ਖ਼ਤਮ ਕੀਤੇ ਗਏ ਸਨ। ਪੇਂਡੂ ਪਹੇ ਵਾਂਗ ਪਰਿਕਰਮਾ ਦੀ ਪੂਰਬ ਦੱਖਣੀ ਨੁੱਕਰ ਵਿਚ ਬਾਬਾ ਦੀਪ ਸਿੰਘ ਦੇ ਥੜ੍ਹੇ ਤੱਕ ਟੈਂਕਾਂ ਦੀਆਂ ਕੜੀਆਂ ਦੀਆਂ ਲੀਹਾਂ ਖੁੱਭੀਆਂ ਹੋਈਆਂ ਸਨ। ਇੱਕ ਨੁੱਕਰੇ ਹਾਰਮੋਨੀਅਮ, ਤਬਲਾ ਤੇ ਢੋਲਕੀ ਛੈਣੇ ਟੁੱਟੇ ਭੱਜੇ ਅੱਧ-ਸੜੇ ਖਿੱਲਰੇ ਮਰਸੀਆ ਵਿਰਲਾਪ ਕਰ ਰਹੇ ਸਨ ਜਿੱਥੇ ਕੋਈ ਜਥਾ ਸਿੱਖਿਆਰਥੀਆਂ ਨੂੰ ਸੰਗੀਤ ਸਿਖਾਉਂਦਾ ਕੋਹ ਕੋਹ ਕੇ ਮਾਰਿਆ ਹੋਵੇਗਾ। ਖ਼ਾਲਸਾ ਪੰਥ ਦੇ ਨਿਸ਼ਾਨ ਸਾਹਿਬ ਜ਼ਖਮੀ ਹਾਲਤ ਵਿਚ ਸਿਰ ਨੀਵਾਂ ਕਰੀ ਮਾਤਮ ਵਿਚ ਡੁੱਬੇ ਪਏ ਸਨ। 'ਅਕਾਲ ਦਾ ਤਖ਼ਤ' ਬੁਰੀ ਤਰ੍ਹਾਂ ਢੱਠਾ ਵੈਰਾਨੀ ਦਾ ਦ੍ਰਿਸ਼ ਪੇਸ਼ ਕਰ ਰਿਹਾ ਸੀ।

ਪਰਿਕਰਮਾ ਦੇ ਕਮਰਾ ਨੰਬਰ 36 ਜਿੱਥੇ ਕੁੱਝ ਦਿਨ ਪਹਿਲਾਂ ਹੀ ਮੈਂ ਸੁਖਦੇਵ ਸਿੰਘ ਉਰਫ਼ ਸੁੱਖਾ ਸਖੀਰਾ ਅਤੇ ਗੁਰਚਰਨ ਸਿੰਘ ਮਾਨੋਚਾਹਲ ਜੋ ਕਿ ਪੰਥਕ ਕਮੇਟੀ ਦੇ ਸਰਬਰਾਹ ਅਤੇ ਸੰਚਾਲਕ ਮੰਨੇ ਜਾਂਦੇ ਸਨ, ਦੀ ਮੇਜ਼ਬਾਨੀ ਵਿਚ ਕੁੱਝ ਪਲ ਬਿਤਾਏ ਸਨ, ਵੱਲ ਅੱਜ ਫਿਰ ਖਿੱਚਿਆ ਗਿਆ। ਉੱਥੇ ਅੱਧ ਜਲੀਆਂ ਦਸਤਾਰਾਂ, ਬਸਤਰ ਤੇ ਗਰਮ ਬਰੂਦ ਨਾਲ ਸੜੀਆਂ ਵਿੰਗੀਆਂ ਟੇਢੀਆਂ ਹੋਈਆਂ ਤਲਵਾਰਾਂ ਆਪਣੀ ਹੋਣੀ ਦਰਸਾਉਂਦੀਆਂ ਆਪਣੇ ਮਾਲਕਾਂ ਦੀ ਗ਼ੈਰਹਾਜ਼ਰੀ ਦਾ ਸੰਤਾਪ ਹੰਢਾਅ ਰਹੀਆਂ ਸਨ। ਉਨ੍ਹਾਂ ਦੀ ਕੋਈ ਉੱਘ-ਸੁੱਘ ਨਹੀਂ ਸੀ ਪਰ ਬਾਅਦ ਵਿਚ ਠੰਢ-ਠੰਢਾਉੜੇ ਸਮੇਂ ਉਹ ਉਜਾਗਰ ਹੋ ਗਏ ਤੇ ਆਪਣੀ ਅਖੀਰਲੀ ਘੜੀ ਅਉਧ ਤੱਕ ਸੰਤ ਭਿੰਡਰਾਂਵਾਲਾ ਦੇ ਪਾਏ ਪੂਰਨਿਆਂ 'ਤੇ ਫ਼ੁੱਲ ਚੜ੍ਹਾਉਂਦੇ ਸਿੱਖ ਕੌਮ ਦੀ ਸਤਰਕ ਅਗਵਾਈ ਕਰਦੇ ਰਹੇ। ਭਾਈ ਗੁਰਬਚਨ ਸਿੰਘ ਮਾਨੋਚਾਹਲ ਦੀ ਅਗਵਾਈ ਵਿਚ ਹੀ ਸਿੱਖ ਸੰਘਰਸ਼ ਨੂੰ ਅੰਤਰ ਰਾਸ਼ਟਰੀ ਪੱਧਰ 'ਤੇ ਲਿਜਾਣ

*(ਬਾਕੀ ਅਗਲੇ ਸਫੇ 'ਤੇ)*

# ਤੀਜੇ ਘੱਲੂਘਾਰੇ ਨੂੰ ਸਮਰਪਿਤ

## ਆਦਮ-ਬੋਅ

ਤੋਤੇ ਨੂੰ ਪਈ ਮੈਨਾਂ ਪੁੱਛਦੀ,
ਕਿਉਂ ਸਾਰੀ ਕਾਇਨਾਤ ਹੈ ਰੁੱਸ'ਗੀ..?
ਨਾ ਕੋਈ ਬੋਲੇ, ਨਾ ਕੋਈ ਹੱਸੇ,
ਦਿਲ ਦੀ ਗੱਲ ਨਾ ਕੋਈ ਦੱਸੇ।

ਨਾ ਕੋਈ ਝਰਨਾ ਕਲ-ਕਲ ਵਗਦਾ,
ਨਾ ਸੀਤਲ ਕੋਈ ਪੌਣ ਵਗੇਂਦੀ
ਨਾ ਬਾਬਲ ਦੇ ਵਿਹੜੇ ਵਿਚ ਅੱਜ,
ਧੀ-ਰਾਣੀ ਕੋਈ ਰਾਗ ਗਵੇਂਦੀ!

ਪੰਛੀ ਨੇ ਅੱਜ ਕਿਉਂ ਕੁਰਲਾਉਂਦੇ,
ਲੱਗਦਾ ਹੈ ਕੁਛ ਕਹਿਣਾ ਚਾਹੁੰਦੇ?
ਕੋਇਲ ਵੀ ਅੱਜ ਵੈਣ ਕਿਉਂ ਪਾਵੇ,
ਗਾਉਣਾ ਕਾਹਤੋਂ ਭੁੱਲਦੀ ਜਾਵੇ?

ਬੁਲਬੁਲ ਬੈਠੀ ਹੰਝੂ ਕੇਰੇ,
ਲੱਗਦੈ ਭੁੱਲ'ਗੀ ਖੁਸ਼ੀਆਂ ਖੇੜੇ
ਮੋਰ ਵੀ ਭੁੱਲਿਆ ਪੈਲ੍ਹਾਂ ਪਾਉਣੋ,
ਕੁਦਰਤ ਭੁੱਲ'ਗੀ ਨਾਦ ਵਜਾਉਣੋ

ਐਡੀ ਕੀ ਅੱਜ ਆਫ਼ਤ ਆ-ਗੀ?
ਜੱਗ 'ਤੇ ਐਡੀ ਚੁੱਪ ਕਿਉਂ ਛਾਅ-ਗੀ?
ਹਵਾ ਕੀਰਨੇ ਪਾਉਂਦੀ ਵਗਦੀ,
ਪਤਾ ਨੀ ਕੀ ਇਹਨੂੰ ਚੌਂਧੀ ਲੱਗ-ਗੀ?

ਨਾ ਕੋਈ ਕਾਗ ਸੁਨੇਹਾ ਦਿੰਦੇ,
ਬੈਠ ਬਨੇਰੀਂ ਹੰਝੂ ਕੇਰਨ
ਘੋਰ ਉਦਾਸ ਚਕੋਰਾਂ ਵੀ ਅੱਜ,
ਕਾਹਤੋਂ ਚੰਦ ਤੋਂ ਮੂੰਹ ਜਿਹਾ ਫੇਰਨ?

ਕੀ ਹੈ ਦੁਖੜਾ ਇਨ੍ਹਾਂ ਦਾ ਦੱਸ,
ਕਿਉਂ ਸਾਰੇ ਇਹ ਦੁਖੀ ਨੇ ਹੋਏ?
ਚਿੜੀਆਂ ਵੀ ਨਾ ਚੂਕਦੀਆਂ ਅੱਜ,
ਕਿਹੜੇ ਦਰਦ ਨੇ ਜਿਗਰ ਸਮੋਏ?

ਜਾਂ ਪ੍ਰਹਿਲਾਦ ਕੋਈ ਥੰਮ੍ਹ ਹੈ ਬੱਧਾ,
ਜਾਂ ਗੁਰੂ ਦਾ ਲਾਲ ਕੋਈ ਫ਼ੜਿਆ?
ਜਾਂ ਕੋਈ ਤੱਤੀ ਤਵੀ ਬਿਠਾਇਆ,
ਜਾਂ ਕੋਈ ਈਸਾ ਸੂਲੀ ਚੜ੍ਹਿਆ?

ਜਾਂ ਕੰਧਾਂ ਵਿਚ ਚਿਣ-ਤਾ ਕੋਈ,
ਜਾਂ ਰਾਜਾ, ਜਾਂ ਬਲੀ ਕੋਈ ਮੋਇਆ?
ਜਾਂ ਕੋਈ ਸੂਰਜ ਟੁਕੜੇ ਕਰ'ਤਾ,
ਜਾਂ ਚੰਦਰਮਾਂ ਫੱਟੜ ਹੋਇਆ?

ਜਾਂ ਫਿਰ ਮੁੜ ਅਬਦਾਲੀ ਆਇਆ,
ਮੱਸਾ ਰੰਘੜ ਕਿਸੇ ਨੇ ਤੱਕਿਆ?
ਜਾਂ ਫ਼ਿਰ ਨੰਨ੍ਹੇ ਬਾਲ ਦਾ ਦਿਲ ਅੱਜ,
ਫ਼ੇਰ ਬਾਪ ਦੇ ਮੂੰਹ ਵਿੱਚ ਧੱਕਿਆ?

ਐਡੀ ਕੀ ਅਣਹੋਣੀ ਬੀਤੀ,
ਐਨਾਂ ਸੋਗ ਕਿਉਂ ਜੱਗ ਨੇ ਕਰਿਆ?
ਜਾਂ ਕਿਸੇ ਵਿਧਵਾ ਮਾਤਾ ਦਾ,
ਕੋਈ ਅਕੇਲਾ ਪੁੱਤਰ ਮਰਿਆ?...

...ਜੱਗੋਂ ਤੇਰ੍ਹਵੀਂ ਹੋਗੀ ਮੈਨਾਂ?
ਧਰਤੀ ਅਤੇ ਪਤਾਲ ਹੈ ਰੋਂਦਾ
ਰੈਣਾਂ ਨੂੰ ਦਿਨ ਪੀੜ ਸੁਣਾਵੇ,
ਸੀਨੇ ਤੱਤੀ ਸੀਖ ਪਰੋਂਦਾ।

ਕਟਕ ਫੌਜ ਦੇ ਚੜ੍ਹ ਕੇ ਆਏ,
ਦਿੱਲੀਓਂ ਚੱਲੀ ਧਾੜ ਨੀ ਮੈਨਾਂ
ਦੁੱਧ ਚੁੰਘਦੇ ਉਨ੍ਹਾਂ ਬੱਚੇ ਮਾਰੇ,
ਸੀਨਾਂ ਹੋਇਆ ਭਰਾੜ੍ਹ ਨੀ ਮੈਨਾਂ।

ਐਡਾ ਕਹਿਰ ਹਰਿਮੰਦਰ ਵਰ੍ਹਿਆ,
ਗੋਲੇ ਦਾਗੇ, ਸੰਗਤ ਮਾਰੀ
ਆਦਮ ਨਾ ਅੱਜ ਰੱਬ ਤੋਂ ਡਰਦਾ,
ਕਰਨੀ ਭਰਨੀ ਪੈਣੀ ਭਾਰੀ।

ਕਿਸੇ ਦੇ ਹੱਥ ਵਿਚ ਜਾਮ ਛਲਕਦਾ,
ਕੋਈ ਪਿਆ ਕਿਤੇ ਲੱਡੂ ਵੰਡੇ
ਦਿੱਲੀ ਘਰ ਚਿਰਾਗ ਪਏ ਬਲਦੇ,
ਚੁੱਲ੍ਹੇ ਨੇ ਪਏ ਸਾਡੇ ਠੰਢੇ।

ਬੰਦੇ ਨਾਲੋਂ ਪੰਛੀ ਚੰਗੇ,
ਜਿਹੜੇ ਪੀੜ ਦਿਲਾਂ ਦੀ ਜਾਨਣ
ਕਈ ਜਿੰਨ ਦਿੱਲੀ ਵਿਚ ਬੈਠੇ,
ਸੁਣ-ਸੁਣ ਖ਼ਬਰਾਂ ਖੁਸ਼ੀਆਂ ਮਾਨਣ।

"ਆਦਮ ਬੋ - ਆਦਮ ਬੋ" ਕਰਦਾ,
ਪਾਪੀ ਕੀ-ਕੀ ਪਾਪ ਕਮਾਉਂਦਾ,
ਤਖਤਾਂ ਦੇ ਓਸ ਤਖਤ ਦੇ ਅੱਗੇ,
"ਜੱਗੀ ਕੁੱਸਾ" ਸੀਸ ਝੁਕਾਉਂਦਾ...।

**-jaggikussa@yahoo.de**

---

## ਗੀਤ

ਜੋ ਡੁੱਲ੍ਹਿਆ ਸੰਨ ਚੌਰਾਸੀ 'ਤੇ
ਓਹ ਖੂਨ ਅਜੇ ਵੀ ਰਿਸਦਾ ਹੈ

ਏਹ ਸੱਚ ਇਤਿਹਾਸ ਜੋ ਲਿਖਦਾ ਹੈ,
ਜਿਹਦੇ ਸੱਚ ਅੰਦਰ ਓਹਨੂੰ ਦਿੱਸਦਾ ਹੈ।
ਜੋ ਡੁੱਲ੍ਹਿਆ ਸੰਨ 84 'ਚੋ,
ਓਹ ਖੂਨ ਅਜੇ ਵੀ ਰਿਸਦਾ ਹੈ।

ਕੀ ਸੱਚ ਹੈ ਤੇ ਕੀ ਹੈ ਝੂਠ ਤੋਲੇ,
ਹਮੇਸ਼ਾ ਜਾਗਦੀਆਂ ਜ਼ਮੀਰਾਂ ਵਾਲੇ ਬੋਲੇ।
ਏਹ ਬੇ- ਬੇਇਨਸਾਫੀ ਹੋਈ ਹੈ,
ਨਹੀਂ ਇਨਸਾਫ ਮਿਲਿਆ ਕਿਸੇ ਇੱਕ ਦਾ ਹੈ।

ਜਦੋਂ ਕਰੇਂ ਪਰਿਕਰਮਾ ਹਰਿਮੰਦਰ ਦੀ,
ਸਿੱਖਾ ਤੂੰ ਪੈਰ ਜ਼ਰਾ ਸਾਂਭ ਧਰੀਂ।
ਉਸ ਪਾਕ ਜ਼ਮੀਨ ਦੇ ਹਰ ਜ਼ੱਰੇ,
ਖੂਨ ਮਾਸੂਮਾਂ ਯੋਧੇਆਂ, ਸੱਚੇ ਸਿੱਖ ਦਾ ਹੈ।

ਹੈ ਭਗਤੀ ਸ਼ਕਤੀ ਦਾ ਸਮੰਦਰ,
ਹੈ ਅਕਾਲ ਦਾ ਤਖਤ ਤੇ ਹਰਿਮੰਦਰ।
ਹੈ ਪਵਿੱਤਰ ਜਲ ਸਰੋਵਰ ਦਾ,
ਵਿਚ ਬਾਣੀ ਵਾਸਾ ਇਸ ਦਾ ਹੈ।

ਜੋ ਅੰਨ੍ਹੇ ਨੇ ਜੋ ਬੋਲ਼ੇ ਨੇ,
ਜੋ ਇਸ ਦੇ ਇਤਹਾਸ ਤੋਂ ਝਾਉਲੇ ਨੇ।
ਜੋ ਜੋ ਵੀ ਇਸ 'ਤੇ ਚੜ੍ਹ ਆਇਆ,
ਸਿੰਘਾਂ ਬਖਸ਼ਿਆ ਨਹੀਂ, ਭਾਵੇਂ ਕਿਸ ਦਾ ਹੈ।

ਨੌਵੇਂ ਗੁਰਾਂ ਬਚਾਇਆ ਧਰਮ ਤੇਰਾ,
ਹੁਣ ਤੂੰ ਜਾਣੇ ਫਰਜ਼-ਕਰਮ ਤੇਰਾ।
ਹੈ ਝੰਡਾ ਜੋ ਝੁੱਲਦਾ ਦੇਸ ਤੇਰੇ,
ਏਹ ਗੁਰਾਂ ਬਦੌਲਤ ਦਿੱਖਦਾ ਹੈ।

ਸਿੱਖਾਂ ਨੀਲਾ-ਤਾਰਾ ਕਦੇ ਨਹੀਂ ਭੁੱਲਣਾ,
ਹੈ ਕੇਸਰੀ ਨਿਸ਼ਾਨ ਸਦਾ ਹੀ ਝੁੱਲਣਾ।
ਸੁੱਖਵਿੰਦਰ ਬੋਦਲਾਂਵਾਲਾ ਸਿੱਖ,
ਗੁਰਾਂ ਬਖਸ਼ੀ ਕਲਮ, ਸੱਚ ਲਿਖਦਾ ਹੈ।

***-ਸੁੱਖਵਿੰਦਰ ਸਿੰਘ ਬੋਦਲਾਂਵਾਲਾ***
***ਫੋਨ: 360-281-2624***

---

## ਜਾਂਬਾਜ਼ਾਂ ਨੂੰ ਪ੍ਰਣਾਮ

ਮਨਾ ਰਹੇ ਸੀ ਅਸੀਂ ਦਿਨ ਸ਼ਹੀਦੀ,
ਸ਼ਹੀਦਾਂ ਦੇ ਸਿਰਤਾਜ ਦਾ
ਕਿਸੇ ਨੂੰ ਕੋਈ ਭੇਤ ਨਹੀਂ ਸੀ, ਦਿੱਲੀ ਦੇ ਅੰਦਾਜ਼ ਦਾ
ਓਧਰੋਂ ਹਿੰਦ ਦੀ ਫੋਜ ਚੜ੍ਹੀ, ਏਧਰ ਮੋਰਚਾ ਸੀ ਜਾਂ-ਬਾਜ਼ ਦਾ
ਅਕਾਲ ਤਖਤ ਨੂੰ ਢਾਹੁਣ ਲੱਗੇ, ਜੋ ਤਖਤ ਗੁਰੂ ਮਹਾਰਾਜ ਦਾ।

ਦਰਸ਼ਨ ਨੂੰ ਆਈ ਸੰਗਤ ਨੂੰ, ਕੇਂਦਰ ਦੀ ਸਾਜ਼ਿਸ਼ ਘੇਰ ਲਿਆ
ਦਿੱਲੀ ਨੇ ਸਿੱਖਾਂ ਦੇ ਨਾਲ ਆਢਾ, ਇੱਕ ਨਹੀਂ ਕਈ ਵੇਰ ਲਿਆ
ਉਹ ਕੀ ਜਾਣੇ ਗੁਰੂ ਖਾਲਸਾ, ਹੈ ਇੱਕ ਬੱਬਰ ਸ਼ੇਰ ਜਿਹਾ
ਮੋਰਚੇ 'ਤੇ ਹਰ ਇੱਕ ਹੀ ਫੌਜੀ, ਬੈਠਾ ਬੁਲ੍ਹ ਉਟੇਰ ਰਿਹਾ।

ਇੰਦਰਾਂ ਨੂੰ ਹੰਕਾਰ ਬੜਾ ਸੀ, ਉਹਦੇ ਕੋਲ ਹੈ ਫੌਜਾਂ ਦਾ ਬਲ
ਦਾਗਣ ਗੋਲੀਆਂ ਉਹਦੇ ਫੌਜੀ, ਸਾਡੇ ਸੀ ਹਰਮੰਦਰ ਦੇ ਵਲ
ਕਰਕੇ ਸਿੰਘਾਂ ਨੇ ਅਰਦਾਸਾ, ਸਭ ਮੋਰਚੇ ਲਏ ਸੀ ਮੱਲ
ਛਾਤੀਆਂ ਤਾਣ ਕੇ ਲੜੇ ਖਾਲਸੇ, ਫੌਜਾਂ ਨੂੰ ਪਾ ਦਿੱਤਾ ਸੀ ਠੱਲ੍ਹ।

ਮਹਿੰਗਾ ਸਿੰਘ ਬੱਬਰ ਖਾਲਸੇ, ਪਹਿਲਾ ਜਾਮ ਸ਼ਹਾਦਤ ਪੀਤਾ
ਸਿੰਘ ਸੀ ਛੱਡਦਾ ਰਿਹਾ ਜੈਕਾਰੇ, ਦੇਹ ਹੋਈ ਸੀ ਫੀਤਾ-ਫੀਤਾ
ਟੌਹੜੇ ਲੌਂਗੋਵਾਲ ਨੇ ਦਿੱਲੀ ਨਾਲ ਸੀ ਅੱਖ ਮਟੱਕਾ ਕੀਤਾ
ਪੁੱਛੋ ਨਾ ਜੋ ਆਪਣਿਆਂ ਨੇ, ਖਾਲਸਾ ਜੀ ਨਾਲ ਧੋਖਾ ਕੀਤਾ।

ਪਾਣੀਓਂ ਸੰਗਤ ਰਹੀ ਪਿਆਸੀ, ਆਈ ਸੀ ਜੋ ਕਰਨ ਦੀਦਾਰੇ
ਹਰਿਮੰਦਰ ਨੂੰ ਗੋਲੀਆਂ ਵੱਜੀਆਂ, ਜਾਨਾਂ ਵਾਰਨ ਗੁਰੂ ਪਿਆਰੇ
ਜੱਗੋਂ ਤੇਰ੍ਹਵੀਂ ਕੀਤੀ ਜਿਹਨੇ, ਪੁੱਛੋ ਨਾ ਇੰਦਰਾ ਦੇ ਕਾਰੇ
ਸਿੱਖਾਂ ਦੇ ਜੋ ਲਹੂ ਪਿਆਸੇ, ਆਗੂ ਹੋ ਗਏ ਸੀ ਹਤਿਆਰੇ।

ਭਿੰਡਰਾਂ ਵਾਲਿਆਂ ਦੀ ਅਗਵਾਈ, ਲਹੂ ਵੀਟਵਾਂ ਜੰਗ ਹੋ ਗਿਆ
ਸੁਬੇਗ ਸਿੰਘ ਦੀ ਰਣਨੀਤੀ 'ਤੇ, ਕੇਂਦਰ ਦੰਗ ਹੋ ਗਿਆ
ਖਬਰਾਂ ਸੁਣਦੀ ਇੰਦਰਾ ਦਾ ਵੀ, ਕਾਫੀਆ ਸੀ ਤੰਗ ਹੋ ਗਿਆ
ਪਛਤਾਵੇ ਨੇ ਘੇਰ ਲਈ ਉਹ, ਚੈਨ ਸਦਾ ਲਈ ਭੰਗ ਹੋ ਗਿਆ
'ਢੇਸੀ' ਰੱਤ ਸ਼ਹੀਦਾਂ ਦੀ ਨਾਲ, ਅੰਮ੍ਰਿਤ ਸਰੋਵਰ ਰੰਗ ਹੋ ਗਿਆ।

***-ਕੁਲਵੰਤ ਸਿੰਘ ਢੇਸੀ***

## 9 ਜੂਨ 1984 : ਮੇਰਾ ਹਰਿਮੰਦਰ ਸਾਹਿਬ ਦਰਸ਼ਨ

***(ਪਿਛਲੇ ਸਫੇ ਦੀ ਬਾਕੀ)***

ਤੇ ਮਾਨਤਾ ਦਿਵਾਉਣ ਵਾਸਤੇ 7 ਅਕਤੂਬਰ 1986 ਨੂੰ ਕੌਂਸਲ ਆਫ਼ ਖ਼ਾਲਿਸਤਾਨ ਦਾ ਐਲਾਨ ਕੀਤਾ ਗਿਆ।

ਸ਼ਰਧਾਲੂ ਸੰਗਤ ਅਕਾਲ ਤਖ਼ਤ ਦੇ ਪਿਛਲੇ ਪਾਸੇ ਖੂਹ ਦੇ ਵੀ ਉਚੇਚੇ ਦਰਸ਼ਨ ਕਰ ਰਹੀ ਸੀ। ਇੱਥੇ ਕਈ ਖਾੜਕੂ ਨੌਜਵਾਨ ਬਾਹਰ ਨਿਕਲਦੇ ਸਮੇਂ ਡਿੱਗ ਕੇ ਗ਼ਰਕ ਹੋ ਗਏ। ਇੱਥੋਂ ਹੀ ਇੱਕ ਨੌਜੁਆਨ ਅਨੋਖ ਸਿੰਘ ਉਬੋਕੇ ਸਮੇਤ ਕਈ ਸਿੰਘਾਂ ਨੂੰ ਫੜ ਲਿਆ ਗਿਆ ਸੀ। ਇਹ ਖੂਹ ਵੀ ਜੱਲਿਆਂਵਾਲਾ ਬਾਗ਼ ਵਿਚਲੇ ਖੂਹ ਵਾਂਗ ਪੂਜਣਯੋਗ ਬਣ ਗਿਆ। ਇੱਥੇ ਲਾਗੇ ਹੀ ਹੁਣ 'ਸ਼ਹੀਦੀ ਯਾਦਗਾਰ' ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ ਤੇ ਬਣ ਗਿਆ ਹੈ। ਇੱਥੇ ਸੰਤ ਭਿੰਡਰਾਂਵਾਲਾ ਦਾ ਨਾਮ ਲਿਖਣ 'ਤੇ ਕਈ ਏਜੰਸੀਆਂ ਦੇ ਢਿੱਡੀਂ ਪੀੜ ਉੱਠੀ ਸੀ ਪਰ ਇਹ ਜਲਦੀ ਹੀ ਸ਼ਾਂਤ ਹੋ ਗਈ ਤੇ ਉਸ ਮਹਾਨ ਸ਼ਹੀਦ ਦਾ ਨਾਮ ਮਿਟਾਉਣ ਵਾਲੇ ਆਪਣੇ ਆਪ ਹੀ ਮਿਟ ਗਏ ਜਾਂ ਦੁੰਬ ਦਬਾ ਕੇ ਪਾਸੇ ਹੋ ਗਏ।

ਘੰਟਾ ਘਰ, ਪਰਿਕਰਮਾ ਅਤੇ ਦਰਸ਼ਨੀ ਡਿਉੜੀ ਵਿਚ ਕੁੱਝ ਸੇਵਾਦਾਰ ਸ਼ਰਧਾਲੂਆਂ ਨੂੰ ਸੌ-ਸਾਖੀ ਦੇ ਨਾਮ ਦੇ ਪੇਸ਼ੀਨਗੋਈ ਕਰਦੇ ਕੁੱਝ ਪੈਂਫਲਿਟ/ਪਰਚੇ ਵੰਡ ਰਹੇ ਸਨ। ਇੱਕ ਪੈਂਫਲਿਟ ਮੇਰੇ ਹਿੱਸੇ ਵੀ ਆ ਗਿਆ। ਇਸ 'ਤੇ ਲਿਖਿਆ ਹੋਇਆ ਸੀ, 'ਕਦੇ ਦਰਬਾਰ ਸਾਹਿਬ ਦੀਆਂ ਪਰਿਕਰਮਾ ਵਿਚ ਏਨਾ ਲਹੂ ਡੁੱਲ੍ਹੇਗਾ ਕਿ ਘੋੜੇ ਦੇ ਸੁੰਮ ਡੁੱਬਣਗੇ।' ਸ਼ਰਧਾਲੂ ਲੋਕ ਇਸ ਪੇਸ਼ੀਨਗੋਈ ਨੂੰ ਧੁਰ ਦਾ ਫ਼ਰਮਾਨ ਤੇ ਰੱਬੀ ਭਾਣਾ ਮੰਨ ਕੇ ਹੱਥ ਜੋੜਦੇ ਸਿਰ ਨਿਵਾ ਰਹੇ ਸਨ। ਬਾਬਰ ਦੇ ਹਮਲੇ ਸਮੇਂ ਸਥਾਨਕ ਪੇਸ਼ੀਨਗੋਈਆਂ ਨੇ ਦਾਅਵਾ ਕੀਤਾ ਸੀ ਕਿ ਉਹ ਆਪਣੇ ਮੰਤਰਾਂ ਨਾਲ ਬਾਬਰ ਦੀ ਫ਼ੌਜ ਨੂੰ ਅੰਨ੍ਹਾ ਕਰ ਦੇਣਗੇ ਪਰ ਕੁੱਝ ਨਹੀਂ ਹੋਇਆ, ਉਹ ਆਪਣਾ ਕੁਕਰਮ ਕਰ ਕੇ ਚਲੇ ਗਏ। ਬਾਬਰ-ਬਾਣੀ ਦੇ ਸ਼ਬਦ 'ਕੋਈ ਮੁਗ਼ਲ ਨਾ ਹੋਆ ਅੰਧਾ, ਕਿਨੇ ਨਾ ਪਰਚਾ ਲਾਇਆ।' ਗੁਰੂ ਘਰਾਂ ਵਿਚ ਅਜੇਹੀਆਂ ਖ਼ੂਨੀ ਦੁਰਘਟਨਾਵਾਂ ਗੁਰੂ ਘਰ ਦੇ ਪ੍ਰੇਮੀ ਸ਼ਰਧਾਲੂਆਂ ਦੇ ਵਿਸ਼ਵਾਸ ਨੂੰ ਢਾਹ ਲਗਾਉਂਦੀਆਂ ਹਨ।

'ਸੋਮਨਾਥ ਮੰਦਿਰ 'ਤੇ ਚੜ੍ਹਾਈ ਵੇਲੇ ਵੀ ਉਹ ਧਰਮ ਇਸ ਦੇ ਧਾੜਵੀਆਂ ਦਾ ਕੁੱਝ ਨਾ ਵਿਗਾੜ ਸਕਿਆ। ਆਪਣੇ ਆਪ ਨੂੰ ਸੀਮਾ ਵਿਚ ਸੁਰੱਖਿਅਤ ਰੱਖੋ, ਹਰ ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ, ਚੋਰ ਡਾਕੂ ਕਿਸੇ ਨਾ ਆਖੋ।' ਕੁੱਝ ਸ਼ਰਧਾਲੂ ਸੰਤਾਂ ਦੀ ਬਹਾਦਰੀ ਦੀਆ ਟਾਹਰਾਂ ਲਗਾਉਂਦੇ ਭਰਵੱਟੇ ਫੈਲਾ ਰਹੇ ਸਨ ਪਰ ਕੁੱਝ ਇਸ ਨੂੰ ਬੁਜ਼ਦਿਲ ਕਾਰਵਾਈ ਮੰਨਦੇ ਸਿਰ ਫੇਰ ਰਹੇ ਸਨ।

'ਭਿੰਡਰਾਂ ਵਾਲਾ ਸ਼ੇਰ ਬਹਾਦਰ ਆਪਣੀ ਅਰਦਾਸ ਪੁਗਾ ਗਿਆ ਪਰ ਕਿੰਨਾ ਚੰਗਾ ਹੁੰਦਾ ਇਸ ਪਵਿੱਤਰ ਧਾਮ ਨੂੰ ਲੜਾਈ ਦਾ ਮੈਦਾਨ ਨਾ ਬਣਾਉਂਦਾ, ਬਾਹਰ ਜਾ ਕੇ ਲੜਦਾ ਮਰਦਾ ਕੁਰਬਾਨ ਹੋ ਜਾਂਦਾ। ਜੋ ਦੁਰਦਸ਼ਾ ਇਸ ਪਵਿੱਤਰ ਧਾਮ ਦੀ ਹੋਈ, ਇਹ ਨਾ ਹੁੰਦੀ।' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਰੀ ਅਕਾਲੀ ਲੀਡਰਸ਼ਿਪ ਲੋਕ-ਤਬਸਰੇ ਦੇ ਗ਼ੁੱਸੇ ਦਾ ਟਾਰਗੈਟ ਬਣ ਰਹੀ ਸੀ ਜਿਨ੍ਹਾਂ ਦੀ ਅਣਗਹਿਲੀ ਕਰਕੇ ਇਸ ਪਵਿੱਤਰ ਗੁਰਧਾਮ ਵਿਚ ਏਨਾ ਭਾਰੀ ਅਸਲਾ ਜਮ੍ਹਾ ਹੁੰਦਾ ਰਿਹਾ ਜੋ ਇਸ ਸਾਰੀ ਵਿਨਾਸ਼ਕਾਰੀ ਦਾ ਕਾਰਨ ਬਣਿਆ। ਇਹੀ ਪ੍ਰਬੰਧਕੀ ਤਿੱਕੜੀ ਹਜ਼ਾਰਾਂ ਮਾਸੂਮ ਭੁੱਖਣ-ਭਾਣੀਆਂ ਜਿੰਦਾਂ ਨੂੰ ਗੋਲੀਆਂ ਦੀਆਂ ਬੁਛਾੜਾਂ ਦੇ ਸਾਹਮਣੇ ਡਾਹ ਕੇ ਆਪ ਹੱਥ ਖੜ੍ਹੇ ਕਰ ਕੇ ਭਾਰਤੀ ਫ਼ੌਜ ਸਾਹਮਣੇ ਆਤਮ-ਸਮਰਪਣ ਕਰਦੇ ਆਪਣੀਆਂ ਜਾਨਾਂ ਬਚਾਉਣ ਖ਼ਾਤਰ ਬਾਹਰ ਨਿਕਲਦੇ ਟੀ. ਵੀ. ਨੇ ਦਿਖਾਏ ਸਨ, ਜਿਸ ਨੂੰ ਵੇਖ ਕੇ ਦਰਸ਼ਕ ਦੁਰ-ਲਾਅਨਤ ਕਰ ਰਹੇ ਸਨ ਤੇ ਹੁਣ ਤੱਕ ਕਰ ਰਹੇ ਹਨ।

ਸੱਚਖੰਡ ਹਰਿਮੰਦਰ ਸਾਹਿਬ ਦੀ ਸਰੋਵਰ ਵਿਚਲੀ ਪਵਿੱਤਰ ਇਮਾਰਤ ਦੇ ਅੰਦਰ ਤੇ ਪੌੜੀਆਂ ਚੜ੍ਹ ਕੇ ਉੱਪਰ ਦੇ ਗੁੰਬਦ ਛੇਕਾਂ ਨਾਲ ਛਲਣੀ ਹੋਏ ਪਏ ਸਨ। ਛੱਤ ਦੇ ਗੁੰਬਦਾਂ ਉੱਪਰ ਗੋਲਿਆਂ ਦੇ ਮਘੋਰੇ ਤੇ 150 ਤੋਂ ਵੱਧ ਗੋਲੀਆਂ ਦੇ ਨਿਸ਼ਾਨ ਮੈਂ ਆਪ ਗਿਣੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੇਹ ਵੀ ਗੋਲੀਆਂ ਨਾਲ ਵਿੰਨ੍ਹੀ ਪਈ ਸੀ ਜੋ ਇਨ੍ਹਾਂ ਜਰਵਾਣਿਆਂ ਦੀਆ ਗੋਲ਼ੀਆਂ ਤੋਂ ਨਹੀਂ ਬਚ ਸਕੀ। (ਇੱਥੇ ਜਨਰਲ ਬਰਾੜ ਦਾ ਇਹ ਕਥਨ ਤੇ ਦਾਵਾ ਬਿਲਕੁਲ ਗਲਤ ਸਾਬਤ ਹੁੰਦਾ ਹੈ ਕਿ ਉਸ ਨੇ ਆਪਣੀ ਫ਼ੌਜ ਨੂੰ ਹੁਕਮ ਦਿੱਤੇ ਸਨ ਕਿ ਹਰਿਮੰਦਰ ਸਾਹਿਬ ਵੱਲ ਕੋਈ ਗੋਲ਼ੀ ਨਹੀਂ ਚਲਾਉਣੀ)। ਟੱਟੀ ਪਿਸ਼ਾਬ ਤੋਂ ਆਤੁਰ ਅੰਦਰ ਫਸੇ ਸ਼ਰਧਾਲੂ ਅਤੇ ਕਰਮਚਾਰੀ ਗੋਲੀਆਂ ਤੋਂ ਬਚਦੇ ਸਰੋਵਰ ਵਿਚ ਛਾਲਾਂ ਮਾਰ ਕੇ ਬਚ ਨਿਕਲ਼ਣ ਦੀ ਆੜ ਵਿਚ ਉੱਪਰੋਂ ਗੋਲੀਆਂ ਦਾ ਨਿਸ਼ਾਨਾ ਬਣਦੇ ਮੱਛੀਆਂ ਵਾਂਗ ਨਿਰਜਿੰਦ ਲਾਸ਼ਾਂ ਬਣ ਪਾਣੀ ਉੱਪਰ ਤਰਨ ਲੱਗੇ ਜੋ ਮਰੀਆਂ ਮੱਛੀਆਂ ਦੇ ਨਾਲ ਹੀ ਟਰੱਕਾਂ ਵਿਚ ਲੱਦ ਕੇ ਬਾਹਰ ਢੋਏ ਗਏ ਸਨ।

ਇੱਕ ਇੱਲ ਜਾਂ ਬਾਜ਼ ਵਰਗਾ ਕੋਈ ਪੰਛੀ ਆਕਾਸ਼ ਵਿਚ ਮੰਡਰਾਉਣ ਲੱਗਾ ਯਾਤਰੂਆਂ ਦਾ ਧਿਆਨ ਖਿੱਚ ਰਿਹਾ ਸੀ। ਇਹ ਬਾਜ਼ ਕਈ ਦਿਨ ਪਹਿਲਾਂ ਚੱਕਰ ਮਾਰਦਾ ਅਕਾਲ ਤਖ਼ਤ ਦੇ ਨਿਸ਼ਾਨ ਸਾਹਿਬ 'ਤੇ ਆ ਕੇ ਬੈਠ ਜਾਂਦਾ ਸੀ ਪਰ ਅੱਜ ਇਸ ਨੂੰ ਬੈਠਣ ਦੀ ਜਗ੍ਹਾ ਨਹੀਂ ਮਿਲ ਰਹੀ। ਲੋਕ ਇਸ ਦੀ ਆਮਦ ਨੂੰ ਸ਼ੁੱਭ ਸੰਦੇਸ਼ ਸਮਝਦੇ ਸਨ ਕਿ ਇਹ ਸਿੱਖ ਕੌਮ ਨੂੰ ਚੜ੍ਹਦੀ ਕਲਾ ਵਿਚ ਰੱਖਣ ਵਾਸਤੇ ਗੁਰੂ ਗੋਬਿੰਦ ਸਿੰਘ ਦਾ ਭੇਜਿਆ ਹੋਇਆ ਦੂਤ ਹੈ ਕਿ ਸਿੰਘੋ ਹੌਸਲਾ ਨਹੀਂ ਹਾਰਨਾ, ਚੜ੍ਹਦੀ ਕਲਾ ਵਿਚ ਰਹਿਣਾ ਹੈ। ਦੂਜੇ ਪਾਸੇ ਕਈ ਕੁੱਟਲ ਲੋਕਾਂ ਦੀ ਇਹ ਵੀ ਧਾਰਨਾ ਸੀ ਕਿ ਇਹ ਇੰਦਰਾ ਗਾਂਧੀ ਦਾ ਗੁਪਤਚਰ ਹੈ ਜੋ ਹਰ ਰੋਜ਼ ਦਰਬਾਰ ਸਾਹਿਬ ਅੰਦਰ ਹੋ ਰਹੀਆਂ ਗਤੀਵਿਧੀਆਂ ਦੀ ਰਿਪੋਰਟ ਦਿੱਲੀ ਦਰਬਾਰ ਪਹੁੰਚਾਉਂਦਾ ਹੈ। ਇਹੀ ਬਾਜ਼ ਮੈਂ ਅਕਾਲੀ ਮੋਰਚਿਆਂ, ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਿਹ ਸਿੰਘ ਦੇ ਮਰਨ ਵਰਤਾਂ ਅਤੇ ਹਵਨ-ਕੁੰਡ ਵਾਲੇ ਆਡੰਬਰ ਸਮੇਂ ਵੀ ਵੇਖਿਆ ਕਰਦਾ ਸੀ। ਫ਼ਤਿਹ ਸਿੰਘ ਦੇ ਮਰਨ ਵਰਤ ਦੇ ਅਖੀਰਲੇ ਦਿਨ ਅਕਾਲ ਤਖ਼ਤ ਦੀ ਉੱਪਰਲੀ ਮੰਜ਼ਿਲ ਦੇ ਦੱਖਣ ਪੱਛਮੀ ਕੋਨੇ ਉੱਤੇ ਬਣਿਆ ਅੰਗੀਠਾ ਤਪ ਰਿਹਾ ਸੀ, ਜਿਸ ਵਿਚ ਸੰਤ ਫਤਿਹ ਸਿੰਘ ਨੇ ਤਿੰਨ ਵਜੇ ਛਾਲ ਮਾਰ ਕੇ ਆਤਮ ਦਾਹ ਕਰਨਾ ਸੀ। ਸਮਾਂ ਨੇੜੇ ਆਉਂਦਾ ਵੇਖ ਕੇ ਸੰਤ ਜੀ ਦੀ ਆਤਮਾ ਡੁੱਬਦੀ ਜਾ ਰਹੀ ਸੀ। ਇੱਕ ਮਿੰਟ ਪਹਿਲਾਂ ਰੱਬੀ ਕਰਾਮਾਤ ਵਾਂਗ ਇੱਕ ਬਾਜ਼ ਨੇ ਗੇੜੇ ਕੱਢਦੇ ਸੰਗਤਾਂ ਨੂੰ ਦਰਸ਼ਨ ਆ ਦਿੱਤੇ। ਥੋੜ੍ਹੀ ਦੇਰ ਵਿਚ ਉੱਪਰ ਇੱਕ ਜਹਾਜ਼ ਆ ਗਿਆ ਤੇ ਫਿਰ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗੂੰਜ ਉੱਠੇ। ਗਰਮਾ-ਗਰਮ ਭਾਸ਼ਣ ਵਿਚੇ ਛੱਡ ਕੇ ਸਕੱਤਰ ਵੱਲੋਂ ਸੂਚਨਾ ਦਿੱਤੀ ਗਈ ਕਿ ਇੰਦਰਾ ਦੇ ਦੂਤ ਹੁਕਮ ਸਿੰਘ ਦਾ ਜਹਾਜ਼ ਆ ਗਿਆ ਹੈ ਤੇ ਉਸ ਨੇ ਸਾਰੀਆਂ ਮੰਗਾਂ ਮੰਨਣ ਦਾ ਵਾਅਦਾ ਕਰਦੇ ਸੰਤ ਫ਼ਤਿਹ ਸਿੰਘ ਜੀ ਨੂੰ ਆਤਮ-ਦਾਹ ਦਾ ਫ਼ੈਸਲਾ ਤਿਆਗਣ ਦੀ ਬੇਨਤੀ ਕੀਤੀ ਹੈ। ਨੀਲਾ ਤਾਰਾ ਕਾਰਵਾਈ ਸਮੇਂ ਇਹ ਬਾਜ਼ ਪੰਜਾਬ ਦੇ ਸੈਂਕੜੇ ਹੋਰ ਪੇਂਡੂ ਗੁਰਦੁਆਰਿਆਂ ਵਿਚ ਵੀ ਵੇਖਿਆ ਗਿਆ ਜੋ ਬਾਅਦ ਵਿਚ ਕਈ ਥਾਂਈਂ ਮਾਰਕੁੱਟ ਜਿਹੀ ਇੱਲ ਸਾਬਤ ਹੋਇਆ। ਇਸ ਦਾ ਰਹੱਸ ਇੱਕ ਅਣਸੁਲਝੀ ਗੁੱਝੀ ਗੁਥਲੀ ਹੀ ਰਹਿ ਗਈ ਜੋ ਬਹੁਤਿਆਂ ਦੀ ਨਜ਼ਰੀਂ ਨਹੀਂ ਚੜ੍ਹੀ।

ਅੰਦਰ ਦਾ ਹਾਲ ਦੇਖਦੇ ਮੱਥਾ ਟੇਕ ਕੇ ਬਾਹਰ ਦਰਸ਼ਨੀ ਡਿਉੜੀ ਰਾਹੀਂ ਪਰਿਕਰਮਾ ਵਿਚ ਨਿਕਲ ਆਏ। ਕੁੱਝ ਯਾਤਰੀ ਅਕਾਲ ਤਖ਼ਤ ਉੱਪਰ ਹੱਥ ਕਰਦੇ ਇੱਕ ਨਵੀਂ ਗੱਲ ਦੀ ਸ਼ਾਹਦੀ ਭਰ ਰਹੇ ਸਨ ਕਿ ਅਕਾਲ ਤਖ਼ਤ ਸਰ ਕਰਨ ਵਾਸਤੇ ਮਿਲਟਰੀ ਨੇ ਹਵਾਈ ਫ਼ੌਜ ਦੀ ਮਦਦ ਲਈ ਤੇ ਛੱਤ ਉੱਪਰ ਛਾਤਾਧਾਰੀ ਸੈਨਿਕ ਉਤਾਰ ਕੇ ਅਚਾਨਕ ਹਮਲਾ ਕਰ ਕੇ ਅੰਦਰਲੇ ਸਿੰਘਾਂ ਨੂੰ ਭਾਜੜ ਪਾ ਦਿੱਤੀ ਸੀ। ਸਾਹਮਣੇ ਤੋਂ ਮੁਕਾਬਲਾ ਕਰਦੇ ਸਿੰਘ ਇਨ੍ਹਾਂ ਵਿਸਾਹਘਾਤਾਂ ਦੇ ਧੋਖੇ ਵਿਚ ਆ ਗਏ। ਬਾਅਦ ਵਿਚ ਭਾਵੇਂ ਬਹੁਤ ਨੁਕਸਾਨ ਕਰ ਕੇ ਉਹ ਆਪ ਵੀ ਕਾਬੂ ਆ ਗਏ। ਸਿੰਘਾਂ ਨੇ ਉਨ੍ਹਾਂ ਨੂੰ ਜਿਊਂਦੇ ਨਹੀਂ ਜਾਣ ਦਿੱਤਾ।

ਖੰਡਰ ਹੋਏ ਅਕਾਲ ਤਖ਼ਤ ਦੇ ਸਾਹਮਣੇ ਪਰਿਕਰਮਾ ਵਿਚ ਹੈੱਡ ਜਥੇਦਾਰ ਗਿਆਨੀ ਕਿਰਪਾਲ ਸਿੰਘ ਖੜ੍ਹਾ ਸੋਗ ਵਾਲੇ ਘਰ ਦੇ ਮੇਜ਼ਬਾਨ ਵਾਂਗ ਯਾਤਰੀਆਂ ਦੀ ਹਮਦਰਦੀ ਕਬੂਲ ਰਿਹਾ ਸੀ ਤੇ ਸਰਕਾਰ ਦਾ ਪੜ੍ਹਾਇਆ ਪਾਠ ਦੁਹਰਾ ਰਿਹਾ ਸੀ। ਉਹ ਪੀੜਤ ਦੁਖੀ ਹਮਦਰਦ ਸ਼ਰਧਾਲੂਆਂ ਦੀ ਉਤਸੁਕ ਭੀੜ ਨੂੰ ਇਨ੍ਹਾਂ ਸਾਰੇ ਦਿਨਾਂ ਦੀ ਦਾਸਤਾਨ ਸੁਣਾ ਰਿਹਾ ਸੀ। ਉਸ ਨੇ ਹੀ ਰੇਡੀਓ, ਟੀ. ਵੀ. 'ਤੇ ਸੰਦੇਸ਼ ਦਿੱਤਾ ਸੀ ਕਿ ਕੋਠਾ ਸਾਹਿਬ, ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਦਾ ਕੁੱਝ ਨਹੀਂ ਵਿਗੜਿਆ ਤੇ ਤੋਸ਼ਾਖ਼ਾਨਾ ਵੀ ਸਭ ਠੀਕ ਠਾਕ ਹਨ, ਸਿਰਫ਼ ਪਰਿਕਰਮਾ ਹੀ ਥੋੜ੍ਹੀ ਜਿਹੀ ਟੁੱਟੀ ਹੈ।

'ਤੂੰ ਆਪਣੀ ਜਾਨ ਬਚਾਉਣ ਖ਼ਾਤਰ ਸਿੱਖ ਪੰਥ ਮੂਹਰੇ ਏਨਾ ਵੱਡਾ ਕੁਫ਼ਰ ਤੋਲਿਆ... ਏਨਾ ਝੂਠ ਬੋਲਿਆ! ਵੇਖ ਇਹ ਠੀਕ ਠਾਕ ਹੈ? ਤੂੰ ਕਿਉਂ ਨਹੀਂ ਮਰਿਆ! ਕਿੱਥੇ ਹੈ ਸਾਡਾ ਅਕਾਲ ਤਖ਼ਤ! ਕਿੱਥੇ ਹੈ ਸਾਡਾ ਕੀਮਤੀ ਤੋਸ਼ਾਖ਼ਾਨਾ ਜਿਸ ਨੂੰ ਕਹਿੰਦੋਂ ਕੁੱਝ ਨਹੀਂ ਵਿਗੜਿਆ!' ਉਸ ਦੇ ਗਲ਼ੋਂ ਫੜ ਕੇ ਘਸੀਟਦੀ ਖੂੰਖ਼ਾਰ ਹੋਈ ਇੱਕ ਬੀਬੀ ਉਸ ਨੂੰ ਫਿੱਟ-ਲਾਅਨਤ ਕਰਦੀ ਕੋਸ ਰਹੀ ਮੈਂ ਆਪਣੀ ਅੱਖੀਂ ਦੇਖੀ ਸੀ। ਕਾਸ਼! ਮੇਰੇ ਕੋਲ ਕੈਮਰਾ ਹੁੰਦਾ ਤਾਂ ਮੈਂ ਇਹ ਜਜ਼ਬਾਤੀ ਪਲ ਕੈਦ ਕਰ ਲੈਂਦਾ। ਕੇਸਰੀ ਦੁਪੱਟੇ ਵਾਲੀ ਇਸ ਬੀਬੀ ਦੀ ਹਾਮੀ ਭਰਦੇ ਉਤੇਜਿਤ ਹੋਏ ਹੋਰ ਸਾਥੀ ਸ਼ਰਧਾਲੂ ਵੀ ਹਿੰਸਕ ਹੁੰਦੇ ਸਰਕਾਰ ਖ਼ਿਲਾਫ਼ ਜ਼ਹਿਰ ਉਗਲਦੇ ਵੇਖੇ ਗਏ। ਫ਼ੌਜੀ ਬਸਤਰਾਂ ਵਾਲੇ ਕੁੱਝ ਸਿਕਿਉਰਿਟੀ ਗਾਰਡ ਇਕਦਮ ਨੇੜੇ ਆਏ। ਉਹ ਭੀੜ ਵਿਚੋਂ ਜਥੇਦਾਰ ਨੂੰ ਛੁਡਾ ਕੇ ਪਿੱਛੇ ਲੈ ਗਏ। ਇਸ ਗਰਮਾ-ਗਰਮੀ ਤੇ ਭਗਦੜ ਮੱਚਦੀ ਜਾਚ ਕੇ ਦੱਖਣੀ ਘੰਟਾ ਘਰ ਦੇ ਫ਼ੌਜੀ ਦਫ਼ਤਰ ਵਿਚੋਂ ਧੂਤੂਆਂ ਰਾਹੀਂ ਚੇਤਾਵਨੀ ਸ਼ੁਰੂ ਹੋ ਗਈ। ਸਭ ਯਾਤਰੂਆਂ ਨੂੰ ਤੁਰੰਤ ਬਾਹਰ ਨਿਕਲ਼ਣ ਦਾ ਹੁਕਮ ਦਿੱਤਾ ਗਿਆ। ਸ਼ਹਿਰ ਦੀ ਪੁਰਾਣੀ ਦੀਵਾਰ ਦੇ ਅੰਦਰਲੇ ਇਲਾਕੇ ਵਿਚ ਛੇ ਘੰਟੇ ਚੱਲਣ ਵਾਲੀ ਕਰਫ਼ਿਊ ਦੀ ਢਿੱਲ ਨੂੰ ਖ਼ਤਮ ਕਰ ਕੇ ਮੁੜ ਕਰਫ਼ਿਊ ਸਤਰਕ ਕਰ ਦਿੱਤਾ ਗਿਆ। ਪਲੋ-ਪਲੀ ਮੇਰੇ ਸਮੇਤ ਬਾਹਰਲੇ ਦਰਸ਼ਕ ਮੁੜ ਟੁੱਟੀਆਂ ਪੌੜੀਆਂ ਚੜ੍ਹ ਕੇ ਬਾਹਰ ਨਿਕਲ ਗਏ ਕਿ ਇਨ੍ਹਾਂ ਦਾ ਕੀ ਭਰਵਾਸਾ ਸਾਨੂੰ ਵੀ ਫੜ ਕੇ ਅੰਦਰ ਸੁੱਟ ਲੈਣ। ਜਿੰਨਾ ਕੁ ਉਤਸ਼ਾਹ ਲੋਕਾਂ ਨੂੰ ਅੰਦਰ ਆਉਣ ਵਾਸਤੇ ਸੀ ਉਸ ਤੋਂ ਵੱਧ ਬਾਹਰ ਦੌੜਨ ਦੀ ਵੀ ਕਾਹਲ ਸੀ। ਬਾਹਰ ਨਿਕਲਣ ਵਾਲੇ ਯਾਤਰੀਆਂ ਦੀ ਵੀ ਤਲਾਸ਼ੀ ਹੋ ਰਹੀ ਸੀ। ਇੱਕ ਹੋਰ ਯਾਤਰੀ ਜੋ ਅਣਭੋਲ ਕੈਮਰਾ ਅੰਦਰ ਲੈ ਆਇਆ ਸੀ, ਕੋਲੋਂ ਰੀਲ੍ਹ ਕੱਢ ਕੇ ਸਾਰੀਆਂ ਤਸਵੀਰਾਂ ਤੋਂ ਉਸ ਨੂੰ ਵਾਂਝਾ ਕਰ ਦਿੱਤਾ ਗਿਆ। ਮੇਰੇ ਪਹਿਚਾਣ-ਪੱਤਰ ਤੋਂ ਬਿਨਾਂ ਹੋਰ ਕਾਗ਼ਜ਼ ਜਿਨ੍ਹਾਂ ਵਿਚ ਸੌ ਸਾਖੀ ਵਾਲਾ ਕਾਗ਼ਜ਼ ਵੀ ਸੀ, ਮੈਥੋਂ ਹਥਿਆ ਲਏ ਗਏ।

# ਸਾਕਾ ਨੀਲਾ ਤਾਰਾ

## ਨੌਜਵਾਨ ਪੀੜ੍ਹੀ ਨੂੰ ਭੜਕਾਉਣ ਦੀ ਥਾਂ ਸਿੱਖਾਂ ਨੂੰ ਸੁਹਿਰਦਤਾ ਨਾਲ ਸਬਕ ਸਿੱਖਣ ਦੀ ਲੋੜ!

***ਸਾਕਾ ਨੀਲਾ ਤਾਰਾ ਪੰਜਾਬੀ ਲੋਕ-ਇਤਿਹਾਸ ਦੀ ਅਤਿ ਦੁਖਦਾਈ ਘਟਨਾ ਹੈ। ਪੰਜਾਬੀ ਦੇ ਉਘੇ ਲਿਖਾਰੀ ਡਾ. ਹਰਭਜਨ ਸਿੰਘ ਨੇ ਇਸ ਨੂੰ 'ਜੜ੍ਹਾਂ ਵਾਲਾ ਫੋੜਾ' ਆਖਿਆ ਸੀ। ਉਨ੍ਹਾਂ ਲਿਖਿਆ ਸੀ ਕਿ ਇਹ ਅਜਿਹਾ ਲਾਇਲਾਜ ਨਾਸੂਰ ਹੈ ਜਿਹੜਾ ਲਗਾਤਾਰ ਵਗੀ ਜਾ ਰਿਹਾ ਹੈ। ਕੈਨੇਡਾ ਵੱਸਦੇ ਵਿਦਵਾਨ ਹਰਚਰਨ ਸਿੰਘ ਪ੍ਰਹਾਰ ਨੇ ਵੀ ਆਪਣੇ ਇਸ ਲੇਖ ਵਿਚ ਕਿਹਾ ਹੈ ਕਿ ਇਸ ਘਟਨਾ ਨੂੰ ਭੁੱਲਣਾ ਵਾਕਈ ਨਾਮੁਮਕਿਨ ਹੈ ਪਰ ਨਾਲ ਹੀ ਉਨ੍ਹਾਂ ਆਖਿਆ ਹੈ ਕਿ ਇਸ ਦੇ ਕਾਰਨਾਂ ਦੀ ਪੁਣਛਾਣ ਕਰ ਕੇ ਇਸ ਤੋਂ ਸਬਕ ਜ਼ਰੂਰ ਲਿਆ ਜਾ ਸਕਦਾ ਹੈ। ਇਨ੍ਹਾਂ ਕਾਰਨਾਂ ਦੀ ਵੱਡੀ ਤਫਸੀਲ ਉਨ੍ਹਾਂ ਆਪਣੇ ਇਸ ਲੇਖ ਵਿਚ ਬਿਆਨ ਕੀਤੀ ਹੈ।***

ਅੰਗਰੇਜ਼ੀ ਦੇ ਇੱਕ ਮਸ਼ਹੂਰ ਕਵੀ ਰੁੱਡਯਾਰਡ ਕਿਪਲਿੰਗ ਦੀ 1897 ਵਿਚ ਲਿਖੀ ਕਵਿਤਾ 'Lest we forget' ਭਾਵ ਅਸੀਂ ਭੁੱਲੇ ਨਹੀਂ ਜਾਂ ਭੁੱਲਾਂਗੇ ਨਹੀਂ, ਨੂੰ ਅਧਾਰ ਬਣਾ ਕੇ ਸਾਡੇ ਕੁਝ ਵਿਦਵਾਨਾਂ ਨੇ ਜੂਨ, 1984 ਦੇ ਸਾਕੇ ਲਈ ਸ਼ਬਦ ਪ੍ਰਚਲਤ ਕੀਤਾ ਸੀ, 'ਨਹੀਂ ਭੁੱਲਣਾ ਜੂਨ 84...'। ਇਹ ਨਾਹਰਾ ਪਿਛਲੇ 40 ਸਾਲ ਤੋਂ ਲਗਾਤਾਰ ਦੇਸ਼-ਵਿਦੇਸ਼ ਵਿਚ ਹਰ ਸਾਲ ਜੂਨ ਮਹੀਨੇ ਦੇ ਪਹਿਲੇ ਹਫਤੇ ਦੁਹਰਾਇਆ ਜਾਂਦਾ ਹੈ। ਅਸੀਂ ਵੀ



ਹਰਚਰਨ ਸਿੰਘ ਪਰਹਾਰ

**ਫੋਨ:** 403-681-8689
**ਈਮੇਲ:** hp8689@gmail.com

ਇਸ ਨਾਲ ਸਹਿਮਤ ਹਾਂ ਕਿ ਕਿਸੇ ਵੀ ਕੌਮ ਨਾਲ ਜਦੋਂ ਕੋਈ ਅਜਿਹਾ ਵੱਡਾ ਦੁਖਾਂਤ ਵਾਪਰਦਾ ਹੈ ਤਾਂ ਉਸਨੂੰ ਯਾਦ ਕੀਤਾ ਵੀ ਜਾਣਾ ਚਾਹੀਦਾ ਹੈ ਅਤੇ ਯਾਦ ਰੱਖਿਆ ਵੀ ਜਾਣਾ ਚਾਹੀਦਾ ਹੈ ਪਰ ਉਸ ਤਰ੍ਹਾਂ ਨਹੀਂ, ਜਿਵੇਂ ਡਾ. ਗੁਰਭਗਤ ਸਿੰਘ ਵਰਗੇ ਸਿੱਖ ਚਿੰਤਕ ਇਸ ਜ਼ਖਮ ਨੂੰ ਭੁਲਣ ਦੀ ਜਗ੍ਹਾ ਸੂਰਜ ਬਣਾ ਲੈਣ ਦੀਆਂ ਸਲਾਹਾਂ ਦਿੰਦੇ ਰਹੇ ਹਨ। ਦੁਨੀਆਂ ਦੀਆਂ ਸੂਝਵਾਨ ਕੌਮਾਂ ਅਜਿਹੇ ਘੱਲੂ-ਘਾਰਿਆਂ ਵਿਚੋਂ ਕੁਝ ਸਬਕ ਸਿੱਖਦੀਆਂ ਹਨ, ਆਪਣੀਆਂ ਅਗਲੀਆਂ ਨਸਲਾਂ ਦੇ ਭਵਿੱਖ ਨੂੰ ਮੁੱਖ ਰੱਖ ਕੇ ਉਨ੍ਹਾਂ ਵੱਡੇ ਦੁਖਾਂਤਾਂ ਦੇ ਕਾਰਨਾਂ ਨੂੰ ਲੱਭਦੀਆਂ ਹਨ ਕਿ ਮੁੜ ਅਜਿਹੇ ਭਾਣੇ ਨਾ ਵਾਪਰਨ। ਪਰ ਸਾਡੀ ਦੇਸ਼-ਵਿਦੇਸ਼ ਦੀ ਨਰਮ ਅਤੇ ਗਰਮ ਖਿਆਲੀ ਲੀਡਰਸ਼ਿਪ ਇਸ ਸਵਾਲ ਤੋਂ ਲਗਾਤਾਰ ਭੱਜ ਰਹੀ ਹੈ ਕਿ ਜੂਨ, 84 ਦਾ ਵੱਡਾ ਦੁਖਾਂਤ ਕਿਉਂ ਵਾਪਰਿਆ? ਕੀ ਇਸ ਵਿਚ ਸਾਡਾ ਵੀ ਕੋਈ ਇੱਕ-ਅੱਧ ਪ੍ਰਸੈਂਟ ਦੋਸ਼ ਸੀ, ਜਾਂ 100% ਸਰਕਾਰਾਂ ਹੀ ਦੋਸ਼ੀ ਸਨ? ਬਦਕਿਸਮਤੀ ਨਾਲ ਸਿੱਖ ਭਾਈਚਾਰੇ ਦੇ ਕਥਿਤ 'ਰਹਿਬਰਾਂ' ਨੇ ਬਹੁ-ਗਿਣਤੀ ਸਿੱਖਾਂ ਦੀ ਮਾਨਸਿਕਤਾ ਨੂੰ ਸਮਝ ਲਿਆ ਹੈ ਕਿ ਇਨ੍ਹਾਂ ਨੂੰ ਧਰਮ ਦੇ ਨਾਮ 'ਤੇ ਜਜ਼ਬਾਤੀ ਕਰਕੇ ਆਪਣੇ ਸੌੜੇ ਰਾਜਸੀ ਮਨੋਰਥਾਂ ਲਈ ਜਿਵੇਂ ਚਾਹੇ ਵਰਤਿਆ ਜਾਂ ਗੁੰਮਰਾਹ ਕੀਤਾ ਜਾ ਸਕਦਾ ਹੈ। ਜੇ ਆਪਾਂ 1978 ਤੋਂ ਸਿੱਖ ਸਮਾਜ ਜਾਂ ਪੰਜਾਬ ਵਿਚ ਚੱਲ ਰਹੇ ਵਰਤਾਰਿਆਂ ਨੂੰ ਨਿਰਪੱਖਤਾ ਨਾਲ ਵਿਚਾਰੀਏ ਤਾਂ ਇਹ ਗੱਲ ਸਮਝਣੀ ਕੋਈ ਬਹੁਤੀ ਔਖੀ ਨਹੀਂ ਕਿ ਸਿੱਖ ਵਾਰ-ਵਾਰ ਆਪਣੀ ਲੀਡਰਸ਼ਿਪ ਅਤੇ ਵਿਰੋਧੀਆਂ ਵਲੋਂ ਵਰਤ ਹੋ ਰਹੇ ਹਨ, ਇੱਕ ਤੋਂ ਵਰਤ ਹੋ ਕੇ ਕੁਝ ਸੋਚਣ ਵਿਚਾਰਨ ਦੀ ਥਾਂ ਕਿਸੇ ਨਵੇਂ ਵਰਤਣ ਵਾਲੇ ਮਗਰ ਹੋ ਤੁਰਦੇ ਹਨ। ਜਿਸ ਨਾਲ ਸਿੱਖ ਸਮਾਜ ਨਿੱਤ ਨਵੇਂ ਦਿਨ ਕਿਸੇ ਸਮੱਸਿਆ ਨੂੰ ਹੱਲ ਕਰਨ ਦੀ ਥਾਂ ਨਵੀਆਂ-ਨਵੀਆਂ ਸਮੱਸਿਆਵਾਂ ਵਿਚ ਘਿਰਦਾ ਜਾ ਰਿਹਾ ਹੈ। ਨਤੀਜੇ ਵਜੋਂ ਹਰ ਪੰਜਾਬੀ ਸਿੱਖ ਪਾਸਪੋਰਟ ਚੁੱਕੀ ਤੁਰਿਆ ਫਿਰਦਾ ਹੈ ਕਿ ਹਰ ਹੀਲੇ ਪੰਜਾਬ ਜਾਂ ਭਾਰਤ ਵਿਚੋਂ ਭੱਜ ਜਾਵੇ। ਉਸਨੂੰ ਲਗਦਾ ਹੈ ਕਿ ਵਿਦੇਸ਼ੀ ਧਰਤੀ ਉਸਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਪਰ ਪਿਛਲੇ 30-40 ਸਾਲ ਦੇ ਵੱਡੇ ਪ੍ਰਵਾਸ ਨੇ ਸਾਬਿਤ ਕਰ ਦਿੱਤਾ ਹੈ ਕਿ ਵਿਦੇਸ਼ਾਂ ਵਿਚ ਆ ਕੇ ਸਾਡੀਆਂ ਨਿੱਜੀ ਆਰਥਿਕ ਸਮੱਸਿਆਵਾਂ ਤਾਂ ਜ਼ਰੂਰ ਕਿਸੇ ਹੱਦ ਤੱਕ ਹੱਲ ਹੋ ਰਹੀਆਂ ਹਨ, ਪਰ ਜਿਨ੍ਹਾਂ ਸਮੱਸਿਆਵਾਂ ਦੇ ਮਾਰੇ ਅਸੀਂ ਭੱਜ ਰਹੇ ਸੀ, ਅਸੀਂ ਉਸੇ ਮਾਨਸਿਕਤਾ ਨਾਲ ਅਨੇਕਾਂ ਹੋਰ ਨਵੀਆਂ ਸਮੱਸਿਆਵਾਂ ਖੜ੍ਹੀਆਂ ਕਰ ਲਈਆਂ ਹਨ ਅਤੇ ਹੁਣ ਅਸੀਂ ਵਿਦੇਸ਼ਾਂ ਵਿਚੋਂ ਭਾਰਤ ਵਿਚ ਬੈਠੇ ਸਿੱਖਾਂ ਲਈ ਨਵੀਆਂ ਸਮੱਸਿਆਵਾਂ ਪੈਦਾ ਕਰਨ ਲੱਗ ਪਏ ਹਾਂ। ਅਸੀਂ ਇੱਕ ਵਹਿਮ ਦਾ ਸ਼ਿਕਾਰ ਹੋ ਗਏ ਹਾਂ ਕਿ ਸ਼ਾਇਦ ਜਹਾਜ਼ ਚੜ੍ਹ ਕੇ ਵਿਦੇਸ਼ੀ ਧਰਤੀ 'ਤੇ ਆਉਣ ਨਾਲ ਅਸੀਂ ਜ਼ਿਆਦਾ ਸੂਝਵਾਨ ਹੋ ਗਏ ਹਾਂ। ਅਸੀਂ ਆਪਣੇ ਡਾਲਰਾਂ ਦੇ ਜ਼ੋਰ ਨਾਲ ਪੰਜਾਬ ਦੀ ਰਾਜਨੀਤੀ ਨੂੰ ਆਪਣੀ ਸੋਚ ਅਨੁਸਾਰ ਚਲਾਉਣ ਲਈ ਹਰੇਕ ਇਲੈਕਸ਼ਨ ਵਿਚ ਮਿਲੀਅਨਜ਼ ਡਾਲਰ ਗੈਰ-ਕਾਨੂੰਨੀ ਢੰਗ ਨਾਲ ਭੇਜਦੇ ਹਾਂ, ਉਥੇ ਵਸਦੇ ਪੰਜਾਬੀ ਸਾਨੂੰ ਹਰੇਕ ਵਾਰ ਨਕਾਰ ਦਿੰਦੇ ਹਨ ਅਤੇ ਸਾਡੀ ਸੋਚ ਤੋਂ ਉਲਟ ਵੋਟ ਪਾਉਂਦੇ ਹਨ।

ਹਰ ਸਾਲ ਜੂਨ ਦੇ ਪਹਿਲੇ ਹਫਤੇ ਆਰਟੀਕਲ ਦੇ ਨਾਲ ਦਿੱਤੀਆਂ ਜਾ ਰਹੀਆਂ ਤਸਵੀਰਾਂ ਵਿਚਲੇ ਦਾਅਵਿਆਂ ਵਰਗੀਆਂ ਸਨਸਨੀਖੇਜ਼ ਕਹਾਣੀਆਂ ਮੀਡੀਆ ਵਿਚ ਛਾਈਆਂ ਰਹਿੰਦੀਆਂ ਹਨ। ਅਜਿਹਾ ਕੁਝ ਪਿਛਲੇ 40 ਸਾਲ ਤੋਂ ਸਿੱਖ ਸਮਾਜ ਵਿਚ ਲਗਾਤਾਰ ਵਾਪਰ ਰਿਹਾ ਹੈ। ਇੱਕ ਪਾਸੇ ਸਾਡੇ ਉਹ ਵਿਦਵਾਨ ਤੇ ਪ੍ਰਚਾਰਕ ਹਨ, ਜਿਨ੍ਹਾਂ ਦਾ ਸਾਰਾ ਦਾਰੋ-ਮਦਾਰ ਜਜ਼ਬਾਤੀ ਤੇ ਝੂਠੀਆਂ ਕਹਾਣੀਆਂ ਨਾਲ ਹੀ ਚੱਲਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਬਹੁ-ਗਿਣਤੀ ਸਮਾਜ ਅਜਿਹਾ ਧੂੰਆਂ-ਧਾਰ ਪ੍ਰਚਾਰ ਹੀ ਪਸੰਦ ਕਰਦਾ ਹੈ। ਨਰਮ ਸੁਰ ਵਿਚ ਕੀਤੀਆਂ ਗੱਲਾਂ ਵੱਲ ਉਹ ਬਹੁਤਾ ਧਿਆਨ ਨਹੀਂ ਦਿੰਦੇ। ਸਾਡੇ ਅਜਿਹੇ 'ਰਹਿਬਰ' ਆਪਣੇ ਭਾਈਚਾਰੇ ਦੀ ਨਬਜ਼ ਬਹੁਤ ਚੰਗੀ ਤਰ੍ਹਾਂ ਪਛਾਣਦੇ ਹਨ। ਦੂਜੇ ਪਾਸੇ ਸਾਡੇ ਉਹ ਰਾਜਸੀ ਲੀਡਰ ਹਨ, ਜਿਨ੍ਹਾਂ ਦੀ ਹਿੰਸਾ ਤੇ ਨਫ਼ਰਤ ਅਧਾਰਿਤ ਰਾਜਨੀਤੀ ਪਿਛਲੇ 40 ਸਾਲ ਤੋਂ ਅਜਿਹੇ ਜਜ਼ਬਾਤੀ ਲੋਕਾਂ ਨੂੰ ਗੁੰਮਰਾਹ ਕਰ ਕੇ ਚੱਲ ਰਹੀ ਹੈ। ਪਿਛਲੇ 40-50 ਸਾਲ ਦੇ ਅਜਿਹੇ ਵਰਤਾਰਿਆਂ ਤੋਂ ਕੀ ਸਾਰੀ ਦੁਨੀਆਂ ਨੂੰ ਸਾਡੀ ਕੌਮ ਦੀ ਮਾਨਸਿਕਤਾ ਦੇ ਪੱਧਰ ਦਾ ਪਤਾ ਨਹੀਂ ਲਗ ਰਿਹਾ ਹੈ? ਸਾਡੇ ਵਿਰੋਧੀਆਂ ਨੂੰ ਸਾਡੀਆਂ ਇਨ੍ਹਾਂ ਕਮਜ਼ੋਰੀਆਂ ਦਾ ਪੂਰਨ ਗਿਆਨ ਹੈ, ਇਸੇ ਕਰਕੇ ਉਨ੍ਹਾਂ ਸਮਿਆਂ ਦੇ ਸਰਕਾਰੀ ਤੰਤਰ ਨੇ ਸਿੱਖਾਂ ਵਿਚਲੇ ਅਜਿਹੇ ਗਰਮ-ਖਿਆਲੀ ਅਤੇ ਖਾੜਕੂ ਧੜਿਆਂ ਨੂੰ ਵਰਤ ਕੇ ਅਜਿਹੇ ਹਾਲਾਤ ਬਣਾਏ, ਜਿਸਦੇ ਨਤੀਜੇ ਵਜੋਂ ਕੌਮ ਨੂੰ 84 ਦੇ ਘੱਲੂਘਾਰਿਆਂ ਵਿਚੋਂ ਲੰਘਣਾ ਪਿਆ। ਹੁਣ ਸਵਾਲ ਇਹ ਹੈ ਕਿ ਕੀ ਅਸੀਂ ਕਦੇ ਇਹ ਸੋਚਣ ਲੱਗਾਂਗੇ ਕਿ ਜੂਨ 84 ਵਰਗੀ ਭਿਆਨਕ ਤਬਾਹੀ ਵਾਲ਼ੀ ਘਟਨਾ ਕਿਉਂ ਵਾਪਰੀ? ਸਾਨੂੰ ਪਿਛਲੇ 40 ਸਾਲ ਤੋਂ ਹਰ ਸਾਲ ਨਵੇਂ-ਨਵੇਂ ਸਨਸਨੀਖੇਜ਼ ਖੁਲਾਸਿਆਂ ਨਾਲ ਇਹ ਤਾਂ ਦੱਸਿਆ ਜਾਂਦਾ ਹੈ ਕਿ ਜੂਨ 1 ਤੋਂ 6 ਤੱਕ ਕੀ ਤੇ ਕਿਵੇਂ ਵਾਪਰਿਆ? ਪਰ ਅਜੇ ਤੱਕ ਕਿਸੇ ਵਿਦਵਾਨ, ਲੀਡਰ, ਪ੍ਰਚਾਰਕ, ਖਾੜਕੂ ਧਿਰ ਨੇ ਇਹ ਨਹੀਂ ਦੱਸਿਆ ਕਿ ਇਹ ਕਿਉਂ ਵਾਪਰਿਆ? ਕਿਤੇ ਇਹ ਧਿਰਾਂ ਦੱਸਣ ਤੋਂ ਇਸ ਕਰਕੇ ਇਨਕਾਰੀ ਤਾਂ ਨਹੀਂ ਕਿ ਸਾਡਾ 40 ਤੋਂ ਸਿਰਜਿਆ ਸਾਰਾ ਬਿਰਤਾਂਤ ਹੀ ਪੁੱਠਾ ਨਾ ਪੈ ਜਾਵੇ?

ਕੈਨੇਡਾ-ਅਮਰੀਕਾ ਵਿਚ ਸਾਡੇ ਦੇਖਦਿਆਂ ਪਿਛਲੇ 25-30 ਸਾਲਾਂ ਵਿਚ ਅਜਿਹੇ ਹਜ਼ਾਰਾਂ ਕੇਸ ਹੋਏ ਹਨ (ਕੈਨੇਡਾ-ਅਮਰੀਕਾ ਦੇ ਸਰਕਾਰੀ ਅੰਕੜਿਆਂ ਅਨੁਸਾਰ ਹਰ ਸਾਲ ਔਸਤਨ ਇੱਕ ਹਜ਼ਾਰ ਤੋਂ ਪੰਦਰਾਂ ਸੌ ਵਿਅਕਤੀ, ਪਬਲਿਕ ਵਿਚ ਕਿਸੇ ਵਾਰਦਾਤ ਮੌਕੇ ਪੁਲਿਸ ਸਾਹਮਣੇ ਹਥਿਆਰ ਨਾ ਸੁੱਟਣ ਕਰਕੇ ਪੁਲਿਸ ਗੋਲ਼ੀ ਦਾ ਸ਼ਿਕਾਰ ਹੁੰਦੇ ਹਨ), ਜਦੋਂ ਕਥਿਤ ਅਪਰਾਧੀ ਦੇ ਹੱਥ ਵਿਚ ਸਿਰਫ ਚਾਕੂ, ਬੇਸਬਾਲ, ਖਿਡਾਉਣਾ ਗੰਨ ਸੀ (ਅਸਲੀ ਗੰਨ ਜਾਂ ਪਿਸਤੌਲ ਵੀ ਨਹੀਂ ਸੀ) ਤਾਂ ਇੱਕ ਪੁਲਿਸ ਵਾਲ਼ਾ ਤਿੰਨ ਵਾਰ ਕਹਿੰਦਾ ਹੈ ਕਿ 'ਡਰੌਪ ਦਾ ਵੈਪਨ', ਜੇ ਤੀਜੀ ਵਾਰ ਕਹਿਣ ਤੋਂ ਬਾਅਦ ਵੀ ਹਥਿਆਰ ਸੁੱਟ ਕੇ, ਹੱਥ ਪਿੱਛੇ ਕਰਕੇ, ਹਮਲਾਵਰ ਵਿਅਕਤੀ ਜ਼ਮੀਨ 'ਤੇ ਲੰਮਾ ਨਾ ਪਵੇ ਤਾਂ ਦੂਜਾ ਪੁਲਿਸ ਵਾਲਾ ਸਿੱਧਾ ਮੱਥੇ ਵਿਚ ਗੋਲੀ ਮਾਰਦਾ ਹੈ ਅਤੇ ਬੰਦਾ ਥਾਂਹੇ ਢੇਰ ਹੋ ਜਾਂਦਾ ਹੈ। ਕੀ 1982-84 ਤੱਕ ਹਰਿਮੰਦਰ ਸਾਹਿਬ ਅੰਦਰ ਚੱਲ ਰਹੇ ਧਰਮ ਯੁੱਧ ਮੋਰਚੇ ਦੌਰਾਨ ਪੰਜਾਬ ਅੰਦਰ ਸੈਂਕੜੇ ਬੰਦੇ ਕਤਲ ਨਹੀਂ ਹੋਏ, ਬੈਂਕਾਂ ਵਿਚ ਡਾਕੇ ਨਹੀਂ ਮਾਰੇ ਗਏ, ਫਿਰੌਤੀਆਂ ਨਹੀਂ ਲਈਆਂ ਗਈਆਂ, ਘੱਟੋ-ਘੱਟ ਦਰਜਨ ਤੋਂ ਵੱਧ ਬੰਦੇ ਕੰਪਲੈਕਸ ਦੇ ਅੰਦਰ ਕਤਲ ਨਹੀਂ ਹੋਏ। ਕੀ ਅਕਾਲ ਤਖਤ ਦੇ 80 ਸਾਲਾ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਦਾ 10 ਮਈ, 1984 ਨੂੰ ਇਸ ਕਰਕੇ ਕਤਲ ਨਹੀਂ ਕੀਤਾ ਗਿਆ ਸੀ ਕਿ ਉਸਨੇ ਪ੍ਰੈਸ ਵਿਚ ਦਰਬਾਰ ਸਾਹਿਬ ਕੰਪਲੈਕਸ ਵਿਚ ਹਥਿਆਰਾਂ ਦੇ ਪ੍ਰਦਰਸ਼ਨ ਅਤੇ ਮੋਰਚਾਬੰਦੀ 'ਤੇ ਮਾਮੂਲੀ ਜਿਹਾ ਕਿੰਤੂ-ਪ੍ਰੰਤੂ ਕਰ ਦਿੱਤਾ ਸੀ। ਜਦੋਂ ਕਿ ਉਸ ਵਕਤ ਅਕਾਲ ਤਖਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਨੇ ਡਰਦਿਆਂ ਡਰਦਿਆਂ ਦੱਬਵੀਂ ਜਿਹੀ ਆਵਾਜ਼ ਵਿਚ ਪਰਿਕਰਮਾ ਅੰਦਰ






ਹਥਿਆਰ ਲੈ ਕੇ ਚੱਲਣ ਦੀ ਵਿਰੋਧਤਾ ਕਰਨ ਦੀ 'ਹਿੰਮਤ' ਕੀਤੀ ਸੀ ਤਾਂ ਉਸਦੀ ਪਿੱਠ 'ਤੇ ਕੋਈ ਲੀਡਰਸ਼ਿਪ ਨਹੀਂ ਆਈ ਸੀ, ਫਿਰ ਕਿਵੇਂ ਉਸਨੂੰ ਆਪਣੇ ਬਿਆਨ ਤੋਂ ਪਿਛਾਂਹ ਹਟਣਾ ਪੈ ਗਿਆ ਸੀ। ਉਸਨੂੰ ਜੂਨ, 84 ਤੋਂ ਪਿੱਛੋਂ ਇਸਦੇ ਕਿਸ ਕਿਸਮ ਦੇ ਸਿੱਟੇ ਭੁਗਤਣੇ ਪਏ ਸਨ, ਸਭ ਨੂੰ ਪਤਾ ਹੀ ਹੈ। ਕੀ ਉਸ ਵਕਤ ਪਵਿੱਤਰ ਦਰਬਾਰ ਸਾਹਿਬ ਕੰਪਲੈਕਸ ਦੇ ਕਸਟੋਡੀਅਨ ਹੋਣ ਦੇ ਨਾਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਪ੍ਰਕਾਸ਼ ਸਿੰਘ ਬਾਦਲ ਜਾਂ ਜਥੇਦਾਰ ਤਲਵੰਡੀ ਆਦਿ ਨੂੰ ਇਖਲਾਕੀ ਦਲੇਰੀ ਨਾਲ ਭੜਕੇ ਹੋਏ ਨੌਜਵਾਨਾਂ ਨੂੰ ਢੁਕਵੀਂ ਸੇਧ ਦੇਣ ਲਈ ਅੱਗੇ ਨਹੀਂ ਆਉਣਾ ਚਾਹੀਦਾ ਸੀ? ਕੀ ਅਕਾਲੀ ਲੀਡਰਸ਼ਿਪ ਨੂੰ ਦਿਸ ਨਹੀਂ ਸੀ ਰਿਹਾ ਕਿ ਹਾਲਾਤ ਕਿੱਧਰ ਨੂੰ ਜਾ ਰਹੇ ਸਨ? ਜੇ ਹਾਲਾਤ ਅਕਾਲੀ ਲੀਡਰਸ਼ਿਪ ਦੇ ਵੱਸੋਂ ਬਾਹਰ ਹੋ ਗਏ ਸਨ ਤਾਂ ਕੀ ਉਨ੍ਹਾਂ ਨੂੰ ਮੋਰਚਾ ਕੁਝ ਸਮੇਂ ਲਈ ਮੁਲਤਵੀ ਨਹੀਂ ਕਰ ਲੈਣਾ ਚਾਹੀਦਾ ਸੀ ਤਾਂ ਕਿ ਭਵਿੱਖ ਵਿਚ ਹੋਏ ਨੁਕਸਾਨ ਤੋਂ ਬਚਿਆ ਜਾ ਸਕਦਾ?

ਕੀ ਅਮਰੀਕਾ, ਕੈਨੇਡਾ, ਇੰਗਲੈਂਡ ਜਾਂ ਕਿਸੇ ਹੋਰ ਲੋਕਤੰਤਰੀ ਜਾਂ ਗੈਰ ਲੋਕਤੰਤਰੀ ਦੇਸ਼ ਦੀ ਕੋਈ ਸਰਕਾਰ ਕਿਸੇ ਧਾਰਮਿਕ ਅਸਥਾਨ ਨੂੰ ਢਾਲ ਬਣਾ ਕੇ ਨਾਗਰਿਕਾਂ ਦੇ ਹੋ ਰਹੇ ਕਤਲਾਂ ਨੂੰ ਬਰਦਾਸ਼ਤ ਕਰ ਸਕਦੀ ਹੈ? ਕੀ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਨਹੀਂ ਪਤਾ ਕਿ ਕਿਵੇਂ ਗੁਰਦੁਆਰਿਆਂ ਦੀ ਮਾਮੂਲੀ ਜਿਹੀ ਲੜਾਈ ਹੋਣ 'ਤੇ ਪੁਲਿਸ ਦਗੜ-ਦਗੜ ਕਰਦੀ, ਗੰਦੇ ਬੂਟਾਂ ਸਮੇਤ, ਹਥਿਆਰਾਂ ਨਾਲ ਲੈਸ ਹੋ ਕੇ ਅਤੇ ਨੰਗੇ ਸਿਰ ਗੁਰਦੁਆਰਿਆਂ ਵਿਚ ਦਾਖਿਲ ਹੋ ਜਾਂਦੀ ਹੈ? ਕੀ ਸਾਡੇ ਲੀਡਰਾਂ ਨੇ ਵਿਦੇਸ਼ਾਂ ਵਿਚ ਇਹ ਮਸਲਾ ਕਦੇ ਉਠਾਇਆ ਕਿ ਗੁਰਦੁਆਰਿਆਂ ਵਿਚ ਪੁਲਿਸ ਨਹੀਂ ਵੜ ਸਕਦੀ? ਫਿਰ ਅਸੀਂ ਕਿਸ ਅਧਾਰ 'ਤੇ ਸਿਰਫ ਭਾਰਤ ਵਿਚ ਇਹ ਚਾਹੁੰਦੇ ਹਾਂ ਕਿ ਕੁਝ ਵਿਅਕਤੀ ਸਾਡੇ ਮੁੱਖ ਧਾਰਮਿਕ ਅਸਥਾਨ ਵਿਚ ਹਥਿਆਰਾਂ ਦੇ ਜਖੀਰੇ ਜਮ੍ਹਾਂ ਕਰਦੇ ਰਹਿੰਦੇ, ਇਸ ਤਰ੍ਹਾਂ ਮੋਰਚਾਬੰਦੀ ਕਰ ਲੈਂਦੇ ਜਿਵੇਂ ਕਿਤੇ ਦੂਜੇ ਦੇਸ਼ ਨਾਲ ਜੰਗ ਲੜਨੀ ਹੋਵੇ, ਅੰਦਰ-ਬਾਹਰ ਸ਼ਰੇਆਮ ਕਤਲ ਹੋਈ ਜਾਂਦੇ 'ਤੇ ਸਰਕਾਰ ਮੂਕ ਦਰਸ਼ਕ ਬਣ ਕੇ ਦੇਖਦੀ ਰਹਿੰਦੀ? ਕੀ ਸਾਨੂੰ ਉਹ ਇਤਿਹਾਸਕ ਘਟਨਾ ਯਾਦ ਨਹੀਂ, ਜਦੋਂ ਅਕਤੂਬਰ, 1979 ਵਿਚ 600 ਦੇ ਕਰੀਬ ਇਸਲਾਮਿਕ ਜਿਹਾਦੀਆਂ ਵਲੋਂ ਮੁਸਲਿਮ ਜਗਤ ਦੇ ਸਭ ਤੋਂ ਪਵਿੱਤਰ ਅਸਥਾਨ ਮੱਕੇ 'ਤੇ ਇਹ ਕਹਿ ਕੇ ਕਬਜ਼ਾ ਕਰ ਲਿਆ ਸੀ ਕਿ ਸਾਊਦੀ ਅਰਬ ਦੀ ਸਰਕਾਰ ਕੁਰਪਟ ਹੈ ਅਤੇ ਅਸੀਂ ਇਸ ਅਸਥਾਨ ਨੂੰ ਮੁਹੰਮਦ ਸਾਹਿਬ ਦੀ ਅਸਲੀ ਵਿਚਾਰਧਾਰਾ ਅਨੁਸਾਰ ਚਲਾਵਾਂਗੇ। ਉਨ੍ਹਾਂ ਨੇ ਹਜ਼ਾਰਾਂ ਸ਼ਰਧਾਲੂਆਂ ਨੂੰ ਮੱਕੇ ਦੀ ਮੁੱਖ ਮਸਜਿਦ ਅੰਦਰ ਬੰਦੀ ਬਣਾ ਲਿਆ ਸੀ। ਉਸ ਵਕਤ ਸਾਊਦੀ ਅਰਬ ਦੀ ਮੁਸਲਿਮ ਸਰਕਾਰ ਲਈ ਕਾਰਵਾਈ ਕਰਨ ਵਾਸਤੇ ਧਰਮ ਸੰਕਟ ਖੜਾ ਹੋ ਗਿਆ ਸੀ ਕਿਉਂਕਿ ਮੁਸਲਿਮ ਰਵਾਇਤ ਅਨੁਸਾਰ ਮੱਕੇ ਦੀ ਪਵਿੱਤਰ ਮਸਜਿਦ, ਜਿੱਥੇ ਕੋਈ ਗੈਰ-ਮੁਸਲਿਮ ਦਾਖਿਲ ਨਹੀਂ ਹੋ ਸਕਦਾ, ਉਥੇ ਖੂਨ ਦਾ ਛਿੱਟਾ ਵੀ ਡਿਗਣਾ ਪਾਪ ਹੈ। ਉਸ ਵਕਤ ਸਾਊਦੀ ਸਰਕਾਰ ਨੇ ਮੱਕੇ ਦੇ ਮੁੱਖ ਧਾਰਮਿਕ ਆਗੂ ਸ਼ੇਖ ਅਬਦੁਲ-ਅਜੀਜ਼ ਇਬਨ ਬਾਜ਼ ਇਮਾਮ ਤੋਂ ਫਤਵਾ ਜਾਰੀ ਕਰਵਾਇਆ ਸੀ ਕਿ ਫਰਾਂਸ ਦੇ ਸਪੈਸ਼ਲ ਕਮਾਂਡੋ ਮੰਗਵਾ ਕੇ ਅੱਤਵਾਦੀਆਂ ਨੂੰ ਬਾਹਰ ਕੱਢਿਆ ਜਾਵੇ, ਉਸ ਲਈ ਬੇਸ਼ਕ ਮੱਕੇ ਅੰਦਰ ਖੂਨ ਵੀ ਡੋਲਣਾ ਪੈ ਜਾਵੇ। ਇਸ ਕਾਰਵਾਈ ਵਿਚ 800 ਦੇ ਕਰੀਬ ਲੋਕ ਮਾਰੇ ਗਏ ਸਨ। ਤਕਰੀਬਨ ਸਾਰੇ ਜਿਹਾਦੀ ਮਾਰ ਦਿੱਤੇ ਗਏ ਸਨ, ਜਿਹੜੇ ਫੜੇ ਗਏ ਸਨ, ਉਨ੍ਹਾਂ ਨੂੰ ਬਾਅਦ ਵਿਚ ਫਾਂਸੀ ਦਿੱਤੀ ਗਈ ਸੀ। ਇਹ ਸਾਰੀ ਕਾਰਵਾਈ ਮੁਸਲਮਾਨਾਂ ਖ਼ਿਲਾਫ, ਮੁਸਲਮਾਨ ਸਰਕਾਰਾਂ ਨੇ ਕੀਤੀ ਸੀ ਤਾਂ ਕਿ ਪਵਿੱਤਰ ਧਰਮ ਅਸਥਾਨ ਵਿਚੋਂ ਅਜਿਹੇ ਲੋਕਾਂ ਨੂੰ ਬਾਹਰ ਕੱਢਿਆ ਜਾਵੇ। ਇਸੇ ਤਰ੍ਹਾਂ ਦੀ ਇੱਕ ਹੋਰ ਕਾਰਵਾਈ ਪਾਕਿਸਤਾਨ ਵਿਚ ਰਾਸ਼ਟਰਪਤੀ ਮੁਸ਼ੱਰਫ ਵਲੋਂ ਕੀਤੀ ਸੀ, ਜਦੋਂ ਇਸਲਾਮਾਬਾਦ ਦੀ ਇੱਕ ਮਸ਼ਹੂਰ 'ਲਾਲ ਮਸਜਿਦ' ਅਤੇ 'ਜਾਮੀਆ ਹਫਸਾ ਮਦਰੱਸੇ' 'ਤੇ ਇਸਲਾਮਕਿ ਅੱਤਵਾਦੀਆਂ ਨੇ ਕੱਟੜਵਾਦੀ ਲੀਡਰ ਮੁਹੰਮਦ ਅਬਦੁੱਲਾ ਗਾਜ਼ੀ ਦੇ ਦੋ ਪੁੱਤਰਾਂ ਅਬਦੁੱਲ ਅਜੀਜ਼ ਅਤੇ ਅਬਦੁੱਲ ਰਾਸ਼ੀਦ ਦੀ ਅਗਵਾਈ ਵਿਚ ਕਬਜ਼ਾ ਕਰਕੇ ਅੰਦਰੋਂ ਅੱਤਵਾਦੀ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਸਨ। ਸਰਕਾਰ ਵਲੋਂ ਕਾਫੀ ਸਮਾਂ ਉਨ੍ਹਾਂ ਨੂੰ ਕਿਹਾ ਜਾਂਦਾ ਰਿਹਾ ਕਿ ਉਹ ਬਾਹਰ ਨਿਕਲ ਜਾਣ, ਫਿਰ ਅਖੀਰ ਜੁਲਾਈ, 2007 ਵਿਚ ਫੌਜੀ ਕਾਰਵਾਈ ਹੋਈ, ਜਿਸ ਵਿਚ 91 ਜਿਹਾਦੀ ਅਤੇ 11 ਫੌਜੀ ਮਾਰੇ ਗਏ। ਇਸ ਤਰ੍ਹਾਂ ਦੀਆਂ ਦੁਨੀਆਂ ਵਿਚ ਹੋਰ ਵੀ ਅਨੇਕਾਂ ਘਟਨਾਵਾਂ ਇਤਿਹਾਸ ਵਿਚ ਮਿਲਦੀਆਂ ਹਨ, ਜਦੋਂ ਹਥਿਆਰਬੰਦ ਲੋਕ ਧਾਰਮਿਕ ਜਾਂ ਪਬਲਿਕ ਅਸਥਾਨਾਂ ਤੋਂ ਆਪਣੀਆਂ ਖਾੜਕੂ ਕਾਰਵਾਈਆਂ ਚਲਾਉਣ ਲਗਦੇ ਹਨ ਤਾਂ ਸਰਕਾਰਾਂ ਉਨ੍ਹਾਂ ਨੂੰ ਖਦੇੜਨ ਲਈ ਅਜਿਹੀਆਂ ਹੀ ਫੌਜੀ ਕਾਰਵਾਈਆਂ ਕਰਦੀਆਂ ਹਨ। ਪਰ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਨੇ ਇਸ ਕਿਸਮ ਦਾ ਸਾਹਸ ਨਾ ਦਿਖਾ ਕੇ, ਕੀ ਆਪਣੇ ਭਾਈਚਾਰੇ ਨੂੰ ਕਿਸੇ ਅੰਨ੍ਹੀ ਗੁਫਾ ਵਿਚ ਨਹੀਂ ਧੱਕ ਦਿੱਤਾ?

ਇੱਥੇ ਇਹ ਸਾਰਾ ਕੁਝ ਦੱਸਣ ਤੋਂ ਭਾਵ ਉਸ ਸਮੇਂ ਦੀ ਹਾਕਮ ਮੈਡਮ ਇੰਦਰਾ ਗਾਂਧੀ ਦੀ ਮੁਜਰਮਾਨਾ ਤੇ ਨਿੰਦਣਯੋਗ ਕਾਰਵਾਈ ਨੂੰ ਜਾਇਜ਼ ਠਹਿਰਾਉਣਾ ਨਹੀਂ ਹੈ। ਇਸ ਵਿਚ ਕੋਈ ਸ਼ੱਕ ਹੀ ਨਹੀਂ ਹੈ ਕਿ ਅਜਿਹੀ ਵੱਡੀ ਕਾਰਵਾਈ ਕਰਨ ਤੋਂ ਪਹਿਲਾਂ ਹੋਰ ਢੰਗ ਤਰੀਕੇ ਵੀ ਸੋਚੇ ਜਾ ਸਕਦੇ ਸਨ। ਪਰ ਕੀ ਇਸ ਗੱਲ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਅੰਦਰ ਬੈਠੇ ਗਰਮ ਖਿਆਲੀ ਧੜਿਆਂ ਤੇ ਖਾੜਕੂ ਗਰੁੱਪਾਂ ਵਲੋਂ ਲਗਾਤਾਰ ਭੜਕਾਊ ਕਾਰਵਾਈਆਂ ਕਰਕੇ ਅਜਿਹੀ ਸਖਤ ਕਾਰਵਾਈ ਲਈ ਜਾਣੇ-ਅਣਜਾਣੇ ਬਹਾਨਾ ਹੀ ਤਾਂ ਨਹੀਂ ਦਿੱਤਾ ਜਾ ਰਿਹਾ ਸੀ? ਜਿਸ ਤਰ੍ਹਾਂ ਸਿੱਖ ਵਿਦਵਾਨ ਸ. ਅਜਮੇਰ ਸਿੰਘ ਆਪਣੇ ਅਨੇਕਾਂ ਵੀਡੀਓ ਪ੍ਰਵਚਨਾਂ ਵਿਚ ਕਹਿੰਦੇ ਆ ਰਹੇ ਹਨ ਕਿ ਸੰਤਾਂ ਨੇ ਗੁਰੂ ਨਾਨਕ ਨਿਵਾਸ ਤੋਂ ਸ੍ਰੀ ਅਕਾਲ ਤਖਤ ਜਾਣ ਮੌਕੇ ਹੀ ਇਹ ਤੈਅ ਕਰ ਲਿਆ ਸੀ ਕਿ ਗੁਲਾਮੀ ਵਿਚ ਘੂਕ ਸੁੱਤੀ ਪਈ ਕੌਮ ਨੂੰ ਜਗਾਉਣ ਲਈ ਅਕਾਲ ਤਖਤ ਤੋਂ ਵਧੀਆ ਹੋਰ ਕੋਈ ਜਗ੍ਹਾ ਨਹੀਂ, ਜਿੱਥੇ ਸ਼ਹੀਦੀ ਪਾਈ ਜਾ ਸਕੇ। ਉਹ ਅੱਗੇ ਦੱਸਦੇ ਹਨ ਕਿ ਬਹੁਤ ਲੋਕ ਕਹਿੰਦੇ ਹਨ ਕਿ ਸੰਤ ਜੀ ਨੇ ਜੇ ਸ਼ਹੀਦੀ ਹੀ ਪਾਉਣੀ ਸੀ ਤਾਂ ਬਾਹਰ ਫੌਜ ਨਾਲ ਲੜ ਕੇ ਸ਼ਹੀਦੀ ਪਾ ਲੈਂਦੇ?

ਪਰ ਅਜਮੇਰ ਸਿੰਘ ਅਨੁਸਾਰ ਸ਼ਹੀਦੀ ਤਾਂ ਮਹਿਤੇ ਚੌਂਕ ਵੀ ਪਾਈ ਜਾ ਸਕਦੀ ਸੀ, ਪਰ ਅਕਾਲ ਤਖਤ ਸਾਹਿਬ 'ਤੇ ਸ਼ਹੀਦੀ ਪਾਉਣ ਨਾਲ ਹੀ ਸੰਤ ਜਰਨੈਲ਼ ਸਿੰਘ ਭਿੰਡਰਾਂਵਾਲ਼ੇ ਦਾ ਨਾਮ ਸ਼ਹੀਦ ਬਾਬਾ ਦੀਪ ਸਿੰਘ ਬਰਾਬਰ ਬਣਨਾ ਸੀ ਅਤੇ ਅਕਾਲ ਤਖਤ ਢੱਠਣ ਨਾਲ ਹੀ ਕੌਮ ਨੇ ਜਾਗਣਾ ਸੀ। ਜੇ ਅਜਮੇਰ ਸਿੰਘ ਦੀਆਂ ਇਹ ਗੱਲਾਂ ਸੱਚ ਹਨ ਤਾਂ ਕੀ ਸੰਤ ਭਿੰਡਰਾਂਵਾਲ਼ਿਆਂ ਨੇ ਜਾਣ-ਬੁੱਝ ਕੇ ਅਜਿਹੇ ਹਾਲਾਤ ਬਣਾਏ ਤਾਂ ਕਿ ਫੌਜ ਹਰਮਿੰਦਰ ਸਾਹਿਬ ਅਤੇ ਅਕਾਲ ਤਖਤ 'ਤੇ ਹਮਲਾ ਕਰੇ ਅਤੇ ਉਹ ਸ਼ਹੀਦੀਆਂ ਪਾਉਣ? ਫਿਰ ਕੀ ਸਾਨੂੰ ਇਹ ਕਹਿਣ ਦਾ ਕੋਈ ਨੈਤਿਕ ਹੱਕ ਹੈ ਕਿ ਸਰਕਾਰ ਨੇ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਾਉਣ ਲਈ ਫੌਜੀ ਹਮਲਾ ਕੀਤਾ ਸੀ? ਜਿਵੇਂ ਕਿ ਸਾਲ 2003 ਵਿਚ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ: ਇੱਕ ਗੁਲਾਮੀ ਤੋਂ ਦੂਜੀ ਗੁਲਾਮੀ ਤੱਕ' ਸਿਰਲੇਖ ਹੇਠ ਛਪੀ ਕਿਤਾਬ ਤੋਂ ਬਾਅਦ ਅਜਮੇਰ ਸਿੰਘ ਪਿਛ਼ਲੇ 20-22 ਵਰ੍ਹਿਆਂ ਤੋਂ ਲਗਾਤਾਰ ਸਿੱਖ ਨੌਜਵਾਨਾਂ ਨੂੰ ਭੜਕਾਉਣ ਲਈ 'ਸਿੱਖ ਭਾਰਤ ਵਿਚ ਗੁਲਾਮ ਹਨ' ਦੀ ਮੁਹਾਰਨੀ ਪੜ੍ਹੀ ਜਾ ਰਹੇ ਹਨ। ਜੇ ਅਜਮੇਰ ਸਿੰਘ ਹੋਰਾਂ ਦੀ ਗੱਲ ਮੰਨ ਲਈਏ ਕਿ ਸਿੱਖ ਭਾਰਤ ਵਿਚ ਗੁਲਾਮ ਹਨ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਨਵੀਂ ਦਿਲੀ, ਮੁੰਬਈ, ਕਲਕੱਤਾ, ਕਾਨ੍ਹਪਰ, ਰਾਜਸਥਾਨ, ਯੂਪੀ ਦੇ ਤੈਰਾਈ ਖਿੱਤੇ ਵਿਚ ਬੜੇ ਰੋਹਬ-ਦਾਬ ਨਾਲ ਰਹਿ ਰਹੇ ਵੱਡੇ-ਵੱਡੇ ਲੈਂਡਲੌਰਡ ਸਿੱਖਾਂ ਨੂੰ ਕੀ ਕਹੋਗੇ? ਜੇ ਸਿੱਖ ਭਾਰਤ ਵਿਚ ਗੁਲਾਮ ਹਨ ਤਾਂ ਫਿਰ ਭਾਰਤ ਵਿਚ ਗਰੀਬੀ ਰੇਖਾ ਤੋਂ ਹੇਠਾਂ ਮੁਢਲੀਆਂ ਮਨੁੱਖੀ ਲੋੜਾਂ ਤੋਂ ਵਿਰਵੇ ਕਰੋੜਾਂ ਦਲਿਤਾਂ, ਆਦਿ-ਵਾਸੀਆਂ ਅਤੇ ਗਰੀਬਾਂ ਨੂੰ ਕੀ ਕਹੋਗੇ, ਜਿਨ੍ਹਾਂ ਰੋਟੀ, ਕੱਪੜਾ, ਮਕਾਨ ਵਰਗੀਆਂ ਵੀ ਸਹੂਲਤਾਂ ਨਹੀਂ ਹਨ। ਜੇ ਸਿੱਖ ਪੰਜਾਬ ਵਿਚ ਗੁਲਾਮ ਹਨ ਤਾਂ ਯੂਪੀ ਬਿਹਾਰ ਦੇ ਉਨ੍ਹਾਂ ਲੱਖਾਂ ਹਿੰਦੂ ਪ੍ਰਵਾਸੀ ਮਜ਼ਦੂਰਾਂ (ਭਈਆਂ) ਨੂੰ ਕੀ ਕਹੋਗੇ, ਜੋ ਦੋ ਵਕਤ ਦੀ ਰੋਟੀ ਲਈ ਸਿੱਖ ਸਰਦਾਰਾਂ ਦੇ ਖੇਤਾਂ ਵਿਚ ਮਜ਼ਦੂਰੀ ਕਰਦੇ ਹਨ ਅਤੇ ਉਨ੍ਹਾਂ ਦੀਆਂ ਔਰਤਾਂ ਤੇ ਨਾਬਾਲਗ ਬੱਚੇ, ਘਰਾਂ ਵਿਚ ਸਾਫ-ਸਫਾਈ ਆਦਿ ਦੇ ਛੋਟੇ-ਮੋਟੇ ਕੰਮ ਕਰਦੇ ਹਨ?

ਪਰ ਲਗਦੈ, ਜਿਵੇਂ ਸਾਡੀਆਂ ਨਰਮ ਅਤੇ ਗਰਮ ਖਿਆਲੀ ਧਿਰਾਂ ਨੇ ਪਿਛਲੀਆਂ ਗਲਤੀਆਂ ਤੋਂ ਸਬਕ ਨਾ ਸਿੱਖਣ ਦੀ ਕਸਮ ਹੀ ਖਾਧੀ ਹੋਈ ਹੈ। ਚਾਹੀਦਾ ਤਾਂ ਇਹ ਸੀ ਕਿ ਜੂਨ, 84 ਦੀ 40ਵੀਂ ਬਰਸੀ ਮੌਕੇ ਸਾਰੀਆਂ ਧਿਰਾਂ ਸਿਰ ਜੋੜ ਕੇ ਬੈਠਦੀਆਂ ਤੇ ਗੰਭੀਰ ਚਿੰਤਨ ਕਰਦੀਆਂ ਕਿ ਸਾਡੀ ਕੌਮ ਨਾਲ ਜੂਨ, 84 ਜਾਂ ਨਵੰਬਰ, 84 ਵਰਗੇ ਕੁਲਹਿਣੇ ਭਾਣੇ ਕਿਉਂ ਵਾਪਰੇ? ਸਾਡੇ ਵਿਦਵਾਨ ਰਲ-ਮਿਲ ਕੇ ਵਿਚਾਰਾਂ ਕਰਦੇ ਕਿ 1947 ਤੋਂ ਬਾਅਦ ਕੌਮ ਵਲੋਂ ਲਗਾਏ ਗਏ, ਅਨੇਕਾਂ ਮੋਰਚਿਆਂ-ਸੰਘਰਸ਼ਾਂ ਵਿਚ ਬੇਹੱਦ ਕੁਰਬਾਨੀਆਂ ਕਰਨ ਤੋਂ ਬਾਅਦ ਵੀ ਅਸੀਂ ਕੋਈ ਮਾਣਯੋਗ ਪ੍ਰਾਪਤੀ ਕਿਉਂ ਨਹੀਂ ਕਰ ਸਕੇ? ਅਸੀਂ ਪਿਛਲੇ 75 ਸਾਲ ਤੋਂ ਇਹ ਦਾਅਵਾ ਲਗਾਤਾਰ ਦੁਹਰਾਉਂਦੇ ਆ ਰਹੇ ਹਾਂ ਕਿ ਸਿੱਖਾਂ ਨੇ ਭਾਰਤ ਨੂੰ ਅਜ਼ਾਦ ਕਰਾਉਣ ਲਈ 80% ਤੋਂ ਵੱਧ ਕੁਰਬਾਨੀਆਂ ਕੀਤੀਆਂ, ਫਿਰ ਵੀ ਸਿੱਖਾਂ ਨੂੰ ਇਨਸਾਫ ਨਹੀਂ ਮਿਲ ਰਿਹਾ। ਪਰ ਸਾਡੀ

**(ਬਾਕੀ ਅਗਲੇ ਸਫੇ 'ਤੇ)**

# ਸਾਕਾ ਨੀਲਾ ਤਾਰਾ

*(ਪਿਛਲੇ ਸਫੇ ਦੀ ਬਾਕੀ)*

ਲੀਡਰਸ਼ਿਪ ਨੇ ਆਪਣਾ ਕਦੇ ਰੀਵੀਊ ਨਹੀਂ ਕੀਤਾ ਕਿ ਕਿਤੇ ਇਸ ਸਾਰੇ ਵਰਤਾਰੇ ਵਿਚ ਮਾੜਾ-ਮੋਟਾ ਦੋਸ਼ ਸਾਡੇ ਵਿਚ ਵੀ 'ਤੇ ਨਹੀਂ? ਹੁਣ ਇਸਦੀ ਤਾਜ਼ਾ ਮਿਸਾਲ ਇਥੋਂ ਮਿਲਦੀ ਹੈ ਕਿ ਸਾਡੇ ਤਖਤਾਂ ਦੇ ਪੰਜ ਸਿੰਘ ਸਹਿਬਾਨਾਂ ਵਲੋਂ 18 ਮਈ, 2024 ਨੂੰ 'ਸਿੱਖ ਕੌਮ ਦੇ ਨਾਮ ਇੱਕ ਸੰਦੇਸ਼' ਜਾਰੀ ਕੀਤਾ ਹੈ। ਜਿਸ ਵਿਚ ਕੌਮ ਨੂੰ ਬੈਠ ਕੇ ਆਪਣੀਆਂ ਸਮੱਸਿਆਵਾਂ 'ਤੇ ਵਿਚਾਰ ਕਰਨ ਜਾਂ ਜੂਨ, 84 ਵਰਗੇ ਵੱਡੇ ਦੁਖਦਾਈ ਕਾਂਡਾਂ ਦਾ ਰਿਵੀਊ, ਕਰਨ ਦੀ ਅਪੀਲ ਦੀ ਥਾਂ ਇਹ ਕਿਹਾ ਗਿਆ ਹੈ ਕਿ ਇੱਕ ਹਫਤਾ ਕਾਲ਼ੀਆਂ ਪੱਗਾਂ ਬੰਨ੍ਹੋ, ਕਾਲੀਆਂ ਚੁੰਨ੍ਹੀਆਂ ਲਵੋ ਤਾਂ ਕਿ ਦੁਨੀਆਂ ਨੂੰ ਦੱਸਿਆ ਜਾ ਸਕੇ ਕਿ ਸ਼ਾਂਤਮਈ ਕੀਰਤਨ ਸੁਣ ਰਹੀਆਂ ਸੰਗਤਾਂ 'ਤੇ ਭਾਰਤੀ ਫੌਜਾਂ ਨੇ ਟੈਂਕਾਂ-ਤੋਪਾਂ ਨਾਲ ਹਮਲਾ ਕਰਕੇ ਹਜਾਰਾਂ ਬੇਗੁਨਾਹ ਸਿੱਖ ਕਤਲ ਕਰ ਦਿੱਤੇ। ਅਜਿਹੀਆਂ ਸਟੇਟਮੈਂਟਾਂ ਸਾਡੀ ਧਾਰਮਿਕ ਤੇ ਰਾਜਸੀ ਲੀਡਰਸ਼ਿਪ ਪਿਛਲੇ 40 ਸਾਲ ਤੋਂ ਦੇ ਰਹੀ ਹੈ, ਕੀ ਉਸਦਾ ਕੌਮ ਨੂੰ ਕੋਈ ਲਾਭ ਹੋਇਆ ਜਾਂ ਹੋਰ ਨੁਕਸਾਨ ਹੋਇਆ, ਕੀ ਇਸ ਬਾਰੇ ਕਦੇ ਅਸੀਂ ਗੰਭੀਰ ਹੋਵਾਂਗੇ? ਬੜੀ ਹੈਰਾਨੀ ਹੋ ਰਹੀ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦੇ 'ਤੇ ਗੰਭੀਰ ਚਰਚਾ ਕਰਕੇ ਕੌਮ ਨੂੰ ਭਵਿੱਖ ਲਈ ਕੋਈ ਪ੍ਰੋਗਰਾਮ ਦੇਣ ਦੀ ਥਾਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਹੋਰ ਪੰਥਕ ਦਲ, ਭਾਰਤ ਵਿਚ ਚੱਲ ਰਹੀਆਂ ਪਾਰਲੀਮਾਨੀ ਵੋਟਾਂ ਵਿਚ ਇਸ ਦੁਖਾਦਾਈ ਘਟਨਾ ਤੋਂ ਸਿਆਸੀ ਲਾਹਾ ਲੈਣ ਲਈ ਵਰਤ ਰਹੇ ਹਨ।

ਕੀ ਅਜਿਹੀ ਬਲੇਮ ਗੇਮ ਅਸੀਂ ਅਨੰਤ ਕਾਲ ਤੱਕ ਖੇਡੀ ਜਾਣੀ ਹੈ? ਕੀ ਅਸੀਂ ਕਦੇ ਆਪਣੀ ਨੌਜਵਾਨ ਪੀੜ੍ਹੀ ਅੱਗੇ 21ਵੀਂ ਸਦੀ ਦੀਆਂ ਗੁੰਝਲਦਾਰ ਚੁਣੌਤੀਆਂ ਦਾ ਸਾਹਮਣਾ ਕਰਨ ਬਾਰੇ ਕੋਈ ਪ੍ਰੋਗਰਾਮ ਪੇਸ਼ ਕਰਾਂਗੇ? ਅਸੀਂ ਕਦੋਂ ਇਨ੍ਹਾਂ ਧਿਰਾਂ ਨੂੰ ਸਵਾਲ ਕਰਾਂਗੇ ਕਿ ਅਕਾਲੀਆਂ ਦੇ 'ਸ਼ਾਂਤਮਈ ਧਰਮ ਯੁੱਧ ਮੋਰਚੇ' ਵਿਚ ਹਿੰਸਾ ਤੇ ਕਤਲੋ-ਗਾਰਤ ਕਿਸਦੇ ਇਸ਼ਾਰੇ 'ਤੇ ਵਾੜੀ ਗਈ? ਜਦੋਂ ਹਰਿਮੰਦਰ ਸਾਹਿਬ ਨੂੰ ਚਾਰੇ ਪਾਸਿਆਂ ਤੋਂ ਸਰਕਾਰੀ ਫੋਰਸਾਂ ਨੇ ਘੇਰਾ ਪਾਇਆ ਹੋਇਆ ਸੀ ਤਾਂ ਕੰਪਲੈਕਸ ਅੰਦਰ ਕਿਸਦੀ ਮੱਦਦ ਨਾਲ ਮਿਲਟਰੀ ਦੀਆਂ ਤੋਪਾਂ ਉਡਾਉਣ ਵਾਲ਼ੇ ਮਾਰੂ ਹਥਿਆਰ ਪਹੁੰਚੇ? ਸ਼ਾਂਤਮਈ ਮੋਰਚੇ ਵਿਚ ਅਜਿਹੇ ਮੋਰਚੇ ਕਿਉਂ ਬਣਾਏ ਗਏ, ਜਿਵੇਂ ਕਿ ਕਿਸੇ ਦੇਸ਼ ਦੀ ਫੌਜ ਨਾਲ ਜੰਗ ਲੜਨੀ ਹੋਵੇ? ਜੇ ਮੋਰਚੇ ਬਣਾਉਣ ਅਤੇ ਹਥਿਆਰ ਜਮ੍ਹਾਂ ਕਰਨ ਵਾਲ਼ਿਆਂ ਨੂੰ ਪਹਿਲਾਂ ਹੀ ਪਤਾ ਸੀ ਕਿ ਭਾਰਤੀ ਫੌਜ ਹਮਲਾ ਕਰੇਗੀ ਤਾਂ ਫਿਰ ਇਹ ਗੱਲ ਆਮ ਸੰਗਤ ਨੂੰ ਕਿਉਂ ਨਹੀ ਦੱਸੀ ਗਈ ਤਾਂ ਕਿ ਉਹ ਆਪਣੀਆਂ ਜਾਨਾਂ ਬਚਾ ਸਕਦੇ? ਜੇ ਅੰਦਰ ਬੈਠੇ ਖਾੜਕੂਆਂ ਨੂੰ ਪਤਾ ਸੀ ਕਿ ਭਾਰਤੀ ਫੌਜ ਹਮਲਾ ਕਰੇਗੀ ਤਾਂ ਉਹ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਬਚਾਉਣ ਲਈ ਬਾਹਰ ਕਿਉਂ ਨਹੀਂ ਚਲੇ ਗਏ ਤਾਂ ਕਿ ਉਥੇ ਹੋਈ ਤਬਾਹੀ ਬਚ ਜਾਂਦੀ? ਕੀ ਉਹ ਭਾਰਤੀ ਫੌਜ ਨੂੰ ਬਾਹਰ ਜਾ ਕੇ ਚੈਲਿੰਜ ਨਹੀਂ ਕਰ ਸਕਦੇ ਸਨ ਤਾਂ ਕਿ ਆਪਣੀ ਬਹਾਦਰੀ ਦਿਖਾ ਸਕਦੇ। ਜੇ ਦਰਬਾਰ ਸਾਹਿਬ ਅੰਦਰ ਬੈਠੇ ਕਈ ਪ੍ਰਮੁੱਖ ਖਾੜਕੂ 1 ਤੋਂ 3 ਜੂਨ ਤੱਕ ਆਪਣੇ ਪਰਿਵਾਰਾਂ ਨੂੰ ਬਾਹਰ ਕੱਢ ਸਕਦੇ ਸਨ ਤਾਂ ਇਸ ਮੌਕੇ ਆਮ ਸ਼ਰਧਾਲੂਆਂ ਨੂੰ ਬਾਹਰ ਜਾਣ ਲਈ ਸਲਾਹ ਕਿਉਂ ਨਾ ਦਿੱਤੀ ਗਈ?

ਪ੍ਰੋ. ਹਰਿੰਦਰ ਸਿੰਘ ਮਹਿਬੂਬ, 'ਭਾਅ ਜੀ' ਦਲਬੀਰ ਸਿੰਘ ਪੱਤਰਕਾਰ, ਸਿ. ਗੁਰਤੇਜ ਸਿੰਘ, ਡਾ. ਸੁਖਦਰਸ਼ਨ ਸਿੰਘ ਢਿੱਲੋਂ, ਪੱਤਰਕਾਰ ਕਰਮਜੀਤ ਸਿੰਘ ਅਤੇ ਖਾਸਕਰ ਸ. ਅਜਮੇਰ ਸਿੰਘ ਵਰਗੇ ਕਿਤਨੇ ਹੀ ਹੋਰ ਅਹਿਮ ਸਿੱਖ ਚਿੰਤਕ ਅਜਿਹਾ ਰਾਗ ਲਗਾਤਾਰ ਅਲਾਪੀ ਜਾ ਰਹੇ ਹਨ ਕਿ ਬ੍ਰਾਹਮਣਵਾਦੀ ਸਰਕਾਰ ਨੇ ਫੌਜ ਭੇਜ ਕੇ ਸਿੱਖ ਕੌਮ ਨਾਲ ਪੰਜ ਸਦੀਆਂ ਦਾ ਵੈਰ ਪੁਗਾਇਆ ਸੀ? ਆਪਣੀ 1 ਜੂਨ, 2024 ਨੂੰ ਜਾਰੀ ਤਾਜ਼ਾ ਵੀਡੀਓ ਵਿਚ ਅਜਮੇਰ ਸਿੰਘ ਜੀ ਨੇ ਜੂਨ, 84 ਦੀ ਘਟਨਾ ਨੂੰ 18ਵੀਂ ਸਦੀ ਵਿਚ ਮੁਗਲਾਂ ਜਾਂ ਪਠਾਣਾਂ ਵਲੋਂ ਹਰਿਮੰਦਰ ਸਾਹਿਬ 'ਤੇ ਕੀਤੇ ਹਮਲਿਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਪਤਾ ਨਹੀਂ ਸਾਡੇ ਇਹ ਮਹਾਨ ਇਤਿਹਾਸਕਾਰ ਕਿਵੇਂ 'ਕਹਾਂ ਕੀ ਈਟ, ਕਹਾਂ ਕਾ ਰੋੜਾ, ਭਾਨਮਤੀ ਨੇ ਕੁਨਬਾ ਜੋੜਾ' ਦੀ ਕਹਾਵਤ ਵਾਂਗ ਐਧਰ-ਓਧਰ ਦੀਆਂ ਇਤਿਹਾਸਕ ਘਟਨਾਵਾਂ ਨੂੰ ਚੁੱਕ ਕੇ ਕਿਵੇਂ 2 ਜਮ੍ਹਾਂ 2 ਚਾਰ ਕਰ ਲੈਂਦੇ ਹਨ? 18ਵੀਂ ਸਦੀ ਦੇ ਵਿਦੇਸ਼ੀ ਧਾੜਵੀਆਂ ਮੱਸਾ ਰੰਗੜ, ਜ਼ਕਰੀਆ ਖਾਨ, ਮੀਰ ਮਨੂੰ, ਅਬਦਾਲੀ ਆਦਿ ਨੂੰ 20ਵੀਂ ਸਦੀ ਦੇ ਲੋਕਤੰਤਰੀ ਸਿਸਟਮ ਨਾਲ ਜੋੜਨ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਸਾਡੇ ਵਿਦਵਾਨਾਂ ਦੀ ਸੋਚ ਕਿੱਥੇ ਖੜੀ ਹੈ? ਸਵਾਲ ਪੈਦਾ ਹੁੰਦਾ ਹੈ ਕਿ ਕੀ 18ਵੀਂ ਸਦੀ ਦੇ ਮੁਗਲ ਜਾਂ ਪਠਾਣ ਹਮਲਾਵਰ ਹਰਿਮੰਦਰ ਸਾਹਿਬ 'ਤੇ ਹਮਲੇ ਇਸ ਕਰਕੇ ਕਰਦੇ ਸਨ ਕਿ ਉਥੇ ਖਾਲਸਾ ਫੌਜਾਂ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਕਿਲ੍ਹੇ ਲਏ ਸਨ ਤੇ ਉਥੇ ਸਿੱਖ ਯੋਧੇ ਛੁਪੇ ਹੋਏ ਸਨ ਜਾਂ ਇਸ ਕਰਕੇ ਕਰਦੇ ਸਨ ਕਿ ਉਨ੍ਹਾਂ ਨੂੰ ਲਗਦਾ ਸੀ ਕਿ ਖਾਲਸਾ ਫੌਜਾਂ ਨੂੰ ਲੜਨ ਲਈ ਸਪਿਰਟ ਹਰਿਮੰਦਰ ਸਾਹਿਬ ਤੋਂ ਮਿਲਦੀ ਹੈ? ਪਤਾ ਨਹੀਂ ਕਿਸ ਅਧਾਰ 'ਤੇ ਅਜਮੇਰ ਸਿੰਘ ਵਰਗੇ ਸੂਝਵਾਨ ਚਿੰਤਕ ਇਤਿਹਾਸਕ ਘਟਨਾਵਾਂ ਦਾ ਜੋੜ ਘਟਾਓ ਕਰਦੇ ਹਨ? ਜਦੋਂ ਵੀ 18ਵੀਂ ਸਦੀ ਵਿਚ ਖਾਲਸਾ ਫੌਜਾਂ ਨੇ ਅਬਦਾਲੀ ਜਾਂ ਹੋਰ ਧਾੜਵੀਆਂ ਨਾਲ ਲੜਾਈ ਕੀਤੀ ਤਾਂ ਖਾਲਸਾ ਫੌਜਾਂ ਬਾਹਰੋਂ ਉਨ੍ਹਾਂ ਨਾਲ ਲੜਨ ਆਉਂਦੇ ਸਨ, ਨਾ ਕਿ ਅੰਦਰ ਬੈਠ ਕੇ ਲੜਦੇ ਸਨ। ਕੀ ਜੂਨ, 84 ਵਿਚ ਸਭ ਕੁਝ ਇਸ ਤੋਂ ਉਲਟ ਨਹੀਂ ਸੀ? ਮੱਸੇ ਰੰਗੜ ਨੇ ਦਰਬਾਰ ਸਾਹਿਬ 'ਤੇ ਕਬਜਾ ਕਰਕੇ ਕੰਜਰੀਆਂ ਦੇ ਨਾਚ ਕਰਾਉਣੇ ਸ਼ੁਰੂ ਕਰ ਦਿੱਤੇ ਸਨ ਤਾਂ ਸੁੱਖਾ ਸਿੰਘ, ਮਹਿਤਾਬ ਸਿੰਘ ਉਸਦਾ ਕਬਜਾ ਛੁਡਾਉਣ ਲਈ ਬੀਕਾਨੇਰ ਦੇ ਜੰਗਲਾਂ 'ਚੋਂ ਆਏ ਸਨ। ਬੇਸ਼ੱਕ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੀਆਂ ਸਾਰੀਆਂ ਲੜਾਈਆਂ ਆਤਮ ਰੱਖਿਆ ਲਈ ਲੜੀਆਂ ਅਤੇ ਆਪ ਕਿਸੇ 'ਤੇ ਹਮਲਾ ਨਹੀਂ ਕੀਤਾ ਸੀ, ਪਰ ਫਿਰ ਵੀ ਕੀ ਕਦੇ ਗੁਰੂ ਸਾਹਿਬਾਨ ਨੇ ਕਦੇ ਹਰਿਮੰਦਰ ਸਾਹਿਬ, ਅਕਾਲ ਤਖਤ ਸਾਹਿਬ ਜਾਂ ਕਿਸੇ ਹੋਰ ਧਾਰਮਿਕ ਅਸਥਾਨ ਨੂੰ ਆਪਣੀ ਰੱਖਿਆ ਲਈ ਢਾਲ ਵਜੋਂ ਵਰਤਿਆ? ਜੇ 18ਵੀਂ ਸਦੀ ਵਿਚ ਸਿੱਖ ਮਿਸਲਾਂ ਦੇ ਦੌਰ ਵਿਚ ਸ. ਜੱਸਾ ਸਿੰਘ ਆਹਲੂਵਾਲੀਆ, ਸ. ਜੱਸਾ ਸਿੰਘ ਰਾਮਗੜੀਆ, ਨਵਾਬ ਕਪੂਰ ਸਿੰਘ ਆਦਿ ਸਿੱਖ ਸਰਦਾਰਾਂ ਨੇ ਹਰਿਮੰਦਰ ਸਾਹਿਬ ਦੇ ਦੁਆਲ਼ੇ ਕਿਲੇ ਬਣਾ ਕੇ ਮੋਰਚਾਬੰਦੀ ਕੀਤੀ, ਤਾਂ ਉਹ ਇਸਨੂੰ ਆਪਣੇ ਬਚਾਅ ਲਈ ਢਾਲ ਵਜੋਂ ਵਰਤਣ ਲਈ ਨਹੀਂ, ਸਗੋਂ ਇਸਦੀ ਰੱਖਿਆ ਲਈ ਬਣਾਏ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਕੱਚੀ ਗੜ੍ਹੀ ਵਿਚ ਤਾਂ ਪਨਾਹ ਜ਼ਰੂਰ ਲਈ, ਪਰ ਕਿਸੇ ਧਾਰਮਿਕ ਅਸਥਾਨ ਨੂੰ ਆਪਣੀ ਸੁਰੱਖਿਆ ਲਈ ਨਹੀਂ ਵਰਤਿਆ। ਸ. ਅਜਮੇਰ ਸਿੰਘ ਸਾਕਾ ਨੀਲਾ ਤਾਰਾ ਦੀ 40ਵੀਂ ਬਰਸੀ ਤੋਂ ਇੱਕ ਦਿਨ ਪਹਿਲਾਂ 31 ਮਈ, 2024 ਨੂੰ 'ਜੂਨ 84 ਨੂੰ ਹੋਇਆ ਹਮਲਾ, ਪਹਿਲਿਆਂ ਨਾਲੋਂ ਕਿਵੇਂ ਵੱਖਰਾ ਸੀ' ਸਿਰਲੇਖ ਹੇਠਲੀ ਵੀਡੀਓ ਵਿਚ ਸਿੱਖਾਂ ਨੂੰ ਮੇਹਣਾ ਮਾਰਦੇ ਹਨ ਕਿ 18ਵੀਂ ਸਦੀ ਵਿਚ ਸਿੱਖ, ਹਮਲਾਵਰਾਂ ਖਿਲਾਫ ਇੱਕਜੁੱਟ ਹੋ ਕੇ ਲੜਦੇ ਸਨ, ਪਰ 1984 ਦੇ ਹਮਲੇ ਵੇਲੇ ਬਹੁ-ਗਿਣਤੀ ਸਿੱਖ, ਉਸ ਢੰਗ ਨਾਲ ਭਾਰਤੀ ਫੌਜ ਵਿਰੁੱਧ ਨਹੀਂ ਉਠੇ, ਜਿਸ ਤਰ੍ਹਾਂ ਅਬਦਾਲੀ ਵਿਰੁੱਧ ਉਠਦੇ ਸਨ ਕਿਉਂਕਿ ਸਿੱਖ 1849 ਤੋਂ ਹੀ ਗੁਲਾਮ ਮਾਨਸਿਕਤਾ ਦਾ ਸ਼ਿਕਾਰ ਚਲੇ ਆਉਂਦੇ ਸਨ। ਪਰ 1947 ਤੋਂ ਬਾਅਦ ਬਹੁ-ਗਿਣਤੀ ਸਿੱਖਾਂ ਨੇ ਭਾਰਤ ਦੀ ਹਿੰਦੂਵਾਦੀ ਸਰਕਾਰ ਦੀ ਸਰੀਰਕ ਤੇ ਮਾਨਸਿਕ ਗੁਲਾਮੀ ਪੂਰੀ ਤਰ੍ਹਾਂ ਕਬੂਲ ਲਈ ਸੀ ਅਤੇ ਅਜਿਹੇ ਗੁਲਾਮ ਸਿੱਖਾਂ ਦੀ ਗਿਣਤੀ ਪਿਛਲੇ 40 ਸਾਲਾਂ ਵਿਚ ਵਧੀ ਹੈ, ਘਟੀ ਨਹੀਂ? ਕੀ ਭਾਈ ਅਜਮੇਰ ਸਿੰਘ ਹੋਰਾਂ ਨੂੰ ਬਹੁ-ਗਿਣਤੀ ਸਿੱਖਾਂ ਨੂੰ ਗੁਲਾਮ ਕਹਿਣ ਤੋਂ ਪਹਿਲਾਂ ਇਹ ਨਹੀਂ ਸੋਚਣਾ ਚਾਹੀਦਾ ਕਿ ਕਿਤੇ ਕੋਈ ਕਮੀ ਉਨ੍ਹਾਂ ਦੀ ਧਿਰ ਵਿਚ 'ਤੇ ਨਹੀਂ? ਜਿਸਨੇ 18ਵੀਂ ਸਦੀ ਦੇ ਜੰਗੀ ਫੈਸਲਿਆਂ ਦੇ ਵੀ ਉਲਟ, ਆਮ ਹਾਲਾਤਾਂ ਵਿਚ ਹੀ ਅਕਾਲ ਤਖਤ ਨੂੰ ਆਪਣੇ ਬਚਾਅ ਲਈ ਢਾਲ ਬਣਾ ਲਿਆ ਸੀ ਅਤੇ ਅੰਦਰੋਂ ਅਜਿਹੀਆਂ ਕਾਰਵਾਈਆਂ ਸ਼ੁਰੂ ਕਰ ਦਿੱਤੀਆ ਸਨ, ਜਿਨ੍ਹਾਂ ਨੂੰ ਬਹੁ-ਗਿਣਤੀ ਸਿੱਖ ਪਸੰਦ ਨਹੀਂ ਕਰਦੇ ਸਨ।

ਬੇਸ਼ਕ ਸਾਡਾ ਮਕਸਦ ਕਿਸੇ ਧਿਰ ਨੂੰ ਦੋਸ਼ੀ ਠਹਿਰਾਉਣਾ ਜਾਂ ਬਰੀ ਕਰਨਾ ਨਹੀਂ, ਇਹ ਫੈਸਲਾ ਤਾਂ ਸਿੱਖ ਕੌਮ ਨੇ ਕਰਨਾ ਹੈ। ਪਰ ਸਾਡਾ ਸਿੱਖ ਵਿਦਵਾਨਾਂ ਨੂੰ ਵਾਰ-ਵਾਰ ਸਵਾਲ ਹੈ ਕਿ ਉਹ ਕੌਮ ਨੂੰ ਦੱਸਣ ਕਿ ਜੇ ਭਾਰਤੀ ਫੌਜ ਨੇ ਹਰਿਮੰਦਰ ਸਾਹਿਬ ਜਾਂ ਅਕਾਲ ਤਖਤ ਨੂੰ ਢਾਹ ਕੇ 5 ਸਦੀਆਂ ਦਾ ਬ੍ਰਾਹਮਣਵਾਦੀ ਵੈਰ ਹੀ ਪੁਗਾਉਣਾ ਸੀ ਤਾਂ ਕੀ ਉਹ ਮਿਲਟਰੀ ਜਹਾਜ ਨਾਲ 2-4 ਮਿਜ਼ਾਈਲਾਂ ਸੁੱਟ ਕੇ ਤਬਾਹ ਨਹੀਂ ਕਰ ਸਕਦੇ ਸਨ? ਫਿਰ ਉਨ੍ਹਾਂ ਨੂੰ ਤੁਹਾਡੇ ਕਹਿਣ ਮੁਤਾਬਿਕ 10 ਹਜਾਰ ਫੌਜੀ ਮਰਵਾਉਣ ਦੀ ਕੀ ਲੋੜ ਸੀ? ਇਸ ਸਬੰਧੀ ਸਾਬਕਾ ਰਾਅ ਅਫਸਰ ਜੀ ਬੀ ਐਸ ਸਿੱਧੂ ਆਪਣੀ ਕਿਤਾਬ 'ਖਾਲਿਸਤਾਨ ਦੀ ਸਾਜ਼ਿਸ਼' ਦੇ ਚੈਪਟਰ 'ਹੈਲੀਬੋਰਨ ਕਮਾਂਡੋ ਓਪਰੇਸ਼ਨ ਦੀ ਯੋਜਨਾ ਨੂੰ ਨਾ-ਮਨਜ਼ੂਰੀ' ਵਿਚ ਲਿਖਦੇ ਹਨ ਕਿ ਵੱਖ-ਵੱਖ ਸੁਰੱਖਿਆ ਏਜੰਸੀਆਂ ਨੇ ਪੰਜਾਬ ਵਿਚ ਵਧਦੀ ਹਿੰਸਾ ਦੇ ਮੱਦੇ-ਨਜ਼ਰ ਸਰਕਾਰ ਨੂੰ ਨਵੰਬਰ, 1983 ਵਿਚ ਸਲਾਹ ਦਿੱਤੀ ਸੀ ਕਿ ਦਰਬਾਰ ਸਾਹਿਬ ਅੰਦਰ ਪੁਲਿਸ ਜਾਂ ਫੌਜ ਭੇਜਣ ਦੀ ਥਾਂ ਸੰਤ ਭਿੰਡਰਾਂਵਾਲ਼ਿਆਂ ਨੂੰ ਛੱਤ ਉਪਰ ਲੈਕਚਰ ਕਰਦਿਆਂ 'ਹੈਲੀਬੋਰਨ ਕਮਾਂਡੋ' ਆਪਣੇ 'ਓਪਰੇਸ਼ਨ ਸੰਨਡਾਊਨ' (ਭਾਵ ਝਪਟਣਾ ਅਤੇ ਫੜਨਾ) ਰਾਹੀਂ ਚੁੱਕ ਲਿਆਉਣਗੇ ਤਾਂ ਮੈਡਮ ਇੰਦਰਾ ਨੇ ਮਨਜ਼ੂਰੀ ਨਹੀਂ ਦਿੱਤੀ ਸੀ। ਜੇ ਜੀ ਬੀ ਸਿੱਧੂ ਦੀ ਇਸੇ ਕਿਤਾਬ ਦੇ ਪੰਨਾ 149 ਤੋਂ 152 ਦੇ ਚੈਪਟਰ 'ਇੰਦਰਾ ਗਾਂਧੀ ਨੂੰ ਜਾਣਕਾਰੀ ਦੇਣਾ' ਅਨੁਸਾਰ ਜਦੋਂ ਅਪਰੈਲ, 1984 ਵਿਚ ਇੱਕ ਵਾਰ ਫਿਰ ਰਾਅ ਦੇ ਚੀਫ ਆਰ ਐਨ ਕਾਓ ਤੇ ਸੀਨੀਅਰ ਅਫਸਰਾਂ ਨਾਲ 'ਹੈਲੀਬੋਰਨ ਕਮਾਂਡੋ ਓਪਰੇਸ਼ਨ' ਬਾਰੇ ਦੁਬਾਰਾ ਗੱਲ ਹੋਈ ਤਾਂ ਮੈਡਮ ਗਾਂਧੀ ਨੂੰ ਇਹ ਦੱਸਣ 'ਤੇ ਕਿ ਇਸ ਓਪਰੇਸ਼ਨ ਵਿਚ 20 ਕਮਾਂਡੋ ਅਤੇ ਜਿੱਥੋਂ ਕਾਰਵਾਈ ਕਰਕੇ ਸੰਤ ਭਿੰਡਰਾਂਵਾਲ਼ਿਆਂ ਨੂੰ ਚੁੱਕਿਆ ਜਾਣਾ ਸੀ, ਉਥੇ ਬੈਠੀ ਸੰਗਤ ਵਿਚੋਂ 20 ਕੁ ਪ੍ਰਤੀਸ਼ਤ ਲੋਕ ਵੀ ਮਾਰੇ ਜਾ ਸਕਦੇ ਹਨ ਤਾਂ ਉਸਨੇ ਇਹ ਕਹਿ ਓਪਰੇਸ਼ਨ ਰੱਦ ਕਰ ਦਿੱਤਾ ਕਿ ਇਤਨੀ ਸੰਗਤ ਦੇ ਮਰਨ ਦੀ ਇਜਾਜ਼ਤ ਨਹੀਂ ਦੇ ਸਕਦੀ। ਜੇ ਜੀ ਬੀ ਸਿੱਧੂ ਦੀ ਸਾਰੀ ਵਾਰਤਾ ਸਹੀ ਹੈ ਤਾਂ ਇਸਦਾ ਮਤਲਬ ਇਹੀ ਬਣਦਾ ਹੈ ਕਿ ਸਰਕਾਰ ਅਤੇ ਏਜੰਸੀਆਂ ਅਪਰੈਲ, 1984 ਤੱਕ ਫੌਜੀ ਹਮਲਾ ਕਰਨਾ ਤਾਂ ਦੂਰ, ਛੋਟਾ ਜਿਹਾ ਓਪਰੇਸ਼ਨ ਕਰਨ ਤੋਂ ਵੀ ਝਿਜਕਦੀਆਂ ਸਨ। ਇਸੇ ਕਿਤਾਬ ਦੇ ਪੰਨਾ 177 ਤੋਂ 179 ਦੇ ਚੈਪਟਰ 'ਨਜ਼ਰ-ਅੰਦਾਜ਼ ਕੀਤਾ ਗਿਆ ਐਸ ਓ ਪੀ (ਸਟੈਂਡਰਡ ਓਪਰੇਟਿੰਗ ਪਰਸੀਜਰ)' ਅਨੁਸਾਰ ਸਪੈਸ਼ਲ ਫਰੰਟੀਅਰ ਫੋਰਸ ਦੇ ਡਾਇਰੈਕਟਰ ਜਨਰਲ ਸਕਿਉਰਿਟੀ ਰਾਮ ਟੇਕ ਚੰਦ ਨਿਗਰਾਨੀ ਨੇ ਜੂਨ, 1984 ਦੇ 'ਸਾਕਾ ਨੀਲਾ ਤਾਰਾ' ਦੀ ਕਾਰਵਾਈ ਦੌਰਾਨ ਉਨ੍ਹਾਂ ਨੇ ਜਨਰਲ ਬਰਾੜ ਨੂੰ ਸਲਾਹ ਦਿੱਤੀ ਸੀ ਕਿ ਅਕਾਲ ਤਖਤ ਦੇ ਪਿਛਲੇ ਪਾਸਿਉਂ ਕੰਧ ਕੋ਼ਲ




***ਜਸਬੀਰ ਮੰਡ ਦੇ ਨਾਵਲ 'ਬੋਲ ਮਰਦਾਨਿਆ' ਦਾ ਸਰਵਰਕ।***

ਧਮਾਕਾ ਕਰਕੇ ਕਮਾਂਡੋਆਂ ਦੇ ਅੰਦਰ ਵੜਨ ਲਈ ਛੋਟਾ ਜਿਹਾ ਮਘੋਰਾ ਕਰਕੇ ਗੈਸ ਛੱਡ ਕੇ ਅੰਦਰਲੇ ਖਾੜਕੂਆਂ ਨੂੰ ਫੜਿਆ ਜਾ ਸਕਦਾ ਹੈ। ਪਰ ਇਹ ਸਕੀਮ ਵੀ ਇਸ ਅਧਾਰ 'ਤੇ ਰੱਦ ਕਰ ਦਿੱਤੀ ਗਈ ਕਿ ਅਕਾਲ ਤਖਤ ਦੀ ਇਮਾਰਤ ਨੂੰ ਕਿਸੇ ਵੀ ਕੀਮਤ 'ਤੇ ਨੁਕਸਾਨ ਨਾ ਪਹੁੰਚਾਣ ਦੀਆਂ ਹਦਾਇਤਾਂ ਹਨ। ਇਸ ਚੈਪਟਰ ਦੀ ਸਾਰੀ ਵਾਰਤਾ ਅਨੁਸਾਰ 5 ਜੂਨ ਦੀ ਅੱਧੀ ਰਾਤ ਤੱਕ ਵੀ ਫੈਸਲਾ ਨਹੀਂ ਹੋਇਆ ਸੀ ਕਿ ਅਕਾਲ ਤਖਤ 'ਤੇ ਟੈਂਕਾਂ ਨਾਲ ਹਮਲਾ ਕੀਤਾ ਜਾਣਾ ਹੈ ਜਾਂ ਨਹੀਂ। ਫੌਜੀ ਜਰਨੈਲਾਂ ਦੀ ਸਿਰੇ ਦੀ ਉਜੱਡ ਯੁੱਧ ਨੀਤੀ ਦੇ ਤਹਿਤ ਅਕਾਲ ਤਖਤ ਅੰਦਰ ਬੈਠੇ ਖਾੜਕੂਆਂ ਨੂੰ ਫੜਨ ਜਾਂ ਮਾਰਨ ਲਈ ਅਕਾਲ ਤਖਤ ਵੱਲ ਸਿੱਧੇ ਮਥਿਓਂ ਕਮਾਂਡੋ ਅੰਦਰ ਦਾਖਿਲ ਕਰਨ ਦੀ ਕੋਸ਼ਿਸ਼ ਦੌਰਾਨ ਅੰਦਰ ਮੋਰਚੇ ਮੱਲੀ ਬੈਠੇ ਸਿੰਘਾਂ ਵਲੋਂ 60-70 ਕਮਾਂਡੋ ਸੈਨਿਕਾਂ ਨੂੰ ਭੁੰਨ ਦਿਤਾ ਗਿਆ ਸੀ। ਜਨਰਲ ਬਰਾੜ ਨੂੰ ਹੱਥਾਂ-ਪੈਰਾਂ ਦੀਆਂ ਪੈ ਗਈਆਂ ਸਨ ਤੇ ਜਨਰਲ ਬਰਾੜ ਦੇ ਬੁਲਾਂ ਤੇ ਸਿਕਰੀ ਜੰਮ ਗਈ ਸੀ। ਉਪਰੋਂ ਦਿੱਲੀ ਵਾਲਿਆਂ ਨੇ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਓਪਰੇਸ਼ਨ ਮੁਕੰਮਲ ਕਰਨ ਦਾ ਹੁਕਮ ਚਾੜ੍ਹਿਆ ਹੋਇਆ ਸੀ। ਕਾਰਨ ਇਹ ਸੀ ਕਿ ਰੋਹ ਵਿਚ ਆਈਆਂ ਸਿੱਖ ਸੰਗਤਾਂ ਦਾ ਦਰਬਾਰ ਸਾਹਿਬ ਵਲ ਮਾਰਚ ਕਰਨ ਕਰਕੇ ਵਡਾ ਖੂਨ-ਖਰਾਬਾ ਹੋਣ ਦਾ ਡਰ ਸੀ। ਇੰਦਰਾ ਗਾਂਧੀ ਓਧਰ ਟੈਂਕ ਭੇਜਣ ਦੀ ਇਜਾਜਤ ਦੇ ਨਹੀਂ ਸੀ ਰਹੀ। ਅਖੀਰ ਤੜਕੇ ਪੰਜ ਵਜੇ ਟੈਂਕ ਚਾੜ੍ਹਨ ਦੀ ਜਰਨੈਲਾਂ ਦੀ ਮੰਗ ਅਗੇ ਇੰਦਰਾ ਨੇ ਹਥਿਆਰ ਸੁਟ ਦਿਤੇ ਸਨ। ਕੀ ਖਾਲਸਾ ਪੰਥ 'ਸਾਕਾ ਨੀਲਾ ਤਾਰਾ' ਬਾਰੇ ਅਜਿਹੀਆਂ ਅੰਦਰੂਨੀ ਸੱਚਾਈਆਂ ਨੂੰ ਜਾਣਨ ਬਾਰੇ ਕਦੇ ਕੋਈ ਕੋਸ਼ਿਸ਼ ਕਰੇਗਾ ਜਾਂ ਸਵਾਰਥੀ ਤੇ ਮੌਕਾਪ੍ਰਸਤ ਲੀਡਰਾਂ ਵਲੋਂ ਸਿਰਜੇ ਗਏ ਇੱਕ ਪਾਸੜ ਬਿਰਤਾਂਤਾਂ ਨਾਲ ਗੁੰਮਰਾਹ ਹੋ ਕੇ ਨੁਕਸਾਨ ਹੀ ਉਠਾਉਂਦਾ ਰਹੇਗਾ?

ਇਸ ਆਰਟੀਕਲ ਨਾਲ ਦਿੱਤੀ ਜਾ ਰਹੀ ਇੱਕ ਤਸਵੀਰ ਅਨੁਸਾਰ ਇੱਕ ਪ੍ਰਚਾਰਕ ਗੁਰਦੁਆਰੇ ਵਿਚ ਕਥਾ ਕਰ ਰਿਹਾ ਹੈ ਕਿ ਸਿੱਖ ਬੀਬੀਆਂ ਨੇ ਆਪਣੇ ਸਰੀਰ ਨਾਲ ਬੰਬ ਬੰਨ੍ਹ ਕੇ ਭਾਰਤੀ ਫੌਜ ਦੇ ਕਈ ਟੈਂਕ 20-20 ਫੁੱਟ ਹਵਾ 'ਚ ਉਡਾ ਦਿੱਤੇ। ਇਸੇ ਤਰ੍ਹਾਂ ਸਾਡੇ ਪ੍ਰਚਾਰਕਾਂ ਵਲੋਂ ਕਿਹਾ ਜਾਂਦਾ ਹੈ ਕਿ ਸਿੰਘਾਂ ਨੇ 800 ਤੋਂ ਵੱਧ ਹਵਾਈ ਜਹਾਜ਼ ਰਾਹੀਂ ਉਤਾਰੇ ਜਾ ਰਹੇ ਸਪੈਸ਼ਲ ਕਮਾਂਡੋ ਹਵਾ ਵਿਚ ਹੀ ਉਡਾ ਦਿੱਤੇ ਅਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜੇ ਪਰਿਕਰਮਾਂ ਵਿਚ ਖਿਲਰ ਗਏ। ਇਸੇ ਤਰ੍ਹਾਂ ਦੇ ਅਨੇਕਾਂ ਵੱਡੇ-ਵੱਡੇ ਦਾਅਵੇ ਪਿਛਲੇ 40 ਸਾਲ ਤੋਂ ਕੀਤੇ ਜਾ ਰਹੇ ਹਨ ਕਿ ਸਿੰਘਾਂ ਨੇ ਦਸ ਹਜ਼ਾਰ ਤੋਂ ਵੱਧ ਫੌਜੀ ਮਾਰ ਮੁਕਾਏ ਸਨ। ਅਜਿਹੇ ਦਾਅਵੇ ਕਰਦੇ ਵਕਤ ਉਨ੍ਹਾਂ ਨੂੰ ਚੇਤਾ ਭੁੱਲ ਜਾਂਦਾ ਹੈ ਕਿ ਇਤਨੇ ਫੌਜੀ ਤਾਂ ਭਾਰਤੀ ਫੌਜ ਦੇ ਭਾਰਤ-ਪਾਕਿਸਤਾਨ ਦੀਆਂ ਤਿੰਨ ਜੰਗਾਂ ਵਿਚ ਨਹੀਂ ਮਰੇ ਸਨ। ਫਿਰ ਇੱਕ ਹੋਰ ਸਵਾਲ ਖੜਾ ਹੋ ਜਾਂਦਾ ਹੈ ਕਿ ਜੇ ਸਾਡੇ ਸਿੰਘਾਂ ਕੋ਼ਲ ਇਤਨੇ ਮਾਰੂ ਹਥਿਆਰ ਸਨ ਕਿ ਉਹ, ਉਸ ਭਾਰਤੀ ਫੌਜ ਦੇ 10 ਹਜ਼ਾਰ ਫੌਜੀ ਮਾਰ ਸਕਦੇ ਸਨ, ਜਿਸਨੇ ਅਜੇ 13 ਸਾਲ ਪਹਿਲਾਂ 1971 ਦੀ ਜੰਗ ਵਿਚ 90 ਹਜ਼ਾਰ ਪਾਕਿਸਤਾਨੀ ਫੌਜ ਤੋਂ ਹਥਿਆਰ ਸੁਟਵਾ ਲਏ ਸਨ ਤਾਂ ਫਿਰ ਸਾਡੇ ਵਲੋਂ ਪੀੜ੍ਹਤ ਬਣਨ ਦੇ ਕੀ ਅਰਥ ਰਹਿ ਜਾਂਦੇ ਹਨ? ਫਿਰ ਸਾਡੇ ਇਸ ਪ੍ਰਚਾਰ ਦੀ ਕੀ ਤੁਕ ਬਣਦੀ ਹੈ ਕਿ ਭਾਰਤ ਸਰਕਾਰ ਨੇ ਗੁਰਪੁਰਬ ਮਨਾ ਰਹੀਆਂ ਨਿਹੱਥੀਆਂ ਸਿੱਖ ਸੰਗਤਾਂ 'ਤੇ ਸਾਜਿਸ਼ ਨਾਲ ਹਮਲਾ ਕਰਕੇ ਪੰਜ ਸਦੀਆਂ ਦਾ ਵੈਰ ਪੁਗਾਇਆ ਸੀ। ਮੈਨੂੰ ਕਦੇ ਸਮਝ ਨਹੀਂ ਆਈ ਕਿ ਗੁਰਦੁਆਰਿਆਂ ਵਿਚ ਸਾਡੇ ਪ੍ਰਚਾਰਕ ਅਜਿਹਾ ਝੂਠਾ ਤੇ ਗੁੰਮਰਾਹਕੁੰਨ ਪ੍ਰਚਾਰ ਕਰਕੇ ਹਾਸਿਲ ਕੀ ਕਰਨਾ ਚਾਹੁੰਦੇ ਹਨ? ਸਾਡੀ ਲੀਡਰਸ਼ਿਪ 40 ਸਾਲ ਬਾਅਦ ਵੀ ਇਹ ਫੈਸਲਾ ਨਹੀਂ ਕਰ ਪਾ ਰਹੀ ਕਿ ਅਸੀਂ ਪੀੜ੍ਹਤ ਧਿਰ ਬਣਨਾ ਹੈ ਜਾਂ ਹਮਲਾਵਰ?

ਪਿਛਲੇ ਸਾਲ ਬਲਜੀਤ ਸਿੰਘ ਖਾਲਸਾ ਵਲੋਂ ਲਿਖੀ ਬਹੁ- ਚਰਚਿਤ ਪੁਸਤਕ 'ਰੌਸ਼ਨ ਦਿਮਾਗ: ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ' ਵਿਚ ਉਸਨੇ ਕਈ ਅਹਿਮ ਖੁਲਾਸੇ ਕੀਤੇ ਹਨ ਕਿ ਫੈਡਰੇਸ਼ਨ ਆਗੂ ਹਰਮਿੰਦਰ ਸਿੰਘ ਸੰਧੂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਿੰਘਾਂ ਦੀ ਇੱਕ ਗੁਪਤ ਖਾੜਕੂ ਜਥੇਬੰਦੀ 'ਦਸ਼ਮੇਸ਼ ਰੈਜਮੈਂਟ' ਬਣਾਈ, ਜਿਸਦੇ ਮਕਸਦ ਬਾਰੇ ਕਿਤਾਬ ਵਿਚ ਇਵੇਂ ਲਿਖਿਆ ਹੈ: 'ਫੈਡਰੇਸ਼ਨ ਦੀ ਅਗਵਾਈ ਵਾਲਾ ਇਹ ਜੁਝਾਰੂ ਵਿੰਗ ਬੰਬ ਧਮਾਕੇ, ਅਤੇ ਹੋਰ ਹਿੰਸਕ ਕਾਰਵਾਈਆਂ ਦੀ ਜਿੰਮੇਵਾਰੀ ਭਾਈ ਸਰਦੂਲ ਸਿੰਘ ਦੇ ਨਕਲੀ ਨਾਮ ਹੇਠ ਲਿਆ ਕਰਨਗੇ' (ਪੰਨਾ: 63)। ਫੈਡਰੇਸ਼ਨ ਦੇ ਇਹ ਸਾਰੇ ਜੁਝਾਰੂ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਅੰਦਰ ਹੀ ਰਹਿੰਦੇ ਸਨ ਅਤੇ ਇੱਥੋਂ ਵਾਰਦਾਤਾਂ ਕਰਕੇ ਵਾਪਿਸ ਉਥੇ ਹੀ ਆ ਜਾਂਦੇ ਸਨ। ਇਸ ਬਾਰੇ ਹੋਰ ਜਾਣਕਾਰੀ ਇਸੇ ਕਿਤਾਬ ਦੇ ਵੱਖ-ਵੱਖ ਪੰਨਿਆਂ 'ਤੇ ਵੱਖ-ਵੱਖ ਸਿਰਲੇਖਾਂ ਹੇਠ ਇਵੇਂ ਦਰਜ ਕੀਤੀ ਗਈ ਹੈ: 'ਕਾਮਰੇਡਾਂ ਦੀ ਸੁਧਾਈ: ਕਾਲਿਜਾਂ ਵਿਚ ਕਾਮਰੇਡ ਜਥੇਬੰਦੀਆਂ ਨਾਲ ਸਬੰਧਤ ਸਿੱਖ ਨੌਜਵਾਨਾਂ 'ਤੇ ਹਮਲੇ ਕਰਨੇ ਤਾਂ ਕਿ ਦਹਿਸ਼ਤ ਨਾਲ ਸਟੂਡੈਂਟ ਆਪਣੀਆਂ ਯੂਨੀਅਨਾਂ ਬੰਦ ਕਰ ਦੇਣ' (ਪੰਨਾ: 29), 'ਹਿੰਸਕ ਪ੍ਰਤੀਕਰਮ: ਸੰਤਾਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਜਲੰਧਰ ਦੇ ਇੱਕ ਬਜ਼ਾਰ ਵਿਚ 4 ਹਿੰਦੂ ਮਾਰਨੇ ਅਤੇ 12 ਜ਼ਖਮੀ ਕਰਨੇ' (ਪੰਨਾ:60), 'ਬੰਬ ਧਮਾਕੇ: 6-10 ਅਕਤੂਬਰ, 1981 ਨੂੰ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ 10 ਬੰਬ ਧਮਾਕੇ ਕੀਤੇ ਗਏ, ਇਸ ਦੌਰਾਨ 2 ਪੁਲਿਸ ਕਰਮਚਾਰੀ, 3 ਨਿਰੰਕਾਰੀ ਤੇ 17 ਹੋਰ ਵਿਅਕਤੀਆਂ ਦੀ ਮੌਤ ਹੋਈ ਅਤੇ 26 ਜ਼ਖਮੀ ਹੋਏ, 4 ਰੇਲਵੇ ਲਾਈਨਾਂ ਤੋੜ ਕੇ ਰੇਲ ਗੱਡੀਆਂ ਉਲਟਾਉਣ ਦੀ ਕੋਸ਼ਿਸ਼ ਕੀਤੀ ਗਈ' (ਪੰਨਾ: 64), '26 ਜਨਵਰੀ ਦੇ ਐਕਸ਼ਨ: 26 ਜਨਵਰੀ, 1983 ਨੂੰ ਪੰਜਾਬ ਵਿਚ ਵੱਖ-ਵੱਖ ਥਾਵਾਂ ਤੇ ਕਈ ਬੰਬ ਧਮਾਕੇ ਕੀਤੇ ਗਏ' (ਪੰਨਾ: 92), 'ਹੋਰ ਐਕਸ਼ਨ: ਜਲੰਧਰ ਦੀ ਦੈਨਿਕ ਪ੍ਰਤਾਪ ਅਖ਼ਬਾਰ ਦੇ ਦਫਤਰ ਵਿਚ ਬੰਬ ਧਮਾਕੇ ਨਾਲ ਦੋ ਹਿੰਦੂ ਮੁਲਾਜ਼ਮ ਮਰੇ' (ਪੰਨਾ: 103), 'ਐਸ ਐਸ ਪੀ ਡੀ ਆਰ ਭੱਟੀ 'ਤੇ ਹਮਲਾ' (ਪੰਨਾ: 109), 'ਬੁੱਚੜ ਥਾਣੇਦਾਰ ਬਿਛੂ ਰਾਮ ਦੀ ਸੁਧਾਈ' (ਪੰਨਾ: 136), 'ਦਿੱਲੀ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਦਾ ਕਤਲ: ਫੈਡਰੇਸ਼ਨ ਆਗੂ ਗੁਰਿੰਦਰ ਸਿੰਘ ਭੋਲਾ, ਵਿਰਸਾ ਸਿੰਘ ਵਲਟੋਹਾ ਤੇ ਅਮਰਜੀਤ ਸਿੰਘ ਚਾਵਲਾ ਨੇ ਦਿੱਲੀ ਜਾ ਕੇ ਕਤਲ ਕੀਤਾ' (ਪੰਨਾ: 162), 'ਭਾਜਪਾ ਐਮ ਐਲ ਏ, ਹਰਬੰਸ ਲਾਲ ਖੰਨਾ ਦਾ ਕਤਲ' (ਪੰਨਾ: 164), 'ਕਾਂਗਰਸੀ ਐਮ ਪੀ ਵਿਸ਼ਵ ਨਾਥ ਤਿਵਾੜੀ ਦਾ ਚੰਡੀਗੜ੍ਹ ਕਤਲ: ਇਹ ਕਤਲ ਹਰਮਿੰਦਰ ਸੰਧੂ ਦੇ ਪਿਸਤੌਲ ਨਾਲ ਕੀਤਾ ਗਿਆ' (ਪੰਨਾ: 166), 'ਹਿੰਦ ਸਮਾਚਾਰ ਅਖ਼ਬਾਰ ਦੇ ਸੰਪਾਦਕ ਰਮੇਸ਼ ਚੰਦਰ ਦਾ ਕਤਲ' (ਪੰਨਾ: 183)। ਇਸੇ ਕਿਤਾਬ ਦੇ ਪੰਨਾ 164 ਅਨੁਸਾਰ ਹਰਬੰਸ ਲਾਲ ਖੰਨਾ, ਵਿਸ਼ਵ ਨਾਥ ਤਿਵਾੜੀ, ਐਡੀਟਰ ਰਮੇਸ਼ ਚੰਦਰ ਆਦਿ ਵਰਗੇ ਅਹਿਮ ਰਾਜਸੀ ਕਤਲਾਂ ਨਾਲ ਦੇਸ਼ ਭਰ ਵਿਚ ਕੁਹਰਾਮ ਮਚ ਉਠਿਆ ਸੀ, ਜਿਸ ਤੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬੇਹੱਦ ਪ੍ਰੇਸ਼ਾਨ ਹੋ ਗਈ ਸੀ...।

ਸੰਤ ਭਿੰਡਰਾਂਵਾਲ਼ਿਆਂ ਵਲੋਂ ਗੁਰੂ ਨਾਨਕ ਨਿਵਾਸ ਛੱਡ ਕੇ ਅਕਾਲ ਤਖਤ 'ਤੇ ਆਉਣ ਤੋਂ ਬਾਅਦ ਪੰਜਾਬ ਭਰ ਵਿਚ ਹਿੰਸਕ ਕਾਰਵਾਈਆਂ ਦਾ ਇੱਕ ਜਬਰਦਸਤ ਦੌਰ ਚੱਲ ਪਿਆ ਸੀ, ਜਿਸ ਨਾਲ ਧਰਮ ਯੁੱਧ ਮੋਰਚਾ ਵੀ ਅਕਾਲੀਆਂ ਹੱਥੋਂ ਨਿਕ਼ਲ ਚੁੱਕਾ ਸੀ। ਜਿਹੜੇ ਲੋਕ ਅਜੇ ਵੀ ਉਹੀ ਗੱਲਾਂ ਵਾਰ-ਵਾਰ ਦੁਹਰਾਈ ਜਾ ਰਹੇ ਹਨ ਕਿ ਹਿੰਸਕ ਕਾਰਵਾਈਆਂ ਪਿੱਛੇ ਸਰਕਾਰੀ ਏਜੰਸੀਆਂ ਦਾ ਹੱਥ ਸੀ, ਉਨ੍ਹਾਂ ਨੂੰ 'ਰੌਸ਼ਨ ਦਿਮਾਗ: ਹਰਮਿੰਦਰ ਸਿੰਘ ਸੰਧੂ' ਜਰੂਰ ਵਾਰ-ਵਾਰ ਪੜ੍ਹਨ ਦੀ ਲੋੜ ਹੈ ਕਿ ਜੋ ਹਾਲਾਤ ਪੰਜਾਬ ਵਿਚ ਅਕਤੂਬਰ, 1983 ਦੇ ਢਿਲਵਾਂ ਕਾਂਡ (ਜਿਸ ਵਿਚ ਖਾੜਕੂਆਂ ਸੁਰਿੰਦਰ ਸੋਢੀ, ਜਨਰਲ ਲਾਭ ਸਿੰਘ, ਸੁੱਖਾ ਕੱਕੜਾਂ ਆਦਿ ਨੇ 6 ਹਿੰਦੂ ਇੱਕ ਬੱਸ ਵਿਚੋਂ ਉਤਾਰ ਕੇ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ: ਹਵਾਲਾ ਕਿਤਾਬ: ਰਿਵਰਜ਼ ਆਨ ਫਾਇਰ-ਲੇਖਕ ਜਗਤਾਰ ਸਿੰਘ ਸੀਨੀਅਰ ਪੱਤਰਕਾਰ) ਤੋਂ ਬਾਅਦ ਬਣ ਗਏ ਸਨ, ਉਨ੍ਹਾਂ ਮੁਤਾਬਿਕ ਜੇ ਸਰਕਾਰ ਵਲੋਂ ਕੀਤੀ ਫੌਜੀ ਕਾਰਵਾਈ ਗਲਤ ਸੀ ਤਾਂ ਸਿੱਖ ਕੌਮ ਇਸ 40ਵੀਂ ਬਰਸੀ 'ਤੇ ਸੋਚੇ ਕਿ ਫਿਰ ਕੀ ਕੀਤਾ ਜਾਣਾ ਸੀ ਚਾਹੀਦਾ ਸੀ? ਜ਼ਰਾ ਸੋਚੋ ਕਿ ਜੇ ਸਿੱਖਾਂ ਦਾ ਰਾਜ ਹੋਵੇ ਅਤੇ ਉਸ ਰਾਜ ਵਿਚ ਇਸ ਤਰ੍ਹਾਂ ਦਿਨ-ਦਿਹਾੜੇ ਰੋਜ਼ਾਨਾ ਲਗਾਤਾਰ ਕਤਲ ਹੁੰਦੇ ਹੋਣ ਤਾਂ ਸਾਡੀ ਖਾਲਸਾ ਸਰਕਾਰ ਕੀ ਕਾਰਵਾਈ ਕਰੇਗੀ? ਸ. ਅਜਮੇਰ ਸਿੰਘ ਇੱਕ ਜਗ੍ਹਾ ਕਹਿੰਦੇ ਹਨ ਕਿ ਸਿੱਖਾਂ ਨੇ ਭਾਰਤੀ ਸੰਵਿਧਾਨ ਦੀ ਗੁਲਾਮੀ ਕਬੂਲ ਕਰ ਲਈ ਹੈ, ਕੀ ਬਾਕੀ ਸਾਰੀ ਦੁਨੀਆਂ ਵਿਚ ਵਸਦੇ ਸਿੱਖਾਂ ਨੇ ਵੀ ਉਥੇ ਦੇ ਕਨੂੰਨਾਂ ਦੀ ਗੁਲਾਮੀ ਨਹੀਂ ਕਬੂਲੀ ਹੋਈ? ਕੀ ਖਾਲਿਸਤਾਨ ਵਿਚ ਕੋਈ ਕਾਨੂੰਨ ਜਾਂ ਸੰਵਿਧਾਨ ਨਹੀਂ ਹੋਵੇਗਾ? ਜਿਸ ਦਿਨ ਸਾਡੀ ਕੌਮ ਅਜਿਹੇ ਸਵਾਲਾਂ ਦੇ ਜਵਾਬ ਲੱਭਣ ਵਿਚ ਸਫਲ ਹੋ ਗਈ, ਸਮਝੋ ਸਾਡੇ ਬਹੁਤੇ ਮਸਲੇ ਹੱਲ ਜਾਣਗੇ।

ਇਸ ਵਿਚ ਕੋਈ ਸ਼ੱਕ ਨਹੀਂ, ਪੰਜਾਬੀਆਂ ਅਤੇ ਸਿੱਖਾਂ ਦੀਆਂ ਅਨੇਕਾਂ ਮੰਗਾਂ ਤੇ ਮੁਸ਼ਕਲਾਂ ਹਨ, ਜਿਵੇਂ ਕਿ ਦੁਨੀਆਂ ਦੇ ਹਰੇਕ ਖਿੱਤੇ ਵਿਚ ਵੱਸਦੇ ਲੋਕਾਂ ਦੀਆਂ ਹੁੰਦੀਆਂ ਹਨ, ਪਰ ਪੰਜਾਬ ਦੀ ਵਸੋਂ ਦੇ ਅਜੋਕੇ ਸਮੀਕਰਨਾਂ ਅਨੁਸਾਰ ਪੰਜਾਬ ਵਿਚ ਭਾਰੀ ਗਿਣਤੀ ਵਿਚ ਵੱਸਦੇ ਹਿੰਦੂਆਂ, ਈਸਾਈਆਂ, ਦਲਿਤਾਂ, ਰਾਧਾ ਸਵਾਮੀਆਂ, ਨਾਮਧਾਰੀਆਂ ਅਤੇ ਕਈ ਅਨੇਕਾਂ ਭਾਈਚਾਰਿਆਂ ਦੇ ਲੋਕਾਂ ਨੂੰ ਨਾਲ ਲਏ ਬਿਨਾਂ ਸਿੱਖ ਇਕੱਲੇ ਕਿਵੇਂ ਕੋਈ ਪ੍ਰਾਪਤੀ ਕਰ ਸਕਦੇ ਹਨ? ਸਾਡੀ ਲੀਡਰਸ਼ਿਪ ਵਲੋਂ ਪੰਜਾਬ ਦੇ ਇਕਲੋਤੇ ਵਾਰਿਸ ਬਣਨ ਦੀ ਦੌੜ ਨਾਲ ਲੜੇ ਗਏ ਅਨੇਕਾਂ ਮੋਰਚਿਆਂ, ਸੰਘਰਸ਼ਾਂ ਵਿਚੋਂ ਕੀ ਕੋਈ ਪ੍ਰਾਪਤੀ ਹੋਈ ਹੈ? ਅਸੀਂ ਗੁਰਬਾਣੀ ਦੇ ਬੁਨਿਆਦੀ ਸਿਧਾਂਤ; 'ਸਭੇ ਸਾਝੀਵਾਲ਼ ਸਦਾਇਨ ਤੂੰ ਕਿਸੈ ਨਾ ਦਿਸੈ ਬਾਹਰਾ ਜੀਉ' (ਪੰਨਾ: 97) ਨੂੰ ਤਿਆਗ ਕੇ ਗੁਰਬਾਣੀ ਦੀ ਸਿਰਫ ਸੌੜੀ ਵਿਆਖਿਆ ਨਾਲ ਸਿੱਖਾਂ ਦਾ ਕਿਤਨਾ ਕੁ ਭਲਾ ਕਰ ਸਕਾਂਗੇ? ਗੁਰਬਾਣੀ ਨੂੰ ਇਸਾਈਅਤ, ਇਸਲਾਮ ਜਾਂ ਯਹੂਦੀਆਂ ਵਾਂਗ ਸੰਕੀਰਣ ਧਾਰਮਿਕ ਨਜ਼ਰੀਏ ਤੋਂ ਸਮਝਣ ਦੀ ਥਾਂ ਸਾਨੂੰ ਰੂਹਾਨੀ/ਮਾਨਵਵਾਦੀ ਅਰਥਾਂ ਵਿਚ ਸਮਝਣ ਤੇ ਅਮਲ ਵਿਚ ਉਤਾਰਣ ਦੀ ਲੋੜ ਹੈ।

**ਸਾਕਾ ਨੀਲਾ ਤਾਰਾ ਦੀ 40ਵੀਂ ਬਰਸੀ ਮੌਕੇ ਗੁਰੂ ਸਾਹਿਬ ਦੇ ਸੰਦੇਸ਼ ਨੂੰ ਆਤਮਸਾਤ ਕਰਨ ਲਈ ਜਸਬੀਰ ਮੰਡ ਦਾ ਨਾਵਲ 'ਬੋਲ ਮਰਦਾਨਿਆ' ਅਤੇ ਉਘੇ ਲੇਖਕ ਵਰਿਆਮ ਸੰਧੂ ਦੀ ਕਿਤਾਬ ਪੜ੍ਹਨ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ।**

# ਕਹਾਣੀਆਂ ਰਾਹੀਂ ਪੰਜਾਬੀ ਸਮਾਜ ਦੀਆਂ ਬਾਤਾਂ

ਕਲਾ ਪਰਿਕਰਮਾ


ਪਰਗਟ ਸਿੰਘ ਬਰਾੜ
ਫੋਨ: +91-98037-04201

ਗੁਰਮੀਤ ਕੜਿਆਲਵੀ ਨੇ ਕਹਾਣੀ ਦੀ ਵਿਧਾ ਵਿਚ ਵੱਡੀ ਦੇਣ ਤੋਂ ਇਲਾਵਾ ਨਾਵਲ ਅਤੇ ਵਾਰਤਕ ਲਈ ਵੀ ਕਲਮ ਚਲਾਈ ਹੈ। ਹੁਣ ਤਕ ਉਸ ਦੇ ਪੰਜ ਕਹਾਣੀ ਸੰਗ੍ਰਹਿ 'ਅੱਕ ਦਾ ਬੂਟਾ', 'ਊਣੇ', 'ਆਤੂ ਖੋਜੀ', 'ਢਾਲ਼' ਤੇ 'ਹਾਰੀਂ ਨਾ ਬਚਨਿਆ' ਛਪ ਚੁੱਕੇ ਹਨ। 'ਉਹ ਇੱਕੀ ਦਿਨ' ਨਾਵਲ ਦੇ ਨਾਲ-ਨਾਲ 'ਖ਼ਤਰਨਾਕ ਅੱਤਵਾਦੀ ਦੀ ਜੇਲ੍ਹ ਯਾਤਰਾ', 'ਬੰਦ ਦਰਵਾਜ਼ਾ', 'ਦਹਿਸ਼ਤ ਭਰੇ ਦਿਨਾਂ 'ਚ' ਅਤੇ 'ਨਕਸ਼ ਨੱਕਾਸ਼' ਉਸ ਦੀਆਂ ਵਾਰਤਕ ਪੁਸਤਕਾਂ ਹਨ। ਗੁਰਮੀਤ ਨੇ ਗੁਣਾਤਮਕ ਤੇ ਗਿਣਨਯੋਗ ਬਾਲ ਸਾਹਿਤ ਵੀ ਲਿਖਿਆ ਹੈ ਅਤੇ ਬਾਲ ਸਾਹਿਤ ਪੁਸਤਕ 'ਸੱਚੀ ਦੀ ਕਹਾਣੀ' 'ਤੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਕੀਤਾ। ਹੁਣ ਗੁਰਮੀਤ ਆਪਣਾ ਛੇਵਾਂ ਕਹਾਣੀ ਸੰਗ੍ਰਹਿ 'ਮੋਰ ਪੈਲ਼ ਕਿਉਂ ਨਹੀਂ ਪਾਉਂਦੇ' ਲੈ ਕੇ ਆਇਆ ਹੈ।

ਪੁਸਤਕ ਵਿਚ ਬਾਰਾਂ ਕਹਾਣੀਆਂ ਹਨ ਜਿਹਨਾਂ ਵਿਚ ਸਮਕਾਲੀ ਪੰਜਾਬੀ ਸਮਾਜ ਦੇ ਮਸਲੇ ਅਤੇ ਸਮੱਸਿਆਵਾਂ ਛੂਹੇ ਹਨ। ਪੰਜਾਬੀ ਵੱਡੀ ਗਿਣਤੀ ਵਿਚ ਪਰਦੇਸਾਂ ਵੱਲ ਰੁਖ ਕਰ ਰਹੇ ਹਨ। ਪਰਵਾਸੀ ਬਣਨ ਦੀ ਹੋੜ ਵਿਚ ਵਰਤੇ ਜਾਂਦੇ ਕਾਨੂੰਨੀ ਗ਼ੈਰ-ਕਾਨੂੰਨੀ ਹਰ ਪ੍ਰਕਾਰ ਦੇ ਤਰੀਕਿਆਂ ਅਤੇ ਪਰਵਾਸ ਧਾਰਨ ਉਪਰੰਤ ਆਰਥਿਕ ਤੇ ਸਮਾਜ-ਸਭਿਆਚਾਰਕ ਸਥਿਤੀਆਂ ਵਿਚਲੀ ਤਬਦੀਲੀ ਸਦਕਾ ਮਾਨਸਿਕ ਤਣਾਅ ਦੇ ਨਾਲ ਨਾਲ ਰਿਸ਼ਤਿਆਂ ਵਿਚਲੀ ਟੁੱਟ-ਭੱਜ ਤੇ ਹੋਰ ਜੋ ਸਮਾਜਿਕ ਸਮੱਸਿਆਵਾਂ ਉਭਰਦੀਆਂ ਹਨ, ਉਹ 'ਨਿੱਕੇ ਅੰਬਰ 'ਤੇ ਵੱਡੀ ਉਡਾਰੀ' ਅਤੇ 'ਚੱਲ ਟਿਮ ਹੌਰਟਨ ਚੱਲੀਏ' ਨਾਂ ਦੀਆਂ ਕਹਾਣੀਆਂ ਵਿਚ ਪੇਸ਼ ਹੋਈਆਂ ਹਨ। ਪਹਿਲੀ ਕਹਾਣੀ ਵਿਚ ਕੇਂਦਰੀ ਪਾਤਰ ਅਮਰ ਦੀ ਪਤਨੀ ਹਰਜੀਤ ਆਪਣੀ ਪਰਵਾਸੀ ਭੈਣ ਤੇ ਜੀਜੇ ਤੋਂ ਪ੍ਰਭਾਵਤ ਹੋ ਕੇ ਖੁਦ ਪਰਵਾਸੀ ਬਣਨ ਦੀ ਜ਼ਿੱਦ ਫੜ ਲੈਂਦੀ ਹੈ ਅਤੇ ਇਹ ਜ਼ਿੱਦ ਅਮਰ ਦੇ ਪਰਿਵਾਰ ਦੀਆਂ ਖੁਸ਼ੀਆਂ ਖਾ ਜਾਂਦੀ ਹੈ। ਅਮਰ ਪਰਵਾਸੀ ਬਣਨ ਦਾ ਚਾਹਵਾਨ ਨਹੀਂ ਜਦਕਿ ਹਰਜੀਤ ਆਪਣੇ ਜੀਜੇ ਦੇ ਭਰਾ ਨਾਲ ਰਿਸ਼ਤਾ ਜੋੜ ਕੇ ਪਰਦੇਸ ਚਲੀ ਜਾਂਦੀ ਹੈ; ਇਉਂ ਅਮਰ ਤੇ ਹਰਜੀਤ ਦਾ ਆਪਸੀ ਨਾਤਾ ਖਤਮ ਹੋ ਜਾਂਦਾ ਹੈ। ਮਾਯੂਸੀ ਦੀ ਹਾਲਤ 'ਚੋਂ ਕੱਢਣ ਲਈ ਅਮਰ ਦਾ ਦੋਸਤ ਉਸ ਨੂੰ ਸੈਰ-ਸਪਾਟੇ ਲਈ ਥਾਈਲੈਂਡ ਲੈ ਜਾਦਾ ਹੈ ਜਿੱਥੇ ਜੈਸਿਕਾ ਨਾਂ ਦੀ ਸੈਕਸ ਵਰਕਰ ਨਾਲ ਉਸ ਦਾ ਮੇਲ ਹੁੰਦਾ ਹੈ। ਜੈਸਿਕਾ ਦੀ ਨੈਤਿਕ ਉੱਚਤਾ ਦੇ ਟਾਕਰੇ ਹਰਜੀਤ ਦੀ ਬੇਵਫਾਈ ਨੂੰ ਪੇਸ਼ ਕਰਦੀ ਹੋਈ ਅਮਰ, ਜੈਸਿਕਾ ਤੇ ਹਰਜੀਤ ਦੇ ਵਿਅਕਤੀਤਵ ਨੂੰ ਨਵੇਂ ਦ੍ਰਿਸ਼ਟੀ ਤੋਂ ਵੇਖਣ ਤੇ ਸਮਝਣ ਲਈ ਪ੍ਰੇਰਕ ਦੀ ਭੂਮਿਕਾ ਨਿਭਾਉਂਦੀ ਹੈ।

ਦੂਜੀ ਕਹਾਣੀ 'ਚੱਲ ਟਿਮ ਹੌਰਟਨ ਚੱਲੀਏ' ਵਿਚ ਬਲਦੇਵ ਸਿੰਘ ਤੇ ਹਰਬੰਸ ਕੌਰ ਦੀ ਨੂੰਹ ਚਰਨਜੀਤ ਕੌਰ ਸਾਹਮਣੇ ਆਉਂਦੀ ਹੈ ਜੋ ਇਕ ਤਰ੍ਹਾਂ ਹਰਜੀਤ ਦਾ ਹੀ ਬਦਲਵਾਂ ਰੂਪ ਹੈ। ਕੈਨੇਡਾ ਰਹਿੰਦੀ ਇਹ ਔਰਤ ਆਪਣੇ ਸੱਸ ਸਹੁਰੇ ਨੂੰ ਸੁਪਰ ਵੀਜ਼ੇ 'ਤੇ ਕੈਨੇਡਾ ਬੁਲਾ ਤਾਂ ਲੈਂਦੀ ਹੈ ਪਰ ਇਹ ਨਹੀਂ ਚਾਹੁੰਦੀ ਕਿ ਬਜ਼ੁਰਗ ਘਰ ਹੀ ਬੈਠੇ ਰਹਿਣ ਹਾਲਾਂਕਿ ਘਰ ਵਿਚ ਰਹਿ ਕੇ ਉਹ ਪੋਤਰੇ ਦੀ ਸੰਭਾਲ ਕਰਦੇ ਹਨ। ਅਸਲ ਵਿਚ ਬਲਦੇਵ ਸਿੰਘ ਤੇ ਹਰਬੰਸ ਕੌਰ ਆਪਣੇ ਪੋਤੇ ਦੀ ਦੇਖਭਾਲ ਕਰਨ ਦੀ ਖਾਤਰ ਹੀ ਪੁੱਤ ਕੋਲ ਕੈਨੇਡਾ ਆਏ ਸਨ। ਸਾਹਿਤ ਤੇ ਸੰਗੀਤ ਵਿਚ ਦਿਲਚਸਪੀ ਰੱਖਣ ਵਾਲੇ ਆਪਣੇ ਸਹੁਰੇ ਦੀ ਪਰਮਜੀਤ ਵੀ ਪ੍ਰਸ਼ੰਸਕ ਰਹੀ ਹੈ ਪਰ ਪਰਵਾਸ ਨੇ ਉਸ ਦੀ ਮਾਨਸਿਕਤਾ ਬਦਲ ਦਿੱਤੀ ਹੈ ਤੇ ਹੁਣ ਉਸ ਦਾ ਸਾਰਾ ਫੋਕਸ ਪੈਸੇ 'ਤੇ ਹੋ ਗਿਆ ਹੈ। ਜੇ ਪਰਮਜੀਤ ਤੋਂ ਪੈਮ ਬਣੀ ਨੂੰਹ ਪੈਸੇ ਮਗਰ ਭੱਜ ਰਹੀ ਹੈ ਤਾਂ ਜਗਬੀਰ ਤੋਂ ਜੈਗ ਬਣਿਆ ਬਲਦੇਵ ਸਿੰਘ ਦਾ ਪੁੱਤਰ ਵੀ ਘੱਟ ਨਹੀਂ। ਉਹ ਵੀ ਰਿਸ਼ਤਿਆਂ ਦੀ ਪਛਾਣ ਭੁੱਲ ਬੈਠਾ ਹੈ।

ਉੱਤਮਪੁਰਖੀ ਬਿਰਤਾਂਤਕ ਸ਼ੈਲੀ ਰਾਹੀਂ ਉਸਾਰੀ ਕਹਾਣੀ 'ਅਲੇਹਾ' ਦੀ ਮੁੱਖ ਪਾਤਰ



ਕਿਤਾਬ ਦਾ ਮੁਖੜਾ।


ਗੁਰਮੀਤ ਕੜਿਆਲਵੀ

ਮਨਦੀਪ ਪਰਦੇਸ ਵਿਚ ਇਕੱਲੀ ਰਹਿ ਰਹੀ ਹੈ। ਜਾਤੀ ਵਿਤਕਰੇ ਕਾਰਨ ਮਨਦੀਪ ਆਪਣਾ ਪਿਆਰ ਹਾਸਲ ਨਹੀਂ ਸੀ ਕਰ ਸਕੀ। ਕਹਾਣੀ ਦਾ ਬਿਰਤਾਂਤਕਾਰ ਕੁਮਾਰ ਲੇਖਕ ਹੈ ਅਤੇ ਮਨਦੀਪ ਉਸ ਦੀ ਪਾਠਕ ਹੈ। ਉਹ ਕੁਮਾਰ ਨੂੰ ਚਿੱਠੀਆਂ ਰਾਹੀਂ ਆਪਣੇ ਨਿੱਜੀ ਜ਼ਿੰਦਗੀ ਬਾਰੇ ਦੱਸਦੀ ਹੋਈ ਉਸ ਤੋਂ ਸਲਾਹਾਂ ਲੈਂਦੀ ਰਹਿੰਦੀ ਹੈ। ਪਰਦੇਸ ਵਿਚ ਮਨਦੀਪ ਲਿੰਡਾ ਦੀ ਦੋਸਤ ਬਣਦੀ ਹੈ ਜੋ ਨਾਰੀਵਾਦੀ ਢੰਗ ਨਾਲ ਜ਼ਿੰਦਗੀ ਬਤੀਰ ਕਰਦੀ ਨਜ਼ਰ ਆਉਂਦੀ ਹੈ। ਅਸਲ ਵਿਚ ਲਿੰਡਾ ਦੀ ਵਿਥਿਆ ਰਾਹੀਂ ਹੀ ਕਹਾਣੀ ਦੀ ਕੇਂਦਰੀ ਸੁਰ ਉਭਰਦੀ ਹੈ। ਚੰਗੀ ਚੋਖੀ ਜਾਇਦਾਦ ਦੀ ਮਾਲਕ ਲਿੰਡਾ ਕਾਲੀ ਲੜਕੀ ਨੂੰ ਗੋਦ ਲੈਂਦੀ ਹੈ। ਦੂਜੇ ਬੰਨੇ ਮਨਦੀਪ ਲਿੰਡਾ ਤੋਂ ਪ੍ਰਭਾਵਤ ਵੀ ਹੈ ਅਤੇ ਉਸ ਦੀ ਆਪਣੀ ਪਿਆਰ ਕਹਾਣੀ ਜਾਤੀ ਵਿਤਕਰੇ ਕਾਰਨ ਅਧੂਰੀ ਰਹੀ ਹੈ ਪਰ ਇਸ ਦੇ ਬਾਵਜੂਦ ਲਿੰਡਾ ਵਾਂਗ ਬੱਚੀ ਗੋਦ ਲੈਣ ਵੇਲੇ ਉਹ ਜਾਤੀ ਤੇ ਰੰਗ ਨੂੰ ਵਿਚਾਰਦੀ ਦਿਖਾਈ ਦਿੰਦੀ ਹੈ।

'ਬਸੰਤ' ਕਹਾਣੀ ਮੁਟਿਆਰ ਕੁੜੀ ਦੇ ਮਨ ਦੀਆਂ ਅਕਾਂਖਿਆਵਾਂ, ਇੱਛਾਵਾਂ, ਸੁਪਨਿਆਂ, ਚਾਵਾਂ-ਮਲ੍ਹਾਰਾਂ ਦੇ ਅਧੂਰੇ ਰਹਿ ਜਾਣ ਅਤੇ ਕੁੜੀਆਂ ਨੂੰ ਉਡਾਣ ਲਈ ਖੁੱਲ੍ਹੇ ਆਸਮਾਨ ਦੀ ਥਾਂ ਘਰ ਦੀਆਂ ਕੰਧਾਂ ਵਿਚ ਨਜ਼ਰਬੰਦ ਰੱਖਣ ਦੀ ਪੇਸ਼ਕਾਰੀ ਹੈ। 'ਰੱਬ ਜੀ' ਕਹਾਣੀ ਵਿਚ ਪੰਜਾਬੀ ਪੇਂਡੂ ਸਮਾਜ ਵਿਚ ਵੱਡੇ ਲੋਕਾਂ ਦੀ ਧੱਕੇਸ਼ਾਹੀ ਅਤੇ ਸਮਾਜਿਕ ਮੁੱਲ ਪ੍ਰਬੰਧ ਦੇ ਪ੍ਰਸੰਗ ਵਿਚ ਦਲਿਤ ਬੰਦੇ ਦੀ ਮਾਨਸਿਕ ਤੇ ਸਮਾਜ-ਸਭਿਆਚਾਰਕ ਸਥਿਤੀ ਪੇਸ਼ ਹੋਈ ਹੈ। ਕਹਾਣੀ ਵਿਚ ਜਾਗੀਰੂ ਵਿਚਾਰਧਾਰਾਈ ਨਿਜ਼ਾਮ ਦਾ ਹਾਮੀ ਸਰਬਾ ਆਪਣੇ ਸੀਰੀ ਰੱਬ ਦੀ ਪਤਨੀ ਨਾਲ ਗ਼ੈਰ-ਸਮਾਜਿਕ ਰਿਸ਼ਤੇ ਵਿਚ ਰਹਿੰਦਾ ਹੈ। ਸਰਬੇ ਤੇ ਸਾਹਬੋ ਦੇ ਗ਼ੈਰ-ਸਮਾਜਿਕ ਰਿਸ਼ਤੇ ਦੀ ਖ਼ਬਰ ਸਾਰੇ ਪਿੰਡ ਨੂੰ ਹੁੰਦੀ ਹੈ ਪਰ ਨੈਤਿਕ ਮੁੱਲਾਂ 'ਤੇ ਪਹਿਰਾ ਦੇਣ ਵਾਲਾ ਖੋਖਲਾ ਸਮਾਜ ਸਰਬੇ ਦੀ ਅਨੈਤਿਕਤਾ ਦਾ ਵਿਰੋਧ ਕਿਸੇ ਥਾਂ ਵੀ ਕਰਦਾ ਦਿਖਾਈ ਨਹੀਂ ਦਿੰਦਾ। ਦਲਿਤ ਸਮਾਜ ਦੇ ਜੀਵਾਂ ਦੀ ਤ੍ਰਾਸਦਕ ਹੋਣੀ ਦੇ ਸਮਾਨਾਂਤਰ ਹੀ ਔਰਤ ਦੀ ਸਦੀਵ ਨਿਗੂਣੀ ਸਥਿਤੀ ਹੈ ਜਿਸ ਦਾ ਜਾਤ-ਪਾਤ ਜਾਂ ਊਚ ਨੀਚ ਵੀ ਕੋਈ ਸਬੰਧ ਨਹੀਂ। ਕਹਾਣੀ ਵਿਚ ਮਰਦ ਔਰਤ ਨੂੰ ਆਪਣੇ ਕਬਜ਼ੇ ਵਿਚ ਰੱਖਣ ਦੇ ਯਤਨ ਵਿਚ ਰਹਿੰਦਾ ਪ੍ਰਤੀਤ ਹੁੰਦਾ ਹੈ ਭਾਵੇਂ ਉਹ ਸਰਬਾ ਹੈ ਤੇ ਕਿਤੇ ਨਾ ਕਿਤੇ ਰੱਬ ਵੀ।

ਦਲਿਤ ਸਮਾਜ ਦੀ ਹੋਣੀ ਦੀ ਬਾਤ ਪਾਉਂਦੀ ਇਕ ਹੋਰ ਕਹਾਣੀ 'ਮੋਰ ਪੈਲ਼ ਕਿਉਂ ਨਹੀਂ ਪਾਉਂਦੇ' ਹੈ ਜਿਸ ਵਿਚ ਜਗਦੇਵ ਤੇ ਪਾਰੋ ਦੇ ਅਧੂਰੇ ਪਿਆਰ ਦੀ ਬਾਤ ਹੈ। ਸਮਾਜ ਵਿਚ ਜਾਤੀ ਭੇਦਭਾਵ ਦੀਆਂ ਕੰਧਾਂ ਏਨੀਆਂ ਉੱਚੀਆਂ ਤੇ ਮਜ਼ਬੂਤ ਹਨ ਕਿ ਜਗਦੇਵ ਦਾ ਪਾਰੋ ਲਈ ਪਿਆਰ ਇਹਨਾਂ ਕੰਧਾਂ ਤੋਂ ਪਾਰ ਨਹੀਂ ਜਾਂਦਾ। ਜਾਤ-ਪਾਤ ਦੀਆਂ ਵੰਡੀਆਂ ਤੇ ਆਰਥਿਕ ਨਾ-ਬਰਾਬਰੀ ਕਰਕੇ ਨਿੱਕੇ ਵਰਗੇ ਲਾਇਕ ਵਿਦਿਆਰਥੀ ਤੇ ਪਾਰੋ ਵਰਗੀਆਂ ਮੁਟਿਆਰਾਂ ਦੇ ਸੁਪਨਿਆਂ ਨੂੰ ਸਮਾਜ-ਸਭਿਆਚਾਰਕ ਮੁੱਲ ਪ੍ਰਬੰਧ ਦੇ ਕਿਲ੍ਹੇ ਦੀਆਂ ਨੀਹਾਂ ਵਿਚ ਦੱਬ ਦਿੱਤਾ ਜਾਂਦਾ ਹੈ। ਮੋਰ ਬਹੁ-ਅਰਥੀ ਮੈਟਾਫਰ ਹੈ ਜੋ ਕਹਾਣੀ ਵਿਚ ਪਾਰੋ ਤੇ ਜਗਦੇਵ ਦੇ ਸੁਪਨਿਆਂ ਤੇ ਅਕਾਂਖਿਆਵਾਂ ਦੇ ਨਾਲ-ਨਾਲ ਜਾਤੀ ਵਿਤਕਰੇ ਵਾਲੇ ਪੰਜਾਬੀ ਸਮਾਜ ਵਿਚ ਪਿਆਰ ਦੀ ਹੋਣੀ ਦਾ ਪ੍ਰਤੀਕ ਹੋ ਨਿਬੜਦਾ ਹੈ। ਇਹੀ ਮਾਨਸਿਕਤਾ 'ਅਲੇਹਾ' ਕਹਾਣੀ ਦੀ ਕੇਂਦਰੀ ਪਾਤਰ ਮਨਦੀਪ ਦਾ ਪਰਵਾਸ ਵਿਚ ਵੀ ਪਿੱਛਾ ਨਹੀਂ ਛੱਡਦੀ।

'ਪਿੰਡ ਆਏਂ ਨ੍ਹੀ ਮਰਦਾ' ਕਹਾਣੀ 'ਚ ਪਿੰਡ ਦੀ ਸਮਾਜ ਸ਼ਾਸਤਰੀ ਵੰਡ ਤੇ ਕਿਸਾਨ ਮਜ਼ਦੂਰ ਦੀ ਸਮਾਜ-ਸਭਿਆਚਾਰਕ, ਆਰਥਿਕ ਤੇ ਮਾਨਸਿਕ ਸਥਿਤੀ ਪੇਸ਼ ਹੈ। ਜਿੱਥੇ ਸਾਂਝੇ ਹਿੱਤਾਂ ਸਮੇਂ ਦਿੱਲੀ ਮੋਰਚੇ 'ਚ ਕਿਸਾਨ ਮਜ਼ਦੂਰ ਦੀ ਸਾਂਝੀਵਾਲਤਾ ਦੀ ਗੱਲ ਤੁਰਦੀ ਹੈ ਉੱਥੇ ਬਦਲ ਰਹੇ ਸਮੇਂ ਦੌਰਾਨ ਕਿਸਾਨੀ ਤੇ ਮਜ਼ਦੂਰ ਦੇ ਹਿੱਤਾਂ ਦੀ ਗੂੜ੍ਹੀ ਸਾਂਝ ਵਿਚ ਪੇਤਲਾਪਣ ਆਉਂਦਾ ਹੈ।

ਹੱਥਲੀ ਪੁਸਤਕ ਵਿਚ ਦਰਜ 'ਜਿਉਂਦਾ ਰਹਿ ਵੇ ਬੱਚੜਿਆ' ਕਹਾਣੀ ਵਿਚ ਕਰੋਨਾ ਕਾਲ ਵਿਚ ਦਲਿਤ ਦੀ ਹੋਣੀ, ਪੰਜਾਬ ਵਿਚ ਨਸ਼ਿਆਂ ਦੀ ਮਾਰ ਤੇ ਪੰਜਾਬੀ ਦਲਿਤ ਔਰਤ ਦੀ ਹੋਂਦ ਤੇ ਉਸਦੇ ਜਿਉਂਦੇ ਰਹਿਣ ਦੇ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ। 'ਧੂੰਆਂ' ਕਹਾਣੀ ਵਿਚ ਸ਼ਹਿਰੀ ਵਪਾਰੀ ਵਰਗ ਦੀ ਮਾਨਸਿਕਤਾ, ਕਿਸਾਨੀ ਦੀ ਸਥਿਤੀ, ਰਾਜਨੀਤਕ ਭ੍ਰਿਸ਼ਟਾਚਾਰ ਆਦਿ ਨੂੰ ਚਿਤਰਿਆ ਗਿਆ ਹੈ। ਕਹਾਣੀ ਵਿਚ ਪ੍ਰਦੀਪ ਕੋਆਪਰੇਟਿਵ ਕੰਪਨੀਆਂ ਦੇ ਪ੍ਰਤੀਨਿਧ ਵਜੋਂ ਵਿਚਰਦਾ ਦਿਖਾਈ ਦਿੰਦਾ ਹੈ ਜੋ ਤੇਜ਼ ਗਤੀ ਨਾਲ ਤਰੱਕੀ ਕਰ ਰਿਹਾ ਹੈ। ਦੂਜੇ ਪਾਸੇ ਲੱਛੂ ਤੇ ਪਾਲੇ ਵਰਗੇ ਜੋ ਹੱਕ ਹਲਾਲ ਦੀ ਕਮਾਈ ਵਿਚ ਵਿਸ਼ਵਾਸ ਰੱਖਦੇ ਸਾਦਾ ਜੀਵਨ ਬਤੀਤ ਕਰਦੇ ਹਨ। 'ਸਿੱਧਾ ਬੰਦਾ' ਕਹਾਣੀ ਪੱਛਮੀ ਸਭਿਆਚਾਰ ਤੋਂ ਪ੍ਰਭਾਵਤ ਬੰਦੇ ਦੀ ਪਰਿਵਾਰਕ, ਸਮਾਜ-ਸਭਿਆਚਾਰਕ, ਆਰਥਿਕ ਤੇ ਮਨੋਵਿਗਿਆਨਕ ਸਥਿਤੀ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। 'ਦਰੋਣਾਚਾਰੀਆ' ਕਹਾਣੀ ਪੰਜਾਬੀ ਸਿੱਖਿਆ ਤੰਤਰ ਵਿਚ ਕਾਰਜਸ਼ੀਲ ਜਾਤੀ ਮਾਨਸਿਕਤਾ, ਸਰਕਾਰੀ ਸਨਮਾਨਾਂ ਦੀ ਵਾਸਤਵਿਕਤਾ, ਸਿੱਖਿਆ ਪ੍ਰਤੀ ਜਾਗੀਰੂ ਮਾਨਸਿਕਤਾ ਦਾ ਪ੍ਰਤੀਕ੍ਰਮ ਤੇ ਸਮਾਜ ਦੇ ਪਿੰਡੇ ਨੂੰ ਚਿੰਬੜੇ ਜਾਤੀ ਹਉਮੈ ਦੇ ਕੋਹੜ ਨੂੰ ਪ੍ਰਤੀਪਾਦਿਤ ਕਰਦੀ ਵਿਖਾਈ ਦਿੰਦੀ ਹੈ।

ਪਰਿਪੱਕ ਤੇ ਪ੍ਰਬੁੱਧ ਕਹਾਣੀਕਾਰ ਹੋਣ ਸਦਕਾ ਗੁਰਮੀਤ ਬਿਰਤਾਂਤਕ ਜੁਗਤਾਂ-ਸੁਪਨਿਆਂ, ਪਿਛਲਝਾਤ, ਵਾਰਤਾਲਾਪ, ਪਾਤਰ ਉਸਾਰੀ ਆਦਿ ਦੀ ਸੁਚੱਜੀ ਤੇ ਸਾਰਥਿਕ ਵਰਤੋਂ ਕਰਦਾ ਹੈ ਪਰ ਕੁਝ ਥਾਵਾਂ 'ਤੇ ਲੇਖਕ ਵਜੋਂ ਉਹ ਪਾਤਰ ਪ੍ਰਤੀ ਹਮਦਰਦੀ ਦਾ ਸ਼ਿਕਾਰ ਹੋਇਆ ਪ੍ਰਤੀਤ ਹੁੰਦਾ ਹੈ ਜਿਵੇਂ 'ਰੱਬ ਜੀ' ਕਹਾਣੀ ਵਿਚ ਰੱਬ ਪਾਤਰ ਨੂੰ ਇੰਨਾ ਦਮਿਤ ਬਣਾ ਦਿੱਤਾ ਹੈ ਕਿ ਉਹ ਦਮਿਤ ਦੀ ਥਾਂ ਬੇਗ਼ੈਰਤ ਵਧੇਰੇ ਜਾਪਦਾ ਹੈ। ਕਹਾਣੀਆਂ ਦਾ ਪੀਡੀ ਬਿਰਤਾਂਤਕਾਰੀ ਤੇ ਕਥਾ ਰਸ ਦੀ ਭਰਪੂਰਤਾ ਪਾਠਕ ਨੂੰ ਆਪਣੇ ਨਾਲ ਲੈ ਤੁਰਦੀ ਹੈ।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਜੂਨ 2024 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-642



*ਤੇਰੇ ਲਈ ਤਾਰੇ ਤਾਂ ਅੰਬਰੋਂ ਤੋੜ ਨ੍ਹੀਂ ਸਕਿਆ,*
*ਲੱਗੇ ਝੂਠੇ ਲਾਰੇ ਤਾਂ ਅਸਲੋਂ ਹੋੜ ਨ੍ਹੀਂ ਸਕਿਆ।*
*ਆ ਪੈਰਾਂ ਦੀਆਂ ਜ਼ੰਜੀਰਾਂ ਅੜੀਏ ਤੋੜ ਦਿਆਂ,*
*ਆ ਸੁੱਖਾਂ ਦੀਆਂ ਗਹੀਰਾਂ ਅੜੀਏ ਮੋੜ ਦਿਆਂ।*

### ਕੈਪਸ਼ਨ ਮੁਕਾਬਲਾ-640



ਪੁੱਤਾਂ ਵਾਂਗ ਪਾਲਿਆ, ਲਾਡ ਲਡਾ ਕੇ।
ਰਖਿਆ ਮੈਨੂੰ ਗਲ ਨਾਲ ਲਾ ਕੇ।
ਜ਼ਿੰਦਗੀ ਮਾਂ ਤੋਂ ਘੋਲ ਘੁੰਮਾਵਾਂ।
ਇਕ ਪਲ ਇਸ ਤੋਂ ਦੂਰ ਨਾ ਜਾਵਾਂ।
ਕਿਤੇ ਇਹ ਮੈਨੂੰ ਛੱਡ ਨਾ ਜਾਏ।
ਦਿਨ ਰਾਤ ਇਹੋ ਫਿਕਰ ਸਤਾਏ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਜਾਨਵਰ ਕਰ ਕੇ ਨਾ ਜਾਣਿਓ
ਮਾਲਕ ਦਾ ਸਦਾ ਰੱਖੇ ਖਿਆਲ।
ਮੋਹ ਦੀ ਤੰਦ ਜੁੜੀ ਹੈ ਪੱਕੀ
ਵਫ਼ਾਦਾਰੀ ਦੀ ਕਾਇਮ ਮਿਸਾਲ।
***-ਜਗਮੀਤ ਸਿੰਘ ਪੰਧੇਰ***

---

ਧੀਆਂ ਪੁੱਤ ਪਰਦੇਸੀ ਹੋਏ
ਮਾਂ ਵਿਛੋੜਾ ਕਿੰਝ ਹੰਡਾਵੇ
ਬੇਜ਼ੁਬਾਨ ਪਾ ਗਲਵੱਕੜੀ
ਦਿਲ ਦਾ ਦਰਦ ਵੰਡਾਵੇ।
ਉਦਾਸ ਵਿਹੜੇ ਦੀ ਰੌਣਕ ਦੋਵੇਂ
ਦਿਲ ਹੀ ਦਿਲ ਦੀਆਂ ਜਾਣੇ
ਮਾਲਕ ਬਣ ਕੇ ਰਾਖੀ ਕਰਦਾ
ਨਾਲੇ ਨਿੱਘ ਪਿਆਰ ਦਾ ਮਾਣੇ।
***-ਹਰਜੋਤ ਕੌਰ ਮਹੇਸ਼ਪੁਰਾ***

---

ਜਿਸ ਨੂੰ ਕੂਕਰ ਅਸੀਂ ਪੁਕਾਰਦੇ
ਆਪਣੇ ਮਾਲਕ ਤੋਂ ਜਾਨ ਹੈ ਵਾਰ ਸਕਦਾ।
ਵਫਾਦਾਰੀ ਵਿਚ ਉਸ ਦਾ ਸਾਨ੍ਹੀ ਨੀਂ ਕੋਈ
ਜੱਫੀ ਮਾਲਕਣ ਨੂੰ ਪਾਈ
ਪਿਆਰ ਹੈ ਦੱਸਦਾ।
ਅੰਤ ਤੱਕ ਜ਼ਿੰਦਗੀ ਨਿਭਾਣ ਵਾਲਾ
ਸ਼ਾਨਾਂਮੱਤਾ ਸੰਸਕਾਰ ਹੈ ਦੱਸਦਾ।
ਅਵਾਰਾ ਕੁੱਤੇ ਗਲੀਆਂ ਦੇ ਕੂਕਦੇ
ਤੋੜ ਵਿਛੋੜੇ ਦਾ ਸੰਸਾਰ ਹੈ ਦੱਸਦਾ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਦਰਵੇਸ਼ ਮਾਲਕ ਰਿਸ਼ਤਾ ਅਟੁੱਟ
ਕਿੰਨਾ ਵੀ ਦਰਕਾਰੋ ਮਾਰੋ ਝਿੜਕਾਂ
ਪਾਰਖੂ ਅੱਖ ਦਿਖਾਉਂਦੀ ਵਫਾਦਾਰੀ
ਭੁੱਜੂ ਨਹੀਂ ਰਹੂ ਖੜ੍ਹਾ
ਭਊਂ ਭਊਂ ਕਰ ਦੁਸ਼ਮਣ ਨੂੰ ਭਜਾ ਦੇਊ।
ਮਸਲਾ ਅਜੋਕਾ ਮੁੱਦਾ ਵਰਤਮਾਨ ਦਾ
ਵੰਸ਼ ਵਧਦਾ ਦਸ ਦਸ ਕਤੂਰੇ ਜੰਮਦੇ
ਵੱਢ ਟੁੱਕ ਘੇਰ ਘੇਰ ਰਾਹਗੀਰਾਂ ਨੂੰ
ਇਹ ਅਵਾਰਾ ਨਫ਼ਰਤ ਦਾ ਕਾਰਨ ਬਣਦੇ।
***-ਦਰਸ਼ਨ ਪਾਲ ਦੋਸਾਂਝ***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਪੌਣੀ ਸਦੀ ਤੋਂ ਰਿਸਦਾ ਨਾਸੂਰ

***ਸੰਨ ਸੰਤਾਲੀ ਵਾਲੀ ਚੀਸ ਪੀੜ੍ਹੀ-ਦਰ-ਪੀੜ੍ਹੀ ਅਗਾਂਹ ਤੁਰ ਰਹੀ ਹੈ। ਇਸ ਨੇ ਦੋਹਾਂ ਪੰਜਾਬਾਂ ਦੇ ਬਾਸ਼ਿੰਦਿਆਂ ਨੂੰ ਹਾਲੋਂ-ਬੇਹਾਲ ਕੀਤਾ ਹੋਇਆ ਹੈ। ਸੁਕੀਰਤ ਨੇ ਆਪਣੇ ਇਸ ਲੇਖ ਵਿਚ ਆਪਣੀ ਲਹਿੰਦੇ ਪੰਜਾਬ ਦੀ ਫੇਰੀ ਦੀ ਇਕ ਭਾਵੁਕ ਮਿਲਣੀ ਦਾ ਜ਼ਿਕਰ ਛੇੜਿਆ ਹੈ।***

ਲਾਹੌਰ ਦੀ ਮਾਲ ਰੋਡ ਦੇ ਕੇਂਦਰੀ ਹਿੱਸੇ ਦੀ ਇਕ ਵੱਖੀ ਵਿਚ, ਜਿਸ ਦਾ ਨਾਂਅ ਬਰਤਾਨਵੀ ਹਕੂਮਤ ਦੇ ਸਮਿਆਂ ਤੋਂ ਚੇਅਰਿੰਗ ਕਰੌਸ ਟੁਰਿਆ ਜਾਂਦਾ ਹੈ, ਕੁਈਨਜ਼ ਰੋਡ ਨਾਮ ਦੀ ਇਕ ਸੜਕ ਨਿਕਲਦੀ ਹੈ। ਏਸੇ ਸੜਕ 'ਤੇ ਟੁਰੇ ਜਾਓ ਤਾਂ ਤਕਰੀਬਨ ਇਕ ਕਿਲੋਮੀਟਰ ਦੇ ਪੈਂਡੇ ਮਗਰੋਂ ਹਸਪਤਾਲ ਆ ਜਾਂਦਾ ਹੈ। ਇਹ ਸਾਰੇ ਨਾਂਅ ਉਨ੍ਹਾਂ ਵੇਲਿਆਂ ਨਾਲ ਜੁੜੇ ਹੋਏ ਹਨ, ਜਦੋਂ ਮੁਲਕ ਭਾਵੇਂ ਆਜ਼ਾਦ ਨਹੀਂ ਸੀ ਪਰ ਸਾਂਝਾ ਸੀ। ਮੈਂ ਉਸੇ ਸੜਕ 'ਤੇ ਗੰਗਾ ਰਾਮ ਹਸਪਤਾਲ ਚੌਕ ਵਲ ਜਾ ਰਿਹਾ ਹਾਂ। ਏਸੇ ਚੌਕ ਉੱਤੇ ਸਿਰਫ਼ ਮੈਨਸ਼ਨ ਨਾਂਅ ਦੀ ਇਕ ਇਮਾਰਤ ਦੀ ਪਹਿਲੀ ਮੰਜ਼ਲ ਉੱਤੇ, 'ਸੁਚੇਤ ਕਿਤਾਬ ਘਰ' ਮੇਰੀ ਅੱਜ ਦੀ ਮੰਜ਼ਲ ਹੈ। ਏਥੇ ਪੰਜਾਬੀ ਲੇਖਕ, ਅਦਬੀ ਪਰਚੇ 'ਪੰਚਮ' ਦੇ ਸੰਪਾਦਕ ਅਤੇ ਪੰਜਾਬੀ ਕਿਤਾਬਾਂ ਦੇ ਪ੍ਰਕਾਸ਼ਕ



ਮਕਸੂਦ ਸਾਕਿਬ ਦਾ ਦਫ਼ਤਰ ਹੈ। ਅੱਜ ਜੁੰਮੇਰਾਤ ਹੈ ਜਿਸ ਨੂੰ ਸਾਡੇ ਵੱਲ ਵੀਰਵਾਰ ਕਹਿੰਦੇ ਹਨ, ਅਤੇ ਹਰ ਜੁੰਮੇਰਾਤ ਮਕਸੂਦ ਸਾਕਿਬ ਏਥੇ ਪੰਜਾਬੀ ਨਾਲ ਜੁੜੇ ਮਿੱਤਰਾਂ ਦੀ

**ਸੁਕੀਰਤ**
ਫੋਨ: +91-93162-02025

ਮਹਿਫ਼ਲ ਵਿਓਂਤਦੇ ਹਨ ਜਿਸ ਵਿਚ ਪੰਜਾਬੀ ਦੀ ਕੋਈ ਰਚਨਾ ਪੜ੍ਹੀ ਜਾਂਦੀ ਹੈ, ਉਸ ਦੀ ਪਰਖ-ਪੜਚੋਲ ਕੀਤੀ ਜਾਂਦੀ ਹੈ ; ਉਸ ਦੇ ਸਾਹਿਤਕ ਤੇ ਭਾਸ਼ਾਈ ਖਾਸੇ ਨੂੰ ਫਰੋਲਿਆ ਜਾਂਦਾ ਹੈ। ਪੰਜਾਬੀ ਮੁਹਾਵਰੇ ਨੂੰ ਪੰਜਾਬੀ ਹੀ ਰੱਖਣ, ਆਪਣੇ ਵਿਰਸੇ ਵਿਚਲੇ ਸ਼ਬਦ ਜ਼ਖ਼ੀਰੇ ਨੂੰ ਵਰਤਣ-ਸੰਭਾਲਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ।

ਅੱਜ ਇਸ ਮਹਿਫ਼ਲ ਵਿਚ ਉਚੇਚੇ ਮਹਿਮਾਨ ਵਜੋਂ ਮੈਨੂੰ ਸੱਦਿਆ ਗਿਆ ਹੈ। ਸ਼ਰਫ਼ ਮੈਨਸ਼ਨ ਦੀ ਹੇਠਲੀ, ਸੜਕੀ ਪੱਧਰ ਵਾਲੀ ਮੰਜ਼ਲ ਭਾਂਤ ਭਾਂਤ ਦੀਆਂ ਛੋਟੀਆਂ ਵੱਡੀਆਂ ਦੁਕਾਨਾਂ ਦਾ ਰਲੇਵਾਂ ਹੈ। ਪਰ ਚੌਕ ਵਾਲੇ ਪਾਸੇ ਖੁੱਲ੍ਹਣ ਵਾਲੀ, ਇਨ੍ਹਾਂ ਵਿਚ ਸਭ ਤੋਂ ਵੱਡੀ ਦੁਕਾਨ ਫ਼ਾਤਿਮਾ ਜਿੰਨਾਹ ਮੈਡੀਕਲ ਸਟੋਰ ਹੈ, ਤੇ ਏਸੇ ਦਵਾਖ਼ਾਨੇ ਦੇ ਪਿਛਲੇ ਪਾਸਿਓਂ ਸੌੜੀਆਂ ਤੇ ਹਨੇਰੀਆਂ ਜਿਹੀਆਂ ਪੌੜੀਆਂ ਉਤਲੀ ਮੰਜ਼ਲ ਵੱਲ ਚੜ੍ਹਦੀਆਂ ਹਨ, ਉਹੋ ਜਿਹੀਆਂ ਹੀ ਅਣ-ਧੋਤੀਆਂ ਤੇ ਅਣ-ਗੌਲੀਆਂ ਜਿਹੋ ਜਿਹੀਆਂ ਸਾਡੇ ਬਾਜ਼ਾਰਾਂ ਦੀਆਂ ਦੁਕਾਨਾਂ ਦੀਆਂ ਸਾਂਝੀਆਂ ਪੌੜੀਆਂ ਹੁੰਦੀਆਂ ਹਨ। ਪੌੜੀਆਂ ਚੜ੍ਹ ਕੇ ਖੱਬੇ ਹੱਥ ਵੱਲ ਜਾਓ ਤਾਂ ਆਸੇ ਪਾਸੇ ਦੀਆਂ ਬੇਤਰਤੀਬ ਖੁੱਲ੍ਹੀਆਂ ਨਿੱਕੀਆਂ-ਮੋਟੀਆਂ ਦੁਕਾਨਾਂ ਤੇ ਖੋਲਿਆਂ ਦੇ ਵਿਚਕਾਰ ਇਕ ਬੰਦ ਬੂਹਾ ਦਿੱਸਦਾ ਹੈ, ਜਿਸ ਦੇ ਬਾਹਰ 'ਘੰਟੀ ਮਾਰੋ' ਵਰਗਾ ਕੋਈ ਇਸ਼ਾਰਾ ਦਰਜ ਹੈ ; ਜਿਵੇਂ ਕਿਸੇ ਰੂ-ਪੋਸ਼ ਖੱਬੀ ਪਾਰਟੀ ਦਾ ਖੁਫ਼ੀਆ ਦਫ਼ਤਰ ਹੋਵੇ। ਮੈਂ ਮਨ ਹੀ ਮਨ ਮੁਸਕਰਾਂਦਿਆਂ ਚਿਤਵਦਾ ਹਾਂ ਕਿ ਹੁਣੇ ਬੂਹਾ ਚੌਥਾ ਕੁ ਹਿੱਸਾ ਖੁੱਲ੍ਹੇਗਾ, ਇਕ ਮੜ੍ਹਾਂਗਾ ਗਰਦਨ ਬਾਹਰ ਵੱਲ ਕਰਕੇ ਪੁੱਛੇਗਾ, "ਸ਼ਨਾਖ਼ਤੀ ਕਾਰਡ ਹੈ ਜੇ, ਦਾਖ਼ਲੇ ਦਾ ਖੁਫ਼ੀਆ ਕੋਡ ਪਤਾ ਹੈ ?"

ਬੂਹਾ ਪੂਰਾ ਖੁੱਲ੍ਹਦਾ ਹੈ, ਤੇ ਮਸਕੀਨ ਜਿਹੀ ਤੱਕਣੀ ਵਾਲਾ ਇਕ ਬੰਦਾ ਬਿਨਾ ਕੋਈ ਪੁੱਛ ਗਿੱਛ ਕੀਤਿਆਂ ਮੈਨੂੰ ਅੰਦਰ ਵਾੜ ਲੈਂਦਾ ਹੈ। ਅੰਦਰ ਚੋਖਾ ਵੱਡਾ ਤੇ ਚੌੜਾ ਲਾਬੀ-ਨੁਮਾ ਕਮਰਾ ਹੈ, ਕਿਤਾਬਾਂ ਤੇ ਹੋਰ ਕਾਗ਼ਜ਼ਾਂ ਨਾਲ ਅੱਟਿਆ ਹੋਇਆ। ਤੇ ਇਸ ਤੋਂ ਪਾਰਲੇ ਕਮਰੇ ਵਿਚ ਸੋਫ਼ੇ 'ਤੇ ਬੈਠੇ ਮਕਸੂਦ ਸਾਕਿਬ ਦਿਸਦੇ ਹਨ।

"ਨਹੀਂ, ਨਹੀਂ, ਤੁਸੀ ਉੱਠਣ ਦਾ ਤਕੱਲੁਫ਼ ਬਿਲਕੁਲ ਨਾ ਕਰੋ", ਮੈਂ ਸਲਾਮ ਕਰਦਿਆਂ ਤੇ ਲੈਂਦਿਆਂ ਇਸਰਾਰ ਕਰਦਾ ਹਾਂ।

ਮਕਸੂਦ ਜੀ ਕੋਲ ਬੈਠੇ ਨੌਜਵਾਨ ਅਬਦੁਲ ਰਹਿਮਾਨ ਨਾਲ ਤਆਰੁੱਫ਼ ਕਰਾਂਦਿਆਂ ਦੱਸਦੇ ਹਨ, "ਬਾਕੀ ਦੇ ਦੋਸਤ ਵੀ ਬਸ ਆਣ ਹੀ ਵਾਲੇ ਹਨ।"

"ਕੋਈ ਗੱਲ ਨਹੀਂ, ਮੈਂ ਹੀ ਸਮੇਂ ਤੋਂ ਪਹਿਲਾਂ ਪਹੁੰਚ ਗਿਆ ਹਾਂ।" ਉਨ੍ਹਾਂ ਦੇ ਨਾਲ ਦੇ ਸੋਫ਼ੇ 'ਤੇ ਬੈਠਦਿਆਂ ਮੈਂ ਆਲੇ-ਦੁਆਲੇ ਝਾਤ ਮਾਰਦਾ ਹਾਂ। ਕਮਰੇ ਦੇ ਐਨ ਵਿਚਕਾਰ ਇਕ ਨੀਵੀਂ ਆਇਤਾਕਾਰ ਮੇਜ਼ ਦੇ ਆਲੇ-ਦੁਆਲੇ ਲੱਗੇ ਹੋਏ ਰਤਾ ਉਮਰ ਹੰਢਾਅ ਚੁੱਕੇ ਦਿਸਦੇ ਸੋਫ਼ੇ ਅਤੇ ਕੁਰਸੀਆਂ; ਇਕ ਕੋਨੇ 'ਤੇ ਪਿਆ ਫ਼ਰਿੱਜ, ਤੇ ਨਾਲ ਹੀ ਮਾਈਕਰੋਵੇਵ, ਇਨ੍ਹਾਂ ਸਭ ਦੇ ਪਿੱਛੇ ਦਿਸਦੀ ਖੁੱਲੀ ਰਸੋਈ। ਇਕ ਹੋਰ ਨੁੱਕਰ ਵਿਚ ਪਈ ਮੇਜ਼ ਉੱਤੇ ਰੱਖਿਆ ਕੰਪਿਊਟਰ, ਨਾਲ ਕੰਧਾਂ ਉੱਤੇ ਕਿਤਾਬਾਂ ਤੇ ਹੋਰ ਨਿੱਕ-ਸੁੱਕ ਨਾਲ ਲੱਦੇ ਹੋਏ ਟੰਗਵੇਂ ਸ਼ੈਲਫ਼। ਕੁਲ ਪਰਭਾਵ ਇਹੋ ਜਿਹਾ ਜਿਵੇਂ ਹਰ ਵੇਲੇ ਰੁੱਝੇ ਕਿਸੇ ਮਲੰਗ ਅਦੀਬ ਦਾ ਸਟੂਡੀਓ ਅਪਾਰਟਮੈਂਟ ਹੋਵੇ। ਇਕੋ ਵੇਲੇ ਬੇਤਰਤੀਬੀ ਵੀ ਤੇ ਤਰਤੀਬ ਵੀ। ਸਾਰੀਆਂ ਜਦੀਦ ਸਹੂਲਤਾਂ ਵੀ ਤੇ ਵੇਲੇ ਦੀ ਮਾਰ ਖਾਧੀਆਂ ਵਸਤਾਂ ਵੀ। ਘਰ ਵਰਗੀ ਬਣਤਰ ਵੀ, ਤੇ ਦਫ਼ਤਰ ਵਰਗਾ



*ਉੱਘੇ ਚਿੱਤਰਕਾਰ ਪ੍ਰਾਣ ਨਾਥ ਮਾਗੋ ਦਾ ਸੰਤਾਲੀ ਦੇ ਸੰਤਾਪ ਬਾਰੇ ਬਣਾਇਆ ਚਿੱਤਰ 'ਮੌਰਨਰਜ਼' (ਮਾਤਮ ਕਰਨ ਵਾਲੇ)।*

ਮਾਹੌਲ ਵੀ।

ਹੌਲੀ ਹੌਲੀ ਹੋਰ ਲੋਕ ਵੀ ਆਣੇ ਸ਼ੁਰੂ ਹੋ ਜਾਂਦੇ ਹਨ ; ਬੀਬੀਆਂ ਵੀ, ਬੀਬੇ ਵੀ। ਕੁਲ ਮਿਲਾ ਕੇ ਜਣੇ ਤਾਂ ਦਸ ਕੁ ਹੋਵਾਂਗੇ, ਪਰ ਪੀੜ੍ਹੀਆਂ ਦੀ ਨੁਮਾਇੰਦਗੀ ਵੀਹਵਿਆਂ ਦੇ ਸ਼ੁਰੂ ਤੋਂ ਲੈ ਕੇ ਸੱਠਵਿਆਂ ਦੇ ਅੰਤ ਤਕ ਫੈਲੀ ਹੋਈ ਹੈ। ਕੁਝਨਾ ਨੂੰ ਮੈਂ ਪਹਿਲਾਂ ਵੀ ਮਿਲ ਚੁੱਕਾ ਹਾਂ, ਪਰ ਕੁਝ ਚਿਹਰੇ ਅਸਲੋਂ ਨਵੇਂ ਹਨ।

ਸ਼ੁਰੂਆਤੀ ਚਾਹ ਦੀਆਂ ਚੁਸਕੀਆਂ ਲੈਂਦਿਆਂ ਮੈਂ ਦੱਸਦਾ ਹਾਂ, "ਅੱਜ ਤੁਹਾਡੀ ਏਸ ਬੈਠਕ ਵਿਚ ਪੜ੍ਹਣ ਲਈ ਮੈਂ ਦੋ ਰਚਨਾਵਾਂ ਚੁਣੀਆਂ ਹਨ। ਇਕ ਮੈਂ ਹਿੰਦੀ ਤੋਂ ਅਨੁਵਾਦ ਕੀਤੀ ਹੈ, ਪਰ ਉਸ ਦੀ ਰਹਿਤਲ ਤੇ ਮੂਲ ਮੁਹਾਂਦਰਾ ਪੰਜਾਬੀ ਹਨ। ਇਹ ਸਾਡੀ ਉਸ ਜ਼ਬਾਨ ਵਿਚ ਲਿਖੀ ਤੇ ਅਨੁਵਾਦ ਹੋਈ ਹੈ, ਜੋ ਅਜੇ ਵੀ ਸਾਡੀ ਸਭਨਾਂ ਦੀ ਸਾਂਝੀ ਹੈ। ਇਸ ਵਿਚ ਸ਼ਾਇਦ ਹੀ ਕੋਈ ਲਫ਼ਜ਼ ਤੁਹਾਨੂੰ ਓਪਰਾ ਜਾਪੇ। ਦੂਜੀ ਰਚਨਾ ਮੇਰੀ ਆਪਣੀ ਹੈ, ਮੇਰੀ ਹਾਲੀਆ ਯੂ.ਕੇ. ਫੇਰੀ ਤੋਂ ਮਗਰੋਂ ਲਿਖੀ, ਤੇ ਵੇਲਸ਼ ਮੂਲ ਦੇ ਕਵੀ ਡਿਲਨ ਟੌਮਸ ਨਾਲ ਜੁੜੀ ਹੋਈ। ਇਸ ਵਿਚ ਕਈ ਸ਼ਬਦ ਤੁਹਾਨੂੰ ਅਜਨਬੀ ਭਾਸਣਗੇ। ਜ਼ਬਾਨ ਬਦਲ ਰਹੀ ਹੈ, ਅਜੋਕੀ ਜ਼ਿੰਦਗੀ ਅਤੇ ਉਸ ਨਾਲ ਜੁੜੇ ਵਰਤਾਰਿਆਂ ਨੂੰ ਬਿਆਨਣ ਲਈ ਨਵੇਂ ਸ਼ਬਦ ਵਰਤੋਂ ਵਿਚ ਆ ਰਹੇ ਹਨ, ਕੁਝ ਸਾਨੂੰ ਘੜਨੇ ਵੀ ਪੈਂਦੇ ਹਨ। ਅਸੀਂ ਬਹੁਤੀ ਵਾਰ ਸੰਸਕ੍ਰਿਤ 'ਤੇ ਟੇਕ ਰੱਖਦੇ ਹਾਂ, ਤੁਸੀਂ ਅਰਬੀ-ਫ਼ਾਰਸੀ ਦਾ ਸਹਾਰਾ ਲੈਂਦੇ ਹੋ। ਇਸਲਈ ਦੁਹਾਂ ਪਾਸਿਆਂ ਦੀ ਜਦੀਦ, ਜਾਂ ਆਧੁਨਿਕ ਜ਼ਬਾਨ ਵਿਚ ਪਾੜ ਪੈ ਰਿਹਾ ਹੈ, ਵਖਰੇਵਾਂ ਵਧ ਰਿਹਾ ਹੈ। ਇਸ ਬਾਰੇ ਵੀ ਗੱਲ ਕਰਾਂਗੇ। ਵੈਸੇ ਸੰਦਰਭ ਤੋਂ ਤੁਹਾਨੂੰ ਸਮਝਣ ਵਿਚ ਕੋਈ ਔਖ ਨਹੀਂ ਹੋਣ ਲੱਗੀ, ਪਰ ਜੇ ਕੋਈ ਲਫ਼ਜ਼ ਬਹੁਤਾ ਹੀ ਓਪਰਾ ਜਾਪਿਆ ਤਾਂ ਮੈਨੂੰ ਭਾਵੇਂ ਵਿੱਚੋਂ ਟੋਕ ਕੇ ਪੁੱਛ ਲੈਣਾ।"

ਇਕ ਚਕਵਾਂ ਮਾਈਕ੍ਰੋਫ਼ੋਨ ਫੜਾ ਕੇ ਮੈਨੂੰ ਪਹਿਲੀ ਰਚਨਾ ਪੜ੍ਹਨ ਲਈ ਕਿਹਾ ਜਾਂਦਾ ਹੈ। ਇਕ ਹੱਥ ਵਿਚ ਮਾਈਕ੍ਰੋਫ਼ੋਨ ਤੇ ਦੂਜੇ ਵਿਚ ਪੈਡ ਫੜ ਕਰ ਕੇ ਪੜ੍ਹਨਾ ਮੈਨੂੰ ਸੂਤ ਨਹੀਂ ਬੈਠ ਰਿਹਾ। ਮੇਰੀ ਬੇਆਰਾਮੀ ਨੂੰ ਭਾਂਪਦਿਆਂ ਕੋਲ ਬੈਠੀ ਸੁਆਣੀ, ਮੁਨੱਜ਼ਾ ਜਾਵੇਦ ਆਖਦੀ ਹੈ, "ਮਾਈਕ੍ਰੋਫ਼ੋਨ ਮੈਂ ਫੜ ਲੈਂਦੀ ਹਾਂ, ਤੁਸੀ ਆਰਾਮ ਨਾਲ ਪੜ੍ਹੀ ਜਾਵੋ।" ਉਸ ਦੀ ਇਸ ਮਿਹਰਬਾਨ ਪੇਸ਼ਕਸ਼ ਨੂੰ ਬੋਚਦਿਆਂ ਮੈਂ ਮਾਈਕ੍ਰੋਫ਼ੋਨ ਉਸ ਦੇ ਹੱਥ ਦੇ ਕੇ, ਸਹਿਜ ਹੋ ਕੇ ਪੜ੍ਹਨਾ ਸ਼ੁਰੂ ਕਰ ਦੇਂਦਾ ਹਾਂ। ਲੇਖ ਬਹੁਤਾ ਲੰਮਾ ਨਹੀਂ ਅਤੇ 'ਸਮਾਰਕ' ਤੇ 'ਅਦਭੁਤ' ਵਰਗੇ ਇੱਕਾ-ਦੁੱਕਾ ਸ਼ਬਦਾਂ ਨੂੰ ਛੱਡ ਕੇ ਮੇਰੇ ਅੱਜ ਦੇ ਸਰੋਤਿਆਂ ਲਈ ਮੇਰੀ ਸ਼ਬਦਾਵਲੀ ਕੋਈ ਬਹੁਤੀ ਓਪਰੀ ਵੀ ਨਹੀਂ। ਪੜ੍ਹਤ ਛੇਤੀ ਹੀ ਨਿੱਬੜ ਜਾਂਦੀ ਹੈ।

ਹੁਣ ਮੈਂ ਕ੍ਰਿਸ਼ਨਾ ਸੋਬਤੀ ਦੀ ਮਸ਼ਹੂਰ ਕਹਾਣੀ 'ਸਿੱਕਾ ਬਦਲ ਗਿਆ' ਦਾ ਆਪੂੰ ਕੀਤਾ ਪੰਜਾਬੀ ਰੂਪ ਪੜ੍ਹਨਾ ਹੈ। ਇਸ ਨੂੰ ਪੜ੍ਹਨ ਤੋਂ ਪਹਿਲਾਂ ਮੈਂ ਇਕ ਹੋਰ ਗੱਲ ਆਪਣੇ ਸੁਣਨ ਵਾਲਿਆਂ ਨੂੰ ਦੱਸ ਦੇਣੀ ਜ਼ਰੂਰੀ ਸਮਝਦਾ ਹਾਂ, "ਇਹ ਬੜੀ ਜਜ਼ਬਾਤੀ ਕਹਾਣੀ ਹੈ, ਇਸ ਨੂੰ ਤਰਜਮਾਉਣ ਸਮੇਂ ਵੀ ਮੇਰਾ ਮਨ ਕਈ ਵਾਰ ਭਰ ਆਇਆ ਸੀ। ਹੋ ਸਕਦਾ ਹੈ, ਪੜ੍ਹਦਿਆਂ ਗੱਚ ਹੀ ਭਰ ਆਵੇ, ਉਸ ਲਈ ਪਹਿਲੋਂ ਹੀ ਖਿਮਾ ਮੰਗਦਾ ਹਾਂ।"

ਦਰਅਸਲ, ਪਿਛਲੇ ਕੁਝ ਸਮੇਂ ਤੋਂ ਮੈਂ ਨੋਟ ਕੀਤਾ ਹੈ ਕਿ ਕਿਸੇ ਵੀ ਕਿਸਮ ਦੀ ਜਜ਼ਬਾਤੀ ਲਿਖਤ, ਭਾਵੇਂ ਮੇਰਾ ਆਪਣਾ ਲਿਖਿਆ ਹੋਵੇ ਤੇ ਭਾਵੇਂ ਕਿਸੇ ਹੋਰ ਦਾ, ਪੜ੍ਹ ਕੇ ਸੁਣਾਂਦਿਆਂ ਮੈਂ ਭਾਵੁਕ ਹੋ ਜਾਂਦਾ ਹਾਂ ਅਤੇ ਮੇਰੀ ਆਵਾਜ਼ ਰੋਣਹਾਕੀ ਹੋ ਜਾਂਦੀ ਹੈ। ਮੈਂ ਆਪੇ ਉੱਤੇ ਜ਼ਾਬਤਾ ਗੁਆ ਬਹਿੰਦਾ ਹਾਂ, ਤੇ ਇਸ ਕਾਰਨ ਪਸ਼ੇਮਾਨ ਵੀ ਹੁੰਦਾ ਹਾਂ। ਇਹੋ ਆਦਤ ਮੇਰੇ ਪਿਤਾ ਵਿਚ ਵੀ ਹੁੰਦੀ ਸੀ ਜਿਸ ਕਾਰਣ ਜਨਤਕ ਤੌਰ ਤੇ ਉਨ੍ਹਾਂ ਨੂੰ ਫਿਸਦਿਆਂ ਦੇਖ ਕੇ ਮੈਂ ਸ਼ਰਮਸਾਰ ਵੀ ਹੁੰਦਾ ਸਾਂ, ਉਨ੍ਹਾਂ ਉੱਤੇ ਖਿਝਦਾ ਵੀ ਸਾਂ, "ਤੁਸੀ ਆਪਣੇ ਆਪ ਤੇ ਕੰਟ੍ਰੋਲ ਨਹੀਂ ਕਰ ਸਕਦੇ ? ਲੋਕੀਂ ਸੋਚਦੇ ਹੋਣਗੇ, ਐਵੇਂ ਖੇਖਣ ਕਰੀ ਜਾਂਦੈ।"

ਹੁਣ, ਓਸ ਉਮਰ ਵਿਚ ਆ ਕੇ ਜਦੋਂ ਪੁੱਤਰ ਪਿਓਆਂ ਵਰਗੇ ਹੋ ਜਾਂਦੇ ਹਨ, ਤੇ ਧੀਆਂ ਆਪਣੀਆਂ ਮਾਂਵਾਂ ਵਰਗੀਆਂ, ਮੈਂ ਵੀ ਉਹ ਸਭ ਗੱਲਾਂ ਸੋਖ ਲਈਆਂ ਹਨ, ਜੋ ਕਦੇ ਮੈਨੂੰ ਆਪਣੇ ਬਾਪ ਵਿਚ ਮਾੜੀਆਂ ਲਗਦੀਆਂ ਹੁੰਦੀਆਂ ਸਨ। ਏਸੇ ਲਈ ਮੈਂ ਸੋਚਿਆ ਕਿ ਕਿਸੇ ਸੰਭਾਵਤ ਨਮੋਸ਼ੀ ਤੋਂ ਬਚਣ ਲਈ ਮੈਂ ਸਾਹਮਣੇ ਬੈਠੇ ਦੋਸਤਾਂ ਨੂੰ ਪਹਿਲੋਂ ਹੀ ਆਪਣੀ ਇਸ ਕਮਜ਼ੋਰੀ ਬਾਰੇ ਦੱਸ ਛੱਡਾਂ।

"ਕੋਈ ਗੱਲ ਨਹੀਂ, ਤੁਸੀਂ ਪੜ੍ਹੋ ਕਹਾਣੀ", ਮਕਸੂਦ ਸਾਕਿਬ ਨੇ ਕਿਹਾ।

'ਸਿੱਕਾ ਬਦਲ ਗਿਆ' ਸਿਰਫ਼ ਇਕ ਦਿਨ ਦੀ ਕਹਾਣੀ ਹੈ। ਪਾਕਿਸਤਾਨ ਬਣ ਰਿਹਾ ਹੈ, ਤੇ ਲਹਿੰਦੇ ਪੰਜਾਬ ਦੇ ਆਪਣੇ ਪਿੰਡ ਵਿਚ ਸ਼ਾਹਣੀ ਦਾ ਆਖ਼ਰੀ ਦਿਨ ਹੈ, ਸ਼ਾਮ ਤਕ ਉਸ ਨੇ ਬੇਵਤਨ ਹੋ ਜਾਣਾ ਹੈ ਤੇ ਫੇਰ ਏਸ ਭੋਇੰ 'ਤੇ ਕਦੇ ਨਹੀਂ ਮੁੜ ਸਕਣਾ।

ਪਰ ਕੀ ਭੋਇੰ ਸਿਰਫ਼ ਜ਼ਮੀਨ ਦਾ ਛੋਟਾ ਜਾਂ ਵੱਡਾ ਟੋਟਾ ਹੀ ਹੁੰਦੀ ਹੈ? ਇਸ ਨਾਲ ਤਾਂ ਆਪਣੀਆਂ ਹੀ ਨਹੀਂ ਸਗੋਂ ਪੁਰਖਿਆਂ ਦੀਆਂ ਯਾਦਾਂ ਵੀ ਜੁੜੀਆਂ ਹੁੰਦੀਆਂ ਹਨ, ਇਸ ਦੀਆਂ ਧੂੜਾਂ ਦੇ ਵਾ-ਵਰੋਲਿਆਂ ਵਿਚ ਹਾਣੀਆਂ ਨਾਲ ਖੇਡੀਆਂ ਖੇਡਾਂ, ਮਾਪਿਆਂ ਨਾਲ ਹੋਏ ਰੋਸੇ-ਮਨੇਵਿਆਂ, ਜਵਾਨੀ ਵੇਲੇ ਦੀਆਂ ਮਦਮਸਤੀਆਂ ਤੇ ਰੁਸਵਾਈਆਂ ਦੇ ਚੇਤੇ ਵੀ ਉੱਡਦੇ ਫਿਰਦੇ ਹਨ। ਆਪਣੀ ਮਿੱਟੀ ਤੋਂ ਹਮੇਸ਼ਾ ਲਈ ਜੁਦਾ ਹੋਣਾ ਇੰਜ ਹੀ ਹੈ ਜਿਵੇਂ ਤੁਹਾਡੇ ਕਲਬੂਤ ਤੋਂ ਚਮੜੀ ਉਧੇੜ ਦਿੱਤੀ ਜਾਵੇ, ਤੇ ਸਾਰੀਆਂ ਨਾੜਾਂ ਤੇ ਪਸਲੀਆਂ ਨੰਗੀਆਂ ਹੋ ਜਾਣ। ਜੁੱਸੇ ਵਿਚ ਲਹੂ ਵਗਦਾ ਵੀ ਰਹੇ, ਤੇ ਨਾਲ ਹੀ ਕਿਧਰੇ ਸਿੰਮਦਾ ਵੀ ਰਹੇ; ਕਦੇ ਨਾ ਭਰਨ ਵਾਲਾ ਜ਼ਖ਼ਮ, ਲਗਾਤਾਰ ਰਿਸਦਾ ਰਹਿਣ ਵਾਲਾ ਫੱਟ। ਕ੍ਰਿਸ਼ਨਾ ਸੋਬਤੀ ਦੀ ਇਸ ਨਿੱਕੀ ਜਿਹੀ ਕਹਾਣੀ ਦੀ ਖ਼ੂਬਸੂਰਤੀ ਇਹ ਹੈ ਆਪਣੀ ਜ਼ਮੀਨ ਤੋਂ ਉਚੇੜੀ ਜਾਣ ਵਾਲੀ ਸ਼ਾਹਣੀ ਦੀ ਪੀੜ, ਤੇ ਉਨ੍ਹਾਂ ਹਲਕਾਏ ਸਮਿਆਂ ਵਿਚ ਤਾਰੀ ਹੋਈ ਵਕਤੀ ਵਹਿਸ਼ਤ ਨੂੰ ਉਸਨੇ ਇਸ ਵਿਚ ਬੜੇ ਸਧੇ ਹੱਥੀਂ ਉਭਾਰਿਆ ਹੈ।

ਮੈਨੂੰ ਪਤਾ ਸੀ ਇਹੋ ਜਿਹੀ ਕਹਾਣੀ ਪੜ੍ਹ ਕੇ ਸੁਣਾਂਦਿਆਂ ਮੇਰਾ ਗੱਚ ਜ਼ਰੂਰ ਭਰ ਆਉਣਾ ਹੈ। ਉਹ ਵੀ ਪੰਜਾਬ ਦੇ ਉਸ ਸ਼ਹਿਰ ਵਿਚ ਬੈਠ ਕੇ ਪੜ੍ਹਦਿਆਂ ਹੋਏ, ਜਿੱਥੇ ਮੇਰੇ ਮਾਪਿਆਂ ਨੇ ਆਪੋ ਆਪਣੇ ਕਾਲਜਾਂ ਵਿਚ ਤਾਲੀਮ ਹਾਸਲ ਕੀਤੀ ਸੀ, ਜਿੱਥੇ ਉਨ੍ਹਾਂ ਦੀ ਮੁਹੱਬਤ ਦਾ ਮੁੱਢ ਬੱਝਿਆ ਸੀ, ਜਿੱਥੇ ਰਾਵੀ ਦੇ ਕੰਢੇ ਸੈਰਾਂ ਕਰਦਿਆਂ, ਇਕ ਦੂਜੇ ਦੇ ਹੱਥਾਂ ਵਿਚ ਹੱਥ ਦੇ ਕੇ ਉਨ੍ਹਾਂ ਹਰ ਹੀਲੇ ਆਪਣੇ ਇਸ਼ਕ ਨੂੰ ਤੋੜ ਚੜ੍ਹਾਉਣ ਦੇ ਇਕਰਾਰ ਕੀਤੇ ਸਨ। ਪਰ ਜਦੋਂ ਤੀਕ ਉਹ ਆਪਣੇ ਉਸ ਆਪਸੀ ਕੌਲ ਨੂੰ ਪੂਰਾ ਕਰਨ ਲਈ ਵਿਆਹ ਦੀ ਪੀਡੀ ਗੰਢ ਵਿਚ ਬੱਝੇ, ਮੁਲਕ ਤਕਸੀਮ ਹੋ ਚੁੱਕਾ ਸੀ। ਉਨ੍ਹਾਂ ਦੇ ਪਿਆਰ ਦੀਆਂ ਜਾਮਨ ਗਲੀਆਂ ਵਾਲਾ ਸ਼ਹਿਰ ਪਰਾਇਆ ਹੋ ਚੁੱਕਾ ਸੀ, ਤੇ ਓਸ ਸ਼ਹਿਰ ਨੂੰ ਇਕ ਵਾਰ ਮੁੜ ਦੇਖਣ, ਉਨ੍ਹਾਂ ਗਲੀਆਂ ਨੂੰ ਇਕ ਵਾਰ ਫੇਰ ਕੱਛਣ ਦੀ ਉਨ੍ਹਾਂ ਦੀ ਸੱਧਰ ਕਦੇ ਪੂਰੀ ਨਾ ਹੋ ਸਕੀ। ਮੈਂ ਖ਼ੁਸ਼ਕਿਸਮਤ ਹਾਂ ਕਿ ਘੱਟੋ-ਘੱਟ ਮੈਂ ਇਕ ਨਹੀਂ ਕਈ ਵਾਰ ਉਨ੍ਹਾਂ ਦੇ ਸ਼ਹਿਰ ਆ ਸਕਿਆ ਹਾਂ। ਪਰ ਹਰ ਵਾਰ ਸਰਹੱਦ ਪਾਰ ਕਰਨ ਲਈ ਮੈਨੂੰ ਕਿਹੜੇ ਕਿਹੜੇ ਜ਼ੱਫ਼ਰ ਜਾਲਣੇ ਪੈਂਦੇ ਹਨ, ਉਹ ਮੈਂ ਹੀ ਜਾਣਦਾ ਹਾਂ। ਏਸੇ ਲਈ ਲਾਹੌਰ ਆ ਕੇ ਮੈਨੂੰ ਹਮੇਸ਼ਾ ਲਗਦਾ ਹੈ, ਮੇਰੇ ਮਾਪੇ ਮੇਰੇ ਨਾਲ ਟੁਰੇ ਹੋਏ ਹਨ, ਮੈਂ ਸ਼ਹਿਰ ਨੂੰ ਉਨ੍ਹਾਂ ਦੀਆਂ ਅੱਖਾਂ ਨਾਲ ਤੱਕ ਰਿਹਾ ਹਾਂ। ਤੇ ਇਹ ਸ਼ਹਿਰ ਮੇਰਾ ਵੀ ਹੈ।

ਜਿਵੇਂ ਕਿ ਮੈਨੂੰ ਤੌਖ਼ਲਾ ਸੀ ਹੀ, ਕਹਾਣੀ ਪੜ੍ਹਦਿਆਂ ਮੇਰਾ ਗੱਚ ਭਰ ਜਾਂਦਾ ਹੈ। ਮੈਂ ਸਾਹਮਣੇ ਪਏ ਪਾਣੀ ਦੇ ਗਲਾਸ ਵਿਚੋਂ ਦੋ ਘੁੱਟ ਭਰ ਕੇ, ਸ਼ਰਮਿੰਦਾ ਜਿਹੀ ਮੁਆਫ਼ੀ ਮੁੜ ਮੰਗਦਾ ਤੇ ਆਪਣੀ ਆਵਾਜ਼ ਨੂੰ ਸਾਂਵਾਂ ਰੱਖਣ ਦਾ ਜਤਨ ਕਰਦਿਆਂ ਕਹਾਣੀ ਦੀ ਪੜ੍ਹਤ ਜਾਰੀ ਰੱਖਣ ਦਾ ਆਹਰ ਕਰਦਾ ਹਾਂ। ਪਰ ਅੱਜ ਜਿਵੇਂ ਮੇਰੇ ਹੱਥ ਵਸ ਕੁਝ ਹੋਵੇ ਹੀ ਨਾ। ਹਰ ਤੀਜੇ ਚੌਥੇ ਫ਼ਿਕਰੇ ਮਗਰੋਂ ਮੇਰਾ ਗਲਾ ਰੁੰਨਿਆ ਜਾਂਦਾ ਹੈ, ਤੇ ਫੇਰ...ਫੇਰ ਮੈਂ ਹਟਕੋਰੇ ਭਰਨ ਲੱਗ ਪੈਂਦਾ ਹਾਂ। ਬਚਪਨ ਦੀ ਦਹਿਲੀਜ਼ ਪਾਰ ਕਰ ਲੈਣ ਪਿੱਛੋਂ ਮੈਂ ਆਪਣੇ ਆਪ ਨੂੰ ਇੰਜ ਰੋਂਦਿਆਂ ਕਦੇ ਨਹੀਂ ਦੇਖਿਆ। ਆਪਣੇ ਮਾਪਿਆਂ ਦੀਆਂ ਮੌਤਾਂ ਵੇਲੇ ਵੀ ਮੈਂ ਇੰਜ ਨਹੀਂ ਸਾਂ ਵਿਲਕਿਆ। ਪੜ੍ਹੇ-ਲਿਖੇ ਸ਼ਹਿਰੀਆਂ ਵਾਂਗ ਮੈਂ ਲੋਕਾਂ ਸਾਹਮਣੇ ਹੰਝੂ ਨਾ ਕੇਰਨ, ਆਪਣੇ ਜਜ਼ਬਾਤ ਉੱਤੇ ਕਾਬੂ ਪਾ ਕੇ ਰੱਖਣ ਦਾ ਵਲ ਚਿਰੋਕਣਾ ਸਿੱਖ ਲਿਆ ਹੋਇਆ ਹੈ। ਪਰ ਅੱਜ ਮੈਨੂੰ ਹੋ ਕੀ ਗਿਆ ਹੈ। ਇਕ ਹੱਥ ਵਿਚ ਮਾਈਕ੍ਰੋਫ਼ੋਨ ਫੜੀ ਮੁਨੱਜ਼ਾ ਜਾਵੇਦ ਆਪਣੇ ਦੂਜੇ ਹੱਥ ਨਾਲ ਮੇਰੀ ਪਿੱਠ ਪਲੋਸ ਰਹੀ ਹੈ, ਸਾਹਮਣੇ ਬੈਠਾ ਅਬਦੁਲ ਰਹਿਮਾਨ ਵੀ ਫਫਕਣ ਲੱਗ ਪਿਆ ਹੈ। ਇਕ ਅਦਬੀ ਮਹਿਫ਼ਲ ਜਿਵੇਂ ਮਕਾਣ ਵਿਚ ਤਬਦੀਲ ਹੋ ਗਈ ਹੋਵੇ। ਨਾ ਮੈਨੂੰ ਸਮਝ ਆ ਰਹੀ ਹੈ ਕਿ ਇਸ ਬੇਵਕਤੇ ਜਜ਼ਬਾਤੀ ਹੜ੍ਹ ਨੂੰ ਮੈਂ ਕਿਵੇਂ ਠੱਲ੍ਹਾਂ, ਨਾ ਉਨ੍ਹਾਂ ਨੂੰ ਪਤਾ ਲੱਗ ਰਿਹਾ ਹੈ ਕਿ ਮੈਨੂੰ ਕਿਵੇਂ ਵਰਚਾਉਣ, ਦਿਲਾਸਾ ਕਿਵੇਂ ਦੇਣ।

ਮਕਸੂਦ ਸਾਕਿਬ ਦੇ ਸੱਜੇ ਹੱਥ ਬੈਠਾ, ਹਾਲੇ ਤੀਕ ਚੁੱਪ ਚੁਪੀਤਾ ਬੈਠਾ ਰਿਹਾ, ਮੇਰੇ ਤੋਂ ਕੁਝ ਵਰ੍ਹੇ ਛੋਟਾ ਜਾਪਦਾ ਸੱਜਣ ਆਪਣੇ ਮਾਪਿਆਂ ਦੀ ਕਹਾਣੀ ਸੁਣਾਂਦਾ ਹੈ, ਜੋ ਰੌਲਿਆਂ ਵੇਲੇ ਸਭ ਕੁਝ ਗੁਆ ਕੇ ਫ਼ਿਰੋਜ਼ਪੁਰ ਤੋਂ ਆਏ ਸਨ ਤੇ ਮੁੜ ਕਦੇ ਵਾਪਸ ਨਾ ਜਾ ਸਕੇ। ਅਜੇ ਵੀਹਵਿਆਂ ਦੀ ਕੂਲੀ ਉਮਰ ਹੰਢਾ ਰਿਹਾ ਅਬਦੁਲ ਰਹਿਮਾਨ ਆਪਣੇ ਦਾਦੇ ਦਾਦੀ ਦਾ ਜ਼ਿਕਰ ਕਰਦਾ ਹੈ, ਜਿਨ੍ਹਾਂ ਨੂੰ ਉਨ੍ਹਾਂ ਕਹਿਰੀ ਸਮਿਆਂ ਵਿਚ ਜ਼ੀਰਾ ਤਹਿਸੀਲ ਵਿਚ ਪੈਂਦੇ ਪਿੰਡਾਂ ਤੋਂ ਭੱਜਣਾ ਪਿਆ ਸੀ ਤੇ ਉਹ ਵੀ ਆਪਣੇ ਪਿੰਡਾਂ ਨੂੰ ਮੁੜ ਦੇਖ ਸਕਣ ਦੀ ਸਹਿਕ ਦਿਲ ਵਿਚ ਲੈ ਕੇ ਹੀ ਫ਼ੌਤ ਹੋ ਗਏ।

ਇਸ ਕਮਰੇ ਵਿਚ ਬੈਠੇ ਅਸੀਂ ਸਾਰੇ ਜਣੇ ਹੀ ਵੰਡ ਤੋਂ ਬਾਅਦ ਦੀ ਪੈਦਾਇਸ਼ ਹਾਂ ਪਰ ਕ੍ਰਿਸ਼ਨਾ ਸੋਬਤੀ ਦੀ ਸ਼ਾਹਣੀ ਦੇ ਖ਼ਿਆਲੀ ਕਿਰਦਾਰ ਦੇ ਦਰਦ ਦੀ ਚੀਸ ਅਸੀਂ ਤਕਸੀਮ ਦੀ ਪੌਣੀ ਸਦੀ ਬਾਅਦ ਵੀ ਮਹਿਸੂਸ ਕਰ ਰਹੇ ਹਾਂ, ਉਹ ਪੀੜ ਜੋ ਸਾਡੇ ਤੀਕ ਸਾਡੇ ਮਾਪਿਆਂ ਦਾ ਪੁਰਖਿਆਂ ਦੇ ਭੋਗੇ ਸੰਤਾਪ ਰਾਹੀਂ ਪੁੱਜੀ ਹੈ, ਉਸਦੀਆਂ ਤ੍ਰਾਟਾਂ ਅੱਜ ਵੀ ਸਾਨੂੰ ਪੈਣ ਲੱਗ ਪੈਂਦੀਆਂ ਹਨ। ਜਿਵੇਂ ਸ਼ਾਹਣੀ ਦੇ ਮਾਤਮ 'ਤੇ ਆਏ ਹੋਏ ਅਸੀਂ ਸਾਰੇ ਆਪੋ-ਆਪਣੇ ਮਾਪਿਆਂ ਨੂੰ ਰੋ ਰਹੇ ਹੋਈਏ। ਇਕ ਅਜਿਹਾ ਸਾਂਝਾ ਸੱਥਰ ਜੋ ਹਰ ਜਣੇ ਅੰਦਰ ਦੱਬੇ ਆਪੋ-ਆਪਣੇ ਦੁਖ ਨੂੰ ਸਾਂਝੇ ਤੌਰ 'ਤੇ ਸਿਸਕ ਲੈਣ ਦਾ ਮੌਕਾ ਦੇ ਰਿਹਾ ਹੈ।

"75 ਸਾਲ ਲੰਘ ਗਏ ਨੇ ਪਰ ਇਹ ਪੀੜ ਜਾਂਦੀ ਕਿਓਂ ਨਹੀਂ ? ਸਾਨੂੰ ਅਜੇ ਵੀ ਤੰਗ ਕਿਓਂ ਕਰਦੀ ਹੈ ? ਇਹ ਮੁੱਕੇਗੀ ਕਦੋਂ?" ਆਪਦੇ ਭੁਸਕਣ 'ਤੇ ਕਾਬੂ ਪਾ ਚੁੱਕਾ ਅਬਦੁਲ ਰਹਿਮਾਨ ਸਵਾਲ ਕਰਦਾ ਹੈ। ਉਹ ਖ਼ਾਸ ਮੇਰੇ ਵੱਲ ਮੁਖ਼ਾਤਬ ਨਹੀਂ, ਉਸ ਦਾ ਸਵਾਲ ਸਾਰਿਆਂ ਨੂੰ ਹੈ ਪਰ ਏਸਦਾ ਜਵਾਬ ਹੈ ਮੇਰੇ ਕੋਲ।

"ਇਹ ਪੀੜ ਓਦੋਂ ਹੀ ਮੁੱਕੇਗੀ, ਜਦੋਂ ਅਸੀਂ ਸੌਖਿਆਂ ਹੀ ਇਕ ਦੂਜੇ ਦੇ ਘਰ ਆ ਜਾ ਸਕਾਂਗੇ। ਜਦੋਂ ਪੁਰਖਿਆਂ ਦੀ ਛੱਡੀ ਧਰਤ ਨੂੰ ਸਲਾਮ ਕਰਨ ਜਾ ਸਕਣਾ ਔਖਾ ਨਹੀਂ ਰਹੇਗਾ। ਓਦੋਂ ਹੀ ਸਾਡੀ ਸਿੱਕ ਨੂੰ ਠੰਡ ਪੈ ਸਕੇਗੀ। ਓਦੋਂ ਹੀ ਅਸੀਂ 'ਨਾਰਮਲ' ਹੋ ਸਕਾਂਗੇ।"

ਕਿੰਨਾ ਸੌਖਾ ਹੱਲ ਹੈ ਪਰ ਇਸ ਨੂੰ ਅਮਲੀ ਜਾਮਾ ਪੁਆ ਸਕਣਾ ਕੇਡਾ ਔਖਾ। 75 ਸਾਲ ਲੰਘ ਗਏ ਨੇ ਏਸੇ ਉਡੀਕ ਵਿਚ।

# ਸੰਸਾਰ ਦੇ ਵੱਖ-ਵੱਖ ਮੁਲਕਾਂ ਵਿਚ ਕਿਸਾਨਾਂ ਦੇ ਮਸਲੇ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਪੰਜਾਬ ਵਿਚ ਪਟਿਆਲੇ ਚੋਣ ਰੈਲੀ ਨੂੰ ਸੰਬੋਧਨ ਕਰਨ ਆਏ ਤਾਂ ਉਨ੍ਹਾਂ ਨੂੰ ਕਿਸਾਨਾਂ ਅੰਦਰ ਉਬਾਲੇ ਖਾ ਰਹੇ ਰੋਸ ਦੀ ਭਿਣਕ ਪੈ ਗਈ ਹੋਵੇਗੀ। ਕਿਸਾਨਾਂ ਨੂੰ ਰੈਲੀ ਵਾਲੀ ਜਗ੍ਹਾ ਤੋਂ ਦੂਰ ਰੱਖਣ ਲਈ ਹਜ਼ਾਰਾਂ ਦੀ ਤਾਦਾਦ ਵਿਚ ਸੁਰੱਖਿਆ ਬਲ ਤਾਇਨਾਤ ਕਰ ਕੇ ਸ਼ਹਿਰ ਨੂੰ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ; ਇਸ ਦੇ ਬਾਵਜੂਦ ਕਾਲੇ ਝੰਡੇ ਲੈ ਕੇ ਸੰਘਰਸ਼ਸ਼ੀਲ ਕਿਸਾਨਾਂ ਨੇ ਸ਼ਹਿਰ ਦੇ ਮੁੱਖ ਲਾਂਘਿਆਂ ਦੀ ਘੇਰਾਬੰਦੀ ਕਰ ਕੇ ਅਤੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਬਾਹਰ ਧਰਨਾ ਦੇ ਕੇ ਆਪਣਾ ਰੋਸ

ਦਵਿੰਦਰ ਸ਼ਰਮਾ

ਦਰਜ ਕਰਵਾ ਦਿੱਤਾ। ਦੇਸ਼ ਦੇ ਉੱਤਰ ਪੱਛਮੀ ਖ਼ਿੱਤੇ ਦੇ ਕਾਸ਼ਤਕਾਰ ਯਕੀਨਨ ਤਾਕਤ ਬਣ ਕੇ ਉੱਭਰੇ ਹਨ। ਸਾਲ 2020-21 ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਮਿਸਾਲੀ ਅੰਦੋਲਨ ਤੋਂ ਬਾਅਦ ਕਿਸਾਨ ਲਹਿਰ ਸਾਡੇ ਅਰਥਚਾਰੇ 'ਤੇ ਵਧ ਰਹੇ ਕਾਰਪੋਰੇਟ ਅਸਰ ਦਾ ਤੋੜ ਬਣ ਕੇ ਸਾਹਮਣੇ ਆਈ ਹੈ ਤਾਂ ਕਿ ਕਿਸਾਨੀ ਦੀ ਆਰਥਿਕ ਸਥਿਰਤਾ 'ਤੇ ਇਕ ਵਾਰ ਧਿਆਨ ਕੇਂਦਰਤ ਕੀਤਾ ਜਾ ਸਕੇ।

ਬੀਤੇ ਸਮਿਆਂ ਤੋਂ ਉਲਟ ਹੁਣ ਕਿਸਾਨੀ ਮੁੱਦੇ ਕੌਮਾਂਤਰੀ ਪੱਧਰ 'ਤੇ ਛਾਏ ਹੋਏ ਹਨ। 27 ਮੈਂਬਰੀ ਯੂਰਪੀ ਸੰਘ ਦੇ 24 ਦੇਸ਼ਾਂ ਅੰਦਰ ਹਾਲ ਹੀ ਵਿਚ ਲਾਮਿਸਾਲ ਕਿਸਾਨ ਪ੍ਰਦਰਸ਼ਨ ਹੋਏ ਹਨ ਜਿਨ੍ਹਾਂ ਨੇ ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਕਿਸਾਨਾਂ ਦੀ ਗੱਲ ਸੁਣਨ ਲਈ ਮਜਬੂਰ ਕੀਤਾ ਹੈ। ਯੂਰਪੀ ਦੇਸ਼ਾਂ ਨੇ ਆਪੋ-ਆਪਣੀਆਂ ਰਾਜਧਾਨੀਆਂ ਵਿਚ ਕਿਸਾਨਾਂ ਨੂੰ ਰੋਸ ਪ੍ਰਦਰਸ਼ਨ ਕਰਨ ਦੀ ਖੁੱਲ੍ਹ ਦਿੱਤੀ ਪਰ ਭਾਰਤ ਸਰਕਾਰ ਨੇ ਆਪਣੇ ਕਿਸਾਨਾਂ ਨੂੰ ਨਵੀਂ ਦਿੱਲੀ ਪਹੁੰਚਣ ਤੋਂ ਰੋਕਣ ਵਾਸਤੇ ਮੁੱਖ ਮਾਰਗਾਂ 'ਤੇ ਕਿੱਲਾਂ ਗੱਡੇ, ਵੱਡੇ-ਵੱਡੇ ਪੱਥਰ ਰੱਖੇ ਤੇ ਤਰ੍ਹਾਂ-ਤਰ੍ਹਾਂ ਦੀਆਂ ਰੋਕਾਂ ਖੜ੍ਹੀਆਂ ਕੀਤੀਆਂ ਅਤੇ ਹਜ਼ਾਰਾਂ ਦੀ ਤਾਦਾਦ ਵਿਚ ਸੁਰੱਖਿਆ ਦਸਤੇ ਤਾਇਨਾਤ ਕੀਤੇ। ਕਿਸਾਨਾਂ ਨੂੰ ਇਕ ਗੱਲ ਸਮਝ ਪੈ ਗਈ ਕਿ ਉਨ੍ਹਾਂ ਨੂੰ ਆਪਣੀਆਂ ਮੰਗਾਂ ਉਭਾਰਨ ਲਈ ਰਾਜਧਾਨੀ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ; ਇਸ ਲਈ ਉਨ੍ਹਾਂ ਟਕਰਾਅ ਵਿਚ ਪੈਣ ਦੀ ਬਜਾਇ ਦਿੱਲੀ ਦੀਆਂ ਹੱਦਾਂ 'ਤੇ ਹੀ ਡੇਰੇ ਲਾ ਲਏ ਸਨ।

ਪਹਿਲਾਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਰਾਜਸੀ) ਦੇ 'ਦਿੱਲੀ ਚਲੋ' ਸੱਦੇ ਦੇ 100ਵੇਂ ਦਿਨ 'ਤੇ ਸ਼ੰਭੂ ਤੇ ਖਨੌਰੀ ਲਾਂਘਿਆਂ 'ਤੇ ਕਿਸਾਨਾਂ ਦੇ



ਭਾਰੀ ਇਕੱਠ ਹੋਏ। ਕਿਸਾਨਾਂ ਅੰਦਰ ਇਹ ਭਾਵਨਾ ਆਮ ਹੈ: "ਜੇ ਸਰਕਾਰ ਕਿਸਾਨਾਂ ਨੂੰ ਦਿੱਲੀ ਜਾਣ ਦੀ ਖੁੱਲ੍ਹ ਨਹੀਂ ਦਿੰਦੀ ਤਾਂ ਅਸੀਂ ਭਾਜਪਾ ਨੂੰ ਪਿੰਡਾਂ 'ਚ ਦਾਖ਼ਲ ਹੋਣ ਦੀ ਆਗਿਆ ਨਹੀਂ ਦੇਵਾਂਗੇ।" ਹਰਿਆਣਾ 'ਚ ਕਿਸਾਨਾਂ ਨੇ ਭਾਜਪਾ ਤੋਂ ਇਲਾਵਾ ਇਸ ਦੀ ਸਹਿਯੋਗੀ ਰਹੀ ਜਨਨਾਇਕ ਜਨਤਾ ਪਾਰਟੀ ਦੇ ਉਮੀਦਵਾਰਾਂ ਦਾ ਪਿੰਡਾਂ ਵਿਚ ਦਾਖ਼ਲਾ ਬੰਦ ਕਰ ਦਿੱਤਾ ਸੀ। ਕਿਸਾਨ ਆਪਣੀਆਂ ਮੰਗਾਂ ਖ਼ਾਸਕਰ ਵੱਖ-ਵੱਖ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਬਾਰੇ ਉਮੀਦਵਾਰਾਂ ਤੋਂ ਸਵਾਲ ਪੁੱਛੇ ਜਾ ਰਹੇ ਸਨ।

ਅੰਦੋਲਨਕਾਰੀ ਕਿਸਾਨਾਂ ਨੇ ਪੰਜਾਬ, ਹਰਿਆਣਾ, ਰਾਜਸਥਾਨ ਦੇ ਕੁਝ ਹਿੱਸਿਆਂ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਭਾਜਪਾ ਦੇ ਉਮੀਦਵਾਰਾਂ ਨੂੰ ਪਿੰਡਾਂ ਵਿਚ ਦਾਖ਼ਲ ਹੋ ਕੇ ਪ੍ਰਚਾਰ ਨਹੀਂ ਕਰਨ ਦਿੱਤਾ। ਜੇ ਉਹ ਪੁੱਜ ਵੀ ਗਏ ਤਾਂ ਜ਼ਬਰਦਸਤ ਵਿਰੋਧ ਕੀਤਾ ਗਿਆ। ਹਿਮਾਚਲ ਪ੍ਰਦੇਸ਼ ਵਿਚ ਵੀ ਸੇਬ ਉਤਪਾਦਕਾਂ ਨੇ ਦਰਾਮਦੀ ਮਹਿਸੂਲ ਵਿਚ ਵਾਧਾ ਕਰਨ ਦੀ ਮੰਗ ਲਈ ਰੋਸ ਮੁਜ਼ਾਹਰੇ ਕੀਤੇ। ਇਸ ਦੌਰਾਨ ਬਹੁਤ ਸਾਰੀਆਂ ਵੀਡੀਓਜ਼ ਤੋਂ ਪਤਾ ਲੱਗਦਾ ਹੈ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਭਾਜਪਾ ਉਮੀਦਵਾਰਾਂ ਨੂੰ ਵਾਪਸ ਜਾਣ ਲਈ ਕਿਵੇਂ ਮਜਬੂਰ ਕੀਤਾ।

ਕੁਝ ਸਿਆਸੀ ਆਗੂਆਂ ਤੇ ਸ਼ਹਿਰੀ ਕੁਲੀਨਾਂ ਅਤੇ ਮੀਡੀਆ ਲਈ ਕਿਸਾਨਾਂ 'ਤੇ ਗੁੱਝੇ ਸਿਆਸੀ ਮਨੋਰਥਾਂ ਤਹਿਤ ਧਰਨੇ ਮੁਜ਼ਾਹਰੇ ਕਰਨ ਦਾ ਦੋਸ਼ ਮੜ੍ਹਨਾ, ਅਪਸ਼ਬਦ ਬੋਲਣਾ ਅਤੇ ਉਨ੍ਹਾਂ ਨੂੰ ਖ਼ਾਲਿਸਤਾਨੀ ਤੇ ਦੇਸ਼ਧ੍ਰੋਹੀ ਕਹਿਣਾ ਬਹੁਤ ਅਸਾਨ ਹੈ ਪਰ ਉਨ੍ਹਾਂ ਨੂੰ ਇਸ ਗੱਲ ਦਾ ਬਿਲਕੁਲ ਅਹਿਸਾਸ ਨਹੀਂ ਕਿ ਅਜਿਹਾ ਭੰਡੀ ਪ੍ਰਚਾਰ ਕਰ ਕੇ ਉਹ ਕਿਸਾਨ ਭਾਈਚਾਰੇ ਦੀ ਹੇਠੀ ਕਰ ਰਹੇ ਹਨ। ਆਖ਼ਿਰਕਾਰ, ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਪੰਜਾਬ ਅਤੇ ਹਰਿਆਣਾ ਦੇ ਜੁਰਅਤਮੰਦ ਕਿਸਾਨ ਹੀ ਸਨ ਜਿਨ੍ਹਾਂ ਨੇ ਦੇਸ਼ ਦੀ 'ਅੰਨ ਮੁਥਾਜੀ' ਖ਼ਤਮ ਕੀਤੀ ਸੀ। ਕੋਈ ਸ਼ੁਕਰਗੁਜ਼ਾਰ ਕੌਮ ਆਪਣੇ ਕਿਸਾਨਾਂ ਨੂੰ ਆਰਥਿਕ ਬੋਝ ਸਮਝਣ ਦੀ ਭੁੱਲ ਨਹੀਂ ਕਰ ਸਕਦੀ। ਅਜੇ ਵੀ ਜਦੋਂ ਕਦੇ ਮੌਸਮੀ ਗੜਬੜ ਕਰ ਕੇ ਅਨਾਜ ਦੀ ਪੈਦਾਵਾਰ ਵਿਚ ਥੁੜ ਵਾਲੀ ਹਾਲਤ ਪੈਦਾ ਹੁੰਦੀ ਹੈ ਤਾਂ ਪੂਰਾ ਦੇਸ਼ ਪੰਜਾਬ ਦੇ ਕਿਸਾਨਾਂ ਵੱਲ ਝਾਕਣ ਲੱਗ ਪੈਂਦਾ ਹੈ। ਸ਼ੁਰੂ ਤੋਂ ਹੀ ਪੰਜਾਬ ਅਤੇ ਹਰਿਆਣਾ ਵਿਚ ਕਣਕ ਅਤੇ ਝੋਨੇ ਦੀ ਸਰਕਾਰੀ ਖ਼ਰੀਦ ਵਧਾਉਣ ਦੇ ਉਪਰਾਲੇ ਕੀਤੇ ਜਾਂਦੇ ਰਹੇ ਹਨ ਜਿਸ ਕਰ ਕੇ ਇਸ ਖ਼ਿੱਤੇ ਨੂੰ ਦੇਸ਼ ਦਾ ਅੰਨ ਭੰਡਾਰ (ਫੂਡ ਬਾਊਲ) ਕਿਹਾ ਜਾਂਦਾ ਹੈ।

ਇਹ ਕਾਸ਼ਤਕਾਰ ਦੇਸ਼ 'ਚ ਖ਼ੁਰਾਕੀ ਸੁਰੱਖਿਆ ਯਕੀਨੀ ਬਣਾਉਂਦੇ ਹਨ ਜੋ ਰਾਸ਼ਟਰੀ ਪ੍ਰਭੂਸੱਤਾ ਕਾਇਮ ਰੱਖਣ ਲਈ ਜ਼ਰੂਰੀ ਹੈ। ਇਹ ਦਿਨ-ਰਾਤ ਕਰੜੀ ਮਿਹਨਤ ਕਰਦੇ ਹਨ, ਭਰਵੀਂ (ਬੰਪਰ) ਪੈਦਾਵਾਰ ਲਈ ਤਪਦੀ ਧੁੱਪ ਜਾਂ ਕਠੋਰ ਸਰਦੀ ਦਾ ਸਾਹਮਣਾ ਕਰਦੇ ਹਨ; ਇਸ ਦੇ ਬਾਵਜੂਦ ਇਨ੍ਹਾਂ ਨੂੰ ਵਾਜਿਬ ਕੀਮਤਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ।

ਕਿਸਾਨ ਕਾਨੂੰਨੀ ਤੌਰ 'ਤੇ ਬੱਝਵਾਂ ਗਾਰੰਟੀਸ਼ੁਦਾ ਭਾਅ ਚਾਹੁੰਦੇ ਹਨ। ਫਰਾਂਸ ਵਿੱਚ ਕਿਸਾਨ ਕਾਨੂੰਨ ਦੀ ਮੰਗ ਕਰ ਰਹੇ ਹਨ ਜੋ ਉਤਪਾਦਨ ਮੁੱਲ ਦੇ ਨਾਲ-ਨਾਲ ਮੁਨਾਫ਼ੇ ਅਤੇ ਸਮਾਜਿਕ ਖ਼ਰਚਿਆਂ ਦੀ ਗਾਰੰਟੀ ਦੇਵੇ। ਉੱਤਰੀ ਆਇਰਲੈਂਡ ਵਿੱਚ ਕਾਸ਼ਤਕਾਰ ਖੇਤੀਬਾੜੀ ਭਲਾਈ ਬਿੱਲ ਦੀ ਮੰਗ ਕਰ ਰਹੇ ਹਨ ਜੋ ਕਿਸਾਨਾਂ ਲਈ ਜਾਇਜ਼ ਕੀਮਤਾਂ ਦੀ ਵਿਧਾਨਕ ਸੁਰੱਖਿਆ ਯਕੀਨੀ ਬਣਾਵੇ।

ਦੂਜੇ ਸ਼ਬਦਾਂ ਵਿਚ, ਸਵਾਮੀਨਾਥਨ ਫਾਰਮੂਲੇ 'ਤੇ ਅਧਾਰਿਤ ਐੱਮਐੱਸਪੀ ਦੀ ਗਾਰੰਟੀ ਦੇ ਕਾਨੂੰਨੀ ਢਾਂਚੇ ਦੀ ਮੰਗ ਹੁਣ ਪੂਰੀ ਦੁਨੀਆ ਵਿੱਚ ਜ਼ੋਰ ਫੜ ਰਹੀ ਹੈ। ਇਹ ਦੱਸਣਾ ਕਿ ਕਿਸਾਨਾਂ ਨੂੰ ਗਾਰੰਟੀਸ਼ੁਦਾ ਕੀਮਤ ਦੇਣ ਨਾਲ ਮੰਡੀਆਂ ਅੰਦਰ ਵਿਗਾੜ ਪਵੇਗਾ, ਵੇਲਾ ਵਿਹਾਅ ਚੁੱਕੀ ਆਰਥਿਕ ਸੋਚ ਹੈ ਜਿਸ ਨੇ ਕਿਸਾਨੀ ਨੂੰ ਹੁਣ ਤੱਕ ਕੰਗਾਲ ਰੱਖਿਆ ਹੈ। ਅਸਲ ਵਿਚ ਇਹ ਕਿਸਾਨੀ ਨੂੰ ਸਦਾ ਗਰੀਬ ਰੱਖਣ ਵੱਲ ਸੇਧਤ ਹੈ।

ਮੰਡੀ ਅੰਦਰ ਵਿਗਾੜ ਪੈਣ ਦੇ ਡਰ ਨੂੰ ਕਾਰਪੋਰੇਟ ਸੰਸਾਰ ਨੇ ਸਫਲਤਾ ਨਾਲ ਲੋਕਾਂ ਦੀ ਸੋਚ ਵਿਚ ਜੜ ਦਿੱਤਾ ਹੈ। ਅਮਰੀਕਾ ਵਿੱਚ ਅਰਥ ਸ਼ਾਸਤਰੀ ਕਹਿੰਦੇ ਹਨ ਕਿ ਵਧ ਰਹੀ ਮਹਿੰਗਾਈ ਦਾ 50 ਪ੍ਰਤੀਸ਼ਤ ਕਾਰਨ ਕੰਪਨੀਆਂ ਵੱਲੋਂ ਜ਼ਿਆਦਾ ਮੁਨਾਫ਼ਾ ਕੱਢ ਕੇ ਇਸ ਨੂੰ ਅੱਗੇ ਖ਼ਪਤਕਾਰਾਂ ਨੂੰ ਪ੍ਰਚੂਨ ਕੀਮਤ ਵਜੋਂ ਦੇਣਾ ਹੈ। ਜੇ ਇਸ ਨਾਲ ਮੰਡੀ ਪ੍ਰਣਾਲੀ ਵਿਚ ਕੋਈ ਵਿਗਾੜ ਨਹੀਂ ਪਿਆ ਤਾਂ ਇਹ ਡਰ ਕਿ ਕਿਸਾਨਾਂ ਨੂੰ ਗਾਰੰਟੀਸ਼ੁਦਾ ਵੱਧ ਕੀਮਤਾਂ ਦੇਣ ਨਾਲ ਮੰਡੀਆਂ ਦਾ ਸਰੂਪ ਵਿਗੜੇਗਾ, ਦੀ ਕੋਈ ਤੁੱਕ ਨਹੀਂ ਬਣਦੀ।

ਕਿਸਾਨ ਕਾਫ਼ੀ ਜਾਗਰੂਕ ਹੋ ਚੁੱਕੇ ਹਨ, ਖ਼ਾਸ ਤੌਰ 'ਤੇ ਉੱਤਰ-ਪੱਛਮੀ ਖੇਤਰ ਵਿੱਚ, ਜਿੱਥੇ ਉਹ ਕਿਤੇ ਵੱਧ ਚੁਕੰਨੇ ਅਤੇ ਜਾਗ੍ਰਿਤ ਹਨ। ਸਾਲ ਭਰ ਚੱਲੇ ਕਿਸਾਨ ਅੰਦੋਲਨ ਵਿੱਚ ਇਹ ਮਜ਼ਬੂਤ ਤਾਕਤ ਬਣ ਕੇ ਉੱਭਰੇ ਹਨ ਜਿਸ ਨੇ ਸਰਕਾਰ ਨੂੰ ਵਿਵਾਦ ਵਾਲੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਹੁਣ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਸੰਭਵ ਨਹੀਂ ਰਿਹਾ। ਇਹ ਗੱਲ ਬਿਲਕੁਲ ਸਾਫ਼ ਹੈ। ਅਸੀਂ ਕਿਸਾਨਾਂ ਨੂੰ ਇਸ ਆਸ ਨਾਲ ਪਿੰਡਾਂ 'ਚ ਤਾੜ ਕੇ ਨਹੀਂ ਰੱਖ ਸਕਦੇ ਕਿ ਉਹ ਆਪਣੀਆਂ ਸ਼ਿਕਾਇਤਾਂ ਸਿਰਫ਼ ਬਲਾਕ ਪੱਧਰ ਉੱਤੇ ਹੀ ਚੁੱਕਣ। ਉਹ ਵੀ ਇਸ ਦੇਸ਼ ਦੇ ਨਾਗਰਿਕ ਹਨ ਅਤੇ ਆਪਣੇ ਜਮਹੂਰੀ ਹੱਕਾਂ ਦੀ ਵਰਤੋਂ ਕਰਨ ਦੌਰਾਨ ਉਨ੍ਹਾਂ ਨੂੰ ਰੋਕਿਆ ਨਹੀਂ ਜਾਣਾ ਚਾਹੀਦਾ।

# ਕੁਦਰਤ ਦੀ ਖ਼ੂਬਸੂਰਤ ਲੀਲ੍ਹਾ ਅਤੇ ਅਸੀਂ

ਇਨਸਾਨ ਦੀ ਜ਼ਿੰਦਗੀ ਵਿਚ ਸੁਖਾਵੀਆਂ ਤੇ ਦੁਖਦਾਈ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ ਪਰ ਮੇਰੀ ਜ਼ਿੰਦਗੀ ਵਿਚ ਲੰਘੀ 14 ਮਈ ਨੂੰ ਜਿਹੜੀ ਅਸਾਧਾਰਨ ਘਟਨਾ ਵਾਪਰੀ ਉਹ ਮੈਨੂੰ ਕਦੇ ਨਹੀਂ ਭੁੱਲੇਗੀ।

ਦੂਰ ਕਿਤੇ ਪਿੱਛੇ ਤੋਂ ਹਵਾ ਦੇ ਧੱਕੇ ਖਾਂਦਾ ਅੱਗ ਦਾ ਵਿਕਰਾਲ ਰਾਖਸ਼ ਇਲਾਕੇ ਦੀ ਖ਼ੂਬਸੂਰਤ

ਮਹਿੰਦਰ ਸਿੰਘ ਦੋਸਾਂਝ
ਫੋਨ: +91-94632-33991

ਲੀਲ੍ਹਾ ਨੂੰ ਭਸਮ ਕਰਦਾ ਹੋਇਆ ਮੇਰੇ ਖੇਤਾਂ ਵਿਚ ਵੀ ਆ ਵੜਿਆ ਪਰ ਜਦੋਂ ਮੈਂ ਆਪਣੇ ਖੇਤਾਂ ਵਿਚ ਆਇਆ ਤਾਂ ਅੱਗ ਅੱਗੇ ਲੰਘ ਗਈ ਸੀ ਤੇ ਮਨੁੱਖਤਾ ਦਾ ਪੇਟ ਭਰਨ ਵਾਲੀ ਧਰਤੀ ਮਾਤਾ ਮੈਨੂੰ ਗਰਮ ਕਾਲੀ ਰਾਖ ਹੇਠ ਸਿਸਕੀਆਂ ਭਰਦੀ ਮਹਿਸੂਸ ਹੋਈ।

ਜਦੋਂ ਮੈਂ ਰੀਝ ਨਾਲ ਲਾਏ ਆਪਣੇ ਖ਼ੂਬਸੂਰਤ ਬਾਗ ਵਿਚ ਪ੍ਰਵੇਸ਼ ਕੀਤਾ ਤਾਂ ਮਨ ਨੂੰ ਸਖ਼ਤ ਧੱਕਾ ਲੱਗਾ। ਬੂਟਿਆਂ ਦੀ ਸੁਰੱਖਿਆ ਲਈ ਲਾਏ ਜਾਲ ਵਿਚੋਂ ਲੰਘ ਕੇ ਅੱਗ ਨੇ ਫਲਾਂ ਨਾਲ ਲੱਦੇ ਬੂਟੇ ਭਸਮ ਕਰ ਦਿੱਤੇ ਸਨ ਜਿਨ੍ਹਾਂ ਨੂੰ ਵੇਖ ਕੇ ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ। ਨਿੰਬੂ ਜਾਤੀ, ਲੀਚੀ ਅਤੇ ਐਵਾਕਾਡੂ (ਬਟਰ ਫਰੂਟ) ਦੇ ਅਣਗਿਣਤ ਨਿੱਕੇ-ਨਿੱਕੇ ਫਲ ਰਾਖ ਵਿਚ ਬਦਲ ਗਏ ਸਨ। ਫਲਾਂ ਨੂੰ ਬਚਾਉਣ ਵਾਲੇ ਹਰੇ ਖ਼ੂਬਸੂਰਤ ਪੱਤੇ ਖ਼ੁਦ ਸੜ ਗਏ ਸਨ।

ਅੰਬਾਂ ਦੇ ਜਵਾਨੀ ਵਲ ਨੂੰ ਵਧ ਰਹੇ ਫਲ ਅਤੇ ਆੜੂ ਤੇ ਆਲੂ ਬੁਖ਼ਾਰੇ ਦੇ ਤੁੜਾਈ ਤੇ ਗਏ ਫਲ ਬੂਟਿਆਂ ਸਮੇਤ ਕੇਵਲ ਬੀਤੇ ਦੀ ਯਾਦ ਬਣ ਕੇ ਰਹਿ ਗਏ ਸਨ। ਮੇਰੇ ਇਲਾਕੇ ਵਿਚ ਅੰਬਾਂ ਦੇ ਬੂਟੇ ਕਿਤੇ ਭਾਗਾਂ ਨਾਲ ਚਲਦੇ ਹਨ। ਦੋ ਨਿੱਕੇ-ਨਿੱਕੇ ਅਲਫੈਂਸੋ ਕਿਸਮ ਦੇ ਅੰਬ ਮੇਰੇ ਬਾਗ ਵਿਚ ਚਲ ਪਏ ਸਨ ਤੇ ਮੈਂ ਰੋਜ਼ ਸਵੇਰੇ ਚਾਅ ਨਾਲ ਇਨ੍ਹਾਂ ਨੂੰ ਦੇਖਣ ਜਾਂਦਾ ਸਾਂ ਤੇ ਹੁਣ ਇਹ ਬੂਟੇ ਅੱਗ ਨੇ ਖ਼ਤਮ ਕਰ ਦਿੱਤੇ ਸਨ, ਨਵੇਂ ਲਾਏ ਪਪੀਤਿਆਂ ਦੇ ਨਿੱਕੇ-ਨਿੱਕੇ ਬੂਟਿਆਂ ਦੀ ਪੂਰੀ ਲਾਈਨ ਹਮੇਸ਼ਾ ਲਈ ਅੱਖਾਂ ਮੀਟ ਚੁੱਕੀ ਸੀ।

ਬਾਗ ਵਿਚਲੇ ਇਕ ਹੋਰ ਦੁਖਾਂਤ ਨੇ ਮੇਰਾ ਸੀਨਾ ਵਿੰਨ੍ਹ ਦਿੱਤਾ ਤੇ ਇਹ ਘਟਨਾ ਪੰਛੀਆਂ ਨਾਲ ਸਬੰਧਿਤ ਹੈ। ਅਨੇਕਾਂ ਪੰਛੀ ਮੇਰੇ ਬਾਗ ਵਿਚ ਸੁਰੱਖਿਆ ਮਹਿਸੂਸ ਕਰ ਕੇ ਅਕਸਰ ਇਥੇ ਹੀ ਆਲ੍ਹਣੇ ਬਣਾ ਕੇ ਆਪਣੇ ਆਂਡੇ ਦਿੰਦੇ ਤੇ ਬੱਚੇ ਪਾਲਦੇ ਹਨ, ਹੁਣ ਬਿਰਛਾਂ ਦੇ ਨਾਲ ਹੀ ਇਨ੍ਹਾਂ ਦੇ ਘਰ ਵੀ ਤਬਾਹ ਹੋ ਗਏ ਸਨ। ਟਟੀਰੀਆਂ ਤੇ ਤਿੱਤਰੀਆਂ ਕੇਵਲ ਧਰਤੀ ਉੱਪਰ ਹੀ ਪੱਤ-ਪਰਾਲ ਵਿਚ ਆਂਡੇ ਦੇਣ ਤੇ ਬੱਚੇ ਪਾਲਣ ਦਾ ਕੰਮ ਕਰਦੀਆਂ ਹਨ ਤੇ ਮੇਰੇ ਬਾਗ ਵਿਚ ਇੱਕ ਤਿੱਤਰੀ ਨੇ ਆਂਡੇ ਦਿੱਤੇ ਹੋਏ ਸਨ ਤੇ ਇਕ ਟਟੀਰੀ ਦੇ ਬੱਚੇ ਇੱਕ ਦਿਨ ਪਹਿਲਾਂ ਆਪਣੀਆਂ ਚੁੰਝਾਂ ਖੋਲ੍ਹ ਕੇ ਭੋਜਨ ਲਈ ਆਪਣੀ ਮਾਂ ਦੀ ਉਡੀਕ ਕਰਦੇ ਮੈਂ ਦੇਖੇ ਪਰ ਅੱਜ ਗਰਮ ਕਾਲੀ ਰਾਖ ਵਿਚ ਕਿਤੇ ਗੁਆਚ ਗਏ ਸਨ ਅਤੇ ਮੇਰੇ ਆਲੇ ਦੁਆਲੇ ਘੁੰਮਦੇ ਤੇ ਉਡਦੇ ਉਨ੍ਹਾਂ ਦੇ ਮਾਪੇ ਵਿਰਲਾਪ ਕਰ ਰਹੇ ਸਨ। ਉਨ੍ਹਾਂ ਦਾ ਰੁਦਨ ਤੇ ਵੇਦਨਾ ਸਹਿਣ ਜੋਗਾ ਮੇਰਾ ਮਨ ਨਹੀ ਸੀ। ਪੰਛੀ ਤੇ ਬਿਰਛ ਬੂਟੇ ਸਾਡੀ ਸ੍ਰਿਸ਼ਟੀ ਦਾ ਖ਼ੂਬਸੂਰਤ ਤੇ ਕਲਿਆਣਕਾਰੀ ਹਿੱਸਾ ਹਨ।

ਮਿੱਟੀ ਨੂੰ ਉਪਜਾਊ ਬਣਾਉਣ ਵਾਲੇ ਤੇ ਮਿੱਟੀ ਵਿਚ ਕੰਮ ਕਰਨ ਵਾਲੇ ਵੱਖ-ਵੱਖ ਕਿਸਮਾਂ ਦੇ ਨਿੱਕੇ-ਨਿੱਕੇ ਕੀੜੇ ਜਿਨ੍ਹਾਂ ਨੂੰ ਮੈਂ ਆਪਣੇ ਫਾਰਮ 'ਤੇ ਮਾਰੂ ਰਸਾਇਣਾਂ ਤੇ ਕੁਦਰਤੀ ਆਫਤਾਂ ਤੋਂ ਸੁਰੱਖਿਆ ਦਿੱਤੀ ਹੋਈ ਸੀ, ਅੱਜ ਧਰਤੀ ਮਾਂ ਦੀ ਸੁਖਾਵੀਂ ਗੋਦ ਵਿਚ ਸੁਆਹ ਦਾ ਢੇਰ ਬਣ ਗਏ ਸਨ।

ਅਜਿਹਾ ਵਰਤਾਰਾ ਸਮਝ ਤੋਂ ਬਾਹਰ ਹੈ ਜਦ ਫਸਲ ਕੱਟ ਕੇ ਤੇ ਨਾੜ ਦੀ ਤੂੜੀ ਬਣਾ ਕੇ ਖੇਤ ਪੱਧਰੇ ਕਰ ਲਏ ਜਾਂਦੇ ਹਨ ਤਾਂ ਫੇਰ ਕਣਕ ਦੇ ਵੱਢਾਂ ਨੂੰ ਅੱਗ ਲਾ ਕੇ ਸ੍ਰਿਸ਼ਟੀ ਦੀ ਖ਼ੂਬਸੂਰਤ ਲੀਲ੍ਹਾ ਨੂੰ ਤਬਾਹ ਕਰਨ ਦੀ ਕੀ ਲੋੜ ਹੈ? ਮੈਂ ਆਪਣੇ ਖੇਤਾਂ ਵਿਚ ਕਦੇ ਅੱਗ ਨਹੀਂ ਲਾਈ ਤੇ ਅਗਲੀ ਫ਼ਸਲ ਦੀ ਬਿਜਾਈ ਲਵਾਈ ਲਈ ਮੈਨੂੰ ਕਦੇ ਕੋਈ ਦਿੱਕਤ ਨਹੀਂ ਆਈ।

ਕੁਝ ਚਲਾਕ ਕਿਸਾਨ ਤੇਜ਼ ਚੱਲਦੀ ਹਵਾ ਵਿਚ ਨੇੜੇ ਲੱਗੇ ਬਿਜਲੀ ਦੇ ਕਿਸੇ ਖੰਭੇ ਜਾਂ ਟਰਾਂਸਫਾਰਮਰ ਕੋਲ ਤੀਲ ਲਾ ਕੇ ਅਜਿਹਾ ਅਪਰਾਧ ਬਿਜਲੀ ਵਾਲਿਆਂ ਦੇ ਸਿਰ ਮੜ੍ਹ ਦਿੰਦੇ ਹਨ ਹਾਲਾਂਕਿ ਮਈ ਦੇ ਅੱਧ ਵਿਚ ਇੱਕੋ ਸਮੇਂ ਪੰਜਾਬ ਵਿਚ ਥਾਂ ਥਾਂ ਲੱਗੀਆਂ ਅੱਗਾਂ ਸਵਾਲ ਖੜੇ ਕਰਦੀਆਂ ਹਨ। ਅਸਲ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦਾ ਸੱਚ ਅਕਸਰ ਸਾਹਮਣੇ ਆ ਜਾਂਦਾ ਹੈ ਕਿਉਂਕਿ ਮੌਸਮ ਅਨੁਕੂਲ ਨਾ ਹੋਣ ਕਰ ਕੇ ਅੱਗ ਵਿਕਰਾਲ ਰੂਪ ਨਹੀਂ ਧਾਰਦੀ ਤੇ ਕਿਸਾਨਾਂ ਨੂੰ ਖ਼ੁਦ ਤੰਗਲੀਆਂ ਨਾਲ ਪਰਾਲੀ ਚੁੱਕ-ਚੁੱਕ ਕੇ ਅੱਗ ਲਾਉਣੀ ਪੈਂਦੀ ਹੈ ਤੇ ਅੱਗ ਲਾਉਣ ਵਾਲਾ ਕਿਸਾਨ ਵੀ ਸੌਖੇ ਹੀ ਲੱਭ ਪੈਂਦਾ ਹੈ। ਕਣਕ ਦੇ ਨਾੜ ਨੂੰ ਇੱਕੋ ਕਿਸਾਨ ਪਰਦੇ ਨਾਲ ਇਕੋ ਥਾਂ ਅੱਗ ਲਾ ਕੇ ਕਈ-ਕਈ ਮੀਲਾਂ ਤੱਕ ਤਬਾਹੀ ਮਚਾ ਦਿੰਦਾ ਹੈ ਤੇ ਦੂਰ-ਦੂਰ ਤੱਕ ਪਿੰਡਾਂ ਵਿਚ ਬੈਠੇ ਬਹੁਤੇ ਤੇ ਆਮ ਕਿਸਾਨ ਏਸ ਢੰਗ ਨਾਲ ਲਾਈ ਅੱਗ ਦੀ ਉਡੀਕ ਕਰਦੇ ਰਹਿੰਦੇ ਹਨ।

ਹਾਲਾਂਕਿ ਅੱਗ ਲਾਉਣ ਵਾਲੇ ਤੇ ਅੱਗ ਦਾ ਸਵਾਗਤ ਕਰਨ ਵਾਲੇ ਕਿਸਾਨ ਇਹ ਨਹੀਂ ਜਾਣਦੇ ਕਿ ਅੱਗ ਦੀਆਂ ਲਾਟਾਂ ਤੇ ਧੂੰਏਂ ਰਾਹੀਂ ਉੱਪਰ ਚੜ੍ਹੇ ਏਅਰੋਸੋਲੋ, ਤੇਜ਼ਾਬ, ਕਾਰਬਨ ਤੇ ਹੋਰ ਮਾਰੂ ਗੈਸਾਂ ਆਸਮਾਨ ਵਿਚ ਜਾ ਕੇ ਸਦੀਆਂ ਵਾਸਤੇ ਸਥਿਰ ਹੋ ਜਾਂਦੀਆਂ ਹਨ ਤੇ ਗਰੀਨ ਹਾਊਸ ਪ੍ਰਭਾਵ ਦੀ ਤਹਿ ਨੂੰ ਖ਼ਤਰਨਾਕ ਹੱਦ ਤੱਕ ਮਜ਼ਬੂਤ ਕਰਦੀਆਂ ਹਨ। ਇਸ ਤਹਿ ਵਿਚੋਂ ਲੰਘ ਕੇ ਸੂਰਜ ਦੀਆਂ ਤੇਜ਼ ਪ੍ਰਾਬੈਂਗਣੀ ਕਿਰਨਾਂ ਧਰਤੀ 'ਤੇ ਭੰਡਾਰ ਹੋ ਕੇ ਗਰਮੀ ਵਿਚ ਬੇਤਹਾਸ਼ਾ ਵਾਧਾ ਕਰਦੀਆਂ ਹਨ। ਇਸ ਕਰ ਕੇ ਕੁਦਰਤ ਵਲੋਂ ਸਥਾਪਿਤ ਕੀਤਾ ਗਿਆ ਬਰਸਾਤਾਂ ਤੇ ਮੌਸਮਾਂ ਦਾ ਪ੍ਰਬੰਧ ਭੰਗ ਹੋ ਜਾਂਦਾ ਹੈ। ਨਦੀਆਂ, ਨਾਲਿਆਂ ਤੇ ਦਰਿਆਵਾਂ ਰਾਹੀਂ ਖੇਤਾਂ ਨੂੰ ਪਾਣੀ ਬਖ਼ਸ਼ਣ ਵਾਲੇ ਗਲੇਸ਼ੀਅਰ ਖੁਰ ਰਹੇ ਹਨ ਅਤੇ ਸਿਆਲ 'ਚ ਪਈ ਬਰਫ਼ ਦੇ ਕੱਚੇ ਪਹਾੜ ਮਈ ਵਿਚ ਇੱਕ ਦਮ ਗਰਮੀ ਵਧਣ ਨਾਲ ਟੁੱਟ ਕੇ ਡਿੱਗਣ ਲੱਗ ਪੈਂਦੇ ਹਨ। ਘਰ, ਕਾਰੋਬਾਰ, ਲੋਕ, ਸ਼ਹਿਰ, ਸੜਕਾਂ ਤੇ ਹੋਰ ਬਹੁਤ ਕੁਝ ਬਰਫ਼ ਦੇ ਪਹਾੜਾਂ ਹੇਠ ਦੱਬਿਆ ਜਾਂਦਾ ਹੈ।

ਇਉਂ ਸਦੀਆਂ ਤੋਂ ਕੁਦਰਤ ਵਲੋਂ ਸਥਾਪਿਤ ਕਲਿਆਣਕਾਰੀ ਪ੍ਰਬੰਧ ਦੇ ਭੰਗ ਹੋਣ ਨਾਲ ਸਭ ਤੋਂ ਮਾੜਾ ਅਸਰ ਖੇਤੀ ਦੇ ਖੇਤਰ ਉੱਤੇ ਪਵੇਗਾ। ਅਜਿਹੀ ਅਵਸਥਾ ਵਿਚ ਸਾਡੀਆਂ ਔਰਤਾਂ ਤੇ ਲਵੇਰੀਆਂ ਨੂੰ ਗਰਭਧਾਰਨ ਵਿਚ ਮੁਸ਼ਕਿਲ ਆਵੇਗੀ, ਕੈਂਸਰ ਤੇ ਚਮੜੀ ਦੇ ਰੋਗਾਂ ਦਾ ਵਾਧਾ ਹੋਵੇਗਾ, ਬਿਰਛ ਬੂਟਿਆਂ ਨੂੰ ਫੁੱਲ ਤਾਂ ਪੈਣਗੇ ਪਰ ਫੁੱਲਾਂ ਵਿਚੋਂ ਫਲਾਂ ਦਾ ਜਨਮ ਨਹੀਂ ਹੋਵੇਗਾ ਅਤੇ ਫ਼ਸਲਾਂ ਦੇ ਸਿੱਟਿਆਂ ਦੀਆਂ ਕੁੱਖਾਂ ਵਿਚ ਦਾਣੇ ਨਹੀਂ ਨਿਸਰਨਗੇ।

ਦੇਸ਼ ਦੇ ਕੁਦਰਤੀ ਤੇ ਕਲਿਆਣਕਾਰੀ ਸਰੋਤਾਂ ਨੂੰ ਹੱਥੀਂ ਸਹੇੜੀਆਂ ਮਹਾਮਾਰੀਆਂ ਤੋਂ ਬਚਾਉਣਾ ਅੱਜ ਹਰ ਨਾਗਰਿਕ ਦਾ ਨੈਤਿਕ ਫਰਜ਼ ਹੈ। ਵੋਟਾਂ ਲੈ ਕੇ ਸਰਕਾਰਾਂ ਬਣਾਉਣ ਤੇ ਚਲਾਉਣ ਵਾਲੇ ਰਾਜਨੀਤਕ ਲੋਕ ਤਾਂ ਬਿਆਨਬਾਜ਼ੀ ਤੋਂ ਬਗੈਰ ਠੋਸ ਅਮਲ ਦੀ ਕੋਈ ਫਲੀ ਨਹੀਂ ਭੰਨ ਸਕਣਗੇ ਪਰ ਚੰਗੇ ਲੋਕਾਂ ਦੀਆਂ ਕੁਝ ਕਰਮਸ਼ੀਲ ਸੰਸਥਾਵਾਂ ਇਨ੍ਹਾਂ ਆਫਤਾਂ ਨੂੰ ਨੱਥ ਪਾਉਣ ਲਈ ਜ਼ਰੂਰ ਤੜਫਦੀਆਂ ਹਨ ਪਰ ਉਨ੍ਹਾਂ ਕੋਲ ਅਧਿਕਾਰਾਂ ਦੀ ਤੇ ਸਮਰੱਥਾ ਦੀ ਘਾਟ ਹੈ।

ਅਜਿਹੇ ਵਰਤਾਰੇ ਵਿਚ ਹੀ ਦੇਸ਼ ਵਿਦੇਸ਼ ਵਿਚ ਥਾਂ-ਥਾਂ ਪਾਠ ਤੇ ਕਰਵਾਉਣ ਤੇ ਸ਼ਰਧਾ ਨਾਲ ਸੁਣਨ ਦੀ ਰਵਾਇਤ ਲੰਮੇ ਸਮੇਂ ਤੋਂ ਪ੍ਰਚੱਲਤ ਹੈ। ਅਖੰਡ ਪਾਠਾਂ ਦੇ ਸ਼ੁਰੂ ਵਿੱਚ ਮਹਾਨ ਇਨਸਾਨ ਤੇ ਚਿੰਤਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇੱਕ ਸਲੋਕ ਹੈ ਜੋ ਕਲਿਆਣਕਾਰੀ ਕੁਦਰਤੀ ਸਰੋਤਾਂ ਦੇ ਮਹੱਤਵ ਨੂੰ ਸਮਰਪਿਤ ਹੈ, ਪੜ੍ਹਿਆ ਜਾਂਦਾ ਹੈ। ਧਾਰਮਿਕ ਲਹਿਰਾਂ ਦੇ ਬਹੁਤੇ ਸੰਚਾਲਕ ਇਸ ਸਲੋਕ ਨੂੰ ਜਿਸ ਵਿਚ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਕਿਹਾ ਹੈ, ਰਸਮ ਪੂਰਤੀ ਲਈ ਪੜ੍ਹਦੇ ਤਾਂ ਜ਼ਰੂਰ ਹਨ ਪਰ ਇਸ 'ਤੇ ਅਮਲ ਕਰਨ ਦੀ ਕਦੇ ਲੋੜ ਮਹਿਸੂਸ ਨਹੀਂ ਕਰਦੇ।

ਅਜਿਹੇ ਹਾਲਾਤ ਵਿਚ ਉਪਰੋਕਤ ਸਲੋਕ ਦੇ ਸੱਚ ਨੂੰ ਮਹੱਤਵ ਦੇਣ ਲਈ ਹੁਣ ਕੇਵਲ ਤੇ ਕੇਵਲ ਧਾਰਮਿਕ ਤੇ ਕਲਿਆਣਕਾਰੀ ਸੰਸਥਾ ਸ੍ਰੀ ਅਕਾਲ ਤਖ਼ਤ 'ਤੇ ਹੀ ਟੇਕ ਰਹਿ ਗਈ ਹੈ ਤੇ ਮੇਰੇ ਸਮੇਤ ਚੰਗੇ ਲੋਕ ਉਡੀਕ ਕਰ ਰਹੇ ਹਨ ਕਿ ਇਸ ਜਗਤ ਜਲੰਦੇ ਦੀ ਸੁਰੱਖਿਆ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੋਈ ਹੁਕਮ ਜਾਰੀ ਹੋਵੇ ਜਿਸ ਨਾਲ ਕੁਦਰਤੀ ਦੀ ਖ਼ੂਬਸੂਰਤ ਲੀਲ੍ਹਾ ਦੀ ਸੁਰੱਖਿਆ ਦੇ ਨਾਲ ਸਰਬੱਤ ਦਾ ਭਲਾ ਵੀ ਹੋ ਸਕੇਗਾ।

# ਅਮਰੀਕਾ ਦਾ ਵਿਦਿਆਰਥੀ ਰੋਹ ਅਤੇ ਸੰਸਾਰ ਦੀ ਸਿਆਸਤ

ਅਮਰੀਕਾ ਵਿਚ ਵਿਦਿਆਰਥੀਆਂ ਵੱਲੋਂ ਫ਼ਲਸਤੀਨੀਆਂ ਦੇ ਹੱਕ ਵਿਚ ਪ੍ਰਦਰਸ਼ਨਾਂ ਵਿਚ ਤੇਜ਼ੀ ਆਉਣ ਤੋਂ ਬਾਅਦ ਪੁਲੀਸ ਅਤੇ ਪ੍ਰਸ਼ਾਸਨ ਨੇ ਗ੍ਰਿਫ਼ਤਾਰੀਆਂ, ਮੁਅੱਤਲੀਆਂ ਅਤੇ ਕਲਾਸਾਂ ਰੱਦ ਕਰਨ ਜਿਹੀ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ। ਗਾਜ਼ਾ ਵਿਚ ਮਾਨਵੀ ਸੰਕਟ ਤੋਂ ਪ੍ਰਭਾਵਿਤ ਹੋ ਕੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਅਮਰੀਕਾ ਭਰ ਵਿਚ 120 ਤੋਂ ਵੱਧ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਡੇਰੇ ਲਾਏ ਹੋਏ ਹਨ ਅਤੇ ਉਹ ਆਪਣੀਆਂ ਸੰਸਥਾਵਾਂ 'ਤੇ ਇਜ਼ਰਾਇਲੀ ਫਰਮਾਂ ਨਾਲੋਂ ਨਾਤਾ ਤੋੜਨ ਦੀ ਮੰਗ ਕਰ ਰਹੇ ਹਨ। ਕੁਝ ਯਹੂਦੀ ਵਿਦਿਆਰਥੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਯਹੂਦੀ ਵਿਰੋਧੀ ਵੀ

**ਮਨੋਜ ਜੋਸ਼ੀ**

ਆਖਿਆ ਅਤੇ ਆਪਣੀ ਸੁਰੱਖਿਆ ਬਾਰੇ ਚਿੰਤਾ ਜਤਾਈ ਸੀ। ਚੋਣਾਂ ਵਾਲੇ ਸਾਲ ਵਿਚ ਕਈ ਸਿਆਸਤਦਾਨ ਪ੍ਰਦਰਸ਼ਨਾਂ ਨੂੰ ਯਹੂਦੀ ਵਿਰੋਧੀ ਕਹਿ ਰਹੇ ਹਨ ਅਤੇ ਸਖ਼ਤ ਕਾਰਵਾਈ ਦੀ ਮੰਗ ਕਰਦੇ ਹਨ।

ਵਿਦਿਆਰਥੀਆਂ ਦੇ ਪ੍ਰਦਰਸ਼ਨ ਇਜ਼ਰਾਈਲ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਹਨ ਪਰ ਕੁਝ ਧਿਰਾਂ ਇਨ੍ਹਾਂ ਨੂੰ ਯਹੂਦੀ ਵਿਰੋਧੀ ਰੰਗਤ ਦੇਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਭਾਰਤ ਵਿਚ ਇਸ ਫ਼ਰਕ ਨੂੰ ਸਮਝਣਾ ਸੌਖਾ ਹੈ ਪਰ ਅਮਰੀਕਾ ਵਿਚ ਜਿੱਥੇ ਘਾਤਕ ਯਹੂਦੀ ਵਿਰੋਧ ਦਾ ਖ਼ੌਫ਼ਨਾਕ ਇਤਿਹਾਸ ਰਿਹਾ ਹੈ, ਵਿਚ ਅਕਸਰ ਸ਼ਕਤੀਸ਼ਾਲੀ ਯਹੂਦੀ ਲਾਬੀ ਇਸ ਮੁੱਦੇ ਨੂੰ ਤੋੜ-ਮਰੋੜ ਕੇ ਪੇਸ਼ ਕਰ ਦਿੰਦੀ ਹੈ। ਇਹ ਰੋਸ ਪ੍ਰਦਰਸ਼ਨ ਦਰਸਾਉਂਦੇ ਹਨ ਕਿ ਵਡੇਰੀ ਉਮਰ ਦੇ ਲੋਕਾਂ ਨਾਲੋਂ ਨੌਜਵਾਨ ਅਮਰੀਕੀ ਇਜ਼ਰਾਈਲ ਦੀਆਂ ਕਾਰਵਾਈਆਂ ਦਾ ਨਿਸਬਤਨ ਜ਼ਿਆਦਾ ਵਿਰੋਧ ਕਰ ਰਹੇ ਹਨ। ਮਾਰਚ ਮਹੀਨੇ ਗੈਲਪ ਦੇ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ 55 ਫ਼ੀਸਦ ਅਮਰੀਕੀ ਗਾਜ਼ਾ ਵਿਚ ਇਜ਼ਰਾਈਲ ਦੀ ਕਾਰਵਾਈ ਦਾ ਵਿਰੋਧ ਕਰਦੇ ਹਨ ਜਿਨ੍ਹਾਂ ਵਿਚੋਂ 63 ਫ਼ੀਸਦ 18-34 ਸਾਲ ਦੇ ਉਮਰ ਵਰਗ ਨਾਲ ਸਬੰਧਿਤ ਹਨ। ਵਿਦਿਆਰਥੀ ਪ੍ਰਦਰਸ਼ਨ ਕਦੀ ਕਦਾਈਂ ਕੱਚਘਰੜ ਹੋ ਸਕਦੇ ਹਨ ਪਰ ਉਨ੍ਹਾਂ ਵਿਚ ਹਮੇਸ਼ਾ ਜੋਸ਼ ਦਾ ਮਾਹੌਲ ਹੁੰਦਾ ਹੈ। ਦਰਅਸਲ, ਵਿਦਿਆਰਥੀ ਅਤੇ ਪ੍ਰਦਰਸ਼ਨ ਨਾਲੋ-ਨਾਲ ਹੀ ਚਲਦੇ ਹਨ ਅਤੇ ਇਹ ਪ੍ਰਗਤੀਸ਼ੀਲ ਲੋਕਰਾਜ ਦੀ ਨਿਸ਼ਾਨੀ ਹੁੰਦੇ ਹਨ ਪਰ ਰਾਸ਼ਟਰਪਤੀ ਤੋਂ ਲੈ ਕੇ ਪ੍ਰੌਢ ਅਮਰੀਕੀ ਵਰਗ ਦੇਸ਼ ਦੀਆਂ ਉਮੀਦਾਂ 'ਤੇ ਖਰੇ ਉਤਰਦੇ ਦਿਖਾਈ ਨਹੀਂ ਦੇ ਰਹੇ। ਡੈਮੋਕਰੇਟਾਂ ਦੇ ਖੱਬੇ ਪੱਖੀ ਵਿੰਗ ਦੇ ਦਬਾਅ ਹੇਠ ਰਾਸ਼ਟਰਪਤੀ ਜੋਅ ਬਾਇਡਨ ਨੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਕਰਨ ਦੇ ਹੱਕ ਦੀ ਪ੍ਰੋੜਤਾ ਕੀਤੀ ਹੈ ਪਰ ਅਰਾਜਕਤਾ ਪੈਦਾ ਕਰਨ ਦੇ ਹੱਕ ਦੀ ਨਹੀਂ।

ਅਮਰੀਕੀ ਵਿਦਿਆਰਥੀਆਂ ਦੀ ਛੇ ਦਹਾਕੇ ਪੁਰਾਣੀ ਵਿਰੋਧ ਦੀ ਰਵਾਇਤ ਰਹੀ ਹੈ। ਉਹ

**ਵਿਦਿਆਰਥੀਆਂ ਦੇ ਪ੍ਰਦਰਸ਼ਨ ਇਜ਼ਰਾਈਲ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਹਨ ਪਰ ਕੁਝ ਧਿਰਾਂ ਇਨ੍ਹਾਂ ਨੂੰ ਯਹੂਦੀ ਵਿਰੋਧੀ ਰੰਗਤ ਦੇਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਅਮਰੀਕੀ ਵਿਦਿਆਰਥੀਆਂ ਦੀ ਛੇ ਦਹਾਕੇ ਪੁਰਾਣੀ ਵਿਰੋਧ ਦੀ ਰਵਾਇਤ ਰਹੀ ਹੈ। ਉਹ 1950ਵਿਆਂ ਅਤੇ 60ਵਿਆਂ ਵਿਚ ਨਸਲੀ ਵਿਤਕਰੇ ਖਿਲਾਫ਼ ਅੰਦੋਲਨ ਵਿਚ ਸਭ ਤੋਂ ਮੂਹਰੇ ਸਨ; ਉਨ੍ਹਾਂ 1964 ਵਿਚ ਬਰਕਲੇ ਵਿਚ ਬੋਲਣ ਦੀ ਆਜ਼ਾਦੀ 'ਤੇ ਰੋਕਾਂ ਲਾਉਣ ਅਤੇ ਫਿਰ ਵੀਅਤਨਾਮ ਜੰਗ, ਦੱਖਣੀ ਅਫਰੀਕਾ ਵਿਚ ਨਸਲਪ੍ਰਸਤੀ ਜਿਹੇ ਕਈ ਮੁੱਦਿਆਂ ਖਿਲਾਫ਼ ਸੰਘਰਸ਼ ਕੀਤਾ ਹੈ।**




1950ਵਿਆਂ ਅਤੇ 60ਵਿਆਂ ਵਿਚ ਨਸਲੀ ਵਿਤਕਰੇ ਖਿਲਾਫ਼ ਅੰਦੋਲਨ ਵਿਚ ਸਭ ਤੋਂ ਮੂਹਰੇ ਸਨ; ਉਨ੍ਹਾਂ 1964 ਵਿਚ ਬਰਕਲੇ ਵਿਚ ਬੋਲਣ ਦੀ ਆਜ਼ਾਦੀ 'ਤੇ ਰੋਕਾਂ ਲਾਉਣ ਅਤੇ ਫਿਰ ਵੀਅਤਨਾਮ ਜੰਗ, ਦੱਖਣੀ ਅਫਰੀਕਾ ਵਿਚ ਨਸਲਪ੍ਰਸਤੀ ਜਿਹੇ ਕਈ ਮੁੱਦਿਆਂ ਖਿਲਾਫ਼ ਸੰਘਰਸ਼ ਕੀਤਾ ਹੈ। ਹਮਾਸ ਵਲੋਂ 7 ਅਕਤੂਬਰ ਨੂੰ ਕੀਤੇ ਹਮਲੇ ਤੋਂ ਬਾਅਦ ਇਜ਼ਰਾਈਲ ਨੇ ਗਾਜ਼ਾ ਵਿਚ ਬੇਹਿਸਾਬ ਤਬਾਹੀ ਮਚਾਈ ਹੈ। ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਇਜ਼ਰਾਈਲ ਨੇ ਹਮਾਸ ਖਿਲਾਫ਼ ਲੜਾਈ ਵਿਚ ਸੂਝ ਬੂਝ ਨਾਲ ਤਾਕਤ ਦਾ ਇਸਤੇਮਾਲ ਕੀਤਾ ਹੈ। ਇੱਥੋਂ ਤਕ ਕਿ ਇਜ਼ਰਾਈਲ ਦੇ ਆਕਾ ਅਮਰੀਕਾ ਨੂੰ ਉਸ ਦੇ ਸਾਹਮਣੇ ਮਾਨਵੀ ਵਿਹਾਰ ਦਾ ਮੁੱਦਾ ਉਠਾਉਣਾ ਪਿਆ ਹੈ।

ਕੌਮਾਂਤਰੀ ਨਿਆਂ ਅਦਾਲਤ (ਆਈਸੀਜੇ) ਨੇ ਗਾਜ਼ਾ ਵਿਚ ਇਜ਼ਰਾਈਲ ਦੀਆਂ ਕਾਰਵਾਈਆਂ ਮੁਤੱਲਕ ਸੁਣਵਾਈ ਕੀਤੀ ਹੈ। ਇਸ ਤੋਂ ਇਲਾਵਾ ਆਈਸੀਜੇ ਵਲੋਂ ਦੱਖਣੀ ਅਫਰੀਕਾ ਵਲੋਂ ਦਾਇਰ ਕੇਸ 'ਤੇ ਸੁਣਵਾਈ ਕੀਤੀ ਜਿਸ ਵਿਚ ਉਸ ਨੇ ਗਾਜ਼ਾ ਵਿਚ ਫ਼ਲਸਤੀਨੀਆਂ ਦੇ ਕਤਲੇਆਮ ਦੀਆਂ ਕਾਰਵਾਈਆਂ ਕਰ ਕੇ ਕੌਮਾਂਤਰੀ ਨੇਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਹੈ। ਅਮਰੀਕਾ ਨੂੰ ਆਪਣੀਆਂ ਬੋਲਣ ਅਤੇ ਸਵੈ-ਪ੍ਰਗਟਾਵੇ ਦੀ ਆਜ਼ਾਦੀ ਦੀ ਰਵਾਇਤ 'ਤੇ ਬਹੁਤ ਮਾਣ ਰਿਹਾ ਹੈ ਪਰ ਜਦੋਂ ਇਸ ਦੀ ਚੋਭ ਹੁੰਦੀ ਹੈ ਤਦ ਹੀ ਪਤਾ ਚਲਦਾ ਹੈ। ਇਸ ਸਮੇਂ ਇਸ ਦੇ ਕਈ ਕੈਂਪਸਾਂ ਵਿਚ ਇਵੇਂ ਹੀ ਹੋ ਰਿਹਾ ਹੈ। ਕਾਲਜਾਂ ਅਤੇ ਯੂਨੀਵਰਸਿਟੀ ਪ੍ਰਬੰਧਕਾਂ ਨੇ ਮੁੱਦਿਆਂ ਨੂੰ ਬਹੁਤੇ ਕੁਸ਼ਲ ਢੰਗ ਨਾਲ ਨਹੀਂ ਸਿੱਝਿਆ। ਮਿਸਾਲ ਦੇ ਤੌਰ 'ਤੇ ਸਦਰਨ ਯੂਨੀਵਰਸਿਟੀ ਕੈਲੀਫੋਰਨੀਆ ਨੇ ਇਕ ਮੁਸਲਿਮ ਵਿਦਿਆਰਥੀ ਆਗੂ ਦੀ ਤਕਰੀਰ ਰੱਦ ਕਰ ਦਿੱਤੀ ਜਿਸ ਤੋਂ ਵਿਦਿਆਰਥੀਆਂ ਅੰਦਰ ਰੋਸ ਫੈਲ ਗਿਆ ਅਤੇ ਯੂਨੀਵਰਸਿਟੀ ਦੇ ਮੁਖੀ ਨੂੰ ਪੁਲੀਸ ਸੱਦਣੀ ਪਈ। ਕੈਲੀਫੋਰਨੀਆ ਯੂਨੀਵਰਸਿਟੀ ਲਾਸ ਏਂਜਲਸ ਨੇ ਉਦਾਰ ਪਹੁੰਚ ਤੋਂ ਕੰਮ ਲੈਂਦਿਆਂ ਵਿਦਿਆਰਥੀਆਂ ਨੂੰ ਮੋਰਚਾ ਲਾਉਣ ਦੀ ਆਗਿਆ ਦੇ ਦਿੱਤੀ ਪਰ ਵਿਰੋਧੀ ਰਿਪਬਲਿਕਨ ਪਾਰਟੀ ਦੇ ਬਹੁਮਤ ਵਾਲੇ ਸੰਸਦ ਦੇ ਸਦਨ ਦੀ ਕਮੇਟੀ ਵਲੋਂ ਸੰਮਨ ਜਾਰੀ ਕੀਤੇ ਜਾਣ ਤੋਂ ਤ੍ਰਭਕ ਕੇ ਯੂਨੀਵਰਸਿਟੀ ਨੇ ਪੁਲੀਸ ਸੱਦ ਲਈ ਜਿਸ ਦੇ ਨਾਲ ਹੀ ਪ੍ਰਦਰਸ਼ਨ ਵਿਰੋਧੀ ਇਕ ਬਾਹਰੀ ਗਰੁੱਪ ਵੀ ਆ ਧਮਕਿਆ ਜਿਸ ਕਰ ਕੇ ਹਿੰਸਾ ਭੜਕ ਪਈ।

ਹਾਰਵਰਡ, ਕੋਲੰਬੀਆ ਤੇ ਇੰਡਿਆਨਾ ਵਰਗੀਆਂ ਵੱਕਾਰੀ ਯੂਨੀਵਰਸਿਟੀਆਂ ਮੁਜ਼ਾਹਰਿਆਂ ਨਾਲ ਨਜਿੱਠਣ ਵਿਚ ਸੰਘਰਸ਼ ਕਰਦੀਆਂ ਨਜ਼ਰ ਆਈਆਂ ਤੇ ਸਥਿਤੀ ਨਾਲ ਨਜਿੱਠਣ ਲਈ ਕਾਹਲੀ ਵਿਚ ਪੁਲੀਸ ਸੱਦੀ ਗਈ। ਸੱਜੇ ਤੇ ਖੱਬੇ ਪੱਖੀ ਕੁਝ ਗ਼ੈਰ-ਵਿਦਿਆਰਥੀ ਤੱਤਾਂ ਨੇ ਹਿੰਸਾ ਭੜਕਾਉਣ ਦੀ ਕੋਸ਼ਿਸ਼ ਕੀਤੀ ਹਾਲਾਂਕਿ ਨਿਊਯਾਰਕ ਪੁਲੀਸ ਨੇ ਵੀ ਮੰਨਿਆ ਹੈ ਕਿ ਰੋਸ ਪ੍ਰਦਰਸ਼ਨ ਹਿੰਸਕ ਨਹੀਂ ਸਨ। ਕਈ ਥਾਈਂ ਪ੍ਰੋਫੈਸਰਾਂ (ਫੈਕਲਟੀ) ਨੇ ਵੀ ਵਿਦਿਆਰਥੀਆਂ ਦਾ ਸਾਥ ਦਿੱਤਾ ਤੇ ਰੋਸ ਪ੍ਰਦਰਸ਼ਨਾਂ ਵਿਰੁੱਧ ਪ੍ਰਸ਼ਾਸਨ ਵੱਲੋਂ ਅਪਣਾਏ ਢੰਗ-ਤਰੀਕਿਆਂ ਦੀ ਨਿਖੇਧੀ ਕੀਤੀ।

ਕਈ ਅਮਰੀਕੀ ਕਾਲਜਾਂ ਤੇ ਯੂਨੀਵਰਸਿਟੀਆਂ ਜਿਵੇਂ ਬਰਾਊਨ ਯੂਨੀਵਰਸਿਟੀ, ਨਾਰਥ-ਵੈਸਟਰਨ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ ਮਿਨੇਸੋਟਾ ਨੇ ਭਾਵੇਂ ਵਿਦਿਆਰਥੀਆਂ ਨਾਲ ਗੱਲਬਾਤ ਕਰ ਕੇ ਸਮਝੌਤੇ ਕਰ ਲਏ ਪਰ ਕਈ ਹੋਰ ਜਿਵੇਂ ਯੂਨੀਵਰਸਿਟੀ ਆਫ ਕੈਲੀਫੋਰਨੀਆ (ਬਰਕਲੇ) ਤੇ ਵੈਸਲੇਯਨ ਕਾਲਜ ਨੇ ਵਿਦਿਆਰਥੀਆਂ ਨੂੰ ਰੋਸ ਜ਼ਾਹਿਰ ਕਰਨ ਲਈ ਟੈਂਟ ਲਾਏ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ।

ਕਾਲਜਾਂ ਵਿਚ ਯਹੂਦੀ ਵਿਰੋਧੀ ਭਾਵਨਾਵਾਂ ਪਨਪਣ ਦੇ ਇਲਜ਼ਾਮਾਂ ਨੂੰ ਸੱਜੇ ਪੱਖੀ ਧੜੇ ਨੇ ਅਮਰੀਕੀ ਕਾਂਗਰਸ ਵਿਚ ਉਭਾਰਿਆ ਹੈ। ਸਦਨ ਦੀ ਕਮੇਟੀ ਦੀਆਂ ਤਿੱਖੀਆਂ ਸੁਣਵਾਈਆਂ ਨੇ ਕੁਝ ਕਾਲਜ ਪ੍ਰਸ਼ਾਸਕਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਹੈ ਅਤੇ ਕਈਆਂ ਨੂੰ ਅਸਤੀਫ਼ਾ ਵੀ ਦੇਣਾ ਪਿਆ ਹੈ। ਦੋ ਹਫ਼ਤੇ ਪਹਿਲਾਂ ਅਮਰੀਕੀ ਪ੍ਰਤੀਨਿਧ ਸਭਾ ਦੇ ਸਪੀਕਰ ਮਾਈਕ ਜੌਹਨਸਨ ਖ਼ੁਦ ਕੋਲੰਬੀਆ ਯੂਨੀਵਰਸਿਟੀ ਗਏ ਤੇ ਯਹੂਦੀ ਵਿਦਿਆਰਥੀਆਂ ਨੂੰ ਮਿਲੇ। ਉੱਥੇ ਪ੍ਰੈੱਸ ਕਾਨਫਰੰਸ ਵਿਚ ਉਨ੍ਹਾਂ ਯੂਨੀਵਰਸਿਟੀ ਦੀ ਪ੍ਰਧਾਨ ਮਿਨੋਚੇ ਸ਼ਫੀਕ ਤੋਂ ਅਸਤੀਫ਼ਾ ਦੇਣ ਦੀ ਮੰਗ ਕੀਤੀ ਅਤੇ ਨਾਲ ਹੀ ਸਲਾਹ ਦਿੱਤੀ ਕਿ ਮੁਜ਼ਾਹਰਿਆਂ ਨਾਲ ਨਜਿੱਠਣ ਲਈ 'ਨੈਸ਼ਨਲ ਗਾਰਡਜ਼' ਨੂੰ ਸੱਦਿਆ ਜਾਣਾ ਚਾਹੀਦਾ ਹੈ।

ਦੋ ਦਰਜਨ ਤੋਂ ਵੱਧ ਰਿਪਬਲਿਕਨ ਸੈਨੇਟਰਾਂ ਨੇ ਪੱਤਰ ਲਿਖ ਕੇ ਬਾਇਡਨ ਨੂੰ ਸੱਦਾ ਦਿੱਤਾ ਹੈ ਕਿ ਉਹ 'ਯਹੂਦੀ ਵਿਰੋਧੀ ਅਤੇ ਅਤਿਵਾਦ ਪੱਖੀ ਭਾਵਨਾਵਾਂ ਪੈਦਾ ਕਰਨ ਵਾਲਿਆਂ' ਖਿਲਾਫ਼ ਫੈਡਰਲ ਕਾਨੂੰਨਾਂ ਦੀ ਵਰਤੋਂ ਕਰ ਕੇ ਕੈਂਪਸਾਂ 'ਚ ਸ਼ਾਂਤੀ ਬਹਾਲ ਕਰਨ। ਵੱਡੀ ਗਿਣਤੀ ਬੱਚਿਆਂ ਸਣੇ ਕਰੀਬ 35 ਹਜ਼ਾਰ ਫਲਸਤੀਨੀਆਂ ਦੀ ਮੌਤ ਤੋਂ ਫ਼ਿਕਰਮੰਦ ਮੁਜ਼ਾਹਰਾਕਾਰੀਆਂ ਉਤੇ ਇਸ ਤਰ੍ਹਾਂ ਦੇ ਠੱਪੇ ਲਾਉਣਾ ਸਮਕਾਲੀ ਅਮਰੀਕੀ ਸਿਆਸਤਦਾਨਾਂ ਦੇ ਮਨਾਂ 'ਚ ਪੈਦਾ ਹੋਏ ਨੈਤਿਕ ਖਲਾਅ ਦਾ ਸਬੂਤ ਹਨ।

ਸ਼ਾਂਤੀਪੂਰਨ ਰੋਸ ਪ੍ਰਦਰਸ਼ਨਾਂ ਖ਼ਿਲਾਫ਼ ਫੌਜੀ ਪੱਧਰ ਦੀ ਕਾਰਵਾਈ ਦੀ ਸਲਾਹ ਦੇਣ ਲੱਗਿਆਂ ਜੌਹਨਸਨ ਸ਼ਾਇਦ ਇਤਿਹਾਸ ਭੁੱਲ ਬੈਠਾ ਹੈ। 1970 ਵਿਚ ਕੈਂਟ ਸਟੇਟ ਯੂਨੀਵਰਸਿਟੀ ਵਿਚ ਵੀਅਤਨਾਮ ਜੰਗ ਖ਼ਿਲਾਫ਼ ਹੋ ਰਹੇ ਰੋਸ ਮੁਜ਼ਾਹਰੇ 'ਤੇ ਓਹਾਇਓ ਨੈਸ਼ਨਲ ਗਾਰਡ ਵੱਲੋਂ ਚਲਾਈ ਗਈ ਗੋਲੀ 'ਚ ਚਾਰ ਨਿਹੱਥੇ ਵਿਦਿਆਰਥੀ ਮਾਰੇ ਗਏ ਸਨ ਤੇ ਨੌਂ ਹੋਰ ਫੱਟੜ ਹੋ ਗਏ ਸਨ। ਜੌਹਨਸਨ ਵਰਗਾ ਬੰਦਾ ਜਿਸ ਨੇ 2020 ਦੀਆਂ ਅਮਰੀਕੀ ਚੋਣਾਂ ਦੇ ਨਤੀਜਿਆਂ ਨੂੰ ਹਿੰਸਕ ਢੰਗ ਨਾਲ ਪਲਟਾਉਣ ਲਈ 6 ਜਨਵਰੀ 2021 ਨੂੰ ਹੋਈ ਬਗ਼ਾਵਤ ਦੀ ਹਮਾਇਤ ਕੀਤੀ ਸੀ, ਵੱਲੋਂ ਹੁਣ 'ਕਾਨੂੰਨ ਵਿਵਸਥਾ' ਖਾਤਰ ਕਰੜੀ ਕਾਰਵਾਈ ਦੀ ਸਲਾਹ ਦੇਣਾ ਵੀ ਇਕ ਕਿਸਮ ਦਾ ਵਿਅੰਗ ਹੀ ਹੈ।

'ਫਾਇਨੈਂਸ਼ੀਅਲ ਟਾਈਮਜ਼' ਲਈ ਲਿਖਦੇ ਅਮਰੀਕੀ ਟਿੱਪਣੀਕਾਰ ਐਡਵਰਡ ਲੂਸ ਆਪਣੇ ਲੇਖ ਵਿਚ ਕਹਿੰਦੇ ਹਨ ਕਿ ਵਿਦਿਆਰਥੀ ਮੁਜ਼ਾਹਰੇ ਭਾਵੇਂ 'ਮੂਰਖਤਾ ਜਾਂ ਇਸ ਤੋਂ ਵੀ ਬਦਤਰ ਕੋਈ ਚੀਜ਼ ਹੋ ਸਕਦੇ ਹਨ' ਪਰ ਇੱਥੇ ਅਮਰੀਕੀ ਬਾਲਗ ਹਨ 'ਜੋ ਆਪਣਾ ਸਭ ਤੋਂ ਵੱਧ ਉਜੱਡ ਸਾਬਿਤ ਹੋ ਰਹੇ ਹਨ'। ਕਾਲਮਨਵੀਸ ਅਫਸੋਸ ਜਤਾਉਂਦਾ ਹੈ ਕਿ ਉਹ ਜਿਸ 'ਹਠ ਧਰਮੀ ਤੇ ਭੈਅ ਨੂੰ ਨੌਜਵਾਨਾਂ 'ਚ ਦੇਖਣਾ ਨਹੀਂ ਚਾਹੁੰਦੇ', ਉਹੀ ਹੁਣ ਉਨ੍ਹਾਂ ਵਿਚੋਂ ਝਲਕ ਰਿਹਾ ਹੈ।

# ਹਰਿਆਲੀ ਚਲੀ ਗਈ...

ਜਦੋਂ ਵੀ ਆਪਣੇ ਪਿੰਡ ਦਾ ਗੇੜਾ ਮਾਰਦਾ ਹਾਂ, ਧਿਆਨ ਦਰਸ਼ਨ ਵੱਲ ਚਲਾ ਜਾਂਦਾ। ਦਰਸ਼ਨ ਹੁਣ ਨਹੀਂ ਹੈ। ਉਹਨੂੰ ਤੁਰ ਗਏ ਨੂੰ ਕਈ ਵਰ੍ਹੇ ਹੋ ਗਏ ਪਰ ਪਿੰਡ ਦੇ ਆਲੇ-ਦੁਆਲੇ ਤੇ ਜ਼ਿਮੀਦਾਰਾਂ ਦੀਆਂ ਹਵੇਲੀਆਂ ਵਿਚ ਖੜ੍ਹੇ ਵਿਰਲੇ-ਟਾਵੇਂ ਦਰੱਖਤ ਦੇਖ ਕੇ ਦਰਸ਼ਨ ਚੇਤੇ ਆ ਜਾਂਦਾ। ਉਹਦੀ ਉਮਰ ਦਰੱਖਤ ਲਾਉਂਦਿਆਂ ਤੇ ਪਾਲਦਿਆਂ ਲੰਘ ਗਈ ਸੀ।

ਦਰਸ਼ਨ ਜ਼ਿਮੀਦਾਰਾਂ ਨਾਲ ਸੀਰੀ ਰਲਦਾ ਹੁੰਦਾ ਸੀ। ਖੇਤੀ ਦੇ ਕੰਮਾਂ ਦੇ ਨਾਲ-ਨਾਲ ਉਹ

**ਇਕਬਾਲ ਸਿੰਘ ਹਮਜਾਪੁਰ**
**ਫੋਨ: +91-94165-92149**

ਬੂਟੇ ਬੜੀ ਰੀਝ ਨਾਲ ਲਾਉਂਦਾ ਤੇ ਪਾਲਦਾ। ਬੂਟੇ ਖਰੀਦ ਕੇ ਲਾਉਣੇ ਦਰਸ਼ਨ ਦੀ ਪਹੁੰਚ ਵਿਚ ਨਹੀਂ ਸੀ ਪਰ ਥਾਂ-ਥਾਂ ਨਵੇਂ ਬੂਟੇ ਲਾਉਣੇ ਦਰਸ਼ਨ ਦਾ ਧਰਮ ਸੀ। ਉਹਨੂੰ ਜਿੱਥੇ ਵੀ ਟਾਹਲੀ, ਕਿੱਕਰ, ਨਿੰਮ, ਬਕੈਣ ਜਾਂ ਧਰੇਕ ਉੱਗੀ ਮਿਲਦੀ, ਖੱਗ ਲਿਆਉਂਦਾ। ਫਿਰ ਥਾਂ ਸਿਰ ਲਾ ਦਿੰਦਾ। ਪੈਲੀਆਂ ਵਿਚਕਾਰ ਆਪ ਉੱਗੇ ਬੂਟੇ ਖੱਗ ਕੇ ਵੱਟ 'ਤੇ ਕਰ ਦਿੰਦਾ; ਬੂਟੇ ਖਾਲ ਜਾਂ ਰਾਹ ਨਾਲ ਲਗਦੀ ਵੱਟ 'ਤੇ ਲਾਉਣ ਨੂੰ ਤਰਜੀਹ ਦਿੰਦਾ। ਉਹ ਆਖਦਾ ਹੁੰਦਾ ਸੀ, "ਖਾਲ 'ਤੇ ਲਾਇਆ ਬੂਟਾ ਘੱਟ ਸੇਵਾ ਮੰਗਦਾ ਤੇ ਰਾਹ ਕੰਢੇ ਲਾਏ ਬੂਟੇ ਦਾ ਸੁੱਖ ਜ਼ਿਆਦਾ ਹੁੰਦਾ।" ਬੂਟੇ ਲਾਉਣ ਪਿੱਛੋਂ ਦਰਸ਼ਨ ਬਾਕਾਇਦਾ ਉਨ੍ਹਾਂ ਦੀ ਸੇਵਾ ਸੰਭਾਲ ਕਰਦਾ। ਦਿਨ ਭਰ ਦੇ ਕੰਮ-ਕਾਰ ਤੋਂ ਬਾਅਦ ਘਰੇ ਜਾਣ ਤੋਂ ਪਹਿਲਾਂ ਹੱਥੀਂ ਲਾਏ ਬੂਟੇ ਇਕ ਵਾਰ ਜ਼ਰੂਰ ਦੇਖਦਾ, ਕਮਜ਼ੋਰ ਤੇ ਵਿੰਗੇ-ਟੇਢੇ ਬੂਟੇ ਸਹਾਰਾ ਦੇ ਕੇ ਸਿੱਧਾ ਕਰਦਾ। ਉਹ ਪੈਲੀ ਆਪਣੇ ਨਾਲ ਬਾਲਟੀ ਗਲਾਸ ਲੈ ਕੇ ਜਾਂਦਾ। ਉਹਦੇ ਲਈ ਬੂਟੇ ਹੱਡ-ਮਾਸ ਦੇ ਬੰਦੇ ਸਨ, ਉਹ ਬੂਟਿਆਂ ਨਾਲ ਬੰਦਿਆਂ ਵਾਂਗ ਗੱਲਾਂ ਕਰਦਾ:

"ਤੂੰ ਯਾਰ ਤਕੜਾ ਹੋ। ਤੈਨੂੰ ਤਾਂ ਖਾਧਾ-ਪੀਤਾ ਲਗਦਾ ਈ ਨਹੀਂ।" ਕਿਸੇ ਕਮਜ਼ੋਰ ਬੂਟੇ ਨੂੰ ਦੇਖ ਕੇ ਆਖਦਾ।

"ਬੱਲੇ ਓ ਜਵਾਨਾ! ਤੈਨੂੰ ਦੇਖ ਕੇ ਤਾਂ ਰੂਹ ਖੁਸ਼ ਹੋ ਗਈ।" ਉਹ ਕਿਸੇ ਹੋਰ ਬੂਟੇ ਕੋਲ ਜਾ ਕੇ ਆਖਦਾ।

ਦਰਸ਼ਨ ਕਿਸੇ ਜ਼ਿਮੀਦਾਰ ਨਾਲ ਦੋ ਸਾਲ ਤੇ ਕਿਸੇ ਨਾਲ ਸਾਲ ਲਾਉਂਦਾ। ਉਹਦੇ ਮਾਲਕ ਬਦਲਦੇ ਰਹਿੰਦੇ ਪਰ ਉਹਦਾ ਧੰਦਾ ਨਾ ਬਦਲਦਾ। ਜਦੋਂ ਵੀ ਵਿਹਲ ਮਿਲਦੀ, ਪੁਰਾਣੇ ਜ਼ਿਮੀਦਾਰ ਦੀ ਪੈਲੀ ਵਿਚ ਪਹੁੰਚ ਜਾਂਦਾ, ਹੱਥੀਂ ਲਾਏ ਬੂਟੇ ਗਹੁ ਨਾਲ ਦੇਖਦਾ, ਆਪ ਇਨ੍ਹਾਂ ਬੂਟਿਆਂ ਦੀਆਂ ਲੋੜਾਂ ਪੂਰੀਆਂ ਕਰਦਾ ਤੇ ਕਿਸੇ ਕਿਸੇ ਜ਼ਿਮੀਦਾਰ ਨੂੰ ਆਖ ਵੀ ਦਿੰਦਾ: "ਪਾਲ ਲਾ ਇਹ ਬੂਟੇ। ਬੂਟੇ ਪਾਲਣ ਵਾਲੇ ਦੇ ਘਰ ਬਹੁਤ ਬਰਕਤ ਪੈਂਦੀ।"

**ਬਹੁਤੇ ਜ਼ਿਮੀਦਾਰ ਪਸੰਦ ਨਹੀਂ ਕਰਦੇ ਸਨ ਕਿ ਦਰਸ਼ਨ ਪਿਛਲੇ ਮਾਲਕ ਦੀ ਪੈਲੀ ਵਿਚ ਜਾ ਕੇ ਬੂਟਿਆਂ ਨੂੰ ਪਾਣੀ ਦੇਵੇ ਤੇ ਗੋਡੀ ਕਰੇ, ਰੋਕਦੇ ਵੀ ਰਹਿੰਦੇ ਪਰ ਉਹ ਕਿਸੇ ਦੇ ਕੰਮ ਦਾ ਨੁਕਸਾਨ ਕੀਤੇ ਬਗੈਰ ਬੂਟੇ ਪਾਲਦਾ। ਦਰਸ਼ਨ ਦੀ ਨੇਕ ਦਿਲੀ ਦੇਖ ਕੇ ਕੁਝ ਲੋਕ ਇਹ ਵੀ ਆਖਦੇ: "ਐਤਕੀਂ ਦਰਸ਼ਨ ਨੂੰ ਸੀਰੀ ਰਲਾਂਵਾਂਗੇ ਉਹਦੇ ਹੱਥਾਂ ਵਿਚ ਕੋਈ ਜਾਦੂ ਆ। ਸੁੱਕਾ ਤੀਲਾ ਵੀ ਗੱਡ ਦੇਵੇ, ਹਰਾ ਹੋ ਜਾਂਦਾ।"**

ਬਹੁਤੇ ਜ਼ਿਮੀਦਾਰ ਇਹ ਪਸੰਦ ਨਹੀਂ ਕਰਦੇ ਸਨ ਕਿ ਦਰਸ਼ਨ ਪਿਛਲੇ ਮਾਲਕ ਦੀ ਪੈਲੀ ਵਿਚ ਜਾ ਕੇ ਬੂਟਿਆਂ ਨੂੰ ਪਾਣੀ ਦੇਵੇ ਤੇ ਗੋਡੀ ਕਰੇ, ਰੋਕਦੇ ਵੀ ਰਹਿੰਦੇ ਪਰ ਉਹ ਕਿਸੇ ਵੀ ਜ਼ਿਮੀਦਾਰ ਦੇ ਕੰਮ ਦਾ ਨੁਕਸਾਨ ਕੀਤੇ ਬਗੈਰ ਬੂਟੇ ਪਾਲਦਾ। ਦਰਸ਼ਨ ਦੀ ਨੇਕ ਦਿਲੀ ਦੇਖ ਕੇ ਕੁਝ ਲੋਕ ਇਹ ਵੀ ਆਖਦੇ: "ਐਤਕੀਂ ਦਰਸ਼ਨ ਨੂੰ ਸੀਰੀ ਰਲਾਂਵਾਂਗੇ ਉਹਦੇ ਹੱਥਾਂ ਵਿਚ ਕੋਈ ਜਾਦੂ ਆ। ਸੁੱਕਾ ਤੀਲਾ ਵੀ ਗੱਡ ਦੇਵੇ, ਹਰਾ ਹੋ ਜਾਂਦਾ।"

ਦਰਸ਼ਨ ਦੇ ਆਪਣੇ ਘਰ ਬੂਟੇ ਲਾਉਣ ਜੋਗੀ ਥਾਂ ਨਹੀਂ ਸੀ। ਉਹ ਬੂਟੇ ਲਾ ਕੇ ਜ਼ਿਮੀਦਾਰਾਂ ਦੀਆਂ ਹਵੇਲੀਆਂ ਸ਼ਿੰਗਾਰਦਾ ਰਹਿੰਦਾ। ਉਹ ਜਾਣਦਾ ਸੀ ਕਿ ਕਿਸੇ ਹਵੇਲੀ ਵਿਚ ਕਿੱਥੇ ਤੇ ਕਿਸ ਨੁੱਕਰੇ ਬੂਟਾ ਲਾਉਣ ਨਾਲ ਵਧੇਰੇ ਸੁੱਖ ਹੋਵੇਗਾ।

ਦਰਸ਼ਨ ਦੇ ਵੇਲੇ ਕੰਬਾਇਨਾਂ ਨਹੀਂ ਸਨ ਚਲਦੀਆਂ ਹੁੰਦੀਆਂ, ਵਾਢੀ ਹੱਥਾਂ ਨਾਲ ਕੀਤੀ ਜਾਂਦੀ ਸੀ। ਨਾੜ ਨੂੰ ਅੱਗ ਲਾਉਣ ਦੀ ਲੋੜ ਨਹੀਂ ਪੈਂਦੀ ਸੀ। ਫਿਰ ਵੀ ਜੇ ਕਿਧਰੇ ਅੱਗ ਲੱਗ ਜਾਵੇ ਤੇ ਬੂਟੇ ਸੜ ਜਾਣ ਤਾਂ ਦਰਸ਼ਨ ਬਹੁਤ ਦੁਖੀ ਹੁੰਦਾ। ਕਈ-ਕਈ ਦਿਨ ਉਹ ਰੋਟੀ ਨਾ ਖਾ ਸਕਦਾ। ਉਨ੍ਹੀਂ ਦਿਨੀਂ ਨ੍ਹੇਰੀਆਂ ਬੜੀਆਂ ਆਉਂਦੀਆਂ ਸਨ। ਝੱਖੜ ਦਰਖ਼ਤ ਜੜ੍ਹੋਂ ਪੁੱਟ ਦਿੰਦਾ ਜਾਂ ਦਰਖ਼ਤਾਂ ਦੇ ਟਾਹਣ ਭੰਨ ਦਿੰਦਾ। ਦਰਸ਼ਨ ਭੱਜੇ-ਟੁੱਟੇ ਦਰਖ਼ਤ ਛਾਂਗ ਕੇ ਦੁਬਾਰਾ ਸਿੱਧੇ ਕਰ ਦਿੰਦਾ। ਉਹ ਅਕਸਰ ਆਖਦਾ, "ਦਰੱਖਤ ਹੋਣ ਤਾਂ ਧਰਤੀ ਘੱਟ ਤਪਦੀ। ਦਰੱਖਤ ਨਾ ਹੋਣ ਤਾਂ ਸੂਰਜ ਧਰਤੀ ਲੂਹ ਦੇਵੇ।"

ਦਰਸ਼ਨ ਅੱਸੀਆਂ ਦਾ ਹੋ ਕੇ ਗਿਆ। ਉਹਦੇ ਜਾਣ ਵੇਲੇ ਸਾਰਾ ਪਿੰਡ ਉਹਦੇ ਘਰ ਢੁੱਕਿਆ। ਉਦੋਂ ਇਹ ਆਵਾਜ਼ਾਂ ਸੁਣੀਆਂ ਸਨ: "ਦਰਸ਼ਨ ਨਹੀਂ ਗਿਆ, ਪਿੰਡ ਦੀ ਹਰਿਆਲੀ ਚਲੀ ਗਈ।" ਇਹ ਗੱਲ ਸੱਚ ਸਾਬਤ ਹੋਈ।

ਦਰਸ਼ਨ ਦੇ ਜਾਣ ਤੋਂ ਬਾਅਦ ਸਾਲ ਦਰ ਸਾਲ ਹਰਿਆਲੀ ਘਟਣ ਲੱਗ ਪਈ ਸੀ। ਉਹਦੇ ਹੱਥੀਂ ਲਾਏ ਦਰੱਖਤ ਹੁਣ ਵਿਰਲੇ-ਟਾਵੇਂ ਰਹਿ ਗਏ ਹਨ। ਪਿੰਡ ਦੇ ਜ਼ਿਮੀਦਾਰ ਅੱਜ ਵੀ ਸੀਰੀ ਰਲਾਉਂਦੇ ਹਨ ਪਰ ਅਜੇ ਤੱਕ ਕੋਈ ਹੋਰ ਦਰਸ਼ਨ ਨਹੀਂ ਲੱਭਿਆ।

# ਪਰਵਾਸ ਦੀਆਂ ਪਰਤਾਂ ਦੀ ਨਿਸ਼ਾਨਦੇਹੀ- ਸੁਰਖ਼ ਸਾਜ਼

'ਸੁਰਖ਼ ਸਾਜ਼' ਡਾ. ਜਸਵਿੰਦਰ ਸਿੰਘ ਦਾ ਨਵਾਂ ਨਾਵਲ ਹੈ ਜਿਹੜਾ ਪੰਜਾਬ ਵਿਚ ਰਹਿੰਦਿਆਂ, ਪਰਵਾਸ ਦੀਆਂ ਪਰਤਾਂ ਦੀ ਬਾਖ਼ੂਬੀ ਨਿਸ਼ਾਨਦੇਹੀ ਕਰਦਾ, ਕਮਾਲ ਦਾ ਦਸਤਾਵੇਜ਼ ਹੈ। ਪਰਵਾਸ ਬਾਰੇ ਵਿਦੇਸ਼ ਵਿਚ ਰਹਿੰਦੇ ਲੇਖਕਾਂ ਵੱਲੋਂ ਹੁਣ ਤੱਕ ਬਹੁਤ ਕੁਝ ਲਿਖਿਆ ਗਿਆ ਹੈ। ਪਰ ਪੰਜਾਬ ਵਿਚ ਰਹਿੰਦਿਆਂ, ਵਿਦੇਸ਼ ਵਿਚ ਅਕਸਰ ਹੀ ਆਉਣ-ਜਾਣ ਵਾਲੇ ਡਾ. ਜਸਵਿੰਦਰ ਸਿੰਘ ਨੇ ਪਰਵਾਸੀ ਜੀਵਨ ਦੀਆਂ ਪਰਤਾਂ, ਤੇ ਦੁਸ਼ਵਾਰੀਆਂ ਦਾ ਵਰਣਨ ਅਤੇ ਇਸ ਵਿਚੋਂ ਉਭਰਨ ਦੇ ਸੰਘਰਸ਼ ਨੂੰ ਬਾਰੀਕਬੀਨੀ ਨਾਲ ਕਲਮਬੰਦ ਕੀਤਾ ਹੈ। ਦਰਅਸਲ ਇਹ ਪਹਿਲੀ ਵਾਰ ਹੈ ਕਿ ਪੰਜਾਬ ਵਿਚ ਰਹਿੰਦੇ ਲੇਖਕ ਦੀ ਦਿੱਬ-ਦ੍ਰਿਸ਼ਟੀ ਅਤੇ ਤੀਖਣ ਨਜ਼ਰ ਨੇ ਪਰਵਾਸੀ ਜ਼ਿੰਦਗੀ ਨੂੰ ਇੰਨੀ ਨੇੜਿਉਂ ਦੇਖ ਕੇ, ਉਨ੍ਹਾਂ ਪਰਤਾਂ ਨੂੰ ਫਰੋਲਿਆ ਹੈ ਜਿਨ੍ਹਾਂ ਦਾ ਅਸੀਂ ਕਈ ਵਾਰ ਕਿਆਸ ਵੀ ਨਹੀਂ ਕਰ ਸਕਦੇ।



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


## ਪੁਸਤਕ ਚਰਚਾ

'ਸੁਰਖ਼-ਸਾਜ਼' ਨਾਵਲ ਵਿਚੋਂ ਬਹੁਤ ਸਾਰੀਆਂ ਪਰਤਾਂ ਉਜਾਗਰ ਹੁੰਦੀਆਂ ਹਨ, ਜੋ ਪਰਤ-ਦਰ-ਪਰਤ ਖੁੱਲ੍ਹਦੀਆਂ ਹਨ। ਦੁਆਬੇ ਦੇ ਹਰੀਪਾਲ ਅਰੋੜਾ ਦਾ ਮਜਬੂਰੀ ਵੱਸ, ਕਬੱਡੀ ਟੀਮ ਦਾ ਹਿੱਸਾ ਬਣ ਕੇ ਅਮਰੀਕਾ ਆਉਣ ਅਤੇ ਰਾਜਸੀ ਪਨਾਹ ਲੈ ਕੇ ਜੀਵਨ ਦੀ ਨਵੀਂ ਸੁਪਨਸਾਜ਼ੀ ਦਾ ਬਿਰਤਾਂਤ ਹੈ ਇਹ ਨਾਵਲ। ਹਰੀ ਪਾਲ ਇੰਜਨੀਅਰ ਹੈ ਅਤੇ ਕਬੱਡੀ ਦਾ ਬਿਹਤਰੀਨ ਖਿਡਾਰੀ ਹੈ। ਉਹ ਤਾਂ ਐਸਡੀਓ ਬਣ ਕੇ ਪੰਜਾਬ ਦੀ ਸੇਵਾ ਕਰਨਾ ਚਾਹੁੰਦਾ ਸੀ। ਉਹ ਆਪਣੀ ਜਮਾਤਣ, ਵੱਡੇ ਜ਼ਿਮੀਂਦਾਰ ਜੱਟ ਸਿੱਖ ਪਰਿਵਾਰ ਦੀ ਲੜਕੀ ਨੂੰ ਪਿਆਰ ਕਰਦਾ ਹੈ। ਪਤਾ ਲੱਗਣ 'ਤੇ ਮਾਪੇ ਆਪਣੀ ਧੀ ਦਾ ਅਣਖ ਖਾਤਰ ਕਤਲ ਕਰਦੇ ਅਤੇ ਹਰੀਪਾਲ ਨੂੰ ਇਸ ਕਤਲ ਕੇਸ ਵਿਚ ਉਲਝਾ ਕੇ ਉਸਦਾ ਕੈਰੀਅਰ ਖਤਮ ਕਰਨਾ ਚਾਹੁੰਦੇ ਹਨ। ਉਹ ਪੁਲੀਸ ਦੇ ਤਸ਼ੱਦਦ ਤੋਂ ਬਚਣ ਲਈ ਪਰਵਾਸ ਕਰਨ ਲਈ ਮਜਬੂਰ ਹੁੰਦਾ ਹੈ ਜੋ ਅਕਸਰ ਹੀ ਪੰਜਾਬ ਵਿਚ ਵਾਪਰਦਾ ਹੈ।

ਉਹ ਕੈਲੇਫੋਰਨੀਆ ਵਿਚ ਪੰਜਾਬੀ ਦੇ ਫਾਰਮ 'ਤੇ ਗੈਰ-ਕਾਨੂੰਨੀ ਰਹਿੰਦਿਆਂ, ਰਾਜਸੀ ਪਨਾਹ ਲਈ ਅਪਲਾਈ ਕਰਦਾ ਹੈ। ਫਾਰਮ 'ਤੇ ਰਹਿਣ ਵਾਲਿਆਂ ਦੀ ਤਰਾਸਦੀ, ਅੱਖਰਾਂ ਨੂੰ ਸਿੰਮਣ ਲਾਉਂਦੀ ਹੈ। ਕਈ ਥਾਂ ਲੁਕ-ਛਿਪ ਕੇ ਕੰਮ ਕਰਨ ਤੋਂ ਬਾਅਦ, ਉਹ ਜਸ਼ਨਜੋਤ ਨਾਲ ਵਿਆਹ ਕਰਵਾ ਕੇ ਆਪਣੇ ਜੀਵਨ ਦੀ ਸੁਪਨਸਾਜ਼ੀ ਸ਼ੁਰੂ ਕਰਦਾ ਹੈ। ਪਰ ਆਖਰ ਨੂੰ ਉਸਦੀ ਘਰਵਾਲੀ ਆਪਣੇ ਕਾਲਜ ਸਮੇਂ ਦੇ ਆਸ਼ਕ ਨਾਲ ਘਰੋਂ ਭੱਜ ਜਾਂਦੀ ਹੈ। ਹਰੀਪਾਲ ਆਪਣੇ ਜੀਵਨ ਨੂੰ ਨਵੇਂ ਸਿਰੇ ਤੋਂ ਤਰਤੀਬ ਦੇ, ਸੁਰਖ਼-ਸਾਜ਼ ਬਣ ਕੇ ਸੂਹੇ ਸੁਪਨਿਆਂ ਦੀ ਪ੍ਰਾਪਤੀ ਦੇ ਸੰਘਰਸ਼ ਵਿਚ ਖੁਦ ਨੂੰ ਅਰਪਿਤ ਕਰਦਾ ਹੈ।

ਇਸ ਨਾਵਲ ਵਿਚ ਵਿਦੇਸ਼ੀ ਕਬੱਡੀ ਫੈਡਰੇਸ਼ਨਾਂ ਵਲੋਂ ਭਾਈ-ਭਤੀਜਾਵਾਦ ਨਾਲ ਕਬੂਤਰਬਾਜ਼ੀ ਕਰਨ ਦਾ ਜ਼ਿਕਰ ਵੀ ਹੈ, ਖੇਡੇ ਜਾ ਰਹੇ ਮੈਚਾਂ ਨੂੰ ਜਿੱਤਣ ਦੀ ਤਿੱਗੜਮਬਾਜ਼ੀ ਵੀ। ਅਜੇਹਾ ਵਿਦੇਸ਼ਾਂ ਵਿਚਲੇ ਕੁਝ ਗੁਰਦੁਆਰਿਆਂ ਦੇ ਪ੍ਰਬੰਧਕਾਂ ਵਲੋਂ ਵੀ ਕੀਤਾ ਜਾਂਦਾ ਹੈ। ਅੱਜ ਕੱਲ੍ਹ ਤਾਂ ਵਿਦੇਸ਼ਾਂ ਵਿਚ ਵਰਲਡ ਪੰਜਾਬੀ ਕਾਨਫਰੰਸਾਂ ਦੇ ਨਾਮ 'ਤੇ ਕੁਝ ਅਦਾਰੇ ਕਬੂਤਰਬਾਜ਼ੀ ਵੀ ਕਰ ਰਹੇ ਹਨ। ਮੈਂ ਪਿਛਲੇ ਵੀਹ ਸਾਲ ਤੋਂ ਕੈਨੇਡਾ ਅਤੇ ਅਮਰੀਕਾ ਵਿਚ ਰਹਿੰਦਿਆਂ, ਇਸ ਸੱਚ-ਕੱਚ ਨੂੰ ਬਹੁਤ ਨੇੜਿਉਂ ਦੇਖਿਆ ਹੈ ਜਿਸਦਾ ਉਲੇਖ ਡਾ. ਜਸਵਿੰਦਰ ਸਿੰਘ ਹੁਰਾਂ ਨੇ ਕੀਤਾ ਹੈ।

ਨਾਵਲ ਵਿਚ ਆਪਣਿਆਂ ਵੱਲੋਂ, ਆਪਣਿਆਂ ਦੀ ਕੀਤੀ ਲੁੱਟ ਦਾ ਜ਼ਿਕਰ ਵੀ ਹੈ ਪਰ ਕਈਆਂ ਆਪਣਿਆਂ ਵੱਲੋਂ ਗੈਰ-ਕਾਨੂੰਨੀ ਆਇਆਂ ਲਈ ਫ਼ਿਕਰ ਵੀ ਹੈ। ਇਹ ਭਾਵੇਂ ਅੰਕਲ ਯਾਦਵ ਹੋਵੇ, ਗਾਰਸੀਆ ਹੋਵੇ, ਗੈਰੀ ਹੋਵੇ ਜਾਂ ਡਾ. ਸਮਿੱਥ, ਜੋ ਹਰੀਪਾਲ ਨੂੰ ਸਮੇਂ ਸਮੇਂ ਨੇਕ ਸਲਾਹ ਦੇ ਕੇ, ਉਸਨੂੰ ਉਸਦੇ ਆਪਣੇ ਸਿੱਖਿਅਤ ਖੇਤਰ ਵਿਚ ਜਾਣ ਲਈ ਹੌਸਲਾ ਵੀ ਵਧਾਉਂਦੇ ਹਨ ਅਤੇ ਉਸਦੇ ਰੁਜ਼ਗਾਰ ਦਾ ਹੀਲਾ ਵੀ ਬਣਦੇ ਹਨ। ਅਜੇਹੇ ਇਨਸਾਨਾਂ ਕਰਕੇ ਹੀ ਮਨੁੱਖਤਾ ਜਿਉਂਦੀ ਹੈ।




ਨਾਵਲ ਵਿਚ ਪੰਜਾਬ ਵਿਚ ਪਰਵਾਸੀਆਂ ਵਲੋਂ ਵੇਚੀਆਂ ਜਾ ਰਹੀਆਂ ਜਾਇਦਾਦਾਂ ਅਤੇ ਘਰਾਂ ਨੂੰ ਵੇਚਣ ਦਾ ਦਰਦੀਲਾ ਜ਼ਿਕਰ ਵੀ ਹੈ। ਬਹੁਤ ਔਖਾ ਹੁੰਦਾ ਉਸ ਘਰ ਤੋਂ ਸਦਾ ਲਈ ਦੂਰ ਹੋ ਜਾਣਾ ਜਿਸ ਵਿਚ ਤੁਸੀਂ ਖੇਡੇ ਹੋਵੋਂ, ਸੁਪਨੇ ਲਏ ਹੋਣ ਅਤੇ ਜਿਹੜਾ ਘਰ ਤੁਹਾਨੂੰ ਗਾਹੇ-ਬਗਾਹੇ ਜ਼ਰੂਰ ਉਡੀਕਦਾ ਕਿ ਮੇਰੇ ਵਿਹੜੇ ਵਿਚ ਖੇਡਣ ਵਾਲੇ ਫੇਰਾ ਪਾਉਂਦੇ ਰਹਿਣ। ਦਲਾਲਾਂ ਵਲੋਂ ਕੌਡੀਆਂ ਦੇ ਭਾਅ ਖਰੀਦਣ ਦੀਆਂ ਕੋਝੀਆਂ ਚਾਲਾਂ ਅਤੇ ਆਪਣਿਆਂ ਵੱਲੋਂ ਆਪਣਿਆਂ ਦੇ ਘਰਾਂ ਅਤੇ ਖੇਤਾਂ 'ਤੇ ਕਬਜ਼ਿਆਂ ਦਾ ਰੌਲਾ ਵੀ।

ਨਾਵਲ ਵਿਚ ਕਾਮਰੇਡ ਹੰਸ ਰਾਜ ਅਤੇ ਕਰਤਾਰ ਸਿਹੁੰ ਦੀ ਯਾਰੀ ਦੀ ਪਾਕੀਜ਼ਗੀ ਵੀ ਅਤੇ ਇਸ ਸਾਂਝ ਵਿਚੋਂ ਪੈਦਾ ਹੋਏ ਸੰਬੰਧਾਂ ਦੀ ਖੁਸ਼ਬੂ ਵੀ ਜਿਹੜੀ ਪੀੜ੍ਹੀ ਦਰ ਪੀੜ੍ਹੀ ਚੱਲਦੀ ਹੈ। ਇਹ ਪੰਜਾਬੀ ਭਾਈਚਾਰਕ ਸਾਂਝ ਦਾ ਪ੍ਰਤੀਕ ਵੀ ਅਤੇ ਪੰਜਾਬੀਅਤ ਦਾ ਪ੍ਰਮਾਣ ਵੀ।

ਕਮਾਲ ਇਸ ਗੱਲ ਦਾ ਕਿ ਨਾਵਲ ਦੀਆਂ ਕੁਝ ਬਾਰੀਕੀਆਂ ਬਾਰੇ ਵਿਦੇਸ਼ ਵਿਚ ਰਹਿੰਦਿਆਂ ਵੀ ਜਿਹੜੀ ਜਾਣਕਾਰੀ ਨਹੀਂ ਹੁੰਦੀ ਉਹ ਡਾ. ਜਸਵਿੰਦਰ ਸਿੰਘ ਹੁਰਾਂ ਨੇ ਇਸ ਨਾਵਲ ਰਾਹੀਂ ਬਿਆਨੀ ਹੈ। ਜਿਵੇਂ ਹਰੀ ਪਾਲ ਦੀ ਡਿਗਰੀ ਦੀ ਸਰਟੀਫਿਕੇਸ਼ਨ। ਕੋਰਸ ਪੂਰਾ ਕਰਨ ਲਈ ਦਿਨੇਂ ਕੰਮ ਕਰਨਾ ਅਤੇ ਰਾਤ ਨੂੰ ਪੇਪਰਾਂ ਦੀ ਤਿਆਰੀ ਕਰਨਾ ਜਿਸ ਲਈ ਪ੍ਰੇਰਤ ਅੰਕਲ ਯਾਦਵ ਕਰਦੇ ਹਨ ਜੋ ਆਪਣੇ ਬੱਚਿਆਂ ਤੋਂ ਦੂਰ 'ਕੱਲੇ ਰਹਿੰਦੇ ਹਨ। ਪਰ ਜਦ ਉਹ ਬਹੁਤ ਬਿਮਾਰ ਹੋ ਜਾਂਦੇ ਹਨ ਤਾਂ ਉਸਦੀ ਧੀ ਉਸਨੂੰ ਆਪਣੇ ਕੋਲ ਲੈ ਜਾਂਦੀ ਹੈ ਅਤੇ ਸੇਵਾ ਕਰਦੀ ਹੈ ਜਦ ਕਿ ਉਸਦੇ ਪੁੱਤ ਨੂੰ ਆਪਣੇ ਬਿਮਾਰ ਬਾਪ ਦੀ ਕੋਈ ਪ੍ਰਵਾਹ ਨਹੀਂ।

ਸੈਵਨ-ਇਲੈਵਨ ਸਟੋਰ 'ਤੇ ਹੁੰਦੀਆਂ ਲੁੱਟਾਂ-ਖੋਹਾਂ ਅਤੇ ਗੈਰ-ਕਾਨੂੰਨੀ ਕਰਿੰਦਿਆਂ ਕਾਰਨ ਮਾਲਕ ਦਾ ਕਸੂਤੇ ਜੰਜਾਲ ਵਿਚ ਫਸਣ ਦਾ ਡਰ। ਬੈਂਕਾਂ ਦਾ ਲੋਨ ਦੇਣ ਦਾ ਤਰੀਕਾ। ਬੈਂਕ ਕਰਮਚਾਰੀਆਂ ਦੀ ਮਿਲੀ-ਭੁਗਤ। ਸਰਕਾਰੀ ਅਦਾਰਿਆਂ ਵੱਲੋਂ ਕਰਜ਼ਦਾਰਾਂ ਦੇ ਖ਼ੂਨ ਨਚੋੜਣ ਦਾ ਗੁਪਤ-ਤਰੀਕਾ, ਆਦਿ ਸਭ ਕੁਝ ਹੈ ਇਸ ਨਾਵਲੀ ਬਿਰਤਾਂਤ ਵਿਚ।

ਹਰਪਾਲ ਅਤੇ ਉਸਦੀ ਪਤਨੀ ਜਸ਼ਨ ਵਲੋਂ ਅਮੀਰ ਬਣਨ ਦੀ ਦੌੜ ਵਿਚ ਸ਼ਾਮਲ ਹੋ, ਵੱਡਾ ਘਰ ਅਤੇ ਮਹਿੰਗੀਆਂ ਕਾਰਾਂ ਖਰੀਦਣ ਲਈ ਕਰਜ਼ ਲੈਣਾ, ਅਮਰੀਕਾ ਵਿਚ 2008 ਦੀ ਮੰਦੀ ਕਾਰਨ ਕਰਜ਼ੇ ਵਿਚ ਡੁੱਬੇ ਜਿਊੜੇ ਦਾ ਇਕ ਦੂਜੇ ਤੋਂ ਉਪਰਾਮ ਹੋ ਜਾਣਾ ਅਤੇ ਪਈ ਵਿੱਥ ਕਾਰਨ ਇਕ ਦੂਜੇ ਤੋਂ ਤਲਾਕ ਲੈਣ ਦੀ ਵਿਥਿਆ ਹੈ ਇਸ ਨਾਵਲ ਵਿਚ। ਪਤਨੀ ਵਲੋਂ ਆਪਣੀਆਂ ਸ਼ਰਤਾਂ 'ਤੇ ਤਲਾਕ ਲੈਣਾ ਅਤੇ ਪਤੀ ਨੂੰ ਵਰਤਣ ਦੀ ਵਸਤੂ ਬਣਾ ਲੈਣਾ, ਇਸ ਨਾਵਲ ਦਾ ਉਹ ਪੱਖ ਹੈ ਜਿਸ ਤੋਂ ਅਕਸਰ ਅਸੀਂ ਹਨੇਰ ਵਿਚ ਹੀ ਹਾਂ।

ਨਾਵਲ ਵਿਚ ਇਹ ਵੀ ਬਾਖ਼ੂਬੀ ਵਰਣਨ ਕੀਤਾ ਗਿਆ ਕਿ ਅਮਰੀਕਾ ਵਿਚ ਜੰਮੀ ਅਤੇ ਪਰਵਾਨ ਚੜ੍ਹੀ ਨਵੀਂ ਪੀੜ੍ਹੀ ਨੂੰ ਪੰਜਾਬੀ ਕਦਰਾਂ-ਕੀਮਤਾਂ ਦੀ ਕੋਈ ਪ੍ਰਵਾਹ ਨਹੀਂ। ਉਹ ਆਪਣੀ ਜ਼ਿੰਦਗੀ ਨੂੰ ਆਪਣੀ ਮਰਜ਼ੀ ਅਨੁਸਾਰ ਹੀ ਜਿਊਣ ਲਈ ਬਜ਼ਿੱਦ ਭਾਵੇਂ ਬਾਅਦ ਵਿਚ ਕਈ ਵਾਰ ਪਛਤਾਵੇ ਹੀ ਉਨ੍ਹਾਂ ਦੇ ਪੱਲੇ ਪੈਂਦੇ। ਭਾਵੇਂ ਇਹ ਜੈਸੀ ਦਾ ਗੁਜਰਾਤ ਦੇ ਮੁੰਡੇ ਨਾਲ ਵਿਆਹ ਕਰਵਾਉਣਾ ਹੋਵੇ। ਅਮਰੀਕਾ-ਕੈਨੇਡਾ ਵਿਚ ਅੰਤਰ-ਨਸਲੀ ਵਿਅਹ ਆਮ ਹਨ। ਮੇਰੀ ਦੂਰ ਦੀ ਸਕੀਰੀ ਵਿਚ ਨਵੀਂ ਪਨੀਰੀ ਦੇ ਬੱਚਿਆਂ ਵਿਚੋਂ ਲਗਭਗ ਸਾਰਿਆਂ ਨੇ ਹੀ ਗੈਰ-ਭਾਰਤੀਆਂ ਨਾਲ ਵਿਆਹ ਕਰਵਾਏ ਹਨ। ਪਰਵਾਸ ਕਰਨ ਵਾਲਿਆਂ ਨੂੰ ਇਸ ਸੱਚ ਨੂੰ ਪਰਵਾਨ ਕਰਨਾ ਆ ਗਿਆ ਹੈ।

ਡਾ. ਜਸਵਿੰਦਰ ਸਿੰਘ ਨੇ ਇਹ ਨਾਵਲ ਲਿਖ ਕੇ ਗੈਰ-ਕਾਨੂੰਨੀ ਅਤੇ ਕਾਨੂੰਨੀ ਪਰਵਾਸ ਕਰਨ ਵਾਲਿਆਂ ਲਈ ਇਕ ਖ਼ਾਕਾ ਪੇਸ਼ ਕੀਤਾ ਹੈ ਕਿ ਪਰਵਾਸ ਅਸਾਨ ਨਹੀਂ। ਪਰ ਕਾਨੂੰਨੀ ਪਰਵਾਸ ਕਰਕੇ ਆਪਣੀ ਪਛਾਣ ਸਿਰਜਣ ਲਈ ਖ਼ੁਦ ਨੂੰ ਦਰਪੇਸ਼ ਚੁਣੌਤੀ ਦਾ ਹਾਣੀ ਹੋ, ਆਪਣੇ ਹਿੱਸੇ ਦੀ ਜ਼ਿੰਦਗੀ ਦਾ ਨਾਮਕਰਣ ਹੁੰਦਾ। ਪਰਵਾਸੀ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਆਪਣੀ ਲਿਆਕਤ, ਮਿਹਨਤ, ਸਿਰੜ ਅਤੇ ਸਾਧਨਾ ਨਾਲ ਪ੍ਰਾਪਤ ਵੀ ਬਹੁਤ ਕੁਝ ਕੀਤਾ। ਫ਼ਖਰਯੋਗ ਪ੍ਰਾਪਤੀਆਂ ਨੇ ਪੰਜਾਬੀਆਂ ਦੀ ਨਿਵੇਕਲੀ ਪਛਾਣ ਵੀ ਸਿਰਜੀ ਹੈ।

'ਸੁਰਖ਼-ਸਾਜ਼' ਜੀਵਨੀ ਸੰਘਰਸ਼, ਤਿੜਕੇ ਸੁਪਨਿਆਂ ਦੀ ਚੀਸ ਵਿਚੋਂ ਉਭਰਨ, ਆਪਣਾ ਸੰਸਾਰ ਸਿਰਜਣ ਲਈ ਆਪਣੇ ਅੰਬਰ ਦੀ ਨਿਸ਼ਾਨਦੇਹੀ ਕਰਨ ਅਤੇ ਖ਼ਿੜਕੇ ਕਦਮਾਂ ਵਿਚ ਉਤਸ਼ਾਹ, ਉਮਾਹ, ਹਿੰਮਤ ਅਤੇ ਦਲੇਰੀ ਭਰਨ ਦੀ ਕਥਾ ਹੈ। ਜੀਵਨ ਦੇ ਸੁਰਖ਼-ਰਾਹਾਂ ਵੰਨੀਂ ਜਾਂਦੇ ਕਦਮਾਂ ਦੀ ਨਿਸ਼ਾਨਦੇਹੀ ਵੀ ਕਰਦੀ ਅਤੇ ਕੁਝ ਵੱਖਰਾ ਅਤੇ ਵਿਕਲੋਤਰਾ ਕਰਨ ਲਈ ਪ੍ਰੇਰਨਾ ਵੀ। ਡਾ. ਜਸਵਿੰਦਰ ਸਿੰਘ ਜੀ ਇਸ ਨਾਯਾਬ ਲਿਖਤ ਲਈ ਵਧਾਈ ਦੇ ਪਾਤਰ ਹਨ।

# ਈਸ਼ਾ ਨਾਰੰਗ ਦੀ ਕਾਵਿ ਕਿਰਤ 'ਇਹ ਵੀ ਮੈਂ' ਦਾ ਕਾਵਿ-ਪ੍ਰਵਚਨ

ਕੁਝ ਦਿਨ ਪਹਿਲਾਂ ਮੈਂ ਅਮਰੀਕਾ ਦੇ ਸ਼ਹਿਰ ਫੀਨਿਕਸ ਵਿਚ ਰਹਿ ਰਿਹਾ ਸਾਂ। ਪੰਜਾਬੀ ਸਾਹਿਤ ਸਭਾ, ਦਿੱਲੀ ਦੇ ਇੱਕ ਸਮਾਗਮ ਵਿਚ ਦੇਵ ਨੇ ਈਸ਼ਾ ਨਾਰੰਗ ਦੀ ਪੁਸਤਕ 'ਇਹ ਵੀ ਮੈਂ' ਰਿਲੀਜ਼ ਕੀਤੀ। ਮੇਰੇ ਲਈ ਈਸ਼ਾ ਨਾਰੰਗ ਦਾ ਨਾਮ ਅਣ-ਸੁਣਿਆ ਅਤੇ ਨਵਾਂ ਸੀ, ਮੈਂ ਪੁਸਤਕ ਨੂੰ ਪੜ੍ਹਨ ਦੀ ਇੱਛਾ ਜ਼ਾਹਿਰ ਕੀਤੀ। ਜਦੋਂ ਮੈਂ ਦੇਸ਼ ਆਇਆ ਤਾਂ ਪੁਸਤਕ ਪ੍ਰਾਪਤ ਕਰ ਕੇ ਸਹਿਜੇ ਸਹਿਜੇ ਇਸਦਾ ਪਾਠ ਕਰਨਾ ਆਰੰਭ ਕੀਤਾ। ਈਸ਼ਾ ਨਾਰੰਗ ਅਬੋਹਰ ਵਿਖੇ ਇਕ ਕਾਲਜ ਵਿਚ ਅੰਗਰੇਜ਼ੀ ਦੀ ਅਧਿਆਪਕਾ ਹੈ ਅਤੇ ਕਵਿਤਾ ਦੀ ਰਚਨਾਤਮਕਤਾ ਦੇ ਨਾਲ ਨਾਲ ਅਨੁਵਾਦ ਕਾਰਜ ਵਿਚ ਵੀ ਦਿਲਚਸਪੀ ਰੱਖਦੀ ਹੈ। ਮੈਂ ਨਿੱਜੀ ਤੌਰ 'ਤੇ ਉਸ ਨੂੰ ਮਿਲਿਆ ਨਹੀਂ ਪਰ ਉਸਦੀ ਕਵਿਤਾ ਰਾਹੀਂ ਉਸਨੂੰ ਜਾਨਣ ਦਾ ਯਤਨ ਕੀਤਾ ਹੈ। ਪੁਸਤਕ ਦੇ ਸਿਰਲੇਖ 'ਇਹ ਵੀ ਮੈਂ' ਤੋਂ ਜ਼ਾਹਿਰ ਹੁੰਦਾ ਹੈ ਕਿ ਸ਼ਾਇਰਾ ਦੀ ਇਕ ਆਪਣੀ ਹਸਤੀ ਹੈ ਅਤੇ ਦੂਸਰੀ ਕਾਵਿ-ਹਸਤੀ ਹੈ, ਜਿਸ ਨੂੰ ਉਹ ਆਪਣੀ ਇਕ ਹੋਰ ਹਸਤੀ ਵਜੋਂ ਸਵੀਕਾਰਦੀ ਹੈ। ਅਜਿਹੀ ਰਚਨਾ ਸ਼ਿਵ ਕੁਮਾਰ ਨੇ ਵੀ 'ਮੈਂ ਤੇ ਮੈਂ' ਪੁਸਤਕ ਦੇ ਰੂਪ ਵਿਚ ਕੀਤੀ ਸੀ, ਉਸਨੇ ਇਹ ਦਾਅਵਾ ਵੀ ਕੀਤਾ ਸੀ ਕਿ ਇਸ ਕਾਵਿ ਵਿਚਲੀ ਮੈਂ ਮੇਰੀ ਮੈਂ ਨਹੀਂ ਬਲਕਿ ਮੇਰੇ ਅਸਤਿੱਤਵ ਦਾ ਸੱਚ ਹੈ ਪਰ ਇਸ ਦੇ ਉਲਟ ਈਸ਼ਾ ਨਾਰੰਗ ਕਹਿ ਰਹੀ ਹੈ ਕਿ ਇਹ ਕਾਵਿ-ਹਸਤੀ ਮੇਰੀ ਹੀ ਹੈ, ਮੇਰੀ ਹੀ ਹਸਤੀ ਦਾ ਇਹ ਦੂਸਰਾ ਰੂਪ ਹੈ।



ਪ੍ਰੋ. ਸੁਹਿੰਦਰ ਬੀਰ

ਇਹ ਸ਼ਾਇਰਾ ਦੀ ਪ੍ਰਥਮ ਕਾਵਿ-ਰਚਨਾ ਹੈ ਅਤੇ ਜਿਵੇਂ ਆਮ ਹੁੰਦਾ ਹੈ ਪ੍ਰਥਮ ਕਾਵਿ ਕਿਰਤ ਵਿਚ ਵਿਸ਼ਿਆਂ ਦੀ ਵਿਭਿੰਨਤਾ ਨੂੰ ਇਕ ਕਾਵਿ-ਰੂਪੀ ਗੁਲਦਸਤੇ ਵਿਚ ਪੇਸ਼ ਕਰਨ ਦੀ ਇੱਛਾ ਤੀਬਰ ਹੁੰਦੀ ਹੈ। ਹਰ ਸਿਰਜਣਾ ਨਾਲ ਸਿਰਜਕ ਦਾ ਆਪਣਾ ਲਗਾਵ ਵੀ ਹੁੰਦਾ ਹੈ। ਕਵੀ ਦੀ ਸੰਵੇਦਨਾ ਨਿਹਿਤ ਹੁੰਦੀ ਹੈ, ਇਸ ਲਈ ਸਿਰਜਕ ਆਪਣੀਆਂ ਸਾਰੀਆਂ ਰਚਨਾਵਾਂ ਨੂੰ ਸੰਗ੍ਰਹਿਤ ਕਰਨਾ ਚਾਹੁੰਦਾ ਹੁੰਦਾ ਹੈ। ਸਿਰਜਕ ਬੁਨਿਆਦੀ ਤੌਰ 'ਤੇ ਅੰਗਰੇਜ਼ੀ ਦੀ ਅਧਿਆਪਕਾ ਹੈ, ਇਸ ਲਈ ਸਹਿਵਨ ਹੀ ਉਸਦੀ ਕਾਵਿ ਸਿਰਜਣਾ ਵਿਚ ਅੰਗਰੇਜ਼ੀ ਦੇ ਸਰੋਤ ਸ਼ਾਮਿਲ ਹੋ ਗਏ ਹਨ। ਚਿੰਤਨ ਦਾ ਸਿਰਜਣਾ ਵਿਚ ਪ੍ਰਵਾਹਮਾਨ ਹੋਣਾ ਸਹਿਜ ਅਤੇ ਸੰਭਵ ਹੈ। ਡਾਕਟਰ ਹਰਿਭਜਨ ਸਿੰਘ ਹੋਰਾਂ ਨੂੰ ਜਦੋਂ ਬਿਰਲਾ ਫਾਊਂਡੇਸ਼ਨ ਵੱਲੋਂ ਸਰਸਵਤੀ ਪੁਰਸਕਾਰ ਪ੍ਰਾਪਤ ਹੋਇਆ ਸੀ ਤਾਂ ਉਨ੍ਹਾਂ ਨੇ ਉਸ ਵੇਲੇ ਜੋ ਭਾਸ਼ਣ ਦਿੱਤਾ ਸੀ ਉਸ ਵਿਚ ਕਿਹਾ ਸੀ ਕਿ ਕਵੀ ਬੇਚੈਨ ਰੂਹ ਵਾਲਾ ਵਿਅਕਤੀ ਹੁੰਦਾ ਹੈ, ਜਿਹੜਾ ਵਿਅਕਤੀ ਬੇਚੈਨ ਨਹੀਂ, ਉਹ ਸ਼ਬਦ-ਸਿਰਜਣਾ ਨਹੀਂ ਕਰ ਸਕਦਾ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਬੇਚੈਨੀ ਮਨੁੱਖ ਨੂੰ ਸੰਵੇਦਨਸ਼ੀਲ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਈਸ਼ਾ ਨਾਰੰਗ ਇਸ ਬੇਚੈਨੀ ਨੂੰ ਸ਼ੋਰ ਦੇ ਰੂਪ ਵਿਚ ਮਹਿਸੂਸ ਕਰਦੀ ਹੈ। ਆਲੇ ਦੁਆਲੇ ਵਿਚ ਵਾਪਰੀਆਂ ਘਟਨਾਵਾਂ ਦੇ ਸ਼ੋਰ ਨੂੰ ਉਹ ਅੱਖੋਂ-ਪਰੋਖੇ ਨਹੀਂ ਕਰਨਾ ਚਾਹੁੰਦੀ। ਇਹ ਸ਼ੋਰ ਉਸ ਨੂੰ ਸਿਰਜਣਾ ਦੇ ਦੁਆਰ ਤੱਕ ਲੈ ਜਾਂਦਾ ਹੈ। ਦੁਨੀਆ ਵਿਚ ਜਿਹੜੇ ਮਾਨਵ ਆਲੇ-ਦੁਆਲੇ ਦੇ ਸੰਸਾਰ ਵਿਚ ਵਾਪਰ ਰਹੇ ਕਾਲ-ਕ੍ਰਮ ਤੋਂ ਬੇਮੁਖ ਨਹੀਂ ਹਨ ਅਤੇ ਆਪਣੀ ਬਿਰਤੀ ਇਕਾਗਰ ਕਰਦੇ ਹਨ ਉਹ ਸਿਰਜਕ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ, ਜਿਵੇਂ ਉਹ ਲਿਖਦੀ ਹੈ:

ਸ਼ੋਰ ਵਧ ਜਾਂਦਾ ਹੈ
ਮੈਂ ਕੰਨ ਬੰਦ ਕਰ ਲੈਂਦੀ ਹਾਂ
ਇਹ ਖਤਮ ਨਹੀਂ ਹੁੰਦਾ
ਇਹ ਤਾਂ ਮੇਰੇ ਅੰਦਰ ਦਾ ਹੀ ਸ਼ੋਰ ਹੈ
ਸ਼ੋਰ ਹੋਰ ਵੀ ਵਧ ਗਿਆ ਹੈ
ਫਿਰ ਕੁਝ ਨਵਾਂ ਹੋਇਆ ਲੱਗਦਾ
ਇੰਨਾ ਕੁਝ ਚੱਲ ਰਿਹਾ ਹੈ
ਅੰਦਰ ਵੀ ਤੇ ਬਾਹਰ ਵੀ
ਪਰ ਮੈਂ ਕਿੱਥੇ ਹਾਂ?




*ਲੇਖਿਕਾ ਈਸ਼ਾ ਨਾਰੰਗ ਅਤੇ ਕਿਤਾਬ 'ਇਹ ਵੀ ਮੈਂ' ਦਾ ਸਰਵਰਕ।*

ਇਸੇ ਤਰ੍ਹਾਂ ਕੁਝ ਕਵਿਤਾਵਾਂ ਵਿਚ ਉਹ ਜੀਵਨ ਦੇ ਰਹੱਸ ਬਾਰੇ ਜਾਨਣ ਲਈ ਉਤਸੁਕਤ ਹੈ। ਪੂਰੀ ਦੀ ਪੂਰੀ ਜ਼ਿੰਦਗੀ ਜੀਅ ਕੇ ਸਾਨੂੰ ਇਸ ਦੀ ਹਕੀਕਤ ਬਾਰੇ, ਇਸ ਦੀਆਂ ਰਮਜ਼ਾਂ ਬਾਰੇ ਸੰਪੂਰਨ ਗਿਆਨ ਨਹੀਂ ਹੁੰਦਾ। ਜੀਵਨ ਬਾਰੇ ਗਿਆਨ, ਤਾਂ ਵਿਕੋ (ੜਚਿ) ਨੇ ਕਿਹਾ ਸੀ ਕਿ ਸਿਰਜਣਾ ਨਾਲ ਹੀ ਜੀਵਨ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਸਿਰਜਕ ਸਮਾਧੀ ਰਾਹੀਂ ਜੀਵਨ ਦੇ ਅਰਥਾਂ ਦੀ ਤਲਾਸ਼ ਕਰਦਾ ਹੈ, ਲੇਖਿਕਾ ਲਿਖਦੀ ਹੈ:

ਕਦੀ ਜ਼ਿੰਦਗੀ ਪਹਾੜ ਲੱਗਦੀ ਹੈ
ਕਦੀ ਲੱਗਦੀ ਹੈ ਮੈਨੂੰ ਫੁੱਲਾਂ ਜਿਹੀ
ਸਮਝਾਂ ਨਾ ਰਹੱਸ ਮੈਂ ਜੀਵਨ ਦੇ

ਕਦੀ ਸ਼ੁਰੂ ਵੀ ਹੋਈ ਲੱਗਦੀ ਨਹੀਂ
ਕਦੇ ਮੁੱਕ ਗਈ ਜਿਹੀ ਲੱਗਦੀ ਹੈ।

ਈਸ਼ਾ ਜ਼ਿੰਦਗੀ ਨੂੰ ਸਤਹੀ-ਪੱਧਰ 'ਤੇ ਜਾਂ ਇਕਹਿਰੀ ਪਰਤ ਵਾਂਗ ਨਹੀਂ ਦੇਖਦੀ, ਉਹ ਸੂਖਮਤਾ ਰਾਹੀਂ ਇਸਨੂੰ ਪਕੜਨ ਦੀ ਕੋਸ਼ਿਸ਼ ਕਰਦੀ ਹੈ। ਇਸ ਕਾਵਿ-ਪੁਸਤਕ ਵਿਚ ਕੁਝ ਇਕ ਕਵਿਤਾਵਾਂ ਹਨ ਜੋ ਵਿਛੜ ਗਈ ਮਾਂ ਨੂੰ ਇਕਾਗਰ ਚਿੱਤ ਹੋ ਕੇ ਸਿਰਜੀਆਂ ਗਈਆਂ ਹਨ। ਮਾਤਾ-ਪਿਤਾ ਦਾ ਵਿਗੋਚਾ ਦੁਨੀਆ ਵਿਚ ਸਾਰੇ ਵਿਗੋਚਿਆਂ ਤੋਂ ਭਾਰੀ ਹੈ। ਇਹ ਵਿਗੋਚਾ ਈਸ਼ਾ ਨਾਰੰਗ ਨੂੰ ਵਾਰ ਵਾਰ ਸੰਵੇਦਨਸ਼ੀਲ ਬਣਾਉਂਦਾ ਹੈ, ਭਾਵੁਕ ਪਲਾਂ ਵਿਚ ਲੈ ਜਾਂਦਾ ਹੈ। ਉਹ ਮਾਂ ਦੇ ਕਥਨਾਂ ਰਾਹੀਂ ਮਾਂ ਦੀ ਹਸਤੀ ਨੂੰ ਤਰੋਤਾਜ਼ਾ ਕਰਦੀ ਹੈ ਕਿ ਦੁਨੀਆ ਵੰਨ-ਸੁਵੰਨਤਾ ਨਾਲ ਭਰੀ ਹੋਈ ਹੈ। ਚੰਗੀ-ਮੰਦੀ ਨਹੀਂ ਇਸ ਨੂੰ ਕਿਹਾ ਜਾ ਸਕਦਾ। ਕੁਦਰਤ ਨੇ ਵੱਖ-ਵੱਖ ਤਰ੍ਹਾਂ ਦੀ ਸਿਰਜਣਾ ਕੀਤੀ ਹੈ। ਇਸੇ ਵਿਚ ਹੀ ਇਸਦੀ ਨਿਆਮਤ ਹੈ, ਇਹ ਸਾਰੀਆਂ ਗੱਲਾਂ ਮਾਂ ਸਹਿਜ ਰੂਪ ਵਿਚ ਹੀ ਪ੍ਰਗਟ ਕਰ ਜਾਂਦੀ ਹੈ। ਮਾਂ ਆਪਣਾ ਭਵਿੱਖ ਆਪਣੀ ਧੀ ਦੇ ਰੂਪ ਵਿਚ ਵੀ ਵੇਖਦੀ ਮਹਿਸੂਸ ਕਰਦੀ ਹੈ ਪਰ ਵਿਗੋਚਾ ਇਕ ਅਜਿਹੀ ਹੋਂਦ ਹੈ ਜੋ ਸਿਮਰਤੀ ਨਾਲ ਜੁੜਿਆ ਹੋਇਆ ਹੈ ਜਦ ਤਕ ਮਨੁੱਖ ਦੀ ਸਿਮਰਤੀ ਕਾਇਮ ਰਹਿੰਦੀ ਹੈ ਵਿਗੋਚੇ ਦਾ, ਸਦਮੇ ਦਾ ਅਹਿਸਾਸ ਤੀਬਰ ਬਣਿਆ ਰਹਿੰਦਾ ਹੈ। ਸਿਮਰਤੀ ਅਤੇ ਵਿਗੋਚੇ ਦਾ ਆਪਸ ਵਿਚ ਬਹੁਤ ਨਿਕ ਸੰਬੰਧ ਹੈ। ਇਹ ਅਹਿਸਾਸ ਈਸ਼ਾ ਦੀ ਕਵਿਤਾ ਵਿਚ ਵੀ ਬਿਰਾਜਮਾਨ ਹੈ, ਉਹ ਲਿਖਦੀ ਹੈ:

ਉਸ ਗਲੀ ਵਿੱਚ ਗੁਬਾਰੇ ਵੇਚਣ ਵਾਲੇ ਕੋਲ
ਰੰਗ ਬਿਰੰਗੇ ਗੁਬਾਰੇ ਵਿਖਾ ਕੇ ਦੱਸਣਾ ਇਸ ਤਰ੍ਹਾਂ ਹਨ ਰੰਗ ਬਰੰਗੇ
ਕੋਈ ਕਿਸ ਤੋਂ ਜ਼ਿਆਦਾ ਜਾਂ ਘੱਟ ਨਹੀਂ, ਚੰਗਾ ਜਾਂ ਮਾੜਾ ਨਹੀਂ,
ਇਹਨਾਂ ਸਭਨਾਂ ਦੀ ਹੋਂਦ ਨਾਲ ਹੀ
ਇਸ ਜਗ ਦੀ ਖ਼ੂਬਸੂਰਤੀ ਹੈ।
ਕਿੰਨੀਆਂ ਗੂੜ੍ਹ ਬਾਤਾਂ
ਸਹਿਜ ਹੀ ਸਮਝਾ ਗਈ ਮਾਂ
ਅੱਜ ਫਿਰ ਜ਼ਿੰਦਗੀ 'ਚ
ਕਮੀ ਮਹਿਸੂਸ ਹੋਈ
ਅੱਜ ਫਿਰ ਚੇਤੇ ਆ ਗਈ ਮਾਂ!

ਇੱਕ ਨਾਰੀ ਲੇਖਕਾ ਹੋਣ ਦੇ ਨਾਤੇ ਉਸਨੇ ਆਪਣੀਆਂ ਕੁਝ ਕਵਿਤਾਵਾਂ ਵਿਚ ਨਾਰੀ ਦੀ ਹਾਸ਼ੀਆਈ ਸਥਿਤੀ ਨੂੰ ਵੀ ਸੰਵੇਦਨਮਈ ਰੂਪ ਵਿਚ ਪ੍ਰਗਟ ਕੀਤਾ ਹੈ। ਉਹ ਸਮਝਦੀ ਹੈ ਕਿ ਨਾਰੀ ਨੂੰ ਅਜੇ ਵੀ ਜ਼ਿੰਦਗੀ ਦੀ ਪੂਰੀ ਸਪੇਸ 'ਤੇ ਵਿਚਰਨ ਦਾ ਅਵਸਰ ਹਾਸਲ ਨਹੀਂ ਹੋਇਆ।

ਇਸੇ ਤਰ੍ਹਾਂ ਇਸ ਕਾਵਿ-ਪੁਸਤਕ ਵਿਚ ਕੁਝ ਹੋਰ ਕਵਿਤਾਵਾਂ ਪਿਆਰ-ਅਨੁਭਵ ਨਾਲ ਵੀ ਲਬਰੇਜ਼ ਹਨ। ਕਿਤੇ ਕਿਤੇ ਇਹ ਜਜ਼ਬੇ ਤੇਜ਼ ਵਹਾਅ

*(ਬਾਕੀ ਅਗਲੇ ਸਫੇ 'ਤੇ)*

# ਸ਼ਾਇਰ ਆਜ਼ਾਦ ਜਲੰਧਰੀ - ਬੜੇ ਪਿੰਡ ਦਾ ਕਿਹਰ ਚੰਦ ਵੀ ਤੁਰ ਗਿਆ

**ਜਗਜੀਤ ਨੌਸ਼ਹਿਰਵੀ**

ਪੱਤ ਝੜੇ ਪੁਰਾਣੇ, ਰੁੱਤ..... ਪੁਰਾਣੇ ਪੱਤ ਝੜਦੇ ਜਾ ਰਹੇ ਹਨ ਪਰ ਨਵਿਆਂ ਦਾ ਪੂਰ ਆਏ ਸਾਲ ਵਿਰਲਾ ਹੁੰਦਾ ਜਾ ਰਿਹਾ ਹੈ। 46 ਸਾਲਾਂ ਤੋਂ ਕੈਲੀਫ਼ੋਰਨੀਆ ਵੱਸਦਾ ਮਕਬੂਲ ਪੰਜਾਬੀ ਸ਼ਾਇਰ ਆਜ਼ਾਦ ਜਲੰਧਰੀ ਵੀ ਇਸ ਸੰਸਾਰ ਤੋਂ ਰਵਾਨਾ ਹੋ ਗਿਆ ਹੈ। ਉਹ ਜ਼ਿੰਦਾਦਿਲ ਸ਼ਾਇਰ ਪੰਜਾਬੀ ਮਾਂ ਬੋਲੀ ਦਾ ਸਪੂਤ, ਕਵੀ ਦਰਬਾਰਾਂ ਅਤੇ ਸਾਹਿਤਕ ਮਹਿਫ਼ਲਾਂ ਦਾ ਸ਼ਿੰਗਾਰ ਸੀ। ਉਸਦਾ ਚੰਗੀ ਉਮਰ ਭੋਗ ਕੇ ਤੁਰ ਜਾਣਾ ਵੀ ਉਦਾਸ ਕਰ ਰਿਹਾ ਹੈ।

ਆਜ਼ਾਦ ਜਲੰਧਰੀ ਮੂਲ ਰੂਪ ਵਿਚ ਪੰਜਾਬੀ ਦਾ ਸ਼ਾਇਰ ਸੀ ਜਿਸ ਨੂੰ ਉਰਦੂ ਅਤੇ ਹਿੰਦੀ 'ਤੇ ਵੀ ਬਰਾਬਰ ਮੁਹਾਰਤ ਹਾਸਲ ਸੀ। ਜਲੰਧਰ ਜ਼ਿਲ੍ਹੇ ਦੇ ਬੜਾ ਪਿੰਡ ਦਾ ਜੰਮਪਲ ਕਿਹਰ ਚੰਦ ਸੁਮਨ ਵੱਡਾ ਹੋ ਕੇ ਆਜ਼ਾਦ ਹੋ ਗਿਆ। ਆਪਣੇ ਇਲਾਕੇ ਅਤੇ ਪੁਰਖਾ-ਭੂਮੀ ਨੂੰ ਯਾਦ ਰੱਖਣ ਲਈ ਆਜ਼ਾਦ ਜਲੰਧਰੀ ਬਣ ਗਿਆ। ਉਹ ਸੰਗੀਤਕ ਬੰਦਸ਼ਾਂ ਦਾ ਚੰਗਾ ਜਾਣੂ ਸੀ ਇਸ ਲਈ ਉਨ੍ਹਾਂ ਨੇ ਹਮੇਸ਼ਾ ਗੀਤ ਅਤੇ ਗ਼ਜ਼ਲ 'ਤੇ ਹੱਥ ਅਜ਼ਮਾਈ ਕੀਤੀ। ਉਸਦੇ ਬਹੁਤ ਸਾਰੇ ਗੀਤ ਫਿਲਮਾਂ ਵਿਚ ਗਾਏ ਅਤੇ ਫਿਲਮਾਏ ਗਏ ਹਨ।

ਸੰਨ 2000 ਦੇ ਲਾਗੇ ਜਦੋਂ ਮੈਂ ਕੈਲੀਫ਼ੋਰਨੀਆ ਦੇ ਸਾਹਿਤਕ ਮਾਹੌਲ ਵਿਚ ਵਿਚਰਨਾ ਸ਼ੁਰੂ ਕੀਤਾ ਓਦੋਂ ਆਜ਼ਾਦ ਜਲੰਧਰੀ ਦੀ ਸਟੇਜੀ ਪ੍ਰਤਿਭਾ ਜ਼ੋਰਾਂ 'ਤੇ ਸੀ। ਉਹ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀਆਂ ਬੈਠਕਾਂ ਵਿਚ ਆਪਣੀ ਸ਼ਾਇਰੀ ਦੇ ਜੌਹਰ ਦਿਖਾਉਂਦਾ ਅਤੇ ਸਰੋਤਿਆਂ ਦੀ ਵਾਹਵਾ ਖੱਟਦਾ। 2002 ਵਿਚ ਜਦੋਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦਾ ਸੰਗਠਨ ਹੋਇਆ ਤਾਂ ਮੈਨੂੰ ਇਸਦੇ ਆਰਗੇਨਾਈਜ਼ਰ ਅਤੇ ਕਦੇ ਜਨਰਲ ਸਕੱਤਰ ਦੇ ਤੌਰ 'ਤੇ ਕੰਮ ਕਰਨ ਦਾ ਮੌਕਾ ਮਿਲਿਆ। ਇਨ੍ਹਾਂ ਸਾਲਾਂ ਵਿਚ ਮੇਰੀ ਹਮੇਸ਼ਾ ਕੋਸ਼ਿਸ਼ ਹੁੰਦੀ ਕਿ ਆਜ਼ਾਦ ਜਲੰਧਰੀ ਸਾਡੇ ਸਮਾਗਮਾਂ ਵਿਚ ਸ਼ਿਰਕਤ ਕਰਨ। ਕਿਉਂਕਿ ਉਹ ਖੁਦ ਕਾਰ ਨਹੀਂ ਸਨ ਚਲਾਉਂਦੇ ਇਸ ਕਰਕੇ ਉਹ ਬਹੁਤ ਵਾਰੀ ਬੱਸ ਰਾਹੀਂ ਲੰਮਾ ਸਫਰ ਕਰ ਕੇ ਪਹੁੰਚਦੇ। ਕਈ ਵਾਰ ਕਿਸੇ ਦੀ ਜ਼ਿੰਮੇਵਾਰੀ ਲਾਉਣੀ ਪੈਂਦੀ। ਕਈ ਵਾਰ ਮੈਂ ਖੁਦ ਉਨ੍ਹਾਂ ਨੂੰ ਸਮਾਗਮਾਂ 'ਤੇ ਲੈ ਜਾਂਦਾ। ਉਨ੍ਹਾਂ ਨਾਲ ਜ਼ਿੰਦਗੀ ਅਤੇ ਸਾਹਿਤ ਬਾਰੇ ਗੱਲਬਾਤ ਕਰਨ ਦਾ ਮੌਕਾ ਮਿਲਦਾ।

ਆਜ਼ਾਦ ਜਲੰਧਰੀ ਨੇ ਬਚਪਨ ਵਿਚ ਹੀ ਬੰਦ ਜੋੜ ਕੇ ਪਿੰਡ ਦੇ ਗੁਰਦੁਆਰੇ ਵਿਚ ਆਪਣੀ ਕਵਿਤਾ ਸੁਣਾਉਣੀ ਅਤੇ ਗਾਉਣੀ ਸ਼ੁਰੂ ਕਰ ਦਿੱਤੀ ਸੀ। ਸੁਰ ਅਤੇ ਤਾਲ ਉਨ੍ਹਾਂ ਦੇ ਧੁਰ ਅੰਦਰ ਵਸਿਆ ਹੋਣ ਕਰਕੇ ਉਹ ਜਲਦੀ ਹੀ ਬਹੁਤ ਚੰਗੇ ਗ਼ਜ਼ਲ ਅਤੇ ਗੀਤ ਲਿਖਣ ਲੱਗ ਪਏ। ਉਨ੍ਹਾਂ ਦੇ ਬਚਪਨ ਦੇ ਬੜਾ ਪਿੰਡ ਵਿਚ ਗੁਰਦੁਆਰੇ ਦੇ ਨਾਲ ਮਸਜਿਦ ਅਤੇ ਮੰਦਰ ਵੀ ਸੀ। ਪਿੰਡ ਵਿਚ ਰਲਵੀਂ ਆਬਾਦੀ ਸੀ ਅਤੇ ਪੁਰਾਣੇ ਸਾਂਝੇ ਪੰਜਾਬ ਦਾ ਮਾਹੌਲ ਸੀ ਜਿਸ ਵਿਚ ਉਨ੍ਹਾਂ ਨੇ ਸੁਰਤ ਸੰਭਾਲੀ। ਪੰਜਾਬੀ ਦੇ ਨਾਲ ਉਹ ਉਰਦੂ ਵਿਚ ਵੀ ਲਿਖਣ ਲੱਗ ਪਏ।

1950ਵਿਆਂ ਵਿਚ ਉਨ੍ਹਾਂ ਨੌਕਰੀ ਲਈ ਨਵੀਂ ਦਿੱਲੀ ਵਸੇਬਾ ਕਰ ਲਿਆ ਅਤੇ ਏਥੋਂ ਦੇ ਸਾਹਿਤਕ ਦਾਇਰੇ ਵਿਚ ਗੁਜ਼ਰਨ ਲੱਗੇ। ਵੰਡ ਤੋਂ ਬਾਅਦ ਲਹਿੰਦੇ ਪੰਜਾਬ ਵੱਲੋਂ ਉੱਠ ਕੇ ਕਾਫੀ ਪੰਜਾਬੀ ਦਿੱਲੀ ਵਿਚ ਵੱਸ ਗਏ ਸਨ। ਏਥੇ ਪੰਜਾਬ ਵਾਂਗ ਹੀ ਗੁਰਦੁਆਰਿਆਂ ਵਿਚ ਕਵੀ ਦਰਬਾਰ ਹੁੰਦੇ। ਬਾਹਰ ਸਭਾ ਸੋਸਾਇਟੀਆਂ ਵੱਲੋਂ ਵੀ ਕਵੀ ਦਰਬਾਰ ਕਰਵਾਉਣ ਦਾ ਆਮ ਰਿਵਾਜ਼ ਸੀ। ਆਜ਼ਾਦ ਜਲੰਧਰੀ ਇਨ੍ਹਾਂ ਵਿਚ ਹੁੱਬ ਕੇ ਹਿੱਸਾ ਲੈਂਦੇ। ਦਿੱਲੀ ਵਿਚ ਇਨ੍ਹਾਂ ਨੂੰ ਪੰਜਾਬੀ ਅਤੇ ਉਰਦੂ ਦੇ ਕਈ ਵੱਡੇ ਸ਼ਾਇਰਾਂ ਨੂੰ ਸੁਣਨ ਅਤੇ ਮਿਲਣ ਦਾ ਮੌਕਾ ਮਿਲਿਆ। ਮਾਸੂਮ ਚਿਨਿਓਟੀ, ਪ੍ਰਕਾਸ਼ ਸਾਥੀ, ਚੰਨ ਨਨਕਾਣਵੀ, ਚਾਨਣ ਗੋਬਿੰਦਪੁਰੀ, ਈਸ਼ਰ ਸਿੰਘ ਭਾਈਆ, ਡਾ. ਹਰਿਭਜਨ ਸਿੰਘ, ਪ੍ਰੀਤਮ ਸਿੰਘ ਸਫੀਰ, ਗੁਰਮੁਖ ਸਿੰਘ ਮੁਸਾਫਿਰ ਆਦਿ ਨਾਲ ਸਟੇਜਾਂ 'ਤੇ ਵਿਚਰਦੇ ਰਹੇ। ਪੰਜਾਬੀ ਕਵੀ ਸਭਾ ਦਿੱਲੀ ਉਸ ਵੇਲੇ ਦਿੱਲੀ ਦੀ ਸਰਗਰਮ ਸਾਹਿਤਕ ਸੰਸਥਾ ਸੀ। ਆਜ਼ਾਦ ਉਸਦੇ ਸਰਗਰਮ ਮੈਂਬਰ ਰਹੇ। ਉਨ੍ਹੀਂ ਦਿਨੀਂ ਦਿੱਲੀ ਵਿਚ ਹੁੰਦੇ ਕਵੀ ਦਰਬਾਰਾਂ ਵਿਚ ਸਰੋਤੇ ਭਾਰੀ ਗਿਣਤੀ ਵਿਚ ਆਉਂਦੇ ਅਤੇ ਆਪਣੇ ਮਨ-ਭਾਉਂਦੇ ਕਵੀਆਂ ਨੂੰ ਨਜ਼ਰਾਨਾ ਭੇਟ ਕਰਦੇ। ਬਹੁਤ ਸਾਰੇ ਕਵੀਆਂ ਨੇ ਇਸਨੂੰ ਆਮਦਨੀ ਦਾ ਜ਼ਰੀਆ ਵੀ ਬਣਾ ਲਿਆ ਸੀ। ਆਜ਼ਾਦ ਨੂੰ ਸਭਾਵਾਂ ਵਿਚਲੀ ਸਿਆਸਤ ਚੰਗੀ ਨਾ ਲਗਦੀ। ਆਜ਼ਾਦ ਤਬੀਅਤ ਆਜ਼ਾਦ ਨੇ ਏਥੇ ਥੋੜ੍ਹਾ ਅਲੱਗ ਰਹਿ ਕੇ ਲਿਖਣ ਦਾ ਫੈਸਲਾ ਕੀਤਾ। ਉਹ ਆਪਣੇ ਗੀਤ ਅਤੇ ਗ਼ਜ਼ਲਾਂ ਚੰਗੇ ਗਾਇਕਾਂ ਦੀ ਆਵਾਜ਼ ਵਿਚ ਗਵਾ ਕੇ ਜ਼ਿਆਦਾ ਲੋਕਾਂ ਤੱਕ ਪਹੁੰਚਾਉਣ ਦਾ ਆਹਰ ਕਰਨ ਲੱਗਾ। ਭੁਪਿੰਦਰ, ਸੁਰੇਸ਼ ਵਾਡੇਕਰ, ਮਿਤਾਲੀ ਸਿੰਘ ਅਤੇ ਹੋਰ ਬਹੁਤ ਸਾਰੇ ਗਾਇਕਾਂ ਨੇ ਫਿਲਮਾਂ ਅਤੇ ਕੈਸਟਾਂ ਲਈ ਰਿਕਾਰਡ ਕੀਤੇ।



ਆਜ਼ਾਦ ਜਲੰਧਰੀ



ਆਜ਼ਾਦ ਜਲੰਧਰੀ ਅਤੇ ਗੁਰਚਰਨ ਰਾਮਪੁਰੀ



ਆਜ਼ਾਦ ਜਲੰਧਰੀ ਅਤੇ ਵਿਪਸਾਅ ਮੈਂਬਰ ਡਾ. ਜਸਵੰਤ ਸਿੰਘ ਨੇਕੀ ਨੂੰ ਸਨਮਾਨਿਤ ਕਰਦੇ

ਆਪਣੀ ਗ੍ਰਿਹਿ ਮੰਤਰਾਲੇ ਵਿਚਲੀ ਨੌਕਰੀ ਤਿਆਗ ਕੇ 1978 ਵਿਚ ਆਜ਼ਾਦ ਪਰਿਵਾਰ ਸਮੇਤ ਕੈਲੀਫ਼ੋਰਨੀਆ ਦੇ ਸ਼ਹਿਰ ਸੈਨਹੋਜ਼ੇ ਆ ਵੱਸੇ। ਸੈਨਹੋਜ਼ੇ ਦਾ ਗੁਰਦੁਆਰਾ ਵੀ ਹਾਲੇ ਸਥਾਪਨਾ ਵੱਲ ਵਧ ਰਿਹਾ ਸੀ ਅਤੇ ਇਨ੍ਹਾਂ ਦੀ ਰਿਹਾਇਸ਼ ਤੋਂ ਬਹੁਤੀ ਦੂਰ ਨਹੀਂ ਸੀ। ਉਨ੍ਹਾਂ ਆਪਣਾ ਗੁਰਦੁਆਰੇ ਵਿਚ ਕੀਰਤਨ ਅਤੇ ਕਵਿਤਾ ਗਾਉਣ ਦਾ ਸ਼ੌਕ ਜਾਰੀ ਰੱਖਿਆ। ਕੈਲੀਫ਼ੋਰਨੀਆ ਵਿਚ ਉਨ੍ਹਾਂ ਦੇ ਗੀਤ ਅਕਸਰ ਹਰਭਜਨ ਭਜੀ ਅਤੇ ਸੋਹਣ ਸਿੰਘ ਢੋਲਾ ਗਾਉਂਦੇ। ਪੰਜਾਬੀ ਵਸੋਂ ਬੇ-ਏਰੀਆ ਵਿਚ ਵਧਣੀ ਸ਼ੁਰੂ ਹੋਈ ਤਾਂ ਆਜ਼ਾਦ ਜਲੰਧਰੀ ਦਾ ਸਾਹਿਤਕ ਦਾਇਰਾ ਵੀ ਫੈਲਣ ਲੱਗਾ। ਰਤਨ ਸਿੰਘ ਰਾਏ ਅਤੇ ਗਿਆਨੀ ਜੰਗ ਸਿੰਘ ਨਾਲ ਇਨ੍ਹਾਂ ਦੀ ਦੋਸਤੀ ਹੋਈ ਅਤੇ ਸਾਹਿਤਕ ਮਹਿਫ਼ਲਾਂ ਲੱਗਣ ਲੱਗੀਆਂ। ਸੁਰਿੰਦਰ ਧਨੋਆ ਦੀ ਪੰਜਾਬ ਕਲਚਰਲ ਸੋਸਾਇਟੀ ਦੀ ਸਥਾਪਨਾ ਵਿਚ ਵੀ ਆਜ਼ਾਦ ਸਾਥ ਦਿੰਦੇ ਰਹੇ ਅਤੇ ਇਸ ਇਲਾਕੇ ਵਿਚ ਪੰਜਾਬੀ ਸਭਿਆਚਾਰਕ ਸਰਗਰਮੀਆਂ ਜ਼ੋਰ ਫੜਨ ਲੱਗੀਆਂ। ਏਥੇ ਹੀ ਉਨ੍ਹਾਂ 1982 ਵਿਚ ਪ੍ਰੋ. ਗੁਰਬਖਸ਼ ਸਿੰਘ ਸਚਦੇਵਾ, ਰਤਨ ਸਿੰਘ ਰਾਏ ਅਤੇ ਹੋਰਨਾਂ ਨਾਲ ਮਿਲ ਕੇ ਸੈਨਹੋਜ਼ੇ ਵਿਚ ਪੰਜਾਬੀ ਸਾਹਿਤ ਸਭਾ ਦਾ ਆਰੰਭ ਕੀਤਾ ਪਰ 1984 ਦੀਆਂ ਦਰਦਨਾਕ ਘਟਨਾਵਾਂ ਤੋਂ ਬਾਅਦ ਕਮਿਊਨਿਟੀ ਦੇ ਸੰਕਟ ਵਿਚ ਪੈਣ ਕਰਕੇ ਸਭਾ ਦਾ ਕੰਮ ਠੱਪ ਹੋ ਗਿਆ।

ਜਦੋਂ 1992 ਵਿਚ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ ਅਤੇ ਸੁਖਦਰਸ਼ਨ ਧਾਲੀਵਾਲ ਨੇ ਬੇ-ਏਰੀਆ ਵਿਚ ਪੰਜਾਬੀ ਸਾਹਿਤ ਸਭਾ ਸੰਗਠਿਤ ਕੀਤੀ ਤਾਂ ਆਜ਼ਾਦ ਜਲੰਧਰੀ ਉਸ ਵਿਚ ਤਨੋਂ ਮਨੋਂ ਸ਼ਿਰਕਤ ਕਰਨ ਲੱਗੇ ਅਤੇ ਹੋਰ ਵੀ ਤੇਜ਼ੀ ਨਾਲ ਲਿਖਣ ਲੱਗੇ। ਏਥੇ ਹੀ ਉਨ੍ਹਾਂ ਦੀਆਂ ਦਰਜਨ ਦੇ ਕਰੀਬ ਕਿਤਾਬਾਂ ਛਪੀਆਂ ਜਿਵੇਂ ਰੁਬਾਈ ਮਾਲਾ, ਮਾਰੂਥ਼ਲ ਦਾ ਰੁੱਖ, ਗੀਤਾਂ ਦੀ ਝਨਕਾਰ, ਮਾਇਆ ਜਾਲ, ਸੱਚੀ ਪ੍ਰੀਤ ਆਦਿ। ਉਹ ਯੂਬਾ ਸਿਟੀ, ਫਰੀਮੌਂਟ, ਫਰਿਜ਼ਨੋ, ਸੈਨਹੌਜ਼ੇ ਜਿੱਥੇ ਵੀ ਸਾਹਿਤਕ ਸਮਾਗਮ ਹੁੰਦਾ ਉਚੇਚ ਨਾਲ ਬੁਲਾਏ ਜਾਂਦੇ ਅਤੇ ਪਹੁੰਚਦੇ। ਅਜਿਹੇ ਹੀ ਇਕ ਸਮਾਗਮ 'ਤੇ ਸੁਰਿੰਦਰ ਸੀਰਤ ਅਤੇ ਹੋਰ ਲੇਖਕਾਂ ਨਾਲ ਫਰਿਜ਼ਨੋ ਜਾਂਦਿਆਂ ਇੱਕ ਸੜਕ ਹਾਦਸੇ ਵਿਚ ਉਹ ਸਖ਼ਤ ਜ਼ਖ਼ਮੀ ਹੋ ਗਏ ਅਤੇ ਵਾਲ ਵਾਲ ਬਚੇ।

ਉਮਰ ਦਾ ਲੰਮਾ ਪੰਧ ਤਹਿ ਕਰਦਿਆਂ ਜਦ ਕਦੇ ਆਜ਼ਾਦ ਸਰੀਰਕ ਤੌਰ 'ਤੇ ਬਿਮਾਰ ਹੁੰਦੇ ਤਾਂ ਉਹ ਸਾਹਿਤਕ ਬੈਠਕਾਂ ਵਿਚ ਨਾ ਆ ਸਕਦੇ। ਕਈ ਵਾਰ ਅਸੀਂ ਜ਼ੋਰ ਪਾ ਕੇ ਉਨ੍ਹਾਂ ਨੂੰ ਆਉਣ ਲਈ ਕਹਿੰਦੇ। ਉਹ ਕਮਜ਼ੋਰ ਸਰੀਰ, ਮੱਧਮ ਰਫਤਾਰ ਨਾਲ ਜਦ ਸਟੇਜ 'ਤੇ ਕਵਿਤਾ ਪੜ੍ਹਨ ਜਾਂਦੇ ਤਾਂ ਉਨ੍ਹਾਂ ਦੀ ਥਕਾਵਟ ਸਾਫ ਜ਼ਾਹਿਰ ਹੁੰਦੀ ਪਰ ਜਦੋਂ ਕਵਿਤਾ ਪੜ੍ਹਦੇ ਪਤਾ ਨਹੀਂ ਸ਼ਬਦਾਂ ਵਿਚ ਵੇਗ ਅਤੇ ਆਵਾਜ਼ ਵਿਚ ਤਾਕਤ ਕਿੱਥੋਂ ਆ ਜਾਂਦੀ?

ਪੈਰਾਂ ਦੇ ਹੇਠ ਧਰਤੀ ਸਿਰ ਆਸਮਾਨ ਲੈ ਕੇ।
ਉੱਠਿਆ ਹਾਂ ਨਾਲ ਆਪਣੇ ਸਾਰਾ ਜਹਾਨ ਲੈ ਕੇ।
ਲਾਜ਼ਿਮ ਨਹੀਂ ਹੈ ਲੋਕੋ ਆਪਣੀ ਜ਼ੁਬਾਨ ਖੋਲ੍ਹਾਂ,
ਬੋਲਣਗੇ ਸ਼ੇਅਰ ਮੇਰੇ ਸੌ ਸੌ ਜ਼ੁਬਾਨ ਲੈ ਕੇ।

ਸ਼ੇਅਰ ਬੋਲਦਿਆਂ ਆਜ਼ਾਦ ਦਾ ਚਿਹਰਾ ਸਰੂਰ ਨਾਲ ਮੱਚ ਉੱਠਦਾ। ਹਵਾ ਵਿਚ ਹੱਥ ਸਿਰ ਤੋਂ ਉਚੇਰਾ ਉੱਠ ਜਾਂਦਾ। ਆਵਾਜ਼ ਆਮ ਨਾਲੋਂ ਦਮਦਾਰ ਹੋ ਜਾਂਦੀ। ਨੱਬਿਆਂ ਨੂੰ ਢੁੱਕਿਆ ਸਰੀਰ ਪੱਬਾਂ ਭਾਰ ਉਡੂੰ ਉਡੂੰ ਕਰਦਾ। ਆਜ਼ਾਦ ਜਲੰਧਰੀ ਸਾਨੂੰ ਸਾਡੇ ਸਮਿਆਂ ਵਿਚ ਸਾਡੇ ਪਿਉ ਦਾਦਿਆਂ ਵਾਂਗ ਲਗਦਾ। ਉਹਦੇ ਸ਼ਿਅਰਾਂ ਦੀ ਰਵਾਇਤੀ ਕਾਵਿ ਭਾਸ਼ਾ 'ਚੋਂ ਦਹਾਕਿਆਂ ਪਹਿਲਾਂ ਬੀਤ ਚੁੱਕੇ ਦਿੱਲੀ ਦੇ ਪੰਜਾਬੀ ਕਵੀ ਦਰਬਾਰਾਂ ਦੀ ਮਹਿਕ ਸਾਡੇ ਤੱਕ ਪਰਦੇਸ ਵਿਚ ਪਹੁੰਚਦੀ, ਪਰ ਲਗਦਾ ਉਸਦਾ ਦਿਲ ਹਾਲੇ ਵੀ ਸ਼ਾਇਦ ਉਸ ਵਕਤ ਨੂੰ ਤਰਸ ਰਿਹਾ ਹੈ।

ਵਤਨ ਦੇ ਦੋਸਤਾਂ ਨਾਲ ਰਹਿ ਗਈ ਹੁਣ ਦੋਸਤੀ ਐਨੀ,
ਕਦੇ ਚਾਹ ਪੀ ਲਈ ਬਹਿ ਕੇ ਯਾ ਦੋ ਫੋਟੋ ਖਿਚਾ ਆਏ।

ਬਸ ਐਨਾ ਰਹਿ ਗਿਆ ਸਾਡਾ ਵਤਨ ਦੇ ਨਾਲ ਹੁਣ ਰਿਸ਼ਤਾ,
ਵਰ੍ਹੀਂ ਸਾਲੀਂ ਕਿਤੇ ਬੱਚਿਆਂ ਨੂੰ ਪਿੰਡ ਆਪਣਾ ਦਿਖਾ ਆਏ।

ਕੋਵਿਡ ਵਰਤਾਰੇ ਦੌਰਾਨ ਸਾਹਿਤਕ ਬੈਠਕਾਂ ਲੰਮੇ ਸਮੇਂ ਲਈ ਲੋਪ ਹੋ ਗਈਆਂ। ਜਦੋਂ ਅਸੀਂ ਜ਼ੂਮ ਸਾਫਟਵੇਅਰ ਜ਼ਰੀਏ ਮਿਲਦੇ ਤਾਂ ਆਜ਼ਾਦ ਜਲੰਧਰੀ ਅਤੇ ਈਸ਼ਰ ਸਿੰਘ ਮੋਮਨ ਇਸ ਤਕਨੀਕੀ ਯੁੱਗ ਵਿਚ ਕਿਧਰੇ ਗੁੰਮ ਜਾਂਦੇ। ਇਨ੍ਹਾਂ ਪੁਰਾਣੇ ਪੱਤਰਾਂ ਦਾ ਨਵੇਂ ਪੱਤਰਾਂ ਨਾਲ ਮੇਲ ਟੁੱਟ ਜਾਂਦਾ। ਪਿਛਲੇ ਸਾਲ ਤੋਂ ਜਦ ਦੁਬਾਰਾ ਸਾਹਿਤਕ ਬੈਠਕਾਂ ਅਤੇ ਕਾਨਫਰੰਸ ਦਾ ਕੰਮ ਸ਼ੁਰੂ ਹੋਇਆ ਤਾਂ ਆਜ਼ਾਦ ਜਲੰਧਰੀ ਬਹੁਤ ਬਿਮਾਰ ਰਹਿਣ ਲੱਗ ਪਏ ਸਨ। ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਚਾਹੁੰਦੀ ਸੀ ਕਿ ਸ. ਈਸ਼ਰ ਸਿੰਘ ਮੋਮਨ ਵਾਂਗ ਆਜ਼ਾਦ ਜਲੰਧਰੀ ਨੂੰ ਵੀ ਮਿਲ ਕੇ ਸਨਮਾਨਤ ਕੀਤਾ ਜਾਏ ਪਰ ਅਜਿਹਾ ਹੋ ਨਾ ਸਕਿਆ। ਕਈ ਵਾਰ ਸੰਪਰਕ ਕਰਨ 'ਤੇ ਵੀ ਉਨ੍ਹਾਂ ਨਾਲ ਮੇਲ ਨਾ ਹੋ ਸਕਿਆ। ਲਾਜ ਨੀਲਮ ਸੈਣੀ ਨੇ ਖਾਸ ਤੌਰ 'ਤੇ ਯਤਨ ਕੀਤੇ। ਕੁਲਵਿੰਦਰ ਬਾਰ ਬਾਰ ਕਹਿੰਦਾ ਨਦੀ ਕਿਨਾਰੇ ਰੁੱਖੜਾ ਹੈ, ਸਾਡਾ ਫਰਜ਼ ਬਣਦਾ ਆਪਾਂ ਉਨ੍ਹਾਂ ਦਾ ਜਿਉਂਦੇ ਜੀ ਸਨਮਾਨ ਕਰੀਏ। ਇਹ ਅਣਕਹੀ ਅਲਵਿਦਾ ਸਾਡੇ ਦਿਲ ਵਿਚ ਹੀ ਰਹਿ ਗਈ। ਪਰ ਆਜ਼ਾਦ ਜਲੰਧਰੀ ਦੀ ਦਮਦਾਰ ਆਵਾਜ਼ ਵਿਚ ਲਰਜ਼ਦੇ ਬੋਲ ਅਤੇ ਮੁਸਕਰਾਉਂਦਾ ਚਿਹਰਾ ਸਦਾ ਲਈ ਮਨ ਵਿਚ ਵਸਿਆ ਰਹੇਗਾ।

---

*(ਪਿਛਲੇ ਸਫੇ ਦੀ ਬਾਕੀ)*

ਵਾਲੇ, ਰੁਮਾਨੀ ਭਾਵ ਵਾਲੀ ਬਿਰਤੀ ਰੱਖਦੇ ਹਨ ਅਤੇ ਕਿਤੇ ਕਿਤੇ ਬਰਫੀਲੀ ਹੋਂਦ ਧਾਰ ਲੈਂਦੇ ਹਨ। ਰਿਸ਼ਤੇ-ਨਾਤੇ ਵੀ ਜ਼ਿੰਦਗੀ ਦੀ ਪਰਤ ਵਾਂਗ ਹੀ ਹੁੰਦੇ ਹਨ, ਮੈਦਾਨੀ ਸੜਕ ਵਰਗੇ ਨਹੀਂ, ਗੋਲ ਮਟੋਲ। ਅਤੀਤ ਤੇ ਭਵਿੱਖ ਸਦਾ ਸਾਵਾਂ ਨਹੀਂ ਚਲਦਾ। ਈਸ਼ਾ ਇਨ੍ਹਾਂ ਸਾਰੇ ਅਹਿਸਾਸਾਂ ਨੂੰ ਯਥਾਰਥ ਦੇ ਕੋਣ ਤੋਂ ਦੇਖਦੀ ਹੋਈ ਨਿਰਾਸ਼ ਨਹੀਂ ਹੁੰਦੀ ਬਲਕਿ ਆਸ਼ਾਮਈ ਸੰਸਾਰ ਉਸਾਰਦੀ ਹੋਈ ਲਿਖਦੀ ਹੈ:

ਸਾਲ ਮੁੱਕ ਚੱਲਿਆ ਹੈ
ਉਡੀਕਾਂ ਦੇ ਮੌਸਮ ਪਰ ਹਰੇ ਹਨ
ਸਿਆਲ ਦੀ ਮਧਮ ਨਿੱਘੀ ਵਾਂਗ
ਤੂੰ ਇੱਕ ਵਾਰ ਫਿਰ ਆ ਮੇਰੇ ਜੀਵਨ 'ਚ ਮੈਂ ਬੰਦ ਕਮਰੇ 'ਚ ਤੜੀ ਬੈਠੀ ਨੇ
ਤੇਰੇ ਲਈ ਇੱਕ ਸਵੈਟਰ ਬੁਣਿਆ ਹੈ
ਆ ਜਾ ਕਿ ਮੈਂ ਥੱਕ ਰਹੀ ਹਾਂ ਹੁਣ ਇੰਤਜ਼ਾਰ ਕਰ ਰਹੀ ਹਾਂ ਧੁੱਪ ਦਾ
ਹਨੇਰੇ ਤੋਂ ਨਿਕਲ, ਰੌਸ਼ਨੀ ਵਿਚ ਬੈਠ ਸੇਕਣੇ ਹਨ ਜੰਮ ਚੁੱਕੇ ਜਜ਼ਬਾਤ
ਵੇਖਣਾ ਹੈ ਤੈਨੂੰ ਮੇਰੇ ਬੁਣੇ ਹੋਏ ਸਵੈਟਰ ਦੇ ਰੰਗ ਹੰਢਾਉਂਦੇ ਨੂੰ

ਕੁਝ ਕਵੀ ਅਜਿਹੇ ਹੁੰਦੇ ਹਨ ਜੋ ਨਿਰਾਸ਼ਾ, ਉਦਾਸੀ ਅਤੇ ਜੀਵਨ ਦੇ ਹਨੇਰਿਆਂ ਨੂੰ ਉਲਾਰਤਾ ਨਾਲ ਦੇਖਦੇ ਹਨ ਅਤੇ ਕੁਝ ਸਿਰਜਕ ਅਜਿਹੇ ਹੁੰਦੇ ਹਨ ਜੋ ਇਨ੍ਹਾਂ ਉਪਰੋਕਤ ਭਾਵਾਂ ਨੂੰ ਜੀਵਨ ਦਾ ਯਥਾਰਥਕ ਰੂਪ ਸਮਝਦੇ ਹੋਏ ਅਪਣੇ ਭਵਿੱਖ ਨੂੰ ਉਤਸ਼ਾਹਮਈ ਬਣਾਉਂਦੇ ਹਨ। ਉਹ ਇਸ ਨੂੰ ਕਲਾ ਵਿਚ ਪ੍ਰਵਾਹਮਾਨ ਕਰ ਲੈਂਦੇ ਹਨ। ਈਸ਼ਾ ਨਾਰੰਗ ਵੀ ਮੈਨੂੰ ਅਜਿਹੀ ਕਵਿੱਤਰੀ ਲੱਗੀ ਹੈ ਜੋ ਭਰਪੂਰ ਸੰਭਾਵਨਾਵਾਂ ਵਾਲੀ ਸ਼ਾਇਰਾ ਹੈ ਅਤੇ ਜੀਵਨ ਨੂੰ ਦਾਰਸ਼ਨਿਕਤਾ ਨਾਲ ਵੇਖਣ ਦੀ ਰੀਝ ਰੱਖਦੀ ਹੈ। ਉਹ ਡੂੰਘੀ ਨੀਝ ਦੀ ਮਾਲਕ ਹੈ। ਉਹ ਵਾਪਰ ਰਹੀਆਂ ਘਟਨਾਵਾਂ ਦੇ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਤਲਾਸ਼ ਕਰਨ ਦਾ ਯਤਨ ਕਰਦੀ ਹੈ। ਅਜਿਹੀ ਕਵਿੱਤਰੀ ਦੀ ਆਮਦ ਦਾ ਸਵਾਗਤ ਕਰਨਾ ਬਣਦਾ ਹੈ। ਇਸ ਪੁਸਤਕ ਦੀ ਆਖਰੀ ਕਵਿਤਾ ਨਾਲ ਮੈਂ ਇਹ ਲੇਖ ਸੰਪੂਰਨ ਕਰਦਾ ਹਾਂ। ਉਸਦੀ ਆਖਰੀ ਕਵਿਤਾ ਦੇ ਬੋਲ ਹਨ:

ਮੈਂ ਇੱਥੇ ਹੀ ਖੜੀ,
ਤੱਕ ਰਹੀ ਹਾਂ ਚਿਰਾਂ ਤੋਂ
ਕਿੰਨਾ ਕੁਝ ਵਾਪਰਦਾ ਰਿਹਾ
ਇਸ ਦੇਹ ਦੇ ਨਾਲ
ਗਵਾਹ ਰਹੇ ਹਾਂ
ਰਿਸ਼ਤਿਆਂ ਦੇ ਫੇਰ-ਬਦਲ ਦੀ
ਹਉਮੈ ਦੀਆਂ ਹਜ਼ਾਰਾਂ ਇਲਤਾਂ ਦੀ
ਕਿੰਨਾ ਕੁਝ ਬਦਲਦਾ ਰਿਹਾ ਹੈ
ਵਕਤ ਦੇ ਨਾਲ
ਪਰ
ਨਾ ਸੂਰਜ ਉਡਣੋਂ ਬਾਜ਼ ਆਇਆ
ਨਾ ਪੌਣਾਂ ਨੇ ਆਲਸ ਵਿਖਾਇਆ
ਨਾ ਲਹਿਰਾਂ ਨੇ ਛੱਡੀ ਆਪਣੀ ਮਸਤੀ
ਤੇ ਨਾ ਹੀ ਕਦੇ ਚੰਨ ਭੁੱਲਿਆ ਹੈ
ਚਕੋਰ ਦਾ ਪਿਆਰ.....
ਕਿੰਝ ਮੰਨ ਲਵਾਂ ਕਿ ਤੱਕਣ ਲਈ ਨਜ਼ਾਰੇ ਹੀ ਮੁੱਕ ਗਏ!

---

## *ਯਾਦ ਰੱਖਣ ਯੋਗ ਗੱਲਾਂ*

* ਔਖੇ ਵਕਤ ਦਾ ਪੂਰਾ ਅਹਿਸਾਸ ਕਿਸੇ ਦੇ ਮੂੰਹੋਂ ਸੁਣ ਕੇ ਨਹੀਂ ਆਪਣੇ ਜਿਸਮ ਉਤੇ ਹੰਢਾਉਣ ਉਪਰੰਤ ਹੁੰਦਾ ਹੈ।

* ਆਪਣੀ ਫੋਕੀ ਆਕੜ ਕਾਰਨ ਰਿਸ਼ਤੇ ਗਵਾਉਣੇ ਵੀ ਮੂਰਖਤਾ ਹੈ ਪਰ ਰਿਸ਼ਤੇ ਬਚਾਉਂਦੇ ਬਚਾਉਂਦੇ ਆਪਣੀ ਕਦਰ ਗਵਾ ਲੈਣੀ ਵੀ ਸਿਆਣਪ ਨਹੀਂ।



* ਇਨਸਾਨ ਅਜ਼ਾਦ ਹੁੰਦਾ ਹੋਇਆ ਵੀ ਜਿਸ ਪਿੰਜਰੇ ਵਿੱਚ ਕੈਦ ਹੁੰਦਾ ਹੈ ਉਸ ਦਾ ਨਾਮ ਜ਼ਿੰਮੇਵਾਰੀ ਹੁੰਦਾ ਹੈ।

**ਹਰਦੀਪ ਸਿੰਘ ਸੋਢੀ**
**ਫੋਨ: 480-794-0325**

* ਦੂਜਾ ਮੌਕਾ ਫਿਲਮਾਂ ਅਤੇ ਕਹਾਣੀਆਂ ਵਿਚ ਤਾਂ ਅਕਸਰ ਮਿਲ ਹੀ ਜਾਂਦਾ ਹੈ ਪਰ ਜ਼ਿੰਦਗੀ ਅਤੇ ਵਕਤ ਬਹੁਤ ਘੱਟ ਵਾਰ ਦੂਜਾ ਮੌਕਾ ਦੇਂਦੇ ਹਨ।

* ਇਨਸਾਨ ਮਾਤਲੋਕ ਵਿਚ ਅਜ਼ਾਦ ਹੀ ਆਉਂਦਾ ਹੈ ਪਰ ਰੁਖ਼ਸਤ ਹੋਣ ਵੇਲੇ ਬਹੁਤ ਬੰਧਨਾਂ ਵਿਚ ਬੱਝਾ ਹੁੰਦਾ ਹੈ।

* ਸਾਰੀਆਂ ਜੰਗਾਂ ਜਿੱਤਣ ਵਾਸਤੇ ਹੀ ਨਹੀਂ ਕੁਝ ਕੁ ਮੈਦਾਨ ਏ ਜੰਗ ਵਿਚ ਆਪਣੀ ਹੋਂਦ ਨੂੰ ਦਰਸਾਉਣ ਖਾਤਰ ਵੀ ਲੜੀਆਂ ਜਾਂਦੀਆਂ ਹਨ।

* ਅੱਜ-ਕੱਲ੍ਹ ਬਦਲੇ ਹੋਏ ਜ਼ਮਾਨੇ ਵਿਚ ਅਜਿਹੇ ਸ਼ੁਭਚਿੰਤਕ ਵੀ ਮਿਲ ਜਾਂਦੇ ਹਨ ਜੋ ਤੁਹਾਡਾ ਸ਼ੁਭ ਹੁੰਦਾ ਵੇਖ ਕੇ ਹੀ ਚਿੰਤਾ ਕਰਨ ਲੱਗ ਪੈਂਦੇ ਹਨ ਰੱਬ ਇਸ ਉਤੇ ਏਨਾ ਮਿਹਰਬਾਨ ਕਿਉਂ ਹੈ?

* ਕਿਸੇ ਦੇ ਵਜੂਦ ਦਾ ਮਜ਼ਾਕ ਨਾ ਉਡਾਉ ਸੂਰਜ ਦੇ ਸਾਹਮਣੇ ਬੇਸ਼ੱਕ ਦੀਵੇ ਦਾ ਵਜੂਦ ਕੁਝ ਵੀ ਨਹੀਂ ਹੁੰਦਾ ਪਰ ਹਨੇਰੇ ਵਿਚ ਤਾਂ ਉਹੀ ਦੀਵਾ ਸਰਪੰਚ ਹੁੰਦਾ ਹੈ।

# ਯਾਦਾਂ: ਮੇਰੇ ਵੀਰ ਜੀ...

ਅਕਤੂਬਰ 1995 ਦੀ ਇਕ ਸਵੇਰੇ ਮੇਰੀ ਮੁਲਾਕਾਤ ਪੰਜਾਬੀ ਦੇ ਨਾਮਵਰ ਸ਼ਾਇਰ ਸੁਰਜੀਤ ਪਾਤਰ ਨਾਲ ਹੋਈ। ਦਰਅਸਲ ਮੈਂ ਉਨ੍ਹਾਂ ਤੋਂ ਮਿਲਣ ਦਾ ਸਮਾਂ ਮੰਗਿਆ ਸੀ। ਉਨ੍ਹਾਂ ਦਿਨਾਂ ਵਿਚ ਉਹ ਜਨਮੇਜਾ ਜੌਹਲ, ਕਮਲਜੀਤ ਨੀਲੋਂ ਸਮੇਤ ਕੈਨੇਡਾ ਦੇ ਟੂਰ 'ਤੇ ਸਨ। ਸੋਚਿਆ ਸੀ ਘੰਟਾ ਕੁ ਗੱਲ ਬਾਤ ਕਰ ਕੇ ਆ ਜਾਵਾਂਗੀ। ਪਰ ਗੱਲਾਂ ਗੱਲਾਂ 'ਚ ਪਤਾ ਹੀ ਨਾ ਲੱਗਿਆ ਕਦੋਂ ਦੋ ਘੰਟੇ ਬੀਤ ਗਏ। ਮੈਂ ਆਪਣੀਆਂ ਕੁਝ ਰਚਨਾਵਾਂ ਸੁਣਾਉਣ ਤੋਂ ਬਾਅਦ ਕਿਹਾ,'' ਵੀਰ ਜੀ! ਤੁਸੀਂ ਲਿਖਿਆ ਹੈ-

ਮੇਰੇ ਯਾਰ ਏਸ ਆਸ ਤੇ ਜੋ ਮਰ ਗਏ
ਕਿ ਉਨ੍ਹਾਂ ਦੇ ਦੁੱਖ ਦਾ ਬਣਾਵਾਂਗਾ ਗੀਤ
ਜੇ ਮੈਂ ਕੁਝ ਨਾ ਕਿਹਾ ਜੇ ਮੈਂ ਚੁੱਪ ਹੀ ਰਿਹਾ
ਬਣਕੇ ਰੂਹਾਂ ਸਦਾ ਭਟਕਦੇ ਰਹਿਣਗੇ।

ਤੁਸੀਂ ਆਪਣੇ ਯਾਰਾਂ ਦੋਸਤਾਂ ਦੇ ਦੁੱਖਾਂ ਦਾ ਗੀਤ ਬਣਾਉਂਦੇ ਹੋ.... ਮੇਰਾ ਵੀ ਇਕ ਗੀਤ ਬਣਾ ਦੇਵੋ!

ਉਹ ਜ਼ਰਾ ਕੁ ਮੁਸਕਰਾਏ ਤੇ ਕਹਿਣ

**ਸੁਰਿੰਦਰ ਗੀਤ**
**ਫੋਨ:** 403 605-3734

ਲੱਗੇ,''ਹਾਂ ਜ਼ਰੂਰ ਬਣਾਵਾਂਗਾ। ਜਦੋਂ ਬਣ ਗਿਆ ਤਾਂ ਭੇਜ ਦਿਆਂਗਾ। ਕਵਿਤਾ ਤੇਰੀ ਚੰਗੀ ਹੈ। ਮਿਹਨਤ ਕਰੋ...ਹੁਣ ਤਕ ਲਿਖੀਆਂ ਸਾਰੀਆਂ ਕਵਿਤਾਵਾਂ ਡਾਕ ਰਹੀਂ ਭੇਜ ਦੇਣੀਆਂ। ਮੈਂ ਪੜ੍ਹ ਲਵਾਂਗਾ। ਹੋ ਸਕਿਆ ਤਾਂ ਚੰਗੀਆਂ ਕਵਿਤਾਵਾਂ ਦੀ ਚੋਣ ਕਰਕੇ ਤੇਰੀ ਕਿਤਾਬ ਛਾਪਣ ਵਿਚ ਮਦਦ ਕਰਾਂਗਾ।''

ਉਨ੍ਹਾਂ ਨੇ ਆਪਣਾ ਫ਼ੋਨ ਨੰਬਰ ਤੇ ਘਰ ਦਾ ਐਡਰੈੱਸ ਮੇਰੀ ਛੋਟੀ ਜਿਹੀ ਨੋਟ ਬੁੱਕ 'ਤੇ ਲਿਖ ਦਿੱਤਾ ਅਤੇ ਮੇਰਾ ਫ਼ੋਨ ਨੰਬਰ ਆਪਣੀ ਨੋਟ-ਬੁੱਕ 'ਚ ਨੋਟ ਕਰ ਲਿਆ।

ਅਗਲੀ ਸਵੇਰ ਉਹ ਤਿੰਨੇ ਜਣੇ ਕੈਲਗਰੀ ਤੋਂ ਰਵਾਨਾ ਹੋ ਗਏ।

ਕੁਝ ਦਿਨਾਂ ਬਾਅਦ ਉਨ੍ਹਾਂ ਦਾ ਡੱਡਰਬੇ ਤੋਂ ਫ਼ੋਨ ਆਇਆ। ਮੈਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਉਨ੍ਹਾਂ ਨੇ ਮੈਨੂੰ ਯਾਦ ਰੱਖਿਆ ਹੈ। ਇਹ ਤਾਂ ਪਤਾ ਸੀ ਕਿ ਭਾਰਤ ਜਾ ਕੇ ਮੈਨੂੰ ਕਾਲ ਕਰਨਗੇ ਪਰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਏਨੀ ਛੇਤੀ ਮੈਨੂੰ ਯਾਦ ਕਰਨਗੇ।

ਕੀਤੇ ਵਾਅਦੇ ਅਨੁਸਾਰ ਮੈਂ ਆਪਣੀਆਂ ਸਾਰੀਆਂ ਕਵਿਤਾਵਾਂ ਇਕ ਵੱਡੇ ਸਾਰੇ ਲਿਫ਼ਾਫ਼ੇ 'ਚ ਪਾ ਕੇ ਲੁਧਿਆਣੇ ਮੇਲ ਕਰ ਦਿੱਤੀਆਂ ਅਤੇ ਮਹੀਨੇ ਕੁ ਬਾਅਦ ਖ਼ੁਦ ਭਾਰਤ ਚਲੀ ਗਈ। ਪਿੰਡ ਪੁੱਜਣ ਤੋਂ ਦੋ ਤਿੰਨ ਦਿਨਾਂ ਬਾਅਦ ਮੈਂ ਐਸ.ਟੀ.ਡੀ ਤੋਂ ਫ਼ੋਨ ਕੀਤਾ ਕਿ ਮੈਂ ਕਿਸੇ ਦਿਨ ਲੁਧਿਆਣੇ ਆਉਣਾ ਚਾਹੁੰਦੀ ਹਾਂ...ਤੇ ਮੈਂ ਮੋਗੇ ਬੱਸ ਅੱਡੇ ਤੋਂ ਲੁਧਿਆਣੇ ਵਾਲੀ ਬੱਸ ਲੈ ਲਈ ਉਨ੍ਹਾਂ ਦੇ ਕਹਿਣ ਮੁਤਾਬਕ ਅਗਰਨਗਰ ਉਤਰ ਗਈ। ਓਥੋਂ ਫਿਰ ਐਸ.ਟੀ.ਡੀ ਤੋਂ ਫ਼ੋਨ ਕੀਤਾ। ਜੂਨ ਦੇ ਮਹੀਨੇ ਦੀ ਗਰਮੀ ਵਿਚ ਉਹ ਆਪਣੇ ਸਕੂਟਰ 'ਤੇ ਆਏ ਤੇ ਮੈਨੂੰ ਘਰ ਲੈ ਗਏ। ਉਨ੍ਹਾਂ ਦਿਨਾਂ ਵਿਚ ਉਹ ਪੀ.ਐਚਡੀ. ਦੀ ਤਿਆਰੀ ਕਰ ਰਹੇ ਸਨ। ਯੂਨੀਵਰਸਿਟੀ ਤੋਂ ਛੁੱਟੀਆਂ ਲਈਆਂ ਹੋਈਆਂ ਸਨ। ਬਹੁਤਾ ਸਮਾਂ ਉਹ ਘਰ ਹੀ ਰਹਿੰਦੇ। ਮੈਂ ਕਦੇ-ਕਦੇ ਉਨ੍ਹਾਂ ਦੀ ਕੁਰਸੀ 'ਤੇ ਬੈਠ ਕੇ ਦੇਖਦੀ ਕਿ ਸ਼ਾਇਦ ਇਸ ਕੁਰਸੀ 'ਤੇ ਬੈਠਣ ਨਾਲ ਹੀ ਮੈਨੂੰ ਉਨ੍ਹਾਂ ਵਰਗੀ ਕਵਿਤਾ ਲਿਖਣੀ ਆ ਜਾਵੇਗੀ।

ਉਸ ਦਿਨ ਤੋਂ ਉਹ ਮੇਰੇ ਵੀਰ ਜੀ ਬਣ ਗਏ ਤੇ ਉਨ੍ਹਾਂ ਦੀ ਪਤਨੀ ਮੇਰੀ ਭਾਬੀ ਅਤੇ ਅੰਕੁਰ ਤੇ ਮਨਰਾਜ ਮੇਰੇ ਭਤੀਜੇ ਬਣ ਗਏ।

ਮੈਨੂੰ ਕੋਲ ਬਿਠਾ ਕੇ ਵੀਰ ਜੀ ਨੇ ਮੇਰੀਆਂ ਸਾਰੀਆਂ ਕਵਿਤਾਵਾਂ ਪੜ੍ਹੀਆਂ। ਮੇਰੇ ਨਾਲ ਕਿਤਾਬ ਦੇ ਨਾਮ ਬਾਰੇ ਗੱਲਬਾਤ ਕੀਤੀ। ਕਿਤਾਬ ਦਾ ਨਾਮ 'ਤੁਰੀ ਸਾਂ ਮੈਂ ਓਥੋਂ' ਰੱਖਣ ਦਾ ਫ਼ੈਸਲਾ ਹੋ ਗਿਆ। ਦੂਸਰੇ ਤੀਸਰੇ ਦਿਨ ਉਹ ਕਿਤਾਬ ਦਾ ਖਰੜਾ ਆਪਣੇ ਨਾਲ ਲੈ ਗਏ। ਮੈਨੂੰ ਸਿਰਫ਼ ਏਨਾ ਪਤਾ ਸੀ ਕਿ ਕਿਤੇ ਜਾ ਰਹੇ ਹਨ। ਕਿੱਥੇ? ਪਤਾ ਨਹੀਂ।

ਕਿਤਾਬ ਛਾਪਣ ਲਈ ਦੇ ਦਿੱਤੀ ਗਈ। ਇਸ ਤੋਂ ਪਹਿਲਾਂ ਮੇਰੀਆਂ ਸਭ ਰਚਨਾਵਾਂ ਸੁਰਿੰਦਰ ਕੌਰ ਗਿੱਲ ਦੇ ਨਾਮ ਹੇਠਾਂ ਛਪਦੀਆਂ ਰਹੀਆਂ ਸਨ। ਸੋਚਿਆ ਕਿ ਪਤਾ ਨਹੀਂ ਵੀਰ ਜੀ ਨੇ ਕਿਤਾਬ 'ਤੇ ਏਹੀ ਨਾਮ ਦਿੱਤਾ ਹੈ ਜਾਂ ਕੁਝ ਬਦਲ ਕੇ। ਮੈਂ ਪਿੰਡ ਚਲੀ ਗਈ। ਓਥੇ ਜਾ ਕੇ ਫਿਰ ਫ਼ੋਨ ਕੀਤਾ ਤੇ ਕਿਹਾ,''ਵੀਰ ਜੀ, ਕਿਤਾਬ ਉਪਰ ਮੇਰਾ ਨਾਮ ਕੀ ਲਿਖਿਆ ਹੈ?''

ਉਹ ਹੱਸੇ ਤੇ ਕਹਿਣ ਲੱਗੇ,''ਸੁਰਿੰਦਰ ਗੀਤ।''

''ਗੀਤ'', ਮੈਂ ਕਿਹਾ!

ਹਾਂ ... ਗੀਤ! ਉਨ੍ਹਾਂ ਨੇ ਬੜੇ ਵਿਸ਼ਵਾਸ਼ 'ਚ ਕਿਹਾ। ਤੂੰ ਇਕ 'ਗੀਤ' ਹੈਂ। ਬੱਸ ਇਕ 'ਗੀਤ'

ਮੇਰਾ ਰੋਣ ਨਿਕਲ ਗਿਆ। ਬਹੁਤ ਭਾਵੁਕ ਹੋ ਗਈ ਸਾਂ। ਏਸੇ ਭਾਵੁਕਤਾ 'ਚੋਂ ਮੇਰੇ ਗੀਤ ਦਾ ਜਨਮ ਹੋਇਆ। ਜਿਸਦੇ ਬੋਲ ਹਨ:

ਗੀਤ ਨਾ ਕਹਿ ਮੈਂ ਗੀਤ ਨਹੀਂ ਹਾਂ
ਤੋੜ ਮਰੋੜੇ ਦਿਲ ਕਾਗਜ਼ ਤੇ
ਵਿੰਗੀ ਟੇਢੀ ਲੀਕ ਜੇਹੀ ਹਾਂ
ਗੀਤ ਨਾ ਕਹਿ ਮੈਂ ਗੀਤ ਨਹੀਂ ਹਾਂ।

ਇਹ ਗੀਤ ਏਸੇ ਕਿਤਾਬ ਵਿਚ ਸ਼ਾਮਿਲ ਕਰ ਲਿਆ ਗਿਆ। ਤੇ ਇਉਂ ਮੈਂ ਸੁਰਿੰਦਰ ਕੌਰ ਗਿੱਲ ਤੋਂ 'ਸੁਰਿੰਦਰ ਗੀਤ' ਬਣ ਗਈ। ਪਤਾ ਨਹੀਂ ਉਨ੍ਹਾਂ ਵਲੋਂ ਦਿੱਤੇ ਇਸ ਨਾਮ ਨੇ ਕੀ ਜਾਦੂ ਕੀਤਾ ਕਿ ਕਵਿਤਾ ਦਾ ਝਰਨਾ ਫੁੱਟ ਤੁਰਿਆ। 'ਗੀਤ' ਸ਼ਬਦ ਨੇ ਮੈਨੂੰ ਕਵਿਤਾ ਦੇ ਬਹੁਤ ਨਜ਼ਦੀਕ ਕਰ ਦਿੱਤਾ। ਦੱਸਣਾ ਬਣਦਾ ਹੈ ਕਿ 'ਤੁਰੀ ਸਾਂ ਮੈਂ ਓਥੋਂ' ਦਾ ਕੋਈ ਮੁਖਬੰਦ ਨਹੀਂ ਸੀ। ਵੀਰ ਜੀ ਨੇ ਮੈਨੂੰ ਹਦਾਇਤ ਕੀਤੀ ਕਿ ਕਦੇ ਵੀ ਮੈਨੂੰ ਮੁੱਖਬੰਦ ਲਿਖਣ ਬਾਰੇ ਨਹੀਂ ਕਹਿਣਾ। ਜਦੋਂ ਤੇਰੀ ਕਵਿਤਾ ਮੁੱਖ-ਬੰਦ ਲਿਖਣ ਜੋਗੀ ਹੋ ਗਈ, ਮੈਂ ਆਪਣੇ ਆਪ ਮੁੱਖ-ਬੰਦ ਲਿਖਾਂਗਾ।


ਦੂਸਰੀ ਕਿਤਾਬ ਤਿਆਰ ਹੋ ਗਈ। ਵੀਰ ਜੀ ਚੁੱਪ ਰਹੇ। ਮੁੱਖ-ਬੰਦ ਸੁਰਿੰਦਰ ਧੰਜਲ ਹੋਰਾਂ ਲਿਖਿਆ।

ਕੁਝ ਸਾਲਾਂ ਬਾਅਦ ਵੀਰ ਜੀ ਨਿਊਯਾਰਕ ਆਏ। ਕੋਈ ਵੱਡਾ ਪ੍ਰੋਗ੍ਰਾਮ ਸੀ। ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੀ ਉਸ ਪ੍ਰੋਗ੍ਰਾਮ ਵਿਚ ਸ਼ਾਮਿਲ ਸਨ। ਮੈਂ ਤੇ ਮੇਰੀ ਛੋਟੀ ਬੇਟੀ ਰਮੀ ਵੀਰ ਜੀ ਨੂੰ ਨਿਊਯਾਰਕ ਮਿਲਣ ਗਈਆਂ। ਦਰਅਸਲ, ਲੁਧਿਆਣੇ ਤੋਂ ਦਿੱਲੀ ਆਉਂਦਿਆਂ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ। ਭਾਬੀ ਜੀ ਬਹੁਤ ਫਿਕਰ ਵਿਚ ਸਨ। ਉਹ ਵਾਰ ਵਾਰ ਕਹਿ ਰਹੇ ਸਨ ਕਿ ਜਾ ਕੇ ਆਪਣੇ ਵੀਰ ਨੂੰ ਦੇਖ ਕੇ ਆ। ਓਥੇ ਹੀ ਵੀਰ ਜੀ ਨੇ ਮੇਰੀ ਮੁਲਾਕਾਤ ਸਤਿੰਦਰ ਨੂਰ ਨਾਲ ਕਰਵਾਈ।

''ਵੀਰ ਜੀ.... ਮੇਰੇ ਕੋਲ ਬਹੁਤ ਕਵਿਤਾਵਾਂ ਹੋ ਗਈਆਂ ਹਨ। ਪੂਰੀ ਇਕ ਕਿਤਾਬ ਜੋਗੀਆਂ।'' ਮੈਂ ਕਿਹਾ।

''ਅੱਛਾ ....ਇਹਦਾ ਮੁੱਖ ਬੰਦ ਮੈਂ ਲਿਖਾਂਗਾ।'' ਵੀਰ ਜੀ ਨੇ ਮੇਰੇ ਚਿਹਰੇ ਦੇ ਹਾਵ ਭਾਵ ਦੇਖਦਿਆਂ ਕਿਹਾ।

ਮੇਰੇ ਲਈ ਇਹ ਬਹੁਤ ਵੱਡੀ ਗੱਲ ਸੀ।



ਕਿਤਾਬ ਦਾ ਨਾਮ 'ਚੰਦ ਸਿਤਾਰੇ ਮੇਰੇ ਵੀ ਨੇ' ਰੱਖਿਆ ਗਿਆ। ਪੰਜਾਬੀ ਸਾਹਿਤ ਅਕਾਦਮੀ ਦੇ ਵਿਹੜੇ ਵਿਚ ਕਿਤਾਬ ਲੋਕ ਅਰਪਣ ਕੀਤੀ ਗਈ। ਵੀਰ ਜੀ ਨੇ ਮੇਰੀ ਕਵਿਤਾ ਦੀ ਗੱਲ ਕਰਨ ਤੋਂ ਪਹਿਲਾਂ ਕਿਹਾ,'' ਸੁਰਿੰਦਰ, ਭੁਪਿੰਦਰ ਦੀ ਪਿਆਰੀ ਨਨਾਣ ਹੈ, ਅੰਕੁਰ ਤੇ ਮਨਰਾਜ ਦੀ ਦਬਦਬੇ ਵਾਲੀ ਭੂਆ ਤੇ ਮੇਰੀ ਛੋਟੀ ਭੈਣ ਹੈ।'' ਮੇਰੀ ਕਵਿਤਾ ਬਾਰੇ ਸਿਰਫ਼ ਏਨਾ ਹੀ ਕਿਹਾ ਕਿ ਇਸਦੀ ਕਵਿਤਾ ਲੋਕ-ਪੱਖੀ ਹੈ, ਲੋਕਾਂ ਦੀ ਗੱਲ ਕਰਦੀ ਹੈ। ਕਵਿਤਾ ਲਿਖਣ ਲਈ ਨਹੀਂ ਲਿਖਦੀ। ਮੈਂ ਸਮਝਦਾ ਹਾਂ ਕਿ ਜੇਕਰ ਏਸੇ ਤਰ੍ਹਾਂ ਸੋਚਦੀ ਰਹੀ, ਲਿਖਦੀ ਰਹੀ ਤਾਂ ਜ਼ਰੂਰ ਕਵਿਤਾ ਦੇ ਖੇਤਰ ਵਿਚ ਆਪਣਾ ਨਾਮ ਦਰਜ ਕਰਵਾਏਗੀ। ਦੇਵ ਦਿਲਦਾਰ ਨੇ ਇਸ ਸਮੇਂ ਮੇਰੀਆਂ ਕਈ ਕਵਿਤਾਵਾਂ ਦਾ ਗਾਇਨ ਵੀ ਕੀਤਾ।

ਇਹ ਪਹਿਲਾ ਸਮਾਂ ਸੀ ਜਦੋਂ ਵੀਰ ਜੀ ਨੇ ਮੈਨੂੰ ਲੁਧਿਆਣੇ ਦੇ ਅਦੀਬਾਂ ਸਾਹਮਣੇ ਪੇਸ਼ ਕੀਤਾ। ਇਸ ਪੁਸਤਕ ਤੋਂ ਬਾਅਦ ਹੀ ਕਈ ਲੇਖਕਾਂ ਨੇ ਮੇਰੀ ਕਵਿਤਾ ਦਾ ਨੋਟਿਸ ਲੈਣਾ ਸ਼ੁਰੂ ਕੀਤਾ।

ਮੇਰਾ ਜਾਗਣਾ, ਮੇਰਾ ਸੌਣਾ, ਮੇਰਾ ਖਾਣਾ ਪੀਣਾ ਸਭ ਕੁਝ ਕਵਿਤਾ ਨਾਲ ਜੁੜ ਗਿਆ। ਸਰਕਾਰੀ ਨੌਕਰੀ ਹੁੰਦਿਆਂ ਤੇ ਅੰਤਾਂ ਦੇ ਰੁਝੇਵਿਆਂ ਦੇ ਬਾਵਜੂਦ ਮੈਂ ਕਵਿਤਾ ਨੂੰ ਆਪਣੇ ਸਾਹਾਂ ਵਿਚ ਵਸਾ ਲਿਆ। ਮੇਰੀ ਬਹੁਤੀ ਕਵਿਤਾ ਬੱਸ ਜਾਂ ਟਰੇਨ ਵਿਚ ਸ਼ੁਰੂ ਹੁੰਦੀ ਤੇ ਬੱਸ ਚਲਦੇ ਚਲਦੇ ਹੀ ਖ਼ਤਮ ਹੋ ਜਾਂਦੀ। ਕਵਿਤਾ ਮੇਰੇ ਅੰਦਰ ਹੀ ਲਿਖੀ ਜਾਂਦੀ ਤੇ ਅੰਦਰ ਹੀ ਪਲਦੀ ਰਹਿੰਦੀ। ਜਦੋਂ ਪੱਕ ਰੜ੍ਹ ਜਾਂਦੀ ਤਾਂ ਆਪ ਮੁਹਾਰੇ ਕਾਗਜ਼ 'ਤੇ ਵਿਛ ਜਾਂਦੀ। ਵੀਰ ਜੀ ਲਿਖਦੇ ਹਨ-

ਪਿੰਜਰੇ ਵਿਚ ਇਕ ਪੰਛੀ ਛਟਪਟਾਉਂਦਾ ਹੈ
ਹਰ ਕਵਿਤਾ ਇਉਂ ਹੀ ਸ਼ੁਰੂ ਹੁੰਦੀ ਹੈ
ਫਿਰ ਉਹ ਪੰਛੀ ਪਿੰਜਰਾ ਤੋੜ ਕੇ
ਉਡ ਜਾਂਦਾ ਹੈ
ਹਰ ਕਵਿਤਾ ਇਉਂ ਹੀ ਖ਼ਤਮ ਹੋਣੀ ਚਾਹੀਦੀ ਹੈ

ਭਾਵੇਂ ਉਹ ਉਡਾਰੀ ਪੰਛੀ ਦਾ ਸੁਪਨਾ ਹੀ ਕਿਉਂ ਨਾ ਹੋਵੇ।

ਵੀਰ ਜੀ ਦੀਆਂ ਇਨ੍ਹਾਂ ਸਤਰਾਂ ਨੇ ਸਦਾ ਮੇਰਾ ਸਾਥ ਦਿੱਤਾ ਹੈ। ਕਈ ਵਾਰੀ ਇਉਂ ਲੱਗਦਾ ਹੈ ਜਿਵੇਂ ਇਹ ਲਿਖੀਆਂ ਮੇਰੇ ਲਈ ਹੋਣ। ਦਰਅਸਲ ਕਵਿਤਾ ਵਿਚਲੀ ਸੰਵੇਦਨਾ ਉਨ੍ਹਾਂ ਦੀ ਕੇਵਲ ਆਪਣੀ ਸੰਵੇਦਨਾ ਨਹੀਂ ਹੁੰਦੀ। ਉਸ ਵਿਚ ਲੋਕਾਂ ਦੀ ਸੰਵੇਦਨਾ ਸ਼ਾਮਿਲ ਹੁੰਦੀ ਸੀ। ਏਹੀ ਕਾਰਨ ਹੈ ਕਿ ਉਨ੍ਹਾਂ ਦੀ ਕਵਿਤਾ ਲੋਕਾਂ ਦੇ ਮੂੰਹ 'ਤੇ ਚੜ੍ਹ ਗਈ। ਕਵਿਤਾ ਦੇ ਏਸ ਗੁਣ ਸਦਕਾ ਉਨ੍ਹਾਂ ਦੀ ਕਵਿਤਾ ਸਮੁੱਚੀ ਧਰਤ ਦੀ ਕਵਿਤਾ ਬਣ ਗਈ। ਲੋਕ ਪ੍ਰਲੋਕ ਵਿਚ ਛਾ ਗਈ। ਉਹ ਯੁੱਗ ਕਵੀ ਬਣ ਗਏ। ਉਨ੍ਹਾਂ ਦੇ ਜਾਣ ਨਾਲ ਕਵਿਤਾ ਦੇ ਇਕ ਯੁੱਗ ਦਾ ਅੰਤ ਹੋ ਗਿਆ ਜਾਪਦਾ ਹੈ।

ਤੀਹ ਸਾਲਾਂ ਦੀ ਪਾਕ-ਪਵਿਤਰ ਸਾਂਝ ਨੇ ਜ਼ਿੰਦਗੀ ਦੇ ਰੰਗ-ਹੀਣ ਖਾਕੇ ਵਿਚ ਯਾਦਾਂ ਦੇ ਅਜਿਹੇ ਰੰਗ ਭਰੇ ਕਿ ਉਹ ਅੱਜ ਜਦੋਂ ਇਸ ਸੰਸਾਰ ਵਿਚ ਸਰੀਰਕ ਤੌਰ 'ਤੇ ਨਹੀਂ ਹਨ ਤਾਂ ਜੀਅ ਕਰਦਾ ਹੈ ਉਨ੍ਹਾਂ ਰੰਗਾਂ ਨਾਲ ਧਰਤੀ ਦਾ ਵਿਹੜਾ ਧਾਰੀਆਂ ਪਾ ਪਾ ਰੰਗ ਦੇਵਾਂ।

ਭੈਣ-ਭਰਾਵਾਂ ਵਾਂਗ ਮੇਰੀ ਤੇ ਵੀਰ ਜੀ ਦੀ ਨੋਕ-ਝੋਕ ਚਲਦੀ ਰਹਿੰਦੀ ਸੀ। ਉਹ ਜਦੋਂ ਵੀ ਕੈਨੇਡਾ, ਅਮਰੀਕਾ ਦੀ ਫੇਰੀ 'ਤੇ ਆਉਂਦੇ ਤਾਂ ਆਪਣੇ ਟੂਰ ਦਾ ਵੱਡਾ ਹਿੱਸਾ ਮੁਕਾ ਕੇ ਕੈਲਗਰੀ ਆਉਂਦੇ। ਆਉਣ ਸਾਰ ਉਨ੍ਹਾਂ ਨੇ ਆਪਣਾ ਅਟੈਚੀ ਕੇਸ ਖੋਲ੍ਹਣਾ ਤੇ ਮੈਲੇ ਕਪੜਿਆਂ ਦਾ ਢੇਰ ਲਾ ਦੇਣਾ। ਤਿੰਨ ਚਾਰ ਪੱਗਾ, ਕਮੀਜ਼ਾਂ ਬੁਨੈਣਾਂ ਅਲੱਗ-ਅਲੱਗ ਕਰਕੇ ਰੱਖ ਦੇਣੀਆਂ। ਮੈਂ ਤੇ ਗੁਰਬਖਸ਼ (ਮੇਰੇ ਪਤੀ) ਨੇ ਪੱਗਾਂ ਹੱਥ ਨਾਲ ਧੋ ਕੇ ਦੋਨਾਂ ਸਿਰਿਆਂ ਤੋਂ ਫੜ ਕੇ ਸੁਕਾ ਦੇਣੀਆਂ। ਆਮ ਕਰਕੇ ਉਹ ਆਪਣੀ ਨੀਂਦ ਕੈਲਗਰੀ ਆ ਕੇ ਹੀ ਪੂਰੀ ਕਰਦੇ ਸਨ। ਇਹ ਕਿਹਾ ਕਰਦੇ ਸਨ ,''ਕੈਲਗਰੀ ਆ ਕੇ ਮੈਂ ਘਰ ਆ ਗਿਆ ਮਹਿਸੂਸ ਕਰਦਾ ਹਾਂ। ਆਪਣੀ ਮਰਜ਼ੀ ਨਾਲ ਸੌਂਦਾ ਤੇ ਜਾਗਦਾ ਹਾਂ।''

ਕਈ ਵਾਰ ਮੇਰੀ ਤੇ ਉਨ੍ਹਾਂ ਦੀ ਮਾੜੀ ਮੋਟੀ ਗੱਲ 'ਤੇ ਲੜਾਈ ਹੋ ਜਾਣੀ। ਪਰ ਕਦੇ ਵੀ ਕਿਸੇ ਲੜਾਈ ਨੇ ਸਾਡੇ ਪਿਆਰ 'ਚ ਫ਼ਿੱਕ ਨਹੀਂ ਪੈਣ ਦਿੱਤਾ। ਇਕ ਵਾਰ ਕੁਝ ਜ਼ਿਆਦਾ ਹੀ ਹੋ ਗਿਆ। ਤਿੰਨ ਚਾਰ ਦਿਨ ਵੀਰ ਜੀ ਭਾਬੀ ਜੀ ਤੋਂ ਪੁੱਛਦੇ ਰਹੇ ਕਿ ਸੁਰਿੰਦਰ ਦਾ ਕੋਈ ਫ਼ੋਨ ਨਹੀਂ ਆਇਆ। ਭਾਵੇਂ ਮੇਰੀ ਭਾਬੀ ਨਾਲ ਗੱਲਬਾਤ ਹੁੰਦੀ ਰਹੀ ਸੀ ਪਰ ਉਨ੍ਹਾਂ ਨੇ ਆਖ ਦੇਣਾ ਕਿ ਨਹੀਂ ਆਇਆ।

ਚੌਥੇ ਕੁ ਦਿਨ ਫ਼ੋਨ ਦੀ ਘੰਟੀ ਖੜਕੀ। ਵੀਰ ਜੀ ਦਾ ਫ਼ੋਨ ਸੀ।



''ਰਾਜੇ ਤੂੰ ਮੇਰੇ ਨਾਲ ਗੁੱਸੇ ਹੋ ਗਿਆ। ਸੌਰੀ! ਮੈਂ ਕੁਝ ਜ਼ਿਆਦਾ ਹੀ ਬੋਲ ਗਿਆ ਸੀ।''

ਉਨ੍ਹਾਂ ਦੇ ਬੋਲਾਂ ਵਿਚ ਅੰਤਾਂ ਦਾ ਮੋਹ, ਪਿਆਰ ਅਤੇ ਅਪਣੱਤ ਸੀ ਕਿ ਮੈਂ ਰੋਣ ਲੱਗ ਪਈ। ''ਨਹੀਂ ਵੀਰ ਜੀ ... ਮੈਂ ਤੁਹਾਡੇ ਨਾਲ ਕਾਹਤੋਂ ਨਰਾਜ਼ ਹੋਣਾ ਹੈ।''

ਭਾਬੀ ਜੀ ਅਕਸਰ ਆਖਦੇ ਕਿ ਤੁਸੀਂ ਲੜਦੇ ਤਾਂ ਮੇਰੇ ਸਾਹਮਣੇ ਓ ਪਰ ਸਮਝੌਤਾ ਕਦੋਂ ਹੋ ਜਾਂਦਾ ਹੈ, ਪਤਾ ਨੀ ਲੱਗਦਾ।

ਏਦਾਂ ਹੀ ਹੁੰਦਾ ਸੀ...। ਨਾ ਮੈਨੂੰ ਕੁਝ ਯਾਦ ਰਹਿਣਾ ਤੇ ਨਾ ਹੀ ਵੀਰ ਜੀ ਨੂੰ।

ਉਹ ਆਪਣੀਆਂ ਪਰਸਨਲ ਚੀਜ਼ਾਂ ਜਿਵੇਂ ਬੈਗ, ਪੈਨ, ਲੈਪ-ਟਾਪ, ਆਈ ਪੈਡ ਆਦਿ ਬਹੁਤ ਸੰਭਾਲ ਕੇ ਰੱਖਦੇ। ਮੈਂ ਆਪਣੀ ਮਸਤੀ ਜਿਹੀ 'ਚ ਆਖੀ ਜਾਣਾ..ਵੀਰ ਮੇਰੇ ਨਾਲ ਆਈ ਪੈਡ ਵਟਾ ਲਵੋ....ਆਹ ਬੈਗ ਮੈਨੂੰ ਦੇ ਦੇਵੋ। ਮੈਂ ਉਨ੍ਹਾਂ ਸਾਹਮਣੇ ਬਿਲਕੁਲ ਬੱਚਾ ਬਣ ਜਾਂਦੀ ਤੇ ਉਹ ਮੇਰੇ ਨਾਲ ਬੱਚਿਆਂ ਵਾਂਗ ਹੀ ਵਰਤਦੇ ਸਨ।

''ਵੀਰ ਜੀ ਆਹ ਬੈਗ ਮੈਨੂੰ ਦੇ ਦੇਵੋ!'' ਮੈਂ ਬੜੇ ਲਾਡ ਨਾਲ ਕਿਹਾ।

''ਨਹੀਂ ਸੁਰੇਨ..... ਇਹ ਬੈਗ ਨਹੀਂ ਦੇਣਾ। ਮੈਨੂੰ ਬਹੁਤ ਚੰਗਾ ਲੱਗਦਾ ਹੈ। ਜਰਮਨ ਏਅਰ ਪੋਰਟ ਤੋਂ ਲਿਆ ਸੀ। ਪਹਿਲਾਂ ਮੈਂ ਬੈਗ ਦੇਖ ਕੇ ਲੰਘ ਗਿਆ। ਪਰ ਫਿਰ ਵਾਪਿਸ ਆ ਗਿਆ ਦੁਕਾਨ 'ਤੇ। ਮਹਿੰਗਾ ਸੀ ਪਰ ਮੈਂ ਲੈ ਲਿਆ। ਜੇ ਨਾ ਲੈਂਦਾ ਤਾਂ ਪਛਤਾਵਾ ਜਿਹਾ ਰਹਿਣਾ ਸੀ।'' ਉਨ੍ਹਾਂ ਮੇਰੇ ਵੱਲ ਇਉਂ ਦੇਖਿਆ ਜਿਵੇਂ ਸਮਝਾ ਰਹੇ ਹੋਣ ਕਿ ਪਸੰਦ ਦੀ ਕੋਈ ਕੀਮਤ ਨਹੀਂ ਹੁੰਦੀ।

ਅੱਧੇ ਕੁ ਘੰਟੇ ਬਾਅਦ ਉਹ ਮੇਰੇ ਕਮਰੇ 'ਚ ਆਏ। ਬੈਗ ਉਨ੍ਹਾਂ ਨੇ ਮੇਰੇ ਹੱਥ ਫੜਾਇਆ ਤੇ ਬੋਲੇ,''ਲੈ ਤੂੰ ਇਹ ਬੈਗ ਲੈ ਲੈ। ਤੇਰੀ ਨੀਤ ਰਹਿਣੀ ਹੈ ਇਹਦੇ 'ਚ।''

ਆਮ ਕਰਕੇ ਉਹ ਮੈਨੂੰ 'ਸੁਰੇਨ' ਕਹਿ ਕੇ ਬੁਲਾਇਆ ਕਰਦੇ ਸਨ।

ਏਸੇ ਤਰ੍ਹਾਂ ਮੈਂ ਉਨ੍ਹਾਂ ਦਾ ਇਕ ਛੋਟਾ ਜਿਹਾ ਬੈਗ ਨਿਹਾਲ ਸਿੰਘ ਵਾਲਿਓਂ ਮੋਚੀ ਤੋਂ ਠੀਕ ਕਰਵਾ ਕੇ ਲਿਆ ਦਿੱਤਾ। ਬਹੁਤ ਖ਼ੁਸ਼ ਹੋਏ।

ਅਗਲੀ ਵੇਰ ਜਦੋਂ ਗਈ ਤਾਂ ਉਸ ਮਹਾਨ ਕਲਾਕਾਰ (ਮੋਚੀ) ਦੀ ਫ਼ੋਟੋ ਲੈ ਕੇ ਆਵੀਂ। ਦੇਖ ਕਿੰਨਾ ਸੋਹਣਾ ਕੰਮ ਕੀਤਾ ਹੈ।

ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਗੱਲਾਂ ਦੇ ਬਹੁਤ ਡੂੰਘੇ ਤੇ ਵੱਡੇ ਅਰਥ ਹੁੰਦੇ ਸਨ। ਦਰਅਸਲ ਉਹ ਸੰਵੇਦਨਾ ਅਤੇ ਸੂਖਮਤਾ ਦੇ ਪੁੰਜ ਸਨ। ਉਨ੍ਹਾਂ ਦੀ ਕਹੀ ਗੱਲ ਮੇਰੇ ਧੁਰ ਅੰਦਰ ਉਤਰ ਜਾਂਦੀ ਤੇ ਗਹਿਰਾ ਅਸਰ ਕਰਦੀ।

ਉਨ੍ਹਾਂ ਨੇ ਮੈਨੂੰ ਕਦੇ ਵੀ ਕੋਈ ਵੱਡਾ ਲੈਕਚਰ ਨਹੀਂ ਦਿੱਤਾ। ਕਵਿਤਾ ਬਾਰੇ ਦੋ ਸ਼ਬਦਾਂ 'ਚ ਹੀ ਸਭ ਕੁਝ ਸਮਝਾ ਦਿੰਦੇ।

ਦੋ-ਤਿੰਨ ਮਹੀਨੇ ਪਹਿਲਾਂ ਹੀ ਉਨ੍ਹਾਂ ਨੇ ਮੈਨੂੰ ਕਵਿਤਾ ਬਾਰੇ ਇਉਂ ਸਮਝਾਇਆ।

''ਕਵਿਤਾ ਲਿਖਣ ਸਮੇਂ ਤਿੰਨ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਸ਼ਿਲਪ, ਸਿਦਕ ਤੇ ਸ਼ਊਰ।'' ਤਿੰਨ ਅੱਖਰਾਂ 'ਚ ਏਨਾ ਵੱਡਾ ਸਬਕ। ਮੈਂ ਸੋਚ ਸੋਚ ਹੈਰਾਨ ਹੁੰਦੀ ਹਾਂ। ਉਹ ਜਿੰਨਾ ਪਿਆਰ ਗ਼ਜ਼ਲ ਨੂੰ ਕਰਦੇ ਓਨਾ ਹੀ ਖੁੱਲ੍ਹੀ ਕਵਿਤਾ ਨੂੰ ਉਤਸ਼ਾਹ ਦਿੰਦੇ। ਉਨ੍ਹਾਂ ਨੇ ਸਦਾ ਹੀ ਮੈਨੂੰ ਗ਼ਜ਼ਲ ਤੋਂ ਵੱਧ ਕਵਿਤਾ ਬਾਰੇ ਉਤਸ਼ਾਹਿਤ ਕੀਤਾ ਹੈ। ਉਹ ਕਿਹਾ ਕਰਦੇ ਸਨ ਕਿ ਕਵਿਤਾ ਕਦੇ ਵੀ ਮਜਬੂਰੀ ਵਿਚ ਨਹੀਂ ਲਿਖਣੀ ਚਾਹੀਦੀ। ਮਜਬੂਰੀ ਵਿਚ ਲਿਖੀ ਕਵਿਤਾ, ਕਵਿਤਾ ਨਹੀਂ ਹੁੰਦੀ।

ਬਹੁਤ ਲੋਕਾਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਘਰ ਹਜ਼ਾਰਾਂ ਕਿਤਾਬਾਂ ਸਨ। ਮੈਂ ਅਕਸਰ ਕਿਤਾਬਾਂ ਫਰੋਲਦੀ ਰਹਿੰਦੀ। ਜਦੋਂ ਕਿਤੇ ਉਨ੍ਹਾਂ ਨੂੰ ਵਿਹਲਾ ਦੇਖਦੀ ਤਾਂ ਕਿਸੇ ਕਿਤਾਬ ਬਾਰੇ ਉਨ੍ਹਾਂ ਦੀ ਰਾਇ ਪੁੱਛ ਲੈਂਦੀ। ਉਨ੍ਹਾਂ ਨੇ ਹਦਾਇਤ ਕੀਤੀ ਸੀ ਕਿ ਇਕ ਮਾੜੀ ਕਿਤਾਬ ਵੀਹ ਮਾੜੀਆਂ ਕਿਤਾਬਾਂ ਨੂੰ ਜਨਮ ਦਿੰਦੀ ਹੈ। ਇਸ ਲਈ ਸੋਚ ਸਮਝ ਕੇ ਹੀ ਕਿਤਾਬ ਪੜ੍ਹਨੀ ਚਾਹੀਦੀ ਹੈ। ਕਈ ਕਿਤਾਬਾਂ ਉਨ੍ਹਾਂ ਨੇ ਮੇਰੇ ਹੱਥੋਂ ਰਖਵਾਈਆਂ ਵੀ। ਅੱਜ ਕਲ੍ਹ ਉਨ੍ਹਾਂ ਨੇ ਚੁਬਾਰੇ 'ਚ ਕਿਤਾਬਾਂ ਦੇ ਬੰਡਲ ਬਣਾ ਬਣਾ ਰੱਖੇ ਹੋਏ ਸਨ। ਇਹ ਬੰਡਲ ਉਨ੍ਹਾਂ ਨੇ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿਚ ਦੇਣੇ ਸਨ।

ਮੈਂ ਵੀਰ ਜੀ ਦੇ ਛੋਟੇ-ਛੋਟੇ ਹੱਥਾਂ ਵੱਲ ਦੇਖਦੀ ਰਹਿੰਦੀ। ਇਹ ਛੋਟੇ ਛੋਟੇ ਹੱਥ ਕਿੰਨਾ ਕਮਾਲ ਕਰਦੇ ਹਨ।

''ਵੀਰ ਜੀ! ਤੁਸੀਂ ਸ਼ਬਦ ਕਿੱਥੋਂ ਲਿਆਉਂਦੇ ਓ?'' ਮੈਂ ਅਕਸਰ ਹੀ ਉਨ੍ਹਾਂ ਨੂੰ ਪੁੱਛਦੀ। ਉਹ ਹੱਸ ਪੈਂਦੇ।

ਇਕ ਦਿਨ ਉਹ ਕਾਹਲੀ ਕਾਹਲੀ ਕਿਤੇ ਜਾਣ ਲਈ ਤਿਆਰ ਹੋ ਰਹੇ ਸਨ। ਉਨ੍ਹਾਂ ਦੀ ਆਦਤ ਸੀ ਕਿ ਉਹ ਪਰੈੱਸ ਕੀਤੇ ਕੱਪੜਿਆਂ ਨੂੰ ਦੋਬਾਰਾ ਪਰੈੱਸ ਕਰਨ ਲੱਗ ਪੈਂਦੇ। ਆਮ ਕਰਕੇ ਕੱਪੜੇ ਬਾਹਰੋਂ ਪਰੈੱਸ ਕਰਕੇ ਆਉਂਦੇ ਜਾਂ ਭਾਬੀ ਜੀ ਪਰੈੱਸ ਕਰ ਕੇ ਅਲਮਾਰੀ ਵਿਚ ਟੰਗ ਦਿੰਦੇ।

''ਵੀਰ ਜੀ! ਕਾਹਤੋਂ ਕਬੂੰਬਰ ਕੱਢੀ ਜਾਂਦੇ ਓ। ਚੰਗੇ ਭਲੇ ਤਾਂ ਪਰੈੱਸ ਹੋਏ ਨੇ।'' ਮੈਂ ਉਨ੍ਹਾਂ ਨੂੰ ਕੱਪੜੇ 'ਤੇ ਪਰੈੱਸ ਫੇਰਦਿਆਂ ਦੇਖ ਕੇ ਕਿਹਾ।

''ਮੈਨੂੰ ਚੰਗਾ ਲੱਗਦਾ ਆ...ਕੱਪੜੇ ਪਰੈੱਸ ਕਰਨਾ।

ਮੈਂ ਆਪਣੀ ਕਾਟਨ ਦੀ ਚੁੰਨੀ ਉਨ੍ਹਾਂ ਵੱਲ ਸੁੱਟ ਦਿੱਤੀ ਤੇ ਕਿਹਾ,''ਲਉ ਆਹ ਵੀ ਪਰੈੱਸ ਕਰ ਦੇਵੋ।''

ਉਹ ਖਿੜ ਖਿੜਾ ਕੇ ਹੱਸ ਪਏ ਤੇ ਬੋਲੇ....''ਇਹ ਤੂੰ ਆਪੇ ਈ ਕਰ ਲਵੀਂ। ਤੰਬੂ ਜੇਡੀ ਤੇਰੀ ਚੁੰਨੀ ਆ। ਸਾਰਾ ਦਿਨ ਏਥੇ ਹੀ ਲੰਘ ਜਾਊ ਨਾਲੇ ਤੂੰ ਕਿਹੜਾ ਏਹਨੂੰ ਸਲੀਕੇ ਨਾਲ ਸਾਂਭਣਾ ਆ! ਚੰਗਾ ਮੈਨੂੰ ਬਹੁਤ ਕਾਹਲ ਹੈ। ਤਿਆਰ ਹੋਣਾ ਹੈ। ਜਾਣਾ ਹੈ। ਮੈਨੂੰ ਗੱਲੀਂ ਨਾ ਲਾ। ਆਪਣੀ ਭਾਬੀ ਨੂੰ ਕਹਿ ਕੇ ਦੋ ਮਿੰਟਾਂ 'ਚ ਬਰੇਕ ਫਾਸਟ ਲਈ ਆਉਣਾ।''

ਅਕਤੂਬਰ 2023 ਨੂੰ ਮੈਂ ਦੋਨਾਂ ਅੱਖਾਂ ਦੀ ਸਰਜਰੀ ਕਰਵਾਈ। ਪੂਰਾ ਮਹੀਨਾ ਮੈਂ ਲੁਧਿਆਣੇ ਵੀਰ ਜੀ ਕੋਲ ਹੀ ਰਹੀ। ਇਕ ਦਿਨ ਉਹ ਲੰਚ ਕਰ ਰਹੇ ਸਨ। ਮੈਂ ਕੋਲ ਜਾ ਕੇ ਬੈਠ ਗਈ। ਏਹੀ ਵਧੀਆ ਸਮਾਂ ਹੁੰਦਾ ਸੀ ਉਨ੍ਹਾਂ ਨਾਲ ਗੱਲਬਾਤ ਕਰਨ ਦਾ। ਮੈਂ ਕਿਹਾ,''ਵੀਰ ਜੀ ਹੁਣ ਮੇਰੀਆਂ ਅੱਖਾਂ ਬਿਲਕੁਲ ਠੀਕ ਹਨ। ਵਾਪਿਸ ਕੈਲਗਰੀ ਜਾਣ ਬਾਰੇ ਸੋਚ ਰਹੀ ਹਾਂ।''

''ਹੁਣ ਤੈਨੂੰ ਪੂਰਾ ਦਿਖਾਈ ਦਿੰਦਾ ਆ!'' ਉਨ੍ਹਾਂ ਨੇ ਬੜੇ ਵਿਅੰਗਮਈ ਤਰੀਕੇ ਨਾਲ ਕਿਹਾ।

''ਬਿਲਕੁਲ ਪੂਰਾ।'' ਮੈਂ ਕਿਹਾ।

''ਕੀ ਤੁਸੀਂ ਮੈਨੂੰ ਮਿਸ ਕਰੋਗੇ ਜਦੋਂ ਮੈਂ ਚਲੀ ਗਈ!'' ਮੈਂ ਪੁੱਛਿਆ।

**(ਬਾਕੀ ਅਗਲੇ ਸਫੇ 'ਤੇ)**

# ਡਾ. ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ...

ਡਾ. ਸੁਖਦੇਵ ਸਿੰਘ ਝੰਡ
ਫ਼ੋਨ: 1-647-567-9128

ਸਰੀਰਕ ਰੂਪ ਵਿਚ ਸੁਰਜੀਤ ਪਾਤਰ ਇਸ ਦੁਨੀਆਂ ਵਿਚ ਨਹੀਂ ਰਹੇ ਤੇ ਕਿਸੇ ਅਣਡਿੱਠੇ ਅਗਲੇ ਸੰਸਾਰ 'ਚ ਚਲੇ ਗਏ ਹਨ। ਪਰ ਆਪਣੀਆਂ ਗ਼ਜ਼ਲਾਂ, ਕਵਿਤਾਵਾਂ, ਸੰਵਾਦਾਂ ਤੇ ਹੋਰ ਰਚਨਾਵਾਂ ਸਦਕਾ ਉਹ ਹਮੇਸ਼ਾ ਸਾਡੇ ਅੰਗ-ਸੰਗ ਰਹਿਣਗੇ। 79 ਸਾਲ ਦੀ ਉਮਰ 'ਚ ਉਹ ਪੰਜਾਬੀ ਦੇ ਸਿਰਮੌਰ ਕਵੀ ਵਜੋਂ ਪੂਰੇ ਕਾਰਜਸ਼ੀਲ ਸਨ। 11 ਮਈ ਨੂੰ ਆਖ਼ਰੀ ਸਮਾਂ ਆਉਣ ਤੋਂ ਇਕ ਦਿਨ ਪਹਿਲਾਂ ਹੀ ਤਾਂ ਬਰਨਾਲੇ ਵਿਚ ਹੋਏ ਸਾਹਿਤਕ ਸਮਾਗ਼ਮ ਵਿਚ ਉਹ ਆਪਣੀ ਹਰਮਨ-ਪਿਆਰੀ ਕਵਿਤਾ "ਜਗਾ ਦੇ ਮੋਮਬੱਤੀਆਂ" ਸੁਣਾ ਕੇ ਆਏ ਸਨ। ਕਿਸੇ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੀ ਇਸ ਸਮਾਗ਼ਮ ਵਿਚ ਇਹ ਆਖ਼ਰੀ ਹਾਜ਼ਰੀ ਹੋਵੇਗੀ ਅਤੇ ਉਹ ਰਾਤ ਨੂੰ ਸੁੱਤੇ ਅਗਲੇ ਦਿਨ ਸਵੇਰੇ ਨਹੀਂ ਉੱਠ ਸਕਣਗੇ।

ਉਨ੍ਹਾਂ ਦੇ ਤੁਰ ਜਾਣ ਨਾਲ ਪੰਜਾਬੀ ਭਾਸ਼ਾ ਤੇ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ ਇਲਾਵਾ ਜਿੱਥੇ-ਜਿੱਥੇ ਵੀ ਛੋਟੇ ਪੰਜਾਬ ਵੱਸੇ ਹੋਏ ਹਨ, ਉਨ੍ਹਾਂ ਦੇ ਵਾਸੀਆਂ ਵਿਚ ਸੋਗ ਦੀ ਲਹਿਰ ਹੈ ਅਤੇ ਉਨ੍ਹਾਂ ਨੇ ਸਾਹਿਤ ਦੇ ਇਸ 'ਦੁਮਾਲੜੇ ਬੁਰਜ' ਦੇ ਢਹਿ ਜਾਣ 'ਤੇ ਡੂੰਘਾ ਦੁੱਖ ਮਨਾਇਆ ਹੈ। ਸੁਰਜੀਤ ਪਾਤਰ ਵੱਲੋਂ ਪੰਜਾਬੀ ਸਾਹਿਤ, ਖ਼ਾਸ ਕਰਕੇ ਪੰਜਾਬੀ ਕਵਿਤਾ ਨੂੰ ਉੱਚ ਦਰਜੇ ਦੀ ਅਮੀਰੀ ਬਖ਼ਸ਼ਣ ਬਦਲੇ ਉਨ੍ਹਾਂ ਨੂੰ ਰਹਿੰਦੀਆਂ ਪੀੜ੍ਹੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ। ਪੰਜਾਬੀ ਭਾਸ਼ਾ ਨੂੰ ਨਵੇਂ ਬਿੰਬ, ਪ੍ਰਤੀਕ, ਮੁਹਾਵਰੇ, ਸ਼ਬਦ ਤੇ ਵਿਚਾਰ ਪ੍ਰਦਾਨ ਕਰਨ ਲਈ ਡਾ. ਪਾਤਰ ਨੂੰ ਹਮੇਸ਼ਾ ਮਾਣ ਤੇ ਇੱਜ਼ਤ ਨਾਲ ਵੇਖਿਆ ਜਾਂਦਾ ਰਹੇਗਾ। ਸਾਹਿਤ ਦੀ ਸਿਨਫ਼ ਗ਼ਜ਼ਲ ਨੂੰ ਨਵੇਂ ਅੰਜ਼ਾਮ ਤੱਕ ਪਹੁੰਚਾਉਣ ਲਈ ਪਾਤਰ ਸਾਹਿਬ ਦੀ ਗ਼ਜ਼ਲਕਾਰੀ ਟੀਸੀ 'ਤੇ ਟਿਕੀ ਰਹੇਗੀ।

ਸੁਰਜੀਤ ਪਾਤਰ ਦੀ ਮਿਕਨਾਤੀਸੀ ਖਿੱਚ ਕਰਕੇ ਪੰਜਾਬੀ ਦਾ ਹਰੇਕ ਪਾਠਕ ਆਪਣੇ ਆਪ ਨੂੰ ਉਨ੍ਹਾਂ ਦੇ ਨਜ਼ਦੀਕ ਸਮਝਦਾ ਹੈ ਅਤੇ ਸਮਝਦਾ ਵੀ ਰਹੇਗਾ। ਉਨ੍ਹਾਂ ਦੀ ਕਵਿਤਾ ਨੂੰ ਪੰਜਾਬੀ ਭਾਈਚਾਰੇ ਵੱਲੋਂ ਭਰਪੂਰ ਸਤਿਕਾਰ ਮਿਲਿਆ ਹੈ। ਪੰਜਾਬੀ ਦੇ ਵੱਡੇ-ਵੱਡੇ ਭਾਸ਼ਨਕਾਰ ਤੇ ਨੇਤਾ ਆਪਣੇ ਭਾਸ਼ਨਾਂ ਵਿਚ ਉਨ੍ਹਾਂ ਦੇ ਸ਼ਿਅਰਾਂ ਦਾ ਅਕਸਰ ਜ਼ਿਕਰ ਕਰਦੇ ਹਨ। ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਸਾਹਿਤ ਅਕੈਡਮੀ ਤੇ ਹੋਰ ਕਈ ਮਾਣ-ਸਨਮਾਨਾਂ ਤੋਂ ਬਾਅਦ ਭਾਰਤ ਦਾ ਸਰਵੋਤਮ ਇਨਾਮ 'ਪਦਮਸ਼੍ਰੀ' ਪ੍ਰਾਪਤ ਕਰਨ ਤੋਂ ਬਾਅਦ ਵੀ ਸੁਰਜੀਤ ਪਾਤਰ ਧਰਤੀ ਨਾਲ ਜੁੜੇ ਰਹੇ। ਉਨ੍ਹਾਂ ਦੀ ਸਹਿਜਤਾ, ਹਲੀਮੀ, ਨਿਮਰਤਾ, ਅਤੇ ਵਿੱਦਵਤਾ ਨੇ ਉਨ੍ਹਾਂ ਦੀ ਆਨ ਤੇ ਸ਼ਾਨ ਨੂੰ ਹਮੇਸ਼ਾ ਉੱਚੀ ਕਰੀ ਰੱਖਿਆ ਹੈ। ਪਾਤਰ ਸਾਹਿਬ ਵੱਲੋਂ ਸਾਹਿਤ ਦੀ ਝੋਲੀ ਵਿਚ ਪਾਈਆਂ ਗਈਆਂ ਪੁਸਤਕਾਂ 'ਹਵਾ ਵਿਚ ਲਿਖੇ ਹਰਫ਼', 'ਬਿਰਖ਼ ਅਰਜ਼ ਕਰੇ', 'ਹਨੇਰੇ ਵਿਚ ਸੁਲਘਦੀ ਵਰਣਮਾਲਾ', 'ਲਫ਼ਜ਼ਾਂ ਦੀ ਦਰਗਾਹ', 'ਪੱਤਝੜ ਦੀ ਪਾਜ਼ੇਬ', 'ਸੁਰਜ਼ਮੀਨ', 'ਚੰਨ ਸੂਰਜ ਦੀ ਵਹਿੰਗੀ', 'ਸਦੀ ਦੀਆਂ ਤਰਕਾਲਾਂ', 'ਸੂਰਜ ਮੰਦਰ ਦੀਆਂ ਪੌੜੀਆਂ' ਤੇ 'ਇਹ ਬਾਤ ਨਿਰੀ ਏਨੀ ਹੀ ਨਹੀਂ' ਵਿਚਲੀਆਂ ਕਵਿਤਾਵਾਂ ਤੇ ਵਾਰਤਕ ਲਿਖ਼ਤਾਂ ਮਨੁੱਖਤਾ ਨੂੰ ਦੂਰਦਰਸ਼ਤਾ, ਚੜ੍ਹਦੀ ਕਲਾ ਅਤੇ ਜੀਵਨ ਵਿਚ ਅੱਗੇ ਵਧਣ ਦਾ ਸੰਦੇਸ਼ ਦਿੰਦੀਆਂ ਹਨ। ਇਨ੍ਹਾਂ ਨੂੰ ਜਦੋਂ-ਜਦੋਂ ਵੀ ਕੋਈ ਪੜ੍ਹੇਗਾ, ਉਦੋਂ-ਉਦੋਂ ਹੀ ਉਹ ਇਨ੍ਹਾਂ ਉੱਪਰ ਮਾਣ ਮਹਿਸੂਸ ਕਰੇਗਾ।

ਡਾ. ਪਾਤਰ ਨੇ ਮੁੱਢਲੀ ਵਿੱਦਿਆ ਕਪੂਰਥਲਾ ਜ਼ਿਲ੍ਹੇ ਦੇ ਆਪਣੇ ਪਿੰਡ ਪਾਤੜ ਕਲਾਂ ਤੋਂ ਪ੍ਰਾਪਤ ਕੀਤੀ ਅਤੇ ਰਣਧੀਰ ਕਾਲਜ (ਹੁਣ, ਨਵਾਬ ਜੱਸਾ ਸਿੰਘ ਆਹਲੂਵਾਲੀਆ ਕਾਲਜ) ਕਪੂਰਥਲਾ ਤੋਂ ਬੀ.ਏ. ਕਰਨ ਉਪਰੰਤ ਐੱਮ.ਏ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਕੁਝ ਸਮਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਵਿਦਿਆਰਥੀਆਂ ਨੂੰ ਪੜ੍ਹਾਇਆ ਤੇ ਫਿਰ ਯੁੱਗ-ਸ਼ਾਇਰ ਪ੍ਰੋ. ਮੋਹਨ ਸਿੰਘ ਹੁਰਾਂ ਕੋਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਹਿਸਟਰੀ, ਲੈਂਗੂਏਜ, ਕਲਚਰ ਤੇ ਪੱਤਰਕਾਰੀ ਵਿਭਾਗ ਵਿਚ ਆ ਗਏ। ਪੀਐੱਚ. ਡੀ. ਉਨ੍ਹਾਂ ਨੇ ਬਾਅਦ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਲੁਧਿਆਣਾ ਤੋਂ ਡਾ. ਜੋਗਿੰਦਰ ਸਿੰਘ ਕੈਰੋਂ ਦੀ ਨਿਗਰਾਨੀ ਹੇਠ ਆਪਣੀ ਸਰਵਿਸ ਦੌਰਾਨ ਕੀਤੀ। ਲੰਮਾ ਸਮਾਂ ਖੇਤੀਬਾੜੀ ਯੂਨੀਵਰਸਿਟੀ ਵਿਚ ਸੇਵਾ ਕਰਨ ਪਿੱਛੋਂ 2005 ਵਿਚ ਪ੍ਰੋਫ਼ੈਸਰ ਵਜੋਂ ਸੇਵਾ-ਮੁਕਤ ਹੋਏ ਅਤੇ ਫਿਰ ਪੂਰਾ ਸਮਾਂ ਸਾਹਿਤ ਦੀ ਸੇਵਾ ਵਿਚ ਜੁਟ ਗਏ। ਇਸ ਦੌਰਾਨ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ, ਗ਼ਜ਼ਲਾਂ, ਰੇਡੀਓ ਤੇ ਟੀ.ਵੀ. ਪ੍ਰੋਗਰਾਮਾਂ, ਸਾਹਿਤਕ ਤੇ ਫ਼ਿਲਮੀ ਸੰਵਾਦਾਂ ਰਾਹੀਂ ਪੰਜਾਬੀ ਮਾਂ-ਬੋਲੀ ਨੂੰ ਹੋਰ ਅਮੀਰ ਕੀਤਾ ਅਤੇ ਪੰਜਾਬੀ ਕਵੀ ਵਜੋਂ ਸਥਾਪਿਤ ਹੋਏ। ਉਹ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਕਈ ਸਾਲ ਪ੍ਰਧਾਨ ਰਹੇ ਅਤੇ ਇਸ ਦੇ ਨਾਲ ਹੀ ਪੰਜਾਬ ਕਲਾ ਪ੍ਰੀਸ਼ਦ ਦੇ ਪ੍ਰਧਾਨ ਵਜੋਂ ਵੀ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

ਉਨ੍ਹਾਂ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਵਿਚ ਕਈ ਸਾਰਥਕ ਸੁਨੇਹੇ ਦਿੱਤੇ ਗਏ ਹਨ ਜੋ ਪਾਠਕਾਂ ਨੂੰ ਹਮੇਸ਼ਾ ਯਾਦ ਰਹਿਣਗੇ। ਹਰਮਨ-ਪਿਆਰੀ ਗ਼ਜ਼ਲ ਦੇ ਇਸ ਸ਼ਿਅਰ ਵਿਚ ਹਰ ਵੇਲੇ 'ਚੜ੍ਹਦੀ



ਕਲਾ' ਵਿਚ ਰਹਿਣ ਦਾ ਕਿੱਡਾ ਵੱਡਾ ਸੰਦੇਸ਼ ਹੈ:

ਜੇ ਆਈ ਪੱਤਝੜ ਤਾਂ ਫਿਰ ਕੀ ਏ,
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ,
ਮੈਂ ਲੱਭ ਕੇ ਕਿਤਿਉਂ ਲਿਆਉਨਾਂ ਕਲਮਾਂ,
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਸੁਰਜੀਤ ਪਾਤਰ ਨਵੀਆਂ ਰਾਹਾਂ ਦੇ ਪਾਂਧੀ ਸਨ ਅਤੇ ਉਨ੍ਹਾਂ ਪੰਜਾਬੀ ਕਵਿਤਾ ਵਿਚ ਨਵੇਂ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਨਵੀਆਂ ਪੈੜਾਂ ਬਣਾਈਆਂ। ਉਨ੍ਹਾਂ ਦੀ ਮਕਬੂਲ ਗ਼ਜ਼ਲ ਦਾ ਇੱਕ ਸ਼ਿਅਰ ਹੈ:

ਮੈਂ ਰਾਹਾਂ ਤੇ ਨਹੀਂ ਤੁਰਦਾ,
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ,
ਯੁਗਾਂ ਤੋਂ ਕਾਫ਼ਲੇ ਆਉਂਦੇ,
ਮੇਰੇ ਸੱਚ ਦੇ ਗਵਾਹ ਬਣਦੇ।

ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਉਨ੍ਹਾਂ ਨੇ 'ਬਿਰਖ਼' ਨੂੰ ਖ਼ੂਬਸੂਰਤ ਬਿੰਬ ਵਜੋਂ ਵਰਤਿਆ ਹੈ। ਉਹ ਬਿਰਖ਼ਾਂ ਦੀਆਂ "ਡਾਲੀਆਂ 'ਚੋਂ ਹਵਾ ਬਣ ਕੇ ਲੰਘਣ" ਦੀ ਗੱਲ ਕਰਦੇ ਹਨ। ਪਿਛਲੀ ਸਦੀ ਦੇ ਸੱਤਰਵਿਆਂ 'ਚ ਲਿਖੀ ਉਨ੍ਹਾਂ ਦੀ ਮਸ਼ਹੂਰ ਗਜ਼ਲ "ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮ੍ਹਾਦਾਨ ਕੀ ਕਹਿਣਗੇ" ਦਾ ਪਹਿਲਾ ਸ਼ਿਅਰ ਹੈ :

ਇਸ ਅਦਾਲਤ 'ਚ ਬੰਦੇ ਬਿਰਖ਼ ਹੋ ਗਏ,
ਫ਼ੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ,
ਆਖੋ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੱਕ ਇੱਥੇ ਖੜੇ ਰਹਿਣਗੇ।

ਏਸੇ ਤਰ੍ਹਾਂ, ਇੱਕ ਹੋਰ ਗ਼ਜ਼ਲ ਦੇ ਸ਼ਿਅਰ ਵਿਚ ਉਹ ਕਹਿੰਦੇ ਹਨ:

ਬਲ਼ਦਾ ਬਿਰਖ਼ ਹਾਂ, ਖ਼ਤਮ ਹਾ,
ਬੱਸ ਸ਼ਾਮ ਤੀਕ ਹਾਂ,
ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ।
ਜਿਸ ਨਾਲੋਂ ਮੈਨੂੰ ਚੀਰ ਕੇ ਵੰਝਲੀ ਬਣਾ ਕਿਆ,
ਵੰਝਲੀ ਦੇ ਰੂਪ ਵਿਚ,
ਮੈਂ ਉਸ ਜੰਗਲ ਦੀ ਚੀਕ ਹਾਂ।

ਆਪਣੀਆਂ ਗ਼ਜ਼ਲਾਂ ਤੇ ਕਵਿਤਾਵਾਂ ਵਿਚ ਉਹ ਹਨੇਰਿਆਂ ਰਾਹਾਂ 'ਚ ਮੋਮਬੱਤੀਆਂ ਜਗਾ ਕੇ ਚਾਨਣ ਦੇ ਗਿਆਨ ਰੂਪੀ ਦੀਵੇ ਬਾਲਣ ਦੀ ਗੱਲ ਕਰਦੇ ਹਨ।

ਸੁਰਜੀਤ ਪਾਤਰ ਨਾਲ ਮੇਰੀ ਪਹਿਲੀ ਮੁਲਾਕਾਤ 1971 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਹੋਈ ਜਿੱਥੇ ਉਹ ਉਦੋਂ ਬਾਬਾ ਬੁੱਢਾ ਸਾਹਿਬ ਕਾਲਜ ਤੋਂ ਅਜੇ ਨਵੇਂ-ਨਵੇਂ ਹੀ ਇੱਥੇ ਆਏ ਸਨ ਅਤੇ ਮੈਂ ਏਸੇ ਹੀ ਸਾਲ ਇੱਥੇ ਐੱਮ.ਐੱਸ.ਸੀ. ਵਿਚ ਦਾਖ਼ਲਾ ਲਿਆ ਸੀ। ਇਸ ਮੁਲਾਕਾਤ ਦਾ ਸਬੱਬ ਮੇਰੇ ਕਰੀਬੀ ਦੋਸਤ ਡਾ. ਅਰਜਨ ਸਿੰਘ ਜੋਸਨ ਰਾਹੀਂ ਬਣਿਆ ਜੋ ਪਾਤਰ ਸਾਹਿਬ ਦੇ ਬੜੇ ਨਜ਼ਦੀਕੀ ਦੋਸਤ ਸਨ। ਸੁਰਜੀਤ ਪਾਤਰ ਨੂੰ ਮੈਂ ਅਰਜਨ ਸਿੰਘ ਜੋਸਨ ਦੇ ਘਰ ਤੇ ਉਨ੍ਹਾਂ ਦੇ ਆਪਣੇ ਘਰ ਵੀ ਕਈ ਵਾਰ ਮਿਲਿਆ। ਉਹ ਦੋਵੇਂ ਆਪਸ ਵਿਚ ਹਾਸਾ-ਮਖ਼ੌਲ ਵੀ ਕਾਫ਼ੀ ਕਰ ਲਿਆ ਕਰਦੇ ਸਨ। ਸਾਹਿਤਕ ਦੋਸਤਾਂ ਦੀ ਮਹਿਫ਼ਲ 'ਚ ਇੱਕ ਵਾਰ ਡਾ. ਜੋਸਨ ਨੂੰ ਕਹਿਣ ਲੱਗੇ, "ਜੋਸਨ, ਯਾਰ ਤੂੰ ਆਪਣਾ 'ਸਰਨੇਮ' ਬਦਲ ਲੈ ਤੇ ਇਹ 'ਜੋਹਨ' ਰੱਖ ਲੈ। ਵੈਸੇ ਵੀ 'ਜੋਸਨ' (ਜੋ ਸਨ) ਭੂਤਕਾਲ ਨੂੰ ਦਰਸਾਉਂਦਾ ਹੈ ਅਤੇ 'ਜੋਹਨ' ਬਿਲਕੁਲ ਅੰਗਰੇਜ਼ਾਂ ਵਾਲਾ ਨਾਂ 'ਜੌਹਨ' ਵਰਗਾ ਹੀ ਲੱਗੇਗਾ। ਅਸੀਂ ਵੀ ਮਾਣ ਨਾਲ ਆਖਿਆ ਕਰਾਂਗੇ ਕਿ ਸਾਡਾ ਵੀ ਇੱਕ ਅੰਗਰੇਜ਼ ਦੋਸਤ ਹੈ।" ਜੋਸਨ ਇਹ ਚੁੱਪ ਕਰਕੇ ਸੁਣਦਾ ਰਿਹਾ ਤੇ ਫਿਰ ਕਹਿਣ ਲੱਗਾ, "ਸੁਝਾਅ ਤਾਂ ਤੇਰਾ ਠੀਕ ਆ ਪਾਤਰ, ਪਰ ਫਿਰ ਤੂੰ ਈ ਕਹਿਣਾ, ਵੇਖੋ ਬਈ ਜੋਸਨ ਹੁਣ 'ਗੋਰਾ ਵੱਛਾ' ਵੱਗ ਵਿਚ ਸਾਡੇ ਨਾਲ ਰਲ਼ਦਾ ਈ ਨਹੀਂ।" ਪਾਤਰ ਬੜਾ ਹੱਸਿਆ ਤੇ ਕਹਿਣ ਲੱਗਾ, "ਅੱਛਾ, ਤਾਂ ਫਿਰ ਤੂੰ ਇਸ ਨੂੰ 'ਜੋਸਨ' ਹੀ ਰਹਿਣ ਦੇ। ਆਪਾਂ ਕੀ ਲੈਣਾ ਇਨ੍ਹਾਂ 'ਜੌਹਨਾਂ-ਜਾਹਨਾਂ' ਤੋਂ।" ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਵੀ ਪਾਤਰ ਹੁਰਾਂ ਨਾਲ ਕਈ ਵਾਰ ਮੇਲ਼ ਹੋਇਆ ਜਦੋਂ ਉਹ ਆਪਣੀ ਪੀਐੱਚ.ਡੀ. ਦੇ ਸਿਲਸਿਲੇ ਵਿਚ ਡਾ. ਜੋਗਿੰਦਰ ਕੈਰੋਂ ਕੋਲ਼ ਅਕਸਰ ਆਉਂਦੇ ਹੁੰਦੇ ਸਨ ਤੇ ਖੋਜ ਲਈ ਲੋੜੀਂਦੇ ਮੈਟਰ ਲਈ ਕਈ ਵਾਰ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਵੀ ਗੇੜਾ ਮਾਰਿਆ ਕਰਦੇ ਸਨ।

ਬਰੈਂਪਟਨ ਵਿਚ ਵੀ ਦੋ-ਤਿੰਨ ਵਾਰ ਸਾਹਿਤਕ ਮਹਿਫ਼ਲਾਂ ਵਿਚ ਉਨ੍ਹਾਂ ਨਾਲ ਵਧੀਆ ਮੇਲ਼ ਹੋਇਆ ਸੀ। ਆਖ਼ਰੀ ਵਾਰ ਇਹ ਮੇਲ਼ 17 ਅਗਸਤ 2019 ਨੂੰ ਉਨ੍ਹਾਂ ਦੇ ਇੱਥੋਂ ਦੇ 'ਰੋਜ਼ ਥੀਏਟਰ' ਵਿਚ ਸਮਾਗ਼ਮ ਦੇ ਪ੍ਰਬੰਧਕਾਂ ਵੱਲੋਂ ਡਾ. ਵਰਿਆਮ ਸਿੰਘ ਸੰਧੂ ਨਾਲ ਰਚਾਏ ਗਏ ਨਿਹਾਇਤ ਖ਼ੂਬਸੂਰਤ ਪ੍ਰੋਗਰਾਮ "ਇੱਕ ਸ਼ਾਮ ਪਾਤਰ ਦੇ ਨਾਮ" ਦੌਰਾਨ ਹੋਇਆ। ਅਗਲੇ ਦਿਨ ਸ਼ਾਮ ਨੂੰ 'ਕਰਾਊਨ ਇਮੀਗ੍ਰੇਸ਼ਨ' ਦੇ ਸੰਚਾਲਕ ਰਾਜਪਾਲ ਸਿੰਘ ਹੋਠੀ ਵੱਲੋਂ ਰਾਤ ਦੇ ਖਾਣੇ 'ਤੇ ਉਨ੍ਹਾਂ ਨੂੰ ਤੇ ਵਰਿਆਮ ਸੰਧੂ ਨੂੰ ਪਰਿਵਾਰ ਸਮੇਤ ਬੁਲਾਇਆ ਗਿਆ ਸੀ। ਪਾਤਰ ਸਾਹਿਬ ਨਾਲ ਉਨ੍ਹਾਂ ਦੇ ਛੋਟੇ ਭਰਾ ਉਪਕਾਰ ਸਿੰਘ ਤੇ ਪੁੱਤਰ ਮਨਰਾਜ ਵੀ ਸਨ। 'ਸਰਗਮ ਰੇਡੀਓ' ਦੇ ਸੰਚਾਲਕ ਡਾ. ਬਲਵਿੰਦਰ ਸਿੰਘ ਵੀ ਪਰਿਵਾਰ ਸਮੇਤ ਮੌਜੂਦ ਸਨ। ਹੋਠੀ ਸਾਹਿਬ ਨਾਲ ਮੇਰੀ ਨੇੜਤਾ ਹੋਣ ਕਰਕੇ ਉਨ੍ਹਾਂ ਵੱਲੋਂ ਬੁਲਾਏ ਗਏ 5-6 ਪਰਿਵਾਰਾਂ ਵਿਚ ਮੈਂ ਤੇ ਮੇਰੀ ਪਤਨੀ ਵੀ ਸ਼ਾਮਲ ਸਾਂ। ਰਾਤ ਦੇ ਬਾਰਾਂ, ਸਾਢੇ ਬਾਰਾਂ ਵੱਜ ਗਏ ਤੇ ਫਿਰ ਅਗਲੀ ਤਰੀਕ ਦਾ ਇੱਕ ਵੀ ਵੱਜ ਗਿਆ। ਕਵਿਤਾਵਾਂ, ਗੀਤਾਂ ਤੇ ਗੱਲਾਂ-ਬਾਤਾਂ ਦੇ ਦੌਰ ਵਿਚ ਸਮੇਂ ਦਾ ਪਤਾ ਹੀ ਨਾ ਲੱਗਾ ਕਿ ਇਹ ਕਿਵੇਂ ਏਨੀ ਜਲਦੀ ਬੀਤ ਗਿਆ। ਅਗਲੇ ਦਿਨ ਪਾਤਰ ਸਾਹਿਬ ਦੀ ਭਾਰਤ ਵਾਪਸੀ ਦੀ ਫ਼ਲਾਈਟ ਸੀ। ਸਵਾ ਇੱਕ ਵਜੇ ਉਨ੍ਹਾਂ ਸਾਰਿਆਂ ਕੋਲੋਂ ਵਿਦਾਇਗੀ ਲਈ। 17 ਅਗਸਤ ਦੀ ਉਹ ਸੁਰੀਲੀ ਸ਼ਾਮ ਤੇ ਉਸ ਤੋਂ ਅਗਲੀ 18 ਅਗਸਤ ਦੀ ਰਾਤ ਮੇਰੇ ਲਈ ਵਿਸ਼ੇਸ਼ ਤੌਰ 'ਤੇ ਯਾਦਗਾਰੀ ਬਣ ਗਈਆਂ। ਉਸ ਤੋਂ ਬਾਅਦ ਪਾਤਰ ਸਾਹਿਬ ਨਾਲ ਨਿੱਜੀ ਮੇਲ਼ ਨਹੀਂ ਹੋ ਸਕਿਆ ਅਤੇ ਨਾ ਹੀ ਹੁਣ ਇਹ ਕਦੇ ਹੋ ਸਕੇਗਾ। ਹੁਣ ਤਾਂ ਇਹ ਮੇਲ਼ ਉਨ੍ਹਾਂ ਦੀਆਂ ਕਿਤਾਬਾਂ ਰਾਹੀਂ ਹੀ ਹੋਇਆ ਕਰੇਗਾ।

ਅਲਵਿਦਾ, ਪਾਤਰ ਸਾਹਿਬ! ਅਲਵਿਦਾ!!

---

*(ਪਿਛਲੇ ਸਫੇ ਦੀ ਬਾਕੀ)*

ਉਨ੍ਹਾਂ ਨੇ ਮੇਰੇ ਵੱਲ ਦੇਖਿਆ ....ਮੁਸਕਰਾਏ ਤੇ ਕਿਹਾ,"ਪਹਿਲੇ ਦੋ ਦਿਨ ਤਾਂ ਰਾਹਤ ਮਹਿਸੂਸ ਕਰਾਂਗਾ। ਫਿਰ ਮਿਸ ਕਰਾਂਗਾ।"

ਵੀਰ ਜੀ ਦੀਆਂ ਯਾਦਾਂ ਦਾ ਕਦੇ ਨਾ ਮੁਕਣ ਵਾਲਾ ਭੰਡਾਰ ਹੈ। ਜਦੋਂ ਪਹਿਲੀ ਵਾਰ ਕੈਲਗਰੀ ਵਿਚ ਉਨ੍ਹਾਂ ਅਤੇ ਦੇਵ ਦਿਲਦਾਰ ਦਾ ਸ਼ੋਅ ਹੋਇਆ ਤਾਂ ਡਾਊਨ ਟਾਊਨ ਲਾਇਬ੍ਰੇਰੀ ਦਾ ਸਾਰਾ ਹਾਲ ਭਰ ਗਿਆ ਸੀ। ਕੈਲਗਰੀ ਨਿਵਾਸੀਆਂ ਨੇ ਉਨ੍ਹਾਂ ਦੀ ਕਵਿਤਾ ਦਾ ਭਰਪੂਰ ਆਨੰਦ ਮਾਣਿਆ। ਜਦੋਂ ਕਦੇ ਵੀ ਉਹ ਕੈਲਗਰੀ ਆਉਂਦੇ ਤਾਂ ਸਾਡੇ ਘਰ ਰੌਣਕ ਲੱਗੀ ਰਹਿੰਦੀ। ਸਵੇਰ ਤੋਂ ਹੀ ਉਨ੍ਹਾਂ ਨੂੰ ਮਿਲਣ ਵਾਲਿਆਂ ਦਾ ਤੰਤਾ ਲੱਗ ਜਾਂਦਾ। ਉਹ ਹਰੇਕ ਨੂੰ ਬਹੁਤ ਪਿਆਰ ਨਾਲ ਮਿਲਦੇ ਪਰ ਉਨ੍ਹਾਂ ਲੋਕਾਂ ਤੋਂ ਉਨ੍ਹਾਂ ਦਾ ਮਨ ਉਚਾਟ ਹੋ ਜਾਂਦਾ ਸੀ ਜਿਹੜੇ ਲੋੜ ਤੋਂ ਵੱਧ ਆਪਣੀ ਵਡਿਆਈ ਕਰੀ ਜਾਂਦੇ ਜਾਂ ਆਪਣੇ ਬਾਰੇ ਹੀ ਬੋਲਦੇ ਰਹਿੰਦੇ।

1995 ਤੋਂ ਲੈ ਕੇ ਅੱਜ ਤਕ ਹਰ ਸਾਲ ਮੈਂ ਵੀਰ ਜੀ ਨੂੰ ਰੱਖੜੀ ਭੇਜਦੀ ਰਹੀ। ਜ਼ਿੰਦਗੀ 'ਚ ਕੇਵਲ ਇਕ ਵਾਰ ਰੱਖੜੀ ਵਾਲੇ ਦਿਨ ਮੈਂ ਉਨ੍ਹਾਂ ਕੋਲ ਸੀ। ਮੈਂ ਰੱਖੜੀ ਡਾਕ ਰਾਹੀਂ ਹੀ ਭੇਜਿਆ ਕਰਦੀ ਸਾਂ। ਮੈਨੂੰ ਯਾਦ ਹੈ ਇਕ ਵਾਰ ਰੱਖੜੀ ਕੁਝ ਲੇਟ ਹੋ ਗਈ ਤਾਂ ਭਾਬੀ ਜੀ ਦਾ ਫ਼ੋਨ ਆ ਗਿਆ। ਉਹ ਕਹਿ ਰਹੇ ਸਨ,"ਸੁਰਿੰਦਰ ਤੇਰੇ ਵੀਰ ਜੀ ਤੇਰੀ ਰੱਖੜੀ ਦੀ ਉਡੀਕ ਕਰ ਰਹੇ ਹਨ। ਕੱਲ੍ਹ ਦੇ ਮੈਨੂੰ ਕਈ ਵਾਰੀ ਪੁੱਛ ਚੁੱਕੇ ਹਨ।"

ਅੱਜ-ਕਲ੍ਹ ਤਾਂ ਮੈਂ ਫ਼ੋਨ 'ਤੇ ਸੋਹਣੀ ਜਿਹੀ ਤਸਵੀਰ ਬਣਾ ਕੇ ਵੀਰ ਜੀ ਨੂੰ ਰੱਖੜੀ ਭੇਜ ਦਿਆ ਕਰਦੀ। ਵੀਰ ਜੀ ਖ਼ੁਸ਼ ਹੁੰਦੇ। ਮੈਨੂੰ ਫ਼ੋਨ ਕਰਦੇ...ਅਸੀਸ ਦਿੰਦੇ ...ਵਾਹਿਗੁਰੂ ਤੇਰੀ ਕਵਿਤਾ ਵਿਚ ਨਿਖ਼ਾਰ ਲਿਆਵੇ।

ਏਸੇ ਤਰ੍ਹਾਂ ਉਨ੍ਹਾਂ ਦੇ ਜਨਮ ਦਿਨ 'ਤੇ ਮੈਂ ਮਾਘੀ ਵਾਲੇ ਦਿਨ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਜਨਮ ਦਿਨ ਮੁਬਾਰਕ ਆਖਦੀ। ਉਹ ਆਖਿਆ ਕਰਦੇ ਸਨ ਕਿ ਫ਼ੋਨ ਦੀ ਘੰਟੀ ਦੱਸ ਦਿੰਦੀ ਆ ਕਿ ਫ਼ੋਨ ਤੇਰਾ ਹੈ। ਇਕ ਦਿਨ ਮੈਂ ਉਨ੍ਹਾਂ ਨੂੰ ਕਿਹਾ,"ਵੀਰ ਜੀ ਤੁਸੀਂ ਕਿੰਨੇ ਸਾਲਾਂ ਦੇ ਹੋ ਗਏ ਓ?"

ਉਨ੍ਹਾਂ ਦਾ ਜਵਾਬ ਸੀ,"ਗੱਲ ਉਹ ਕਰੀਦੀ ਆ ਜਿਸ ਨਾਲ ਕਾਲਜੇ 'ਚ ਠੰਡ ਪਵੇ।"

ਉਹ ਬਹੁਤ ਹਾਜ਼ਰ ਜਵਾਬ ਸਨ। ਹੌਲੀ ਜੇਹੇ ਉਹ ਅਜਿਹੀ ਗੱਲ ਕਰਦੇ ਕਿ ਸੁਣਨ ਵਾਲੇ ਦਾ ਹਾਸਾ ਨਿਕਲ ਜਾਂਦਾ। ਉਹ ਗੱਲ ਏਨੀ ਦਲੀਲ ਨਾਲ ਕਰਦੇ ਕਿ ਕਿਸੇ ਕੋਲ ਜਵਾਬ ਨਾ ਹੁੰਦਾ। ਪਰ ਗੱਲ ਬਹੁਤ ਧੀਮੀ ਸੁਰ ਵਿਚ ਕਰਦੇ ਸਨ। ਉੱਚਾ ਬੋਲਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਕਦੇ ਵੀ ਨਹੀਂ ਬਣ ਸਕਿਆ। ਮੈਂ ਉਨ੍ਹਾਂ ਨੂੰ ਲੋਕਾਂ ਨਾਲ ਬਹਿਸ ਕਰਦੇ ਵੀ ਸੁਣਿਆ ਹੈ। ਉਹ ਕਦੇ ਵੀ ਉੱਚਾ ਜਾਂ ਤਲਖ਼ੀ ਵਿਚ ਗੱਲ ਨਹੀਂ ਸਨ ਕਰਦੇ। ਉਨ੍ਹਾਂ ਦੀ ਦਿੱਤੀ ਦਲੀਲ ਅਗਲੇ ਨੂੰ ਚੁੱਪ ਕਰਵਾ ਦਿੰਦੀ। ਬਹੁਤ ਲੋਕ ਉਨ੍ਹਾਂ ਨੂੰ ਮਿਲਣ ਆਉਂਦੇ। ਉਹ ਹਰ ਇਕ ਨੂੰ ਖਿੜੇ ਮੱਥੇ ਸਵੀਕਾਰ ਕਰਦੇ। ਵਿਦਿਆਰਥੀਆਂ ਨੂੰ ਕਵਿਤਾ ਬਾਰੇ ਏਨੇ ਪਿਆਰ ਨਾਲ ਸਮਝਾਇਆ ਕਰਦੇ ਸਨ ਕਿ ਵਿਦਿਆਰਥੀ ਉਨ੍ਹਾਂ ਦੇ ਮੁਰੀਦ ਬਣ ਕੇ ਰਹਿ ਜਾਂਦੇ।

ਜਦੋਂ ਕਦੇ ਮੈਂ ਕੈਨੇਡਾ ਵਾਪਿਸ ਆਉਣ ਸਮੇਂ ਲੁਧਿਆਣੇ ਤੋਂ ਤੁਰਨਾ ਤਾਂ ਉਨ੍ਹਾਂ ਨੇ ਆਪ ਬੋਤਲ 'ਚ ਪਾਣੀ ਪਾ ਕੇ ਟੈਕਸੀ ਵਿਚ ਰੱਖ ਦੇਣਾ। ਤੁਰਨ ਲੱਗਿਆਂ ਆਪਣਾ ਪਰਸ ਖੋਲ੍ਹਣਾ ਤੇ ਵੱਡਾ ਸਾਰਾ ਨੋਟ ਮੈਨੂੰ ਫੜਾ ਦੇਣਾ, ਇਹ ਆਖ ਕੇ ਕਿ ਧੀਆਂ ਨੂੰ ਖ਼ਾਲੀ ਨਹੀਂ ਤੋਰਨਾ ਚਾਹੀਦਾ। ਮੈਂ ਬਥੇਰਾ ਕਹਿਣਾ ਕਿ ਭਾਬੀ ਜੀ ਨੇ ਸੂਟ ਬਣਾ ਦਿੱਤਾ ਹੈ ਪਰ ਉਨ੍ਹਾਂ ਦੀ ਜ਼ਿੱਦ ਮੂਹਰੇ ਮੇਰਾ ਸਿਰ ਝੁਕ ਜਾਂਦਾ ਤੇ ਕਿੰਨਾ ਹੀ ਚਿਰ ਮੇਰੀਆਂ ਅੱਖਾਂ 'ਚੋਂ ਹੰਝੂ ਵਗਦੇ ਰਹਿਣੇ। ਖ਼ੁਸ਼ੀ ਦੇ ਮੌਕੇ ਮੈਂ ਆਪ ਵੀ ਉਨ੍ਹਾਂ ਤੋਂ ਕੁਝ ਮੰਗ ਲਿਆ ਕਰਦੀ ਸਾਂ ਅਤੇ ਕੋਈ ਅਜਿਹਾ ਦਿਨ ਯਾਦ ਨਹੀਂ ਜਦੋਂ ਉਨ੍ਹਾਂ ਨੇ ਮੈਨੂੰ ਕਦੇ ਕਿਸੇ ਗੱਲੋਂ ਜਵਾਬ ਦਿੱਤਾ ਹੋਵੇ।

ਵੀਰ ਜੀ ਦੇ ਘਰ ਚੌਵੀ ਘੰਟੇ ਸੰਗੀਤ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਜੇ ਕਿਸੇ ਦਿਨ ਉਨ੍ਹਾਂ ਨੇ ਕਿਤੇ ਨਾ ਜਾਣਾ ਹੋਵੇ ਤਾਂ ਉਹ ਬਹੁਤ ਦੇਰ ਨਾਲ ਨਹਾਉਂਦੇ ਸਨ। ਤੌਲੀਆ ਮੋਢੇ 'ਤੇ ਸੁੱਟ ਕੇ ਸਾਰੇ ਘਰ 'ਚ ਤੁਰਦੇ ਫਿਰਦੇ ਗਾਉਂਦੇ ਰਹਿਣਾ। ਕੁਰਸੀ 'ਤੇ ਬੈਠਿਆਂ, ਗੱਲਾਂ ਕਰਦਿਆਂ ਉਨ੍ਹਾਂ ਦੇ ਹੱਥ ਇਉਂ ਚੱਲਦੇ ਰਹਿੰਦੇ ਸਨ ਜਿਵੇਂ ਉਹ ਆਪਣੇ ਅੰਦਰ ਚੱਲਦੇ ਸੰਗੀਤ ਨੂੰ ਤਾਲ ਦੇ ਰਹੇ ਹੋਣ। ਆਪਣੀ ਕਵਿਤਾ ਵਿਚ ਉਨ੍ਹਾਂ ਨੇ ਰੁੱਖਾਂ ਅਤੇ ਸਾਜ਼ਾਂ ਦਾ ਰੱਜ ਕੇ ਜ਼ਿਕਰ ਕੀਤਾ ਹੈ। ਉਨ੍ਹਾਂ ਦਾ ਇਕ ਸ਼ਿਅਰ ਹੈ

ਮੈਂ ਉਸਦਾ ਹੀ ਲਫ਼ਜ਼ਾਂ 'ਚ ਅਨੁਵਾਦ ਕੀਤਾ
ਜੋ ਰੁੱਖਾਂ ਤੇ ਪੌਣਾਂ 'ਚ ਗੱਲਬਾਤ ਹੋਈ।

ਉਨ੍ਹਾਂ ਦੇ ਕਮਰੇ ਵਿਚ ਹਾਰਮੋਨੀਅਮ ਸਦਾ ਖੁੱਲ੍ਹਾ ਪਿਆ ਰਹਿੰਦਾ ਸੀ। ਉਹ ਜਦੋਂ ਵੀ ਕੈਲਗਰੀ ਆਏ, ਮੈਂ ਸਭ ਤੋਂ ਪਹਿਲਾਂ ਹਾਰਮੋਨੀਅਮ ਉਨ੍ਹਾਂ ਦੇ ਕਮਰੇ ਵਿਚ ਰੱਖਿਆ ਕਰਦੀ ਸਾਂ। ਸੰਗੀਤ ਉਨ੍ਹਾਂ ਦੀ ਰੂਹ ਦੀ ਖ਼ੁਰਾਕ ਸੀ। ਜੇਕਰ ਇਹ ਕਹਿ ਦੇਵਾਂ ਕਿ ਸਰਸਵਤੀ ਉਨ੍ਹਾਂ ਦੇ ਘਰ ਵਿਚ ਵਸਦੀ ਸੀ ਤਾਂ ਗਲਤ ਨਹੀਂ ਹੋਵੇਗਾ। ਕਿਚਨ ਵਿਚੋਂ ਭਾਬੀ ਜੀ ਦੀ ਆਵਾਜ਼ ਆਉਣੀ। ਉਹ ਵੀਰ ਜੀ ਦੀ ਕਿਸੇ ਕਵਿਤਾ ਦੀਆਂ ਸਤਰਾਂ ਗਾ ਰਹੇ ਹੁੰਦੇ। ਮਿਊਜ਼ਿਕ ਵਾਲੇ ਕਮਰੇ 'ਚੋਂ ਮਨਰਾਜ ਦੀ ਰਿਆਜ਼ ਕਰਨ ਦੀ ਆਵਾਜ਼ ਆਉਂਦੀ। ਮੈਂ ਵੀ ਆਪਣੀ ਕੋਈ ਸੁਰ ਉਨ੍ਹਾਂ ਦੀ ਸੁਰ ਵਿਚ ਮਿਲਾ ਦਿੰਦੀ। ਕਈ ਵਾਰ ਵੀਰ ਜੀ ਹੱਸ ਪੈਂਦੇ ਤੇ ਮੈਨੂੰ ਸੁਰਾਂ ਦੀ ਰਮਜ਼ ਸਮਝਾਉਣ ਲੱਗਦੇ। ਵੱਡੇ ਸਿੰਗਰਾਂ ਨੂੰ ਮੈਂ ਵੀਰ ਦੇ ਘਰ ਹੀ ਮਿਲੀ ਸਾਂ। ਹੰਸ ਰਾਜ ਹੰਸ, ਦੇਬੀ ਮਖਸੂਸਪੁਰੀ, ਜਸਵੀਰ ਜੱਸੀ ਨੂੰ ਅਨੇਕ ਵਾਰ ਮੈਂ ਉਨ੍ਹਾਂ ਦੇ ਘਰ ਹੀ ਮਿਲੀ। ਮੁੱਕਦੀ ਗੱਲ ਉਨ੍ਹਾਂ ਦਾ ਘਰ ਮੈਨੂੰ ਕਿਸੇ ਸਵਰਗ ਤੋਂ ਘੱਟ ਨਹੀਂ ਸੀ ਲੱਗਦਾ।

ਉਨ੍ਹਾਂ ਦਾ ਗੁਰਬਾਣੀ ਨਾਲ ਵੀ ਖ਼ਾਸਾ ਪਿਆਰ ਸੀ। ਬਹੁਤ ਵਾਰ ਉਹ ਮੈਨੂੰ ਗੁਰਬਾਣੀ ਦੀ ਉਦਾਹਰਣ ਦੇ ਕੇ ਜ਼ਿੰਦਗੀ ਦਾ ਸਬਕ ਪੜ੍ਹਾ ਦਿੰਦੇ ਸਨ। ਉਹ ਅਕਸਰ ਕਿਹਾ ਕਰਦੇ ਸਨ 'ਪਰਵਾਹ ਨਾਹੀ ਕਿਸੈ ਕੇਰੀ ਬਾਝ ਸਚੇ ਨਾਹ॥'

ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਕੁਝ ਦਿਨ ਪਹਿਲਾਂ ਮੈਂ ਲੁਧਿਆਣੇ ਉਨ੍ਹਾਂ ਦੇ ਘਰ ਗਈ। ਆਮ ਕਰਕੇ ਮੈਂ ਪਹਿਲਾਂ ਲੁਧਿਆਣੇ ਜਾਇਆ ਕਰਦੀ ਸਾਂ ਪਰ ਇਸ ਵਾਰ ਜ਼ਰੂਰੀ ਕੰਮ ਹੋਣ ਕਰਕੇ ਪਹਿਲਾਂ ਪਿੰਡ ਚਲੀ ਗਈ। ਦੋ ਕੁ ਦਿਨਾਂ ਬਾਅਦ ਉਨ੍ਹਾਂ ਦੇ ਘਰ ਗਈ। ਮੈਨੂੰ ਪਤਾ ਸੀ ਅੰਗਰੇਜ਼ੀ ਵਿਚ ਛਪੀ ਮੇਰੀ ਕਹਾਣੀਆਂ ਦੀ ਕਿਤਾਬ ਦੀਆਂ ਪੰਜ ਕਾਪੀਆਂ ਬਲਬੀਰ ਮਾਧੋਪੁਰੀ ਜੀ ਨੇ ਉਨ੍ਹਾਂ ਨੂੰ ਭੇਜ ਦਿੱਤੀਆਂ ਹਨ। ਇਕ ਕਿਤਾਬ ਵੀਰ ਜੀ ਨੇ ਲਿਖਣ ਵਾਲੇ ਟੇਬਲ 'ਤੇ ਪਈ ਸੀ। ਮੇਰੇ ਤੋਂ ਰਿਹਾ ਨਾ ਗਿਆ। ਮੈਂ ਪੁੱਛ ਹੀ ਲਿਆ, ਵੀਰ ਜੀ ਕਿਤਾਬ ਤੁਸੀਂ ਦੇਖ ਲਈ ਹੈ?"

"ਹਾਂ ਸੁਰੇਨ..... ਕਿਤਾਬ ਬਹੁਤ ਸੋਹਣੀ ਛਪੀ ਹੈ। ਮੇਰੀ ਰੂਹ ਖ਼ੁਸ਼ ਹੋ ਗਈ। ਬਲਬੀਰ ਮਾਧੋਪੁਰੀ ਦੀ ਮਿਹਨਤ ਦਾ ਨਤੀਜਾ ਹੈ।"

"ਹਾਂ ਜੀ ਵੀਰ ਜੀ।" ਮੈਂ ਕਿਹਾ।

"ਕਿਸੇ ਦਿਨ ਪੜ੍ਹਨੀ ਸ਼ੁਰੂ ਕਰਾਂਗਾ!" ਵੀਰ ਜੀ ਨੇ ਮੇਰੇ ਵੱਲ ਤੱਕਿਆ ਤੇ ਕੁਝ ਮੁਸਕਰਾਏ। ਦਰਅਸਲ ਉਹ ਮੇਰੇ ਹਾਵ-ਭਾਵ ਮੇਰੇ ਚਿਹਰੇ ਤੋਂ ਪੜ੍ਹ ਰਹੇ ਸਨ।

ਮੈਂ ਪਿੰਡ ਚਲੀ ਗਈ। ਦੋ ਤਿੰਨ ਦਿਨਾਂ ਦੀ ਉਡੀਕ ਤੋਂ ਬਾਅਦ ਵੀਰ ਜੀ ਦਾ ਫ਼ੋਨ ਆਇਆ,"ਸੁਰੇਨ! ਤੂੰ ਮੁੜ ਕੇ ਈ ਨਹੀਂ ਆਈ। "

"ਵੀਰ ਜੀ ਪਿੰਡ ਕੁਝ ਕੰਮ ਸੀ ਨਿਹਾਲ ਸਿੰਘ ਆਲੇ। ਏਥੋਂ ਜਾਣਾ ਸੌਖਾ ਹੈ। ਏਸ ਕਰਕੇ ਮੈਂ ਨਹੀਂ ਆਈ। ਇਕ ਦੋ ਦਿਨਾਂ ਤਕ ਆਵਾਂਗੀ। "ਗਰਮੀ ਬਹੁਤ ਹੈ...ਤੁਸੀਂ ਹੁਣ ਬਹੁਤਾ ਬਾਹਰ ਅੰਦਰ ਨਾ ਜਾਇਆ ਕਰੋ। ਆਪਣੀ ਸਿਹਤ ਵੱਲ ਵੀ ਧਿਆਨ ਦੇ ਲਿਆ ਕਰੋ।" ਮੈਂ ਮੌਕਾ ਜਿਹਾ ਦੇਖ ਕੇ ਕਿਹਾ।

ਜਦੋਂ ਦਾ ਦੂਸਰਾ ਹਾਰਟ ਅਟੈਕ ਆਇਆ ਸੀ ਓਦੋਂ ਦਾ ਤਾਂ ਇਹ ਕਹਿਣਾ ਆਮ ਹੀ ਹੋ ਗਿਆ ਸੀ।

"ਨਹੀਂ ! ਮੈਂ ਠੀਕ ਆਂ। ਬਹੁਤਾ ਫ਼ਿਕਰ ਨਹੀਂ ਕਰੀ ਦਾ ਹੁੰਦਾ।

"ਚੰਗਾ ਸੁਰੇਨ ਜਲਦੀ ਆ ਜਾਵੀਂ। ਆਈ ਐਮ ਵੈਰੀ ਪਰਾਊਡ ਆਫ਼ ਯੂ। ਯੂ ਆਰ ਰੀਅਲੀ ਬਰੇਵ ਗਰਲ।" ਵੀਰ ਜੀ ਦੇ ਲਹਿਜ਼ੇ ਵਿਚ ਲੋਹੜੇ ਦਾ ਪਿਆਰ ਸੀ।

"ਵੀਰ ਜੀ! ਸੱਚੀਂ ਯੂ ਆਰ ਪਰਾਊਡ ਆਫ਼ ਮੀ!" ਮੈਂ ਹੱਸਦਿਆਂ ਹੱਸਦਿਆਂ ਕਿਹਾ।

"ਹਾਂ...ਹਾਂ ਆਈ ਐਮ ਪਰਾਊਡ ਆਫ ਯੂ ਡੀਅਰਰਿਸਟ ਸਿਸਟਰ! ਕਿਸੇ ਦਾ ਫ਼ੋਨ ਆ ਰਿਹਾ ਆ। ਤੂੰ ਆਜਾਵੀਂ। ਛੇਤੀ" ਇਹ ਗੱਲ 9 ਮਈ ਦੀ ਸ਼ਾਮ ਦੀ ਹੈ।

ਵੀਰ ਜੀ ਦੇ ਆਖ਼ਰੀ ਬੋਲ ਜੋ ਮੇਰੇ ਕੰਨਾਂ ਵਿਚ ਸਦਾ ਗੂੰਜਦੇ ਰਹਿਣਗੇ।

ਤੇ ਫਿਰ ਗਿਆਰਾਂ ਮਈ ਦੀ ਸਵੇਰੇ ਉਹ ਜਿਸਮਾਨੀ ਤੌਰ 'ਤੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ।

ਮੈਂ ਸਾਰੀਆਂ ਰਸਮਾਂ ਆਪਣੇ ਹੱਥੀਂ ਨਿਭਾ ਕੇ ਕੈਨੇਡਾ ਵਾਪਿਸ ਆ ਗਈ। ਇਸ ਸਭ ਦੇ ਬਾਵਜੂਦ ਮੈਨੂੰ ਯਕੀਨ ਨਹੀਂ ਆ ਰਿਹਾ ਕਿ ਉਹ ਸੱਚਮੁੱਚ ਸਾਡੇ ਵਿਚ ਨਹੀਂ ਰਹੇ। ਭਾਵੇਂ ਸਰੀਰਕ ਤੌਰ 'ਤੇ ਉਹ ਸਾਡੇ ਵਿਚ ਨਹੀਂ ਪਰ ਆਪਣੇ ਸ਼ਬਦਾਂ, ਕਵਿਤਾ ਰਾਹੀਂ ਉਹ ਸਦਾ ਸਾਡੇ ਨਾਲ ਰਹਿਣਗੇ।

ਮੈਂ ਵੀਰ ਜੀ ਨੂੰ ਅਲਵਿਦਾ ਨਹੀਂ ਆਖੀ। ਮੈਂ ਆਪਣੇ ਵੀਰ ਜੀ ਨੂੰ ਆਪਣੇ ਕੋਲ ਮਹਿਸੂਸ ਕਰਦੀ ਹਾਂ। ਮੈਨੂੰ 'ਗੀਤ' ਬਣਾਉਣ ਵਾਲੇ ਆਪਣੇ ਵੀਰ ਦੇ ਮੇਚ ਦਾ ਕੋਈ ਗੀਤ ਬਣਾਉਣ ਦਾ ਯਤਨ ਕਰ ਰਹੀ ਹਾਂ।

ਕਹਾਣੀ

# ਤਈਅਬਾ

ਵੀਨਾ ਵਰਮਾ

''ਫੈਂਡ-ਅਪ ਬੀਇੰਗ ਅਲੋਨ ਇਨ ਦਾ ਈਵਨਿੰਗਜ਼? ਡੌਂਟ ਲੂਜ਼ ਫੇਥ, ਟੇਕ ਵੱਨ ਬੋਲਡ ਸਟੈਂਪ ਐਂਡ ਚੇਂਜ ਦਾ ਕੋਰਸ ਆਫ ਯੂਅਰ ਡੈਸਟਿਨੀ। ਬਲੈਕ ਏਸ਼ੀਅਨ ਬਿਊਟੀ ਲੁਕਿੰਗ ਫਾਰ ਮੇਲ, ਫਰੌਮ ਐਨੀ ਉਰਿਜਨ।

ਟੈਲੀਫੂਨ...।''

ਕਿਸੇ ਮੈਗਜ਼ੀਨ ਵਿਚ ਉਸ ਦੀ ਐਡਵਰਟਾਈਜ਼ਮੈਂਟ ਪੜ੍ਹ ਕੇ ਮੈਂ ਉਸ ਤੋਂ ਅਪਾਇੰਟਮੈਂਟ ਲੈ ਲਈ। ਨਿਸ਼ਚਤ ਸਮੇਂ ਮੁਤਾਬਿਕ ਸ਼ਾਮ ਨੂੰ ਮੈਂ ਉਸ ਦੇ ਘਰ ਪਹੁੰਚ ਗਈ। ਉਸ ਨੇ ਬੂਹਾ ਖੋਲ੍ਹਿਆ ਤੇ ਬਣਾਉਟੀ ਜਿਹੀ ਮੁਸਕਾਨ ਮੇਰੇ ਵੱਲ ਸੁੱਟੀ। ਉਸ ਦੇ ਮੁਸਕਰਾਉਣ ਦੇ ਢੰਗ ਤੋਂ ਮੈਂ ਅੰਦਾਜ਼ਾ ਨਾ ਲਗਾ ਸਕੀ ਕਿ ਉਹ ਮੈਨੂੰ ਦੇਖ ਕੇ ਖੁਸ਼ ਹੋਈ ਹੈ ਜਾਂ ਨਾਰਾਜ਼। ਹੌਲੀ ਹੌਲੀ ਕਦਮ ਰੱਖਦੀ ਹੋਈ ਮੈਂ ਉਸ ਦੇ ਸਿਟਿੰਗ ਰੂਮ ਵਿਚ ਚਲੀ ਗਈ। ਬਹੁਤ ਹੀ ਸਲੀਕੇ ਨਾਲ ਸਜਾਇਆ ਹੋਇਆ ਕਮਰਾ ਸੀ। ਕੰਧਾਂ 'ਤੇ ਦੋ ਵੱਡੀਆਂ ਵੱਡੀਆਂ ਪੇਂਟਿੰਗਜ਼ ਟੰਗੀਆਂ ਹੋਈਆਂ, ਗੂੜ੍ਹੇ ਭੂਰੇ ਰੰਗ ਦਾ ਫਰਨੀਚਰ ਅਤੇ ਉਸੇ ਰੰਗ ਦਾ ਵਾਲ-ਪੇਪਰ। ਟੀ.ਵੀ., ਵੀਡੀਓ, ਤੇ ਹੋਰ ਉਰਾ ਪਰਾ। ਰੂਮ ਕਿਸੇ ਰਈਸ ਦਾ ਡਰਾਇੰਗ ਰੂਮ ਜਾਪਦਾ ਸੀ।

ਕਾਲੇ ਰੰਗ ਦਾ ਸੂਟ, ਵਾਲ ਘੁੰਗਰਾਲੇ ਕੀਤੇ ਹੋਏ, ਬਣਾਵਟੀ ਗਹਿਣਿਆਂ ਨਾਲ ਕੀਤਾ ਹਾਰ ਸ਼ਿੰਗਾਰ ਤੇ ਜ਼ਰੂਰਤ ਤੋਂ ਜ਼ਿਆਦਾ ਕੀਤਾ ਹੋਇਆ ਮੇਕਅਪ, ਉਹ ਕੋਈ ਪੇਂਟਿੰਗ ਹੀ ਲੱਗ ਰਹੀ ਸੀ, ਜਿਸ ਨੂੰ ਚਿੱਤਰਕਾਰ ਨੇ ਹਰ ਰੰਗ ਵਰਤ ਕੇ ਸਜਾਇਆ ਹੋਵੇ।

''ਦੱਸੋ ਤੁਹਾਡੀ ਕੀ ਖਿਦਮਤ ਕਰਾਂ...?'' ਉਹ ਮੇਰੀ ਸਾਹਮਣੀ ਕੁਰਸੀ 'ਤੇ ਬੈਠਦੀ ਹੋਈ ਬੋਲੀ।

''ਮੈਂ ਤੁਹਾਨੂੰ ਦੱਸਿਆ ਸੀ ਟੈਲੀਫੋਨ 'ਤੇ...। ਤੁਸੀਂ ਕਿਹਾ ਸੀ ਘਰ ਆ ਜਾਵਾਂ...।'' ਮੈਂ ਹੌਲੀ ਹੌਲੀ ਲਫਜ਼ ਇਕੱਠੇ ਕੀਤੇ।

''ਹਾਂ...। ਮੈਂ ਪਹਿਲਾਂ ਸੋਚਿਆ ਸੀ ਕਿਤੇ ਤੂੰ ਲੈਸਬੀਅਨ ਏਂ...। ਪਰ ਫੇਰ ਪਤਾ ਲੱਗਿਆ ਕਿ ਨਹੀਂ। ਮੁਲਾਕਾਤ ਦਾ ਮਕਸਦ ਕੋਈ ਹੋਰ ਏ। ਨਾਲੇ ਮੈਨੂੰ 'ਤੁਸੀਂ ਤੁਸੀਂ' ਕਰ ਕੇ ਨਾ ਬੁਲਾ। 'ਤੂੰ' ਕਹੇਂਗੀ ਤਾਂ ਜ਼ਿਆਦਾ ਕਰੀਬ ਲੱਗਣਾ ਏ।'' ਉਸ ਨੇ ਪੈਰ ਕੁਰਸੀ ਦੇ ਉੱਪਰ ਇਕੱਠੇ ਕਰ ਲਏ।

''ਜੀ ਹਾਂ। ਮੇਰੀ ਕਿਤਾਬ ਛਪ ਰਹੀ ਹੈ...ਜਿਸ ਵਿਚ ਮੈਂ ਤੁਹਾਡੀ ਸੌਰੀ ਤੇਰੀ ਕਹਾਣੀ ਦੇਣਾ ਚਾਹੁੰਦੀ ਹਾਂ।'' ਮੈਂ ਉਸ ਨੂੰ ਦੂਜੀ ਵਾਰ ਆਪਣਾ ਮਕਸਦ ਦੱਸਿਆ।

''ਮੇਰੀ ਕਹਾਣੀ? ਕਿਤਾਬ ਦੇ ਵਿਚ...? ਕੋਈ ਨਵਾਂ ਮਜ਼ਮੂਨ ਤਾਂ ਹਾਂ ਨਹੀਂ ਮੈਂ। ਦੁਨੀਆਂ ਦੀ ਤਾਰੀਖ਼ ਵੇਸਵਾਵਾਂ ਦੇ ਅਫਸਾਨਿਆਂ ਨਾਲ ਭਰੀ ਪਈ ਏ। ਫੇਰ ਤੂੰ ਇਹੀ ਮਜ਼ਮੂਨ ਕਿਉਂ ਚੁਣਿਆ?'' ਉਸ ਨੇ ਵਕੀਲਾਂ ਵਾਂਗ ਜ਼ਿਰਾਹ ਕੀਤੀ।

''ਮੈਂ ਕਿਸੇ ਵੇਸਵਾ ਦੀ ਨਹੀਂ ਬਲਕਿ ਇੱਕ ਔਰਤ ਦੀ ਕਹਾਣੀ ਲਿਖਣਾ ਚਾਹੁੰਦੀ ਹਾਂ ਤੇ ਔਰਤ ਸਭ ਕੁਝ ਹੈ-ਮਾਂ, ਬੇਟੀ, ਭੈਣ, ਬੀਵੀ, ਮਾਸ਼ੂਕ, ਦੇਵੀ ਤੇ ਵੇਸਵਾ ਵੀ।''

''ਸਭ ਤੋਂ ਗੰਦਾ ਕਰੈਕਟਰ ਏ ਇਹ ਔਰਤ ਦਾ, ਜੋ ਤੂੰ ਕਹਾਣੀ ਲਈ ਚੁਣਿਆ ਏ। ਇਸ ਕਹਾਣੀ ਤੋਂ ਬਗ਼ੈਰ ਕੀ ਤੇਰੀ ਕਿਤਾਬ ਪੂਰੀ ਨਹੀਂ ਹੁੰਦੀ? ਕੀ ਲਿਖੇਂਗੀ, ਇਹੀ ਨਾ ਕਿ ਮੈਂ ਕੀ ਕਰਦੀ ਹਾਂ...ਮੇਰੇ ਗਾਹਕ ਕੌਣ ਕੌਣ ਨੇ...ਮੈਂ ਕੋਠੇ 'ਤੇ ਕਿੱਦਾਂ ਪਹੁੰਚੀ ਤੇ ਕਿਵੇਂ ਮੈਂ ਲੋਕਾਂ ਨੂੰ ਲੁੱਟਨੀ ਹਾਂ? ਕੀ ਨਵੀਂ ਗੱਲ ਏ...ਕੋਈ ਹੋਰ ਕਹਾਣੀ ਲੱਭ। ਤਵਾਇਫ਼..ਬਕਵਾਸ ਏ।'' ਉਹ ਅਚਾਨਕ ਗਰਮ ਹੋ ਗਈ।

''ਹਿੰਦੂ ਧਰਮ ਦੇ ਮੁਤਾਬਿਕ ਜਦੋਂ ਕਾਲੀ ਮਾਤਾ ਦੀ ਮੂਰਤ ਬਣਾਈ ਜਾਂਦੀ ਹੈ ਤਾਂ ਉਸ ਦੇ ਵਿਚ ਵੇਸਵਾ ਦੇ ਕੋਠੇ ਦੀ ਦੇਹਲੀ ਦੀ ਮਿੱਟੀ ਵੀ ਵਰਤੀ ਜਾਂਦੀ ਹੈ, ਵਰਨਾ ਉਹ ਮੂਰਤ ਸੰਪੂਰਨ ਨਹੀਂ ਹੁੰਦੀ। ਹੋਰ ਵੀ ਕਹਾਣੀਆਂ ਨੇ ਮੇਰੀ ਕਿਤਾਬ ਵਿਚ...ਸਭ ਔਰਤਾਂ ਬਾਰੇ ਹੀ ਨੇ ਪਰ ਤੇਰੇ ਬਗੈਰ ਮੇਰੀ ਕਿਤਾਬ ਸੰਪੂਰਨ ਨਹੀਂ ਹੋਣੀ। ਲੰਗੜੀ ਜਿਹੀ ਰਹੇਗੀ।'' ਮੈਂ ਤਰਕ ਰੱਖਿਆ।

ਮੈਂ ਦੇਖਿਆ ਮੇਰੀ ਗੱਲ ਸੁਣ ਕੇ ਉਸ ਨੇ ਅੱਖਾਂ ਝੁਕਾ ਲਈਆਂ। ਉਸ ਦੇ ਚਿਹਰੇ 'ਤੇ ਜੋ ਚਿੜਚਿੜਾਪਣ ਸੀ ਉਹ ਗ਼ਾਇਬ ਹੋ ਗਿਆ ਤੇ ਉਸ ਨੇ ਇੱਕ ਹੌਕਾ ਲਿਆ।

''ਕੁਝ ਖਾਣ ਪੀਣ ਦਾ ਸ਼ੌਕ ਰੱਖਦੀ ਏਂ?'' ਉਸ ਨੇ ਸਾਹਮਣੀ ਮੇਜ਼ ਤੋਂ ਸਿਗਰਟਾਂ ਦੀ ਡੱਬੀ ਚੁੱਕੀ।

''ਨੋ...ਥੈਂਕਸ।'' ਮੈਂ ਸਿਰ ਹਿਲਾਇਆ।

ਉਸ ਨੇ ਸਿਗਰਟ ਸੁਲਘਾਈ ਤੇ ਧੂੰਏਂ ਦਾ ਫੁਹਾਰਾ ਮੂੰਹ 'ਚੋਂ ਕੱਢਿਆ। ਕਾਫੀ ਦੇਰ ਉਹ ਸੋਚਦੀ ਰਹੀ। ਫੇਰ ਬਾਹਾਂ ਖੋਲ੍ਹ ਕੇ ਪੂਰੇ ਜ਼ੋਰ ਨਾਲ ਅੰਗੜਾਈ ਲਈ।

''ਕਿੱਥੋਂ ਸ਼ੁਰੂ ਕਰਾਂ?'' ਉਸ ਨੇ ਅਚਾਨਕ ਪੁੱਛਿਆ।

''ਜਿਥੋਂ ਤੱਕ ਯਾਦ ਤੇਰਾ ਸਾਥ ਦਿੰਦੀ ਹੈ।'' ਮੈਂ ਜੁਆਬ ਦਿੱਤਾ। ''ਹੂੰ...।'' ਉਸ ਨੇ ਲੰਮਾ ਹੁੰਗਾਰਾ ਭਰਿਆ।

''ਮੈਂ ਪਾਕਿਸਤਾਨ 'ਚ ਪੈਦਾ ਹੋਈ ਸੀ। ਮੇਰੀ ਮਾਂ 'ਨਸੀਮ ਬਾਨੋ' ਇਲਾਕੇ ਦੀ ਮਕਬੂਲ ਗਾਇਕਾ ਸੀ। ਉਹ ਲੱਖਣਵਾਲ ਵਰਗੇ ਛੋਟੇ ਜਿਹੇ ਪਿੰਡ 'ਚ ਰਹਿੰਦੀ ਸੀ, ਲੋਕਾਂ ਦੇ ਵਿਆਹ ਸ਼ਾਦੀਆਂ 'ਤੇ ਮੁਜਰੇ ਕਰਦੀ ਹੁੰਦੀ ਸੀ ਤੇ ਮੇਰਾ ਬਾਪ ਇੱਕੋ ਵੇਲੇ ਤਿੰਨ ਤਿੰਨ ਬੀਵੀਆਂ ਰੱਖਦਾ ਸੀ। ਖਾਨਦਾਨੀ ਕੰਜਰ ਸੀ ਉਹ। ਮੇਰੀ ਮਾਂ ਨੂੰ ਇਸ਼ਕ ਦੇ ਚੱਕਰ ਵਿਚ ਫਸਾ ਕੇ ਘਰੋਂ ਭਜਾ ਲਿਆਇਆ ਤੇ ਫੇਰ ਉਸ ਨੂੰ ਪੁੱਠੇ ਰਾਹ ਪਾ ਦਿੱਤਾ। ਉਹ ਅਕਸਰ ਉਸ ਨੂੰ 'ਕੰਜਰੀ' ਕਹਿ ਕੇ ਮੁਖਾਤਿਬ ਹੁੰਦਾ। ਸ਼ਰਾਬ ਪੀ ਕੇ ਅੰਮੀ ਨੂੰ ਮਾਰਦਾ ਕੁੱਟਦਾ ਤੇ ਪੈਸੇ ਖੋਹ ਕੇ ਲੈ ਜਾਂਦਾ। ਪਰ ਅੰਮੀ ਨੇ ਇਸ਼ਕ ਕੀਤਾ ਸੀ ਤਾਂ ਬੱਸ ਇਸ਼ਕ ਹੀ ਕੀਤਾ ਸੀ। ਉਹ ਉਸ ਦੀ ਮਾਰ ਕੁੱਟ ਖਾਂਦੀ ਪਰ ਉਸ ਦੇ ਪੈਰ ਨਾ ਛੱਡਦੀ। ਆਖਦੀ, ''ਤੇਰੇ ਕਦਮਾਂ ਵਿਚ ਹੀ ਜਾਨ ਦੇ ਦੇਣੀ ਏ ਪਰ ਤੇਰੇ ਤੋਂ ਜੁਦਾ ਨਹੀਂ ਹੋਣਾ।'' ਉਨ੍ਹਾਂ ਦਾ ਇਹ ਡਰਾਮਾ ਮੈਂ ਅਕਸਰ ਦੇਖਦੀ। ਮੇਰੀ ਮਾਂ ਨੇ ਮੇਰੀ ਤਾਲੀਮ ਦਾ ਇੰਤਜ਼ਾਮ ਲਾਹੌਰ ਵਿਚ ਕਰ ਰੱਖਿਆ ਸੀ। ਮੈਂ ਹੋਸਟਲ ਵਿਚ ਰਹਿੰਦੀ ਸੀ ਤੇ ਮਾਂ ਮੈਨੂੰ ਘਰ ਘੱਟ ਹੀ ਬੁਲਾਉਂਦੀ ਸੀ। ਬੜੀ ਸੁਹਤਾਤ ਸੀ ਉਹ ਮੇਰੇ ਮੁਤੱਲਕ। ਸ਼ਾਇਦ ਉਸ ਨੂੰ ਡਰ ਸੀ ਕਿਤੇ ਉਸ ਦੀ ਜ਼ਿੰਦਗੀ ਦੇ ਸਾਏ ਮੇਰੀ ਜ਼ਿੰਦਗੀ 'ਤੇ ਨਾ ਪੈ ਜਾਣ। ਉਹ ਮੇਰੀ ਸ਼ਾਦੀ ਹੋਈ ਵੇਖਣਾ ਚਾਹੁੰਦੀ ਸੀ, ਮੇਰਾ ਘਰ ਵਸਿਆ ਵੇਖਣਾ ਚਾਹੁੰਦੀ ਸੀ ਜਿਵੇਂ ਹਰ ਮਾਂ ਚਾਹੁੰਦੀ ਏ। ਤੂੰ ਬੋਰ ਤਾਂ ਨਹੀਂ ਹੋ ਰਹੀ?'' ਉਹ ਅਚਾਨਕ ਰੁਕੀ।

''ਨਹੀਂ।'' ਮੈਂ ਜੁਆਬ ਦਿੱਤਾ। ਮੈਂ ਦੇਖਿਆ ਉਸ ਦੇ ਚਿਹਰੇ 'ਤੇ ਉਦਾਸੀ ਛਾ ਗਈ ਸੀ।

''ਜੇ ਤੂੰ ਬੁਰਾ ਨਾ ਮਨਾਵੇਂ ਤਾਂ ਮੈਂ ਥੋੜ੍ਹੀ ਵਾਈਨ ਲੈ ਲਵਾਂ?'' ਉਸ ਨੇ ਜਿਵੇਂ ਇਜਾਜ਼ਤ ਮੰਗੀ।

''ਮੈਨੂੰ ਕੋਈ ਇਤਰਾਜ਼ ਨਹੀਂ।'' ਮੈਂ ਹਲਕਾ ਜਿਹਾ ਮੁਸਕਰਾਈ।

ਉਹ ਉੱਠੀ ਤੇ ਵਾਈਨ ਦੀ ਪੂਰੀ ਬੋਤਲ ਤੇ ਗਿਲਾਸ ਲੈ ਕੇ ਆ ਗਈ। ਉਸ ਨੇ ਗਿਲਾਸ ਵਾਈਨ ਦਾ ਭਰਿਆ ਤੇ ਤਿੰਨ ਚਾਰ ਘੁੱਟ ਇਕੱਠੇ ਹੀ ਭਰ ਗਈ।

''ਦਰਅਸਲ ਜੇ ਮੈਂ ਪੀਵਾਂ ਨਾ ਤਾਂ ਜ਼ਿਆਦਾ ਗੱਲ ਨਹੀਂ ਕਰ ਸਕਦੀ। ਬਹੁਤ ਛੇਤੀ ਥੱਕ ਜਾਨੀ ਹਾਂ। ਨਾਲੇ ਤੂੰ ਤਾਂ ਪੂਰੀ ਜ਼ਿੰਦਗੀ ਦਾ ਹਿਸਾਬ-ਕਿਤਾਬ ਮੰਗ ਰਹੀ ਏਂ...। ਹਾਂ ਸੱਚ ਤੇਰਾ ਨਾਮ ਕੀ ਏ?'' ਉਸ ਨੂੰ ਖਿਆਲ ਆਇਆ ਕਿ ਉਸ ਨੇ ਇੱਕ ਵਾਰੀ ਵੀ ਮੇਰਾ ਨਾਮ ਨਹੀਂ ਪੁੱਛਿਆ।

''ਪੂਜਾ।'' ਮੈਂ ਕਿਹਾ।

''ਮਤਲਬ?''

''ਇਬਾਦਤ।''

''ਅਸਲੀ ਏ ਕਿ ਨਕਲੀ?'' ਉਹ ਹੱਸੀ।

''ਅਸਲੀ ਹੀ ਹੈ।'' ਮੈਂ ਹਾਂ 'ਚ ਸਿਰ ਹਿਲਾਇਆ

''ਹਰ ਮਾਂ ਆਪਣੀ ਬੇਟੀ ਦਾ ਨਾਮ ਅਜਿਹਾ ਹੀ ਰੱਖਦੀ ਏ, ਮਸਲਨ ਪੂਜਾ, ਇਬਾਦਤ, ਖੁਸ਼ਬੂ, ਪਾਕੀਜ਼ਾ ਪਰ ਜ਼ਮਾਨਾ ਉਨ੍ਹਾਂ ਦੇ ਨਾਮ ਬਦਲ ਕੇ ਹੋਰ ਦਾ ਹੋਰ ਹੀ ਬਣਾ ਦਿੰਦਾ ਏ-ਕੰਜਰੀ, ਵੇਸਵਾ, ਤਵਾਇਫ, ਲੌਂਡੀ, ਕਨੀਜ਼, ਰਖੇਲ।'' ਉਸ ਨੇ ਸ਼ਿਕਵਾ ਜਿਹਾ ਕੀਤਾ।

''ਤੇਰਾ ਕੀ ਨਾਮ ਹੈ?'' ਮੈਂ ਪੁੱਛਿਆ।

''ਮੇਰੀ ਮਾਂ ਨੇ ਮੇਰਾ ਨਾਮ ਤਈਅਬਾ ਰੱਖਿਆ ਸੀ। ਪਰ ਪਤਾ ਨਹੀਂ ਕਿੰਨੇ ਨਵੇਂ ਪੁਰਾਣੇ ਨਾਮ ਮੈਨੂੰ ਮਿਲਦੇ ਰਹੇ ਤੇ ਮੈਂ ਕੱਪੜਿਆਂ ਵਾਂਗ ਨਾਮ ਬਦਲਦੀ ਰਹੀ।'' ਉਸ ਨੇ ਗਿਲਾਸ ਫੇਰ ਮੂੰਹ ਨੂੰ ਲਗਾਇਆ।

''ਇਹ ਸ਼ਰਾਬ ਪੀਣੀ ਕਦੋਂ ਤੋਂ ਸ਼ੁਰੂ ਕੀਤੀ ਏ?'' ਮੈਂ ਬੋਤਲ ਵੱਲ ਇਸ਼ਾਰਾ ਕੀਤਾ।

''ਪਤਾ ਨਹੀਂ ਪੂਜਾ। ਸ਼ਰਾਬ, ਸਿਗਰਟ ਤੇ ਹੋਰ ਬੜਾ ਕੁਝ। ਇਹ ਤੋਹਫੇ ਨੇ ਮੇਰੇ ਚਾਹੁਣ ਵਾਲਿਆਂ ਦੇ। ਕੋਈ ਕੁਛ ਦੇ ਗਿਆ ਤੇ ਕੋਈ ਕੁਛ। ਹਾਂ, ਮੇਰੀ ਮਾਂ ਨੇ ਮੇਰਾ ਨਾਮ ਤਈਅਬਾ ਰੱਖਿਆ ਸੀ। ਮਤਲਬ ਪਾਕ ਜਿਸ ਨੂੰ ਕਿਸੇ ਨੇ ਕਦੇ ਛੂਹਿਆ ਨਾ ਹੋਵੇ। ਤਈਅਬਾ।'' ਆਖ ਕੇ ਉਹ ਹੱਸ ਪਈ।

''ਹਾਂ, ਤੇਰੀ ਮਾਂ ਤੇਰਾ ਵਿਆਹ ਕਰਨਾ ਚਾਹੁੰਦੀ ਸੀ।'' ਮੈਂ ਗੱਲ ਪਿੱਛੇ ਵੱਲ ਨੂੰ ਮੋੜੀ।

''ਮੇਰੀ ਮਾਂ ਨੂੰ ਡਰ ਸੀ ਕਿਤੇ ਮੈਂ ਉਸੇ ਰਾਹ 'ਤੇ ਨਾ ਚੱਲ ਪਵਾਂ ਜੋ ਕੋਠੇ ਵੱਲ ਨੂੰ ਜਾਂਦਾ ਏ। ਉਹ ਮੇਰੇ ਲਈ ਕੋਠੀਆਂ ਦੇ ਖਾਬ ਦੇਖਦੀ ਰਹੀ ਪਰ ਮੇਰੇ ਮੁਕੱਦਰ ਵਿਚ ਕੋਠਾ ਹੀ ਲਿਖਿਆ ਸੀ। ਮੇਰੇ 'ਤੇ ਹਰ ਦਮ ਪਹਿਰਾ ਸੀ। ਮੈਂ ਕਿਤੇ ਇਕੱਲੀ ਆ ਜਾ ਨਹੀਂ ਸਕਦੀ ਸੀ ਪਰ ਕਹਿੰਦੇ ਨੇ ਜੋ ਕੁਦਰਤ ਨੂੰ ਮੰਜ਼ੂਰ ਹੋਵੇ ਹੋ ਕੇ ਰਹਿੰਦਾ ਏ। ਮੈਂ ਹੋਸਟਲ ਵਿਚ ਰਹਿੰਦੀ ਸੀ। ਇੱਕ ਦਿਨ ਅਸੀਂ



ਸਭ ਲੜਕੀਆਂ ਸ਼ਾਪਿੰਗ ਕਰਨ ਗਈਆਂ ਤਾਂ ਸਲੀਮ ਅਚਾਨਕ ਮੇਰੇ ਨਾਲ ਆ ਟਕਰਾਇਆ। ਖੂਬਸੂਰਤ ਨੌਜਵਾਨ। ਮੈਨੂੰ ਇਹ ਗੱਲ ਹਾਦਸਨ ਹੋਈ ਲੱਗੀ। ਮੈਂ ਦੇਖਿਆ ਕਿ ਉਹ ਸਾਡਾ ਪਿੱਛਾ ਕਰ ਰਿਹਾ ਸੀ। ਫੇਰ ਦੂਸਰੇ ਦਿਨ ਉਸ ਨੇ ਗੇਟਕੀਪਰ ਦੇ ਹੱਥ ਮੈਨੂੰ ਖ਼ਤ ਲਿਖ ਕੇ ਭੇਜਿਆ। ''ਚੌਦਵੀਂ ਕਾ ਚਾਂਦ ਹੋ...।'' ਖ਼ਤ ਪੜ੍ਹ ਕੇ ਸਾਰੀ ਰਾਤ ਮੇਰਾ ਦਿਲ ਧੜਕਦਾ ਰਿਹਾ। ਮੈਂ ਤਾਂ ਕਾਲੇ ਰੰਗ ਦੀ ਆਮ ਜਿਹੀ ਲੜਕੀ ਸੀ...ਕਿਸੇ ਖੂਬਸੂਰਤ ਨੌਜਵਾਨ ਦੇ ਮੂੰਹੋਂ 'ਚੌਦਵੀਂ ਕਾ ਚਾਂਦ' ਸੁਣ ਕੇ ਜਿਵੇਂ ਸਿਤਾਰਿਆਂ 'ਚ ਪਹੁੰਚ ਗਈ। ਇੱਕ ਦਿਨ ਜਦੋਂ ਉਹ ਭਰੀ ਸਰਦੀ 'ਚ ਸਾਰਾ ਦਿਨ ਮੇਰੇ ਕਾਲਜ ਅੱਗੋਂ ਧੂਣੀ ਲਾਈ ਬੈਠਾ ਰਿਹਾ ਤਾਂ ਮੇਰੇ ਤੋਂ ਬਰਦਾਸ਼ਤ ਨਾ ਹੋਇਆ।

ਮੈਂ ਡਾਕਟਰ ਦੇ ਜਾਣ ਦਾ ਬਹਾਨਾ ਕੀਤਾ ਤੇ ਹੋਸਟਲ ਤੋਂ ਬਾਹਰ ਆ ਗਈ। ਸਾਰਾ ਦਿਨ ਅਸੀਂ ਲਾਹੌਰ ਦੀਆਂ ਸੜਕਾਂ 'ਤੇ ਪੈਦਲ ਘੁੰਮਦੇ ਰਹੇ। ਪਾਰਕਾਂ 'ਚ, ਵੀਰਾਨ ਥਾਵਾਂ 'ਤੇ ਅਤੇ ਦੁਨੀਆਂ ਤੋਂ ਦੂਰ। ਅਸੀਂ ਕੁਝ ਨਹੀਂ ਬੋਲੇ ਪਰ ਸਾਡੀਆਂ ਗੱਲਾਂ ਖ਼ਤਮ ਨਹੀਂ ਹੋ ਰਹੀਆਂ ਸੀ। ਸ਼ਾਮ ਹੋਈ ਮੈਂ 'ਕੱਲ੍ਹ ਫੇਰ ਮਿਲਣ' ਦਾ ਵਾਅਦਾ ਕਰ ਕੇ ਵਾਪਸ ਆ ਗਈ। ਇਸ ਤਰ੍ਹਾਂ ਦੋ ਤਿੰਨ ਮਹੀਨੇ ਲੰਘ ਗਏ। ਹੁਣ ਤੱਕ ਮੈਂ ਪੂਰੀ ਤਰ੍ਹਾਂ ਉਸ ਦੇ ਇਸ਼ਕ 'ਚ ਗ੍ਰਿਫਤਾਰ ਹੋ ਚੁੱਕੀ ਸੀ। ਉਸ ਨੂੰ ਵੇਖੇ ਬਗੈਰ ਸਕੂਨ ਨਹੀਂ ਸੀ ਮਿਲਦਾ।

''ਤੇਰੇ ਬਗ਼ੈਰ ਮੈਂ ਨਹੀਂ ਰਹਿ ਸਕਦਾ ਤਬੀ। ਚੱਲ ਕਿਤੇ ਚੱਲ ਕੇ ਨਿਕਾਹ ਕਰਵਾ ਲਈਏ।'' ਇੱਕ ਦਿਨ ਉਸ ਨੇ ਅੱਖਾਂ ਭਰ ਕੇ ਕਿਹਾ।

''ਮੈਂ ਇਸ ਕਾਬਿਲ ਕਿਥੇ ਹਾਂ ਸਲੀਮ। ਮੈਂ ਤਾਂ ਕਾਲੀ ਜਿਹੀ ਲੜਕੀ ਹਾਂ, ਤੇਰੀ ਅੰਮੀ ਨੂੰ ਪਸੰਦ ਵੀ ਨਹੀਂ ਆਵਾਂਗੀ। ਉਸ ਦਾ ਸੁਪਨਾ ਤਾਂ ਚਾਂਦ ਸੀ ਦੁਲਹਨ ਹੋਵੇਗੀ। ਕਾਸ਼! ਮੇਰਾ ਰੰਗ ਥੋੜ੍ਹਾ ਗੋਰਾ ਹੁੰਦਾ।'' ਮੈਨੂੰ ਆਪਣੇ ਕਾਲੇ ਰੰਗ 'ਤੇ ਬਹੁਤ ਦੁਖ ਸੀ। ''ਬਕਵਾਸ। ਕਾਲਿਆਂ ਦੇ ਡੰਗੇ ਪਾਣੀ ਨਹੀਂ ਮੰਗਦੇ ਜਾਨੇਮਨ। ਗੋਰਿਆਂ 'ਚ ਉਹ ਜ਼ਹਿਰ ਕਿੱਥੇ!'' ਆਖ ਕੇ ਉਸ ਨੇ ਮੇਰੀਆਂ ਜ਼ੁਲਫਾਂ ਖੋਲ੍ਹ ਕੇ ਮੇਰੇ ਗਲ਼ 'ਚ ਪਾ ਦਿੱਤੀਆਂ। ''ਤੇਰਾ ਕਾਲਾ ਰੰਗ ਹੀ ਤੇਰਾ ਹੁਸਨ ਏ। ਪੂਰੀ ਨਾਗਣ ਲੱਗਣੀ ਏਂ, ਇੱਕ ਵਾਰ ਡੰਗ ਦੇਵੇਂ ਬੰਦਾ ਸਾਰੀ ਉਮਰ ਤੜਫੇ।'' ਉਸ ਨੇ ਮੇਰੇ ਕਾਲੇ ਰੰਗ 'ਤੇ ਪੂਰੀ ਗਜ਼ਲ ਕਹਿ ਦਿੱਤੀ।

''ਤੈਨੂੰ ਸੁਹਣੀ ਲੱਗਣੀ ਆਂ। ਸ਼ਾਇਦ ਤੇਰੇ ਅੰਮੀ ਅੱਬੂ ਨੂੰ ਪਸੰਦ ਨਾ ਆਵਾਂ, ਖੁਦਾ ਨਾ ਕਰੇ।'' ਮੈਨੂੰ ਯਕੀਨ ਨਹੀਂ ਆ ਰਿਹਾ ਸੀ।

''ਅੱਬੂ ਅੰਮੀ ਨੂੰ ਕੌਣ ਪੁੱਛਦਾ ਏ। ਇਸ਼ਕ ਮਰਦਾਂ ਦਾ ਕੰਮ ਏ। ਮੈਂ ਕੋਈ ਦੁੱਧ ਪੀਂਦਾ ਬੱਚਾ ਹਾਂ ਜੋ ਅੰਮੀ ਨੂੰ ਪੁੱਛਾਂਗਾ ਕਿ ਸ਼ਾਦੀ ਕਰਾਂ ਜਾਂ ਨਾ? ਇਸ਼ਕ ਨੇ ਤਾਂ ਸ਼ਹਿਜ਼ਾਦਾ ਸਲੀਮ ਨੂੰ ਅਕਬਰ ਦੇ ਵਿਰੁਧ ਖੜ੍ਹਾ ਕਰ ਦਿੱਤਾ ਸੀ ਤੇ ਉਹ ਸਲਤਨਤ ਛੱਡ ਕੇ ਬਾਗ਼ੀ ਹੋ ਗਿਆ ਸੀ। ਫੇਰ ਮੇਰਾ ਝਗੜਾ ਕਿਸੇ ਬਾਦਸ਼ਾਹ ਨਾਲ ਥੋੜ੍ਹੀ ਏ। ਮੇਰੇ ਕੋਲ ਤਾਂ ਖਾਲੀ ਕੁੱਲੀ ਏ, ਕਬੂਲ ਏ ਤਾਂ ਆ ਜਾ...।'' ਉਹ ਫ਼ਕੀਰਾਂ ਵਾਂਗ ਬੋਲਿਆ ਤੇ ਉਸ ਦੀ ਇਸ ਫਕੀਰੀ 'ਤੇ ਮੈਂ ਮਰ ਮਿਟੀ।

''ਮੈਂ ਆਪਣੀ ਅੰਮੀ ਨਾਲ ਗੱਲ ਕਰਾਂ ਫੇਰ?'' ਮੈਂ ਵੀ ਹੁਣ ਹਮੇਸ਼ਾ ਲਈ ਸਲੀਮ ਦੀ ਹੋ ਜਾਣਾ ਚਾਹੁੰਦੀ ਸੀ।

ਉਹ ਕਾਫੀ ਦੇਰ ਚੁੱਪ ਰਿਹਾ।

''ਤਬੀ...। ਮੈਂ ਕਹਿਣਾ ਨਹੀਂ ਚਾਹੁੰਦਾ, ਤੈਨੂੰ ਦੁੱਖ ਲੱਗੇਗਾ। ਪਰ ਤੈਨੂੰ ਇਲਮ ਏ ਕਿ ਤੇਰੀ ਅੰਮੀ ਦਾ ਪੇਸ਼ਾ...!'' ਆਖ ਕੇ ਉਹ ਚੁੱਪ ਹੋ ਗਿਆ।

ਜਿਵੇਂ ਕਿਸੇ ਨੇ ਮੇਰੇ ਮੂੰਹ 'ਤੇ ਭਰੇ ਬਾਜ਼ਾਰ 'ਚ ਥੱਪੜ ਮਾਰ ਦਿੱਤਾ ਹੋਵੇ। ''ਸਲੀਮ। ਮੇਰੀ ਮਾਂ ਮੇਰੀ ਮਾਂ ਏ। ਖ਼ੁਦਾ ਦੇ ਵਾਸਤੇ ਇੱਕ ਹਰਫ ਵੀ ਉਨ੍ਹਾਂ ਦੀ ਸ਼ਾਨ ਦੇ ਖਿਲਾਫ ਨਾ ਕਹੀਂ...ਖੁਦਾ ਨਾਖਾਸਤਾ ਮਾਲੂਮ ਨਹੀਂ ਮੈਂ ਕੀ ਕਰ ਬੈਠਾਂ।'' ਮੈਂ ਆਪਣੇ ਆਪ ਨੂੰ ਬੜੀ ਮੁਸ਼ਕਿਲ ਨਾਲ ਕਾਬੂ ਕੀਤਾ ਤੇ ਉਥੋਂ ਉਠ ਕੇ ਆ ਗਈ।

ਅੱਠ ਦਿਨ ਸਲੀਮ ਮੈਨੂੰ ਨਾ ਮਿਲਿਆ। ਅੱਠਵੇਂ ਦਿਨ ਮੇਰੀ ਅੰਮੀ ਜਾਨ ਸਲੀਮ ਨਾਲ ਹੋਸਟਲ 'ਚ ਮੈਨੂੰ ਮਿਲਣ ਆਈ। ਮੈਂ ਪਸ਼ੇਮਾਨ ਹੋ ਗਈ। ਅੰਮੀ ਨੇ ਦੱਸਿਆ ਕਿ ਸਲੀਮ ਅੰਮੀ ਦੇ ਕਦਮਾਂ 'ਚ ਗਿਰ ਗਿਆ ਸੀ ਕਿ ਮੈਨੂੰ ਸਿਰਫ ਤਈਅਬਾ ਚਾਹੀਦੀ ਏ। ਤੇ ਅੰਮੀ ਨੇ ਉਸ ਨੂੰ ਆਪਣੇ ਸੀਨੇ ਨਾਲ ਲਗਾ ਲਿਆ ਸੀ।

''ਹੋਰ ਤੂੰ ਖ਼ੁਦਾ ਤੋਂ ਕੀ ਮੰਗਣੀ ਏਂ ਤਈਅਬਾ, ਮੁਹੱਬਤ ਖ਼ੁਦਾ ਦੀ ਦਾਤ ਏ। ਇੰਨਾ ਪਿਆਰ ਕਰਨ ਵਾਲਾ ਸ਼ੋਹਰ ਮੁਕੱਦਰ ਨਾਲ ਮਿਲਦਾ ਏ। ਮੈਂ ਸਾਰੀ ਉਮਰ ਆਦਮੀ ਦੇ ਪਿਆਰ ਨੂੰ ਤਰਸਦੀ ਰਹੀ ਆਂ। ਤੂੰ ਕਿਸਮਤ ਨੂੰ ਠੋਕਰ ਨਾ ਮਾਰ। ਨਿਕਾਹ ਕਰ ਲੈ ਬੇਟੀ।'' ਆਖ ਕੇ ਉਸ ਨੇ ਆਪਣੇ ਜੀਵਨ ਭਰ ਦੀ ਕਮਾਈ ਸੋਨਾ ਚਾਂਦੀ ਤੇ ਪੈਸਿਆਂ ਦਾ ਢੇਰ ਮੇਰੇ ਅੱਗੇ ਜ਼ਮੀਨ 'ਤੇ ਲਗਾ ਦਿੱਤਾ ਜੋ ਸ਼ਾਇਦ ਉਹ ਮੇਰੇ ਅੱਬੂ ਤੋਂ ਛੁਪਾ ਛੁਪਾ ਕੇ ਰੱਖ ਰਹੀ ਸੀ ਕਿ ਕਦੇ ਮੇਰਾ ਨਿਕਾਹ ਕਿਸੇ ਸ਼ਰੀਫ ਇਨਸਾਨ ਨਾਲ ਕਰੇਗੀ। ''ਸ਼ਰਾਫ਼ਤ ਬੜੀ ਵੱਡੀ ਚੀਜ਼ ਏ ਬੇਟਾ....। ਪੈਸਾ ਕੰਮ ਨਹੀਂ ਆਉਂਦਾ, ਬੰਦੇ ਕੰਮ ਆਉਂਦੇ ਨੇ, ਤੇ ਸਲੀਮ ਮੈਨੂੰ ਕਿਸੇ ਚੰਗੇ ਖਾਨਦਾਨ ਦਾ ਚਿਰਾਗ ਲੱਗਦਾ ਏ। ਤੂੰ ਕਿਸੇ ਸ਼ਰੀਫ ਘਰ ਦੀ ਬਹੂ ਬਣੇਂ, ਮੇਰੀ ਇਹੀ ਆਖਰੀ ਤਮੰਨਾ ਏ...। ਖ਼ੁਦਾ ਕਰੇ ਤੂੰ ਆਪਣੇ ਘਰ ਰਾਜ ਕਰੇਂ ਤੇ ਮੁੜ ਕੇ ਮੇਰੀ ਬਦਨਾਮ ਦੁਨੀਆਂ 'ਚ ਤੇਰੇ ਪਾਕ ਕਦਮ ਨਾ ਪੈਣ।'' ਅੰਮੀ ਨੇ ਝੋਲੀ ਮੇਰੇ ਅੱਗੇ ਅੱਡ ਦਿੱਤੀ।

ਮੇਰਾ ਤੇ ਸਲੀਮ ਦਾ ਨਿਕਾਹ ਹੋ ਗਿਆ। ਹੋਸਟਲ ਛੱਡ ਕੇ ਮੈਂ ਇੱਕ ਕਿਰਾਏ ਦੇ ਮਕਾਨ ਵਿਚ ਆ ਗਈ। ਅੰਮੀ ਨੇ ਪੈਸੇ ਜ਼ਰੂਰਤ ਤੋਂ ਜ਼ਿਆਦਾ ਦੇ ਦਿੱਤੇ ਸੀ। ਛੇ ਮਹੀਨੇ ਤੱਕ ਤਾਂ ਸਾਡਾ ਹਨੀਮੂਨ ਹੀ ਚੱਲਦਾ ਰਿਹਾ। ਪਰ ਕਹਿੰਦੇ ਨੇ ਕਿ ਹੌਲੀ ਹੌਲੀ ਤਾਂ ਖੂਹ ਵੀ ਖਾਲੀ ਹੋ ਜਾਂਦੇ ਨੇ। ਔਰਤ ਸੀ ਮੈਂ ਤੇ ਘਰ ਨੂੰ ਚਲਾਉਣ ਦਾ ਫਿਕਰ ਸਲੀਮ ਨਾਲੋਂ ਜ਼ਿਆਦਾ ਮੈਨੂੰ ਹੀ ਸੀ। ''ਸਲੀਮ। ਹੁਣ ਤੂੰ ਕੋਈ ਕੰਮ ਲੱਭ ਲੈ। ਕੋਈ ਨੌਕਰੀ...। ਕੋਈ ਬਿਜ਼ਨਸ਼..। ਅੰਮੀ ਦੇ ਦਿੱਤੇ ਪੈਸੇ ਖ਼ਤਮ ਹੋ ਚੱਲੇ ਨੇ।'' ਇੱਕ ਰਾਤ ਜਦੋਂ ਉਹ ਮੇਰੀਆਂ ਜ਼ੁਲਫ਼ਾਂ ਨਾਲ ਖੇਲ ਰਿਹਾ ਸੀ ਤਾਂ ਮੈਂ ਕਿਹਾ।

''ਤੇਰੇ ਇਸ਼ਕ 'ਚੋਂ ਫੁਰਸਤ ਮਿਲੇਗੀ ਬੇਗ਼ਮ ਤਾਂ ਹੀ ਕੁਝ ਕਰਾਂਗਾ।'' ਉਸ ਨੇ ਮੇਰੀ ਕਮਰ ਦੁਆਲੇ ਬਾਹਾਂ ਕੱਸੀਆਂ। ''ਮੈਂ ਤੈਨੂੰ ਆਜ਼ਾਦ ਕਰਨੀ ਆਂ ਸਲੀਮ। ਖ਼ੁਦਾ ਦੇ ਵਾਸਤੇ ਇਸ਼ਕ ਬਹੁਤ ਹੋ ਗਿਆ। ਹੁਣ ਰੋਟੀ ਪਾਣੀ ਦਾ ਫਿਕਰ ਕਰ।'' ਮੈਂ ਅਖੀਰ ਦੀ ਕਹੀ। ਬਹੁਤ ਦਿਨ ਉਹ ਕੰਮ ਦੀ ਤਲਾਸ਼ ਵਿਚ ਮਾਰਿਆ ਮਾਰਿਆ ਫਿਰਦਾ ਰਿਹਾ, ਪਰ ਕੰਮ ਨਾ ਮਿਲਿਆ। ਕਈ ਮਹੀਨੇ ਲੰਘ ਗਏ। ਫਾਕਿਆਂ ਦੀ ਨੌਬਤ ਆ ਗਈ। ਹੁਣ ਕੀ ਕਰੀਏ? ਇੱਕ ਦਿਨ ਮੈਂ ਸ਼ਾਮ ਨੂੰ ਉਦਾਸ ਜਿਹੀ ਲੇਟੀ ਹੋਈ ਸੀ, ਸਲੀਮ ਕਿਸੇ ਅਜਨਬੀ ਨਾਲ ਘਰ ਆਇਆ। ''ਇਹ ਸ਼ੇਖ ਸਾਹਬ ਨੇ ਤਬੀ। ਅਰਬ ਤੋਂ ਆਏ ਨੇ। ਬੜੇ ਵੱਡੇ ਬੰਦੇ ਨੇ। ਦੁਨੀਆਂ ਭਰ ਦੇ ਮੁਲਕਾਂ ਵਿਚ ਇਨ੍ਹਾਂ ਦੇ ਬਿਜ਼ਨਸ ਚੱਲਦੇ ਨੇ ਤੇ ਕਈ ਫ਼ਿਲਮਾਂ 'ਚ ਇਨ੍ਹਾਂ ਨੇ ਪੈਸਾ ਇਨਵੈਸਟ ਕੀਤਾ ਏ। ਗੀਤ ਗ਼ਜ਼ਲ ਸੁਣਨ ਦੇ ਬੜੇ ਸ਼ੁਕੀਨ ਨੇ। ਮੈਂ ਕਿਹਾ ਚਲੋ ਅੱਜ ਸਾਡੇ ਘਰ ਵੀ ਇਨ੍ਹਾਂ ਦੇ ਮੁਬਾਰਕ ਕਦਮ ਪੈ ਜਾਣ।'' ਉਸ ਨੇ ਸ਼ੇਖ ਸਾਹਬ ਦਾ ਤੁਆਰਫ਼ ਕਰਵਾਇਆ।

''ਬੜੀ ਕਰਮ ਨਵਾਜ਼ੀ ਏ।'' ਮੈਂ ਸਲਾਮ ਕੀਤਾ।

ਸਲੀਮ ਸ਼ੇਖ ਸਾਹਬ ਨੂੰ ਘਰ ਬਿਠਾ ਕੇ ਖਾਣ ਪੀਣ ਲਈ ਸਾਮਾਨ ਲੈਣ ਚਲਾ ਗਿਆ। ਸ਼ੇਖ ਸਾਹਬ ਨੇ ਨੀਲੇ ਨੋਟਾਂ ਦੀਆਂ ਗੱਠੀਆਂ ਕੱਢ ਕੇ ਮੇਜ਼ ਉੱਤੇ ਰੱਖ ਦਿੱਤੀਆਂ। ਮੈਨੂੰ ਗੱਲ ਦੀ ਸਮਝ ਨਾ ਆਈ।

''ਇਹ ਸਲੀਮ ਦੀ ਕਮਾਈ ਏ।'' ਸ਼ੇਖ ਮੇਰੇ ਵੱਲ ਦੇਖ ਕੇ ਮੁਸਕਰਾਇਆ।

''ਇੰਨੇ ਜ਼ਿਆਦਾ ਪੈਸੇ! ਇਹੋ ਜਿਹੀ ਸਲੀਮ ਨੇ ਕੀ ਮੱਲ ਮਾਰੀ ਸੀ?'' ਮੈਂ ਖੁਦ ਨੂੰ ਸਵਾਲ ਕੀਤਾ।

''ਇਹ ਤਾਂ ਕੁਝ ਵੀ ਨਹੀਂ। ਇੰਨੇ ਤਾਂ ਮੈਂ ਇੱਕ ਰਾਤ 'ਤੇ ਖਰਚ ਦਿੰਦਾ ਹਾਂ।'' ਆਖ ਕੇ ਸ਼ੇਖ ਮੇਰੇ ਨਾਲ ਸੋਫੇ 'ਤੇ ਆ ਕੇ ਬੈਠ ਗਿਆ।

''ਇੱਕ ਰਾਤ...? ਮੈਂ ਕੁਝ ਸਮਝੀ ਨਹੀਂ ਸ਼ੇਖ ਸਾਹਬ...।'' ਮੈਂ ਉਸ ਤੋਂ ਥੋੜ੍ਹਾ ਦੂਰ ਸਰਕ ਗਈ।

''ਸਲੀਮ ਦੱਸਦਾ ਸੀ ਕਿ ਤੂੰ ਬਹੁਤ ਅੱਛੀ ਫਨਕਾਰ ਏਂ। ਗ਼ਜ਼ਲ ਬਹੁਤ ਖ਼ੂਬਸੂਰਤ ਕਹਿੰਨੀ ਏਂ। ਤੇਰੀ ਆਵਾਜ਼ ਬੜੀ ਪਿਆਰੀ ਏ।'' ਉਸ ਨੇ ਮੇਰੇ ਗਲ਼ 'ਚ ਬਾਂਹ ਪਾਈ। ਮੈਨੂੰ ਲੱਗਿਆ ਜਿਵੇਂ ਕੋਈ ਨਾਗ ਮੇਰੀ ਗਰਦਨ ਦੁਆਲੇ ਲਿਪਟ ਗਿਆ ਹੋਵੇ। ਮੈਂ ਝਟਕੇ ਨਾਲ ਉਸ ਦੀ ਬਾਂਹ ਨੂੰ ਦੂਰ ਕਰ ਦਿੱਤਾ। ''ਨਹੀਂ। ਮੈਂ ਕੋਈ ਗਾਣਾ ਵਜਾਣਾ ਨਹੀਂ ਜਾਣਦੀ।'' ਮੈਂ ਗੁੱਸੇ 'ਚ ਉਠ ਖੜ੍ਹੀ ਹੋਈ।

ਸਲੀਮ ਜੋ ਸ਼ਾਇਦ ਦਰਵਾਜ਼ੇ ਪਿੱਛੇ ਖੜ੍ਹਾ ਸਾਡੀਆਂ ਗੱਲਾਂ ਸੁਣ ਰਿਹਾ ਸੀ ਅਚਾਨਕ ਸਾਹਮਣੇ ਆ ਗਿਆ।

''ਤਬੀ, ਸ਼ੇਖ ਸਾਹਬ ਵੱਡੇ ਬੰਦੇ ਨੇ। ਇਨ੍ਹਾਂ ਨੂੰ ਖ਼ਫਾ ਨਾ ਕਰ ਦੇਵੀਂ ਕਿਤੇ। ਬਹੁਤ ਮਾਲਦਾਰ ਆਦਮੀ ਨੇ। ਆਪਣੀ ਮੁਫਲਸੀ ਖਤਮ ਕਰ ਦੇਣਗੇ। ਜ਼ਰਾ ਅੱਜ ਰਾਤ ਇਨ੍ਹਾਂ ਨੂੰ ਖੁਸ਼ ਕਰ ਦੇ।'' ਉਹ ਮੈਨੂੰ ਸਮਝਾ ਰਿਹਾ ਸੀ ਤੇ ਮੇਰੇ ਕੰਨਾਂ ਨੂੰ ਯਕੀਨ ਨਾ ਆਇਆ ਕਿ ਇਹ ਉਹੀ ਸਲੀਮ ਏ ਜੋ ਮੈਨੂੰ ਬਾਜ਼ਾਰ 'ਚ ਹਾਂਡੀ ਦਾ ਗੋਸ਼ਤ ਤੱਕ ਖਰੀਦਣ ਨਹੀਂ ਜਾਣ ਦਿੰਦਾ ਸੀ।

''ਤਾਂ ਇਹ ਏ ਤੇਰੀ ਕਮਾਈ! ਹਰਾਮ ਦੇ ਪਿੱਲੇ, ਗੰਦੀ ਨਾਲੀ ਦੇ ਕੀੜੇ...ਤੇਰੀ ਹਿੰਮਤ ਕਿੱਦਾਂ ਪੈ ਗਈ ਮੇਰੀ ਅਸਮਤ ਦਾ ਸੌਦਾ ਕਰਨ ਦੀ? ਕਿੰਨਾ ਵੱਡਾ ਦੱਲਾ ਏਂ ਤੂੰ ਜੋ ਆਪਣੀ ਹੀ ਬੀਵੀ ਦਾ ਸੌਦਾ ਕਰ ਰਿਹਾ ਏਂ।'' ਮੈਂ ਸਲੀਮ ਨੂੰ ਗਿਰੇਵਾਨ ਤੋਂ ਫੜ ਲਿਆ।

''ਕੰਜਰੀ ਦੀ ਔਲਾਦ...ਤੇ ਨਖਰੇ ਦੇਖ ਜਿਵੇਂ ਕੋਈ ਸ਼ਰੀਫ ਔਰਤ ਹੋਵੇ। ਤੂੰ ਮੈਨੂੰ ਸ਼ਰਾਫਤ ਦਾ ਪਾਠ ਪੜ੍ਹਾ ਰਹੀ ਏਂ ਹਰਾਮਜ਼ਾਦੀਏ, ਤੇਰੀ ਮਾਂ ਕੰਜਰੀ ਸਾਰੀ ਉਮਰ ਇਹੀ ਸੌਦੇਬਾਜ਼ੀਆਂ ਕਰਦੀ ਰਹੀ ਏ।'' ਉਸ ਨੂੰ ਜਿਵੇਂ ਪਹਿਲਾਂ ਹੀ ਪਤਾ ਸੀ ਕਿ ਮੈਂ ਕੀ ਕਹਾਂਗੀ।

''ਹੁਣ ਤੱਕ ਉਸੇ ਕੰਜਰੀ ਦਾ ਗੂੰਹ ਖਾਂਦਾ ਰਿਹਾ ਏਂ ਕੁੱਤਿਆ। ਉਸੇ ਦੀ ਕਮਾਈ 'ਤੇ ਐਸ਼ ਕੀਤੀ ਏ। ਹਯਾ ਕਰ...ਖ਼ੁਦਾ ਦੇ ਕਹਿਰ ਤੋਂ ਡਰ।'' ਮੇਰੇ ਤੋਂ ਆਪਣੀ ਅੰਮੀ ਬਾਰੇ ਗੰਦੇ ਅਲਫਾਜ਼ ਸੁਣੇ ਨਾ ਗਏ।

''ਹਾਂ, ਗੂੰਹ ਖਾਂਦਾ ਰਿਹਾ ਹਾਂ ਉਸ ਬੁੱਢੀ ਕੰਜਰੀ ਦਾ। ਹੁਣ ਤੇਰਾ ਗਰਮ ਗੋਸ਼ਤ ਵੇਚ ਕੇ ਗੁਜ਼ਾਰਾ ਕਰਾਂਗਾ।'' ਆਖ ਕੇ ਉਸ ਨੇ ਮੈਨੂੰ ਰੂੰਈਂ ਵਾਂਗ ਕੁੱਟਣਾ ਸ਼ੁਰੂ ਕਰ ਦਿੱਤਾ।

''ਜੇ ਇਹੀ ਕੰਮ ਕਰਨਾ ਏਂ ਤਾਂ ਫੇਰ ਤੇਰੀ ਕੀ ਲੋੜ ਏ ਕੁੱਤਿਆ।'' ਆਖ ਕੇ ਮੈਂ ਸ਼ਰਾਬ ਦੀ ਬੋਤਲ ਚੁੱਕ ਕੇ ਉਸ ਦੇ ਸਿਰ ਵਿਚ ਦੇ ਮਾਰੀ। ਖ਼ੂਨ ਦਾ ਫੁਹਾਰਾ ਛੁੱਟਿਆ ਤੇ ਸਲੀਮ ਫਰਸ਼ 'ਤੇ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

ਪਿਆ ਤੜਫ ਰਿਹਾ ਸੀ। ਮੇਰੇ ਹੋਸ਼ੋ ਹਵਾਸ ਉੱਡ ਗਏ। ਬੱਸ ਪੁਲਿਸ ਆਵੇਗੀ ਤੇ...।'' ਮੈਂ ਸੁੱਕੇ ਪੱਤੇ ਵਾਂਗ ਕੰਬ ਗਈ। ਸ਼ੇਖ ਨੇ ਮੇਰੇ ਸਿਰ 'ਤੇ ਹੱਥ ਰੱਖਿਆ। ਮੈਂ ਗਰਦਨ ਉਠਾ ਕੇ ਉਸ ਵੱਲ ਦੇਖਿਆ, ਉਸ ਵਕਤ ਉਹ ਮੈਨੂੰ ਕਿਸੇ ਮਸੀਹਾ ਵਾਂਗ ਲੱਗਿਆ। ਉਸ ਨੇ ਮੇਰਾ ਹੱਥ ਫੜਿਆ ਤੇ ਸਲੀਮ ਨੂੰ ਉਥੇ ਹੀ ਤੜਫਦਾ ਛੱਡ ਕੇ ਮੈਨੂੰ ਕਿਸੇ ਹੋਟਲ ਵਿਚ ਲੈ ਗਿਆ।

ਅਗਲੇ ਦਿਨ ਮੇਰਾ ਪਾਸਪੋਰਟ ਤੇ ਟਿਕਟ ਆ ਗਏ ਤੇ ਉਸੇ ਰਾਤ ਹੀ ਮੈਂ ਸ਼ੇਖ ਸਾਹਬ ਨਾਲ ਜਹਾਜ਼ ਚੜ੍ਹ ਕੇ ਅਰਬ ਪਹੁੰਚ ਗਈ। ਸ਼ੇਖ ਦੇ ਮਹਿਲਨੁਮਾ ਘਰ ਵਿਚ ਬੇਸ਼ੁਮਾਰ ਕਮਰੇ ਸਨ ਤੇ ਹਰ ਕਮਰੇ ਵਿਚ ਇੱਕ ਔਰਤ। ਜਿਵੇਂ ਪਸ਼ੂਆਂ ਦੀ ਕੋਈ ਮੰਡੀ ਲੱਗੀ ਹੋਵੇ। ਉਸ ਦੇ ਹਰਮ ਵਿਚ ਹਰ ਮੁਲਕ, ਹਰ ਨਸਲ ਤੇ ਹਰ ਰੰਗ ਦੀ ਔਰਤ ਸੀ। ਮੈਂ ਉਸ ਹਜੂਮ ਵਿਚ ਗੁਆਚ ਗਈ।

ਉਹ ਔਰਤਾਂ ਮੈਨੂੰ ਦੇਖ ਕੇ ਹੱਸਦੀਆਂ।

ਕਈ ਦਿਨ ਲੰਘ ਗਏ। ਸ਼ੇਖ ਮੁੜ ਕੇ ਨਾ ਆਇਆ। ਸ਼ਾਇਦ ਔਰਤਾਂ ਦੇ ਇਸ ਮੇਲੇ ਵਿਚ ਆ ਕੇ ਉਹ ਮੈਨੂੰ ਭੁੱਲ ਗਿਆ ਸੀ ਜਾਂ ਮੁੜ ਕੇ ਮੇਰੀ ਵਾਰੀ ਹੀ ਨਹੀਂ ਆਈ। ਉਹ ਔਰਤਾਂ ਵਾਰ ਵਾਰ ਆ ਕੇ ਮੈਨੂੰ ਘੂਰਦੀਆਂ, ਆਪਣੀ ਜ਼ੁਬਾਨ 'ਚ ਕੋਈ ਗੱਲ ਕਰਦੀਆਂ ਤੇ ਇਸ਼ਾਰੇ ਕਰਦੀਆਂ ਕਿ ਤੈਨੂੰ ਮਿਲ ਕੇ ਇੱਕ ਦਿਨ ਕੁੱਟਣਾ ਏਂ। ਜਿਵੇਂ ਮੁਹੱਲੇ 'ਚ ਕੋਈ ਨਵਾਂ ਕੁੱਤਾ ਆਉਂਦਾ ਏ ਤਾਂ ਪੁਰਾਣੇ ਕੁੱਤੇ ਉਸ ਨੂੰ ਦੇਖ ਕੇ ਭੌਂਕਦੇ ਨੇ, ਇਹੀ ਹਾਲ ਉਨ੍ਹਾਂ ਔਰਤਾਂ ਦਾ ਸੀ। ਪਰ ਮੈਨੂੰ ਸ਼ੇਖ ਸਾਹਬ ਦਾ ਸਹਾਰਾ ਸੀ। ਇਸ ਲਈ ਮੈਂ ਉਨ੍ਹਾਂ ਵੱਲ ਜ਼ਿਆਦਾ ਤਵੱਜੋ ਨਾ ਦਿੱਤੀ। ਇੱਕ ਦਿਨ ਮੇਰੇ ਕਮਰੇ ਵਿਚ ਸਾਮਾਨ ਰੱਖਣ ਲਈ ਸ਼ੇਖ ਦਾ ਨੌਕਰ ਅਬਦੁਲ ਆਇਆ। ਉਹ ਟੁੱਟੀ ਫੁੱਟੀ ਪੰਜਾਬੀ ਬੋਲਦਾ ਸੀ। ਉਸ ਨੇ ਮੈਨੂੰ ਦੱਸਿਆ ਕਿ ਸ਼ੇਖ ਕੋਲ ਮੇਰੇ ਵਰਗੀਆਂ ਹਜ਼ਾਰਾਂ ਹੀ ਔਰਤਾਂ ਹਨ। ਇਸ ਮਹਿਲ ਵਿਚ ਤਰ੍ਹਾਂ ਤਰ੍ਹਾਂ ਦੇ ਲੋਕ ਆਉਂਦੇ ਨੇ ਤੇ ਸ਼ੇਖ ਔਰਤਾਂ ਆਪਣੇ ਮਹਿਮਾਨਾਂ ਦੀ ਖਿਦਮਤ ਵਿਚ ਪੇਸ਼ ਕਰਦਾ ਏ।

ਸੁਣ ਕੇ ਮੇਰਾ ਦਮ ਰੁਕ ਗਿਆ, ਜਿਸ ਗੱਲ ਦਾ ਡਰ ਸੀ, ਉਹੋ ਹੋਈ। ਮੇਰੀ ਕਿਸਮਤ 'ਚ ਬਰਬਾਦ ਹੋਣਾ ਹੀ ਲਿਖਿਆ ਸੀ। ਅਬਦੁਲ ਦੀ ਹਮਦਰਦੀ ਕਾਰਨ ਮੇਰੀ ਉਸ ਨਾਲ ਦੋਸਤੀ ਹੋ ਗਈ। ਉਸ ਨੂੰ ਜਦੋਂ ਵੀ ਫੁਰਸਤ ਹੁੰਦੀ ਉਹ ਮੇਰੇ ਕਮਰੇ ਵਿਚ ਆ ਜਾਂਦਾ। ਹੌਲੀ ਹੌਲੀ ਇਹ ਦੋਸਤੀ ਜਿਸਮਾਨੀ ਤਾਲੁਕਾਤ ਵਿਚ ਬਦਲ ਗਈ। ਦਰਅਸਲ ਸਲੀਮ ਨਾਲ ਕਈ ਮਹੀਨੇ ਰਹਿ ਕੇ ਜਿਵੇਂ ਹੁਣ ਮੈਨੂੰ ਰਾਤ ਨੂੰ ਖਾਲੀ ਬਿਸਤਰ ਖਾਣ ਨੂੰ ਆਉਂਦਾ ਸੀ, ਤੇ ਸ਼ੇਖ ਸਾਹਬ ਕੋਲ ਮੇਰੇ ਲਈ ਵਕਤ ਨਹੀਂ ਸੀ।

ਇੱਕ ਰਾਤ ਉਹ ਮੇਰੇ ਨਾਲ ਸੁੱਤਾ ਪਿਆ ਸੀ ਕਿ ਬਾਹਰੋਂ ਜ਼ੋਰ ਜ਼ੋਰ ਦੀ ਦਰਵਾਜ਼ਾ ਭੰਨਿਆ ਜਾਣ ਲੱਗਾ। ਅਸੀਂ ਦੋਵੇਂ ਡਰ ਗਏ। ਮੈਂ ਉਸ ਨੂੰ ਆਪਣੇ ਪਲੰਘ ਨੀਚੇ ਛੁਪਾ ਦਿੱਤਾ ਤੇ ਕਾਹਲੀ ਨਾਲ ਕੱਪੜੇ ਪਾ ਕੇ ਦਰਵਾਜ਼ਾ ਖੋਲ੍ਹਿਆ। ਸ਼ੇਖ ਸਾਹਬ ਹੱਥ ਵਿਚ ਹੰਟਰ ਲਈ ਖੜ੍ਹੇ ਸਨ ਤੇ ਪਿੱਛੇ ਔਰਤਾਂ ਦਾ ਹਜੂਮ। ਸ਼ਾਇਦ ਉਹ ਮੇਰੀ ਨਿਗਰਾਨੀ ਕਰਦੀਆਂ ਸਨ ਕਿ ਮੈਂ ਕੀ ਕਰ ਰਹੀ ਹਾਂ ਤੇ ਮੌਕਾ ਪੈਣ 'ਤੇ ਉਹ ਸ਼ੇਖ ਨੂੰ ਸੱਦ ਲਿਆਈਆਂ ਸਨ। ''ਕੀ ਕਰ ਰਹੀ ਸੀ ਹਰਾਮਜ਼ਾਦੀਏ?'' ਸ਼ੇਖ ਨੇ ਹੰਟਰ ਹਵਾ 'ਚ ਘੁਮਾਇਆ ਤੇ ਮੈਂ ਜੰਗਲੀ ਬਾਂਸ ਵਾਂਗ ਕੰਬ ਗਈ। ''ਸੌਂ ਰਹੀ ਸੀ...।'' ਮੇਰੇ ਗਲੇ 'ਚੋਂ ਆਵਾਜ਼ ਆਈ।

ਤੇਰਾ ਯਾਰ ਕਿੱਥੇ ਏ? ਉਸ ਦੇ ਟੋਟੇ ਟੋਟੇ ਕਰ ਕੇ ਉਸ ਦਾ ਗੋਸ਼ਤ ਕੁੱਤਿਆਂ ਅੱਗੇ ਪਾ ਦਿਆਂਗਾ।'' ਉਹ ਮੈਨੂੰ ਪਿੱਛੇ ਧਕੇਲ ਕੇ ਕਮਰੇ 'ਚ ਆ ਗਿਆ।

''ਕੋਈ ਨਹੀਂ ਏ।'' ਮੈਂ ਸਫਾਈ ਦਿੱਤੀ।

''ਸ਼ੱਟ ਅਪ। ਆਪਣਾ ਹੁਲੀਆ ਦੇਖ਼..।'' ਆਖ ਕੇ ਉਸ ਨੇ ਮੇਰੀਆਂ ਲੱਤਾਂ 'ਤੇ ਹੰਟਰ ਮਾਰਿਆ।

ਮੈਂ ਅਸਲ 'ਚ ਜਲਦੀ ਵਿਚ ਪੁੱਠੀ ਸਲਵਾਰ ਪਾ ਲਈ ਸੀ। ਸ਼ੇਖ ਨੇ ਹੰਟਰ ਮਾਰ ਮਾਰ ਕੇ ਮੇਰਾ ਤੇ ਅਬਦੁਲ ਦਾ ਜਿਸਮ ਲਹੂ-ਲੁਹਾਣ ਕਰ ਦਿੱਤਾ।

ਦੂਜੇ ਦਿਨ ਸ਼ੇਖ ਮੇਰੇ ਕਮਰੇ 'ਚ ਆਇਆ। ਪੈਸਿਆਂ ਦੀ ਇੱਕ ਥੈਲੀ ਮੇਰੇ ਅੱਗੇ ਸੁੱਟ ਕੇ ਬੋਲਿਆ,

''ਮੈਨੂੰ ਪਤਾ ਏ ਤੇਰੀਆਂ ਰਗਾਂ 'ਚ ਇੱਕ ਕੰਜਰੀ ਦਾ ਖ਼ੂਨ ਏ। ਤੇਰੇ ਤੋਂ ਸ਼ਰਾਫਤ ਦੀ ਉਮੀਦ ਰੱਖਣਾ ਬੇਵਕੂਫੀ ਏ...। ਆਹ ਫੜ ਪੈਸੇ ਤੇ ਮੇਰੀਆਂ ਨਜ਼ਰਾਂ ਤੋਂ ਦੂਰ ਚਲੀ ਜਾ। ਮੈਂ ਨਹੀਂ ਚਾਹੁੰਦਾ ਕਿ ਤੇਰੀ ਸੋਹਬਤ ਦਾ ਅਸਰ ਦੂਜੀਆਂ ਔਰਤਾਂ 'ਤੇ ਪਵੇ ਤੇ ਉਹ ਮੇਰੇ ਨੌਕਰਾਂ ਨਾਲ ਸੌਣ। ਇੱਕ ਮੱਛੀ ਸਾਰੇ ਪਾਣੀ ਨੂੰ ਗੰਦਾ ਕਰ ਦਿੰਦੀ ਏ।''

ਤੇ ਪਤਾ ਨਹੀਂ ਉਸ ਨੇ ਕੀ ਕੀਤਾ, ਦੂਜੇ ਦਿਨ ਮੈਨੂੰ ਟਿਕਟ ਦੇ ਕੇ ਕਿਸੇ ਅੰਗਰੇਜ਼ ਬੁੱਢੇ ਨਾਲ ਇੰਗਲੈਂਡ ਜਾਣ ਵਾਲੇ ਜਹਾਜ਼ ਵਿਚ ਚੜ੍ਹਾ ਦਿੱਤਾ। ਉਹ ਅੰਗਰੇਜ਼ ਬੁੱਢਾ ਕਈ ਰਾਤਾਂ ਮੈਨੂੰ ਵਰਤਦਾ ਰਿਹਾ। ਫੇਰ ਉਸ ਨੇ ਕਿਸੇ ਹੋਰ ਦੋਸਤ ਅੱਗੇ ਮੈਨੂੰ ਪੇਸ਼ ਕਰ ਦਿੱਤਾ। ਫੇਰ ਹੋਰ ਦੋਸਤ...ਫੇਰ ਹੋਰ ਅੱਗੇ ਤੇ ਫੇਰ ਹੋਰ ਅੱਗੇ। ਹੁਣ ਤੱਕ ਮੈਂ ਪੂਰੀ ਵੇਸਵਾ ਬਣ ਚੁੱਕੀ ਸੀ। ਜਿਸਮਫਰੋਸ਼ੀ ਮੇਰੀ ਮਜਬੂਰੀ ਬਣ ਗਈ ਸੀ। ਅੰਮੀ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਕਿਸਮਤ ਨੇ ਮੈਨੂੰ ਬਖਸ਼ਿਆ ਨਹੀਂ ਸੀ। ਇੰਗਲੈਂਡ ਆਈ ਨੂੰ ਕਈ ਮਹੀਨੇ ਹੋ ਗਏ ਤਾਂ ਥੋੜ੍ਹੀ ਬਹੁਤ ਜ਼ੁਬਾਨ ਸਿੱਖ ਗਈ। ਲੋਕਾਂ ਦੇ ਚਿਹਰੇ ਪੜ੍ਹਨ ਲੱਗੀ। ਹਰ ਸ਼ਾਮ ਕਿਸੇ ਨਾਲ ਗੁਜ਼ਾਰਦੀ ਤਾਂ ਕਿ ਦੂਜੇ ਦਿਨ ਲਈ ਬਰੈਡ ਤੇ ਬਟਰ ਖਰੀਦ ਸਕਾਂ। ਕਈ ਵਾਰ ਮੰਦੇ ਦੇ ਦਿਨਾਂ ਵਿਚ ਦੋ ਦੋ ਪੌਂਡ 'ਚ ਵੀ ਵਿਕੀ। ਰਾਤਾਂ ਦੇ ਕਾਲੇ ਸਾਏ ਮੈਨੂੰ ਡਰਾਉਂਦੇ ਤਾਂ ਮੈਂ ਰਾਤ ਕਿਸੇ ਵੀ ਆਲ੍ਹਣੇ 'ਚ ਕੱਟ ਲੈਂਦੀ।

ਇੰਗਲੈਂਡ ਆਉਣ ਤੋਂ ਪਹਿਲਾਂ ਮੈਂ ਕਦੇ ਸ਼ਰਾਬ ਨਹੀਂ ਪੀਤੀ ਸੀ। ਸ਼ਰਾਬ ਦੀ ਹਰ ਬੋਤਲ ਵਿਚ ਮੈਨੂੰ ਆਪਣੀ ਅੰਮੀ ਦੇ ਆਂਸੂ ਭਰੇ ਨਜ਼ਰ ਆਉਂਦੇ ਜੋ ਉਹ ਮੇਰੇ ਅਬੂ ਦੇ ਸ਼ਰਾਬ ਪੀਣ 'ਤੇ ਵਹਾਇਆ ਕਰਦੀ ਸੀ ਪਰ ਇਥੇ ਆ ਕੇ ਇਹ ਬੀਮਾਰੀ ਵੀ ਲੱਗ ਗਈ। ਇੱਕ ਬੁੱਢਾ ਜਹੂਦੀ ਮੇਰਾ ਆਸ਼ਕ ਸੀ। ਉਹ ਸੈਕਸ ਕਰਨ ਤੋਂ ਪਹਿਲਾਂ ਮੈਨੂੰ ਹਮੇਸ਼ਾ ਰੱਜ ਕੇ ਸ਼ਰਾਬ ਪਿਲਾਉਂਦਾ, ਉਸ ਨੂੰ ਵਹਿਮ ਸੀ ਕਿ ਸ਼ਰਾਬ ਦੇ ਨਸ਼ੇ 'ਚ ਮੈਂ ਆਪਣਾ ਤੇ ਉਸ ਵਿਚਲਾ ਉਮਰ ਦਾ ਫਰਕ ਭੁੱਲ ਜਾਵਾਂਗੀ। ਪਰ ਔਰਤ ਨੂੰ ਜੇ ਕੋਈ ਨਸ਼ਾ ਚੜ੍ਹਦਾ ਏ ਤਾਂ ਉਹ ਸਿਰਫ ਇਸ਼ਕ ਦਾ ਵਰਨਾ ਸਮੁੰਦਰ ਸ਼ਰਾਬ ਦਾ ਵੀ ਉਹ ਆਪਣੇ ਅੰਦਰ ਸੁੱਟ ਲਵੇ ਤਾਂ ਅਸਰ ਨਹੀਂ ਕਰੇਗਾ। ਸ਼ਰਾਬ ਨਾਲੋਂ ਵੱਧ ਨਸ਼ਾ ਤਾਂ ਖੁਦ ਉਸ ਦੇ ਅੰਦਰ ਏ।

ਖ਼ੈਰ ਇੰਦਾਂ ਸ਼ਰਾਬ ਦੀ ਆਦਤ ਪੈ ਗਈ। ਇੱਕ ਹੋਰ ਸੀ ਮੇਰਾ ਗਾਹਕ ਕੋਈ ਫਰਾਂਸੀਸੀ। ਉਹ ਸਿਗਰਟਾਂ ਬਹੁਤ ਪੀਂਦਾ ਸੀ, ਚੇਨ ਸਮੋਕਰ...। ਨਾ ਉਹ ਮੇਰੀ ਜ਼ੁਬਾਨ ਸਮਝਦਾ ਸੀ ਤੇ ਨਾ ਮੈਂ ਉਸਦੀ। ਪਰ ਬਿਸਤਰ 'ਚ ਸਿਰਫ ਇੱਕੋ ਹੀ ਜ਼ੁਬਾਨ ਚੱਲਦੀ ਏ ਤੇ ਉਹ ਦੁਨੀਆਂ ਦਾ ਹਰ ਮਰਦ ਤੇ ਔਰਤ ਸਮਝਦੇ ਨੇ। ਉਸ ਨੇ ਸਿਗਰਟਾਂ ਦੀ ਲਤ ਪਾ ਦਿੱਤੀ। ਫੇਰ ਕਈ ਆਏ, ਕਈ ਗਏ। ਕਈ ਪੱਕੇ ਤੇ ਕਈ ਕੱਚੇ। ਕਈਆਂ ਦੀਆਂ ਸ਼ਕਲਾਂ ਤੇ ਨਾਮ ਵੀ ਜ਼ਿਹਨ ਸੁਬਹਾ ਹੋਣ ਤੱਕ ਭੁੱਲ ਜਾਂਦਾ ਸੀ ਤੇ ਕਈ ਤਮਾਮ ਉਮਰ ਯਾਦ ਰਹਿਣਗੇ।

ਇਹੋ ਜਿਹਾ ਹੀ ਸੀ ਇੱਕ ਇੰਡੀਅਨ ਮੁੰਡਾ। ਇੰਗਲੈਂਡ 'ਚ ਉਸ ਦੀ ਪਰਵਰਿਸ਼ ਹੋਈ ਸੀ। ਉਸ ਦੀ ਬੀਵੀ ਮਰ ਗਈ ਸੀ, ਤੇ ਹੁਣ ਉਸ ਦੇ ਘਰ ਉਸ ਦੀ ਦਸ ਸਾਲ ਦੀ ਬੱਚੀ ਨੂੰ ਉਸ ਦੀ ਗੋਰੀ ਗਰਲ ਫਰੈਂਡ ਸੰਭਾਲਦੀ ਸੀ। ਨਾਮ ਸੀ ਉਸ ਦਾ ਸੈਂਡੀ। ਉਹ ਮੇਰੇ ਕਾਫੀ ਕਰੀਬ ਆ ਗਿਆ। ਇੱਕ ਦਿਨ ਅਚਾਨਕ ਉਸ ਨੇ ਮੈਨੂੰ ਸ਼ਾਦੀ ਦਾ ਪੈਗਾਮ ਦਿੱਤਾ। ਮੈਨੂੰ ਇਤਬਾਰ ਨਾ ਆਇਆ। ਜ਼ਿੰਦਗੀ ਨੇ ਫੇਰ ਆਵਾਜ਼ ਮਾਰੀ ਸੀ ਤੇ ਮੈਂ ਖੜ੍ਹੋ ਗਈ। ਸੈਂਡੀ ਨੇ ਮੈਨੂੰ ਕਈ ਦਫਾ ਦੱਸਿਆ ਸੀ ਕਿ ਉਹ ਕਿਸੇ ਏਸ਼ੀਅਨ ਕੁੜੀ ਨਾਲ ਵਿਆਹ ਕਰਵਾ ਕੇ ਘਰ ਵਸਾਉਣਾ ਚਾਹੁੰਦਾ ਏ ਤੇ ਇਸ ਗੋਰੀ ਗਰਲ ਫਰੈਂਡ ਤੋਂ ਛੁਟਕਾਰਾ ਚਾਹੁੰਦਾ ਏ ਜੋ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਸ ਦਾ ਪਿੱਛਾ ਨਹੀਂ ਸੀ ਛੱਡ ਰਹੀ। ਮੈਂ ਸੋਚਿਆ, ''ਚਲੋ, ਇੱਕ ਵਾਰ ਨਾ ਸਹੀ, ਸ਼ਾਇਦ ਦੂਜੀ ਵਾਰ ਕੋਈ ਸਹੀ ਬੰਦਾ ਮੇਰੀ ਜ਼ਿੰਦਗੀ ਵਿਚ ਆ ਜਾਵੇ।''

ਇੱਕ ਦਿਨ ਮੈਂ ਅਚਾਨਕ ਹੀ ਉਸ ਦੇ ਘਰ ਚਲੀ ਗਈ। ਡੋਰ ਬੈੱਲ ਕੀਤੀ। ਕਿਸੇ ਖ਼ੂਬਸੂਰਤ ਅੰਗਰੇਜ਼ ਔਰਤ ਨੇ ਦਰਵਾਜ਼ਾ ਖੋਲ੍ਹਿਆ। ਜੋਗੀਆ ਰੰਗ ਦਾ ਪੀਲਾ ਪੰਜਾਬੀ ਸੂਟ, ਬਾਹਾਂ ਰੰਗ ਬਰੰਗੀਆਂ ਵੰਗਾਂ ਨਾਲ ਭਰੀਆਂ ਹੋਈਆਂ, ਮੱਥੇ 'ਤੇ ਲਾਲ ਬਿੰਦੀ ਤੇ ਕਮਰ ਤੱਕ ਖੁੱਲ੍ਹੀਆਂ ਲੰਮੀਆਂ ਜ਼ੁਲਫਾਂ। ਉਹ ਪੂਰੀ 'ਮੀਰਾ ਬਾਈ' ਬਣੀ ਮੇਰੇ ਸਾਹਮਣੇ ਖਲੋਤੀ ਸੀ। ਮੈਂ ਉਸ ਦੀਆਂ ਅੱਖਾਂ ਵਿਚ ਗੁਆਚ ਗਈ। ਭੁੱਲ ਗਈ ਕਿ ਕਿਸ ਮਕਸਦ ਲਈ ਆਈ ਹਾਂ। ਉਹ ਮੈਨੂੰ ਅੰਦਰ ਲੈ ਗਈ। ਇੱਕ ਅਜੀਬ ਜਿਹਾ ਡਰ ਸੀ ਉਸ ਦੀਆਂ ਅੱਖਾਂ ਵਿਚ ਜਿਵੇਂ ਮੈਂ ਉਸ ਦੇ ਘਰ ਚੋਰੀ ਕਰਨ ਆਈ ਹੋਵਾਂ।

''ਸੈਂਡੀ ਕਿਥੇ ਏ?'' ਮੈਂ ਪੁੱਛਿਆ।

''ਉਹ ਤਾਂ ਇੰਡੀਆ ਗਿਆ ਹੋਇਆ ਏ।'' ਉਸ ਨੇ ਝੂਠ ਬੋਲਿਆ। ''ਤੂੰ ਉਸ ਦੀ ਕਿਰਾਏਦਾਰ ਏਂ?'' ਮੈਂ ਜਾਣ ਬੁੱਝ ਕੇ ਕਿਹਾ। ''ਨਹੀਂ ਉਹ ਮੇਰਾ ਸ਼ੋਹਰ ਏ।'' ਉਹ ਸ਼ਰਮਾਈ। ਮੈਨੂੰ ਉਸ 'ਤੇ ਰਹਿਮ ਆਇਆ।

''ਖ਼ੁਦਾ ਤੇਰੇ ਸ਼ੋਹਰ ਨੂੰ ਸਲਾਮਤ ਰੱਖੇ!'' ਮੇਰਾ ਦਿਲ ਭਰ ਆਇਆ ਤੇ ਮੈਂ ਵਾਪਸ ਆ ਗਈ।

ਉਸੇ ਸ਼ਾਮ ਸੈਂਡੀ ਮੈਨੂੰ ਮਿਲਣ ਆਇਆ।

''ਸੈਂਡੀ ਅੱਜ ਤੋਂ ਬਾਅਦ ਤੂੰ ਇਥੇ ਨਾ ਆਈਂ।'' ਮੈਂ ਬੇਰੁਖੀ ਨਾਲ ਕਿਹਾ। ''ਕਿਉਂ?'' ਉਹ ਘਬਰਾ ਗਿਆ।

''ਬੱਸ, ਮੈਂ ਤੈਨੂੰ ਕਹਿ ਦਿੱਤਾ ਏ ਇੱਕ ਵਾਰ।'' ਮੈਂ ਖਿੱਝ ਕੇ ਕਿਹਾ। ''ਕੀ ਗੱਲ ਤੈਨੂੰ ਮਾਰਸ਼ਾ ਨੇ ਕੁਝ ਕਿਹਾ ਏ?'' ਉਹ ਮੇਰਾ ਹੱਥ ਫੜਦਾ ਹੋਇਆ ਬੋਲਿਆ।

''ਹਾਂ...।'' ਮੇਰੀ ਆਵਾਜ਼ ਦਰਦ 'ਚ ਡੁੱਬ ਗਈ।

''ਉਹ! ਤੂੰ ਉਸ ਕੁੱਤੀ 'ਤੇ ਯਕੀਨ ਨਾ ਕਰ। ਮੇਰਾ ਉਸ ਨਾਲ ਕੋਈ ਤੁਅੱਲਕ ਨਹੀਂ। ਖਾਹਮਖਾਹ ਮੇਰੇ ਪਿੱਛੇ ਪਈ ਏ।'' ਉਸ ਦਾ ਹੌਸਲਾ ਮੁੜਿਆ।

''ਕੁੱਤੀ ਉਹ ਨਹੀਂ, ਕੁੱਤਾ ਤੂੰ ਏਂ...ਕਿਵੇਂ ਉਹ ਤੇਰੇ ਇਸ਼ਕ ਵਿਚ ਦੀਵਾਨੀ ਹੋਈ ਭੇਸ ਵਟਾਈ ਫਿਰਦੀ ਏ। ਤੇ ਤੂੰ ਉਸ ਨੂੰ ਕੁੱਤੀ ਦੱਸਨਾ ਏਂ।'' ਮੈਨੂੰ ਗੁੱਸਾ ਆ ਗਿਆ।

''ਉਹ ਪਖੰਡਣ ਏ। ਉਹ ਇਸ਼ਕ ਕਰਦੀ ਏ, ਕਰੀ ਜਾਵੇ...ਮੇਰਾ ਉਸ ਨਾਲ ਸੈਕਸ ਤੋਂ ਵੱਧ ਕੋਈ ਰਿਸ਼ਤਾ ਨਹੀਂ।'' ਉਸ ਨੇ ਨਫਰਤ ਨਾਲ ਮੋਢੇ ਹਿਲਾਏ।

''ਅਫਸੋਸ ਤਾਂ ਇਹੀ ਏ ਕਿ ਔਰਤ ਹਮੇਸ਼ਾ ਇਸ਼ਕ ਕਰਦੀ ਏ ਤੇ ਮਰਦ ਸਿਰਫ ਸੈਕਸ ਕਰਦਾ ਏ। ਉਸ ਦੇ ਜਿਸਮ ਨੂੰ ਦੇਖਦਾ ਏ, ਉਸ ਦੀ ਰੂਹ ਨੂੰ ਨਹੀਂ ਤੇ ਰੂਹ ਨੂੰ ਦੇਖਣ ਲਈ ਤੀਜੀ ਅੱਖ ਦੀ ਲੋੜ ਏ, ਜੋ ਸਭ ਕੋਲ ਨਹੀਂ ਹੁੰਦੀ ਤੇ ਮੈਂ ਉਸੇ ਨਾਲ ਹੀ ਨਿਕਾਹ ਕਰਾਂਗੀ ਜਿਸ ਕੋਲ ਤੀਜੀ ਅੱਖ ਹੋਵੇਗੀ ਵਰਨਾ ਜੁੱਤੀਆਂ ਵਾਂਗ ਮਰਦ ਬਦਲਦੀ ਰਹਾਂਗੀ।'' ਮੈਂ ਵੀ ਨਫਰਤ ਨਾਲ ਜੁੱਤੀ ਜ਼ਮੀਨ ਤੇ ਰਗੜੀ।

''ਮੱਤ ਭੁੱਲ ਕਿ ਤੂੰ ਮੇਰੇ ਨਾਲ ਸੁੱਤੀ ਏਂ...ਆਪਣੀ ਇੱਜ਼ਤ ਤੂੰ ਮੈਨੂੰ ਦੇ ਚੁੱਕੀ ਏਂ।'' ਉਸ ਨੂੰ ਨਵੀਂ ਗੱਲ ਸੁੱਝੀ। ''ਤੂੰ ਨਹੀਂ ਸੁੱਤਾ ਮੇਰੇ ਨਾਲ?'' ਮੈਂ ਗੁੱਸੇ ਨਾਲ ਪੁੱਛਿਆ। ''ਮੈਂ ਮਰਦ ਹਾਂ...ਤੂੰ ਔਰਤ।'' ਉਹ ਗੁਮਾਨ ਨਾਲ ਬੋਲਿਆ। ''ਔਰਤ ਹਾਂ ਤਾਂ ਕੀ ਗੁਨਾਹ ਏ...ਜੇ ਤੈਨੂੰ ਕੋਈ ਫਰਕ ਨਹੀਂ ਪਿਆ ਤਾਂ ਮੇਰੀ ਕੀ ਮਹਿੰਦੀ ਉਤਰ ਗਈ?'' ਆਖ ਕੇ ਮੈਂ ਜ਼ੋਰ ਨਾਲ ਹੱਸੀ। ''ਫਰਕ ਬਹੁਤ ਏ ਤੂੰ ਬਾਅਦ ਵਿਚ ਮਹਿਸੂਸ ਕਰੇਂਗੀ।'' ਉਹ ਜਲ ਕੇ ਕੋਲਾ ਹੋ ਗਿਆ। ''ਸੈਂਡੀ, ਮੈਂ ਉਨ੍ਹਾਂ ਔਰਤਾਂ 'ਚੋਂ ਨਹੀਂ ਹਾਂ ਜਿਹੜੀਆਂ ਚਾਰ ਰਾਤਾਂ ਕਿਸੇ ਨਾਲ ਸੌਂ ਕੇ ਲਿੱਬੜ ਜਾਂਦੀਆਂ ਨੇ। ਤੇਰੇ ਵਰਗੇ ਕਈ ਚਾਮਕੇ ਤੁਰੇ ਫਿਰਦੇ ਨੇ।'' ਆਖ ਕੇ ਮੈਂ ਸਿਗਰਟ ਸੁਲਘਾਈ।

''ਔਰਤ ਨਹੀਂ ਨਾਗਣ ਏ ਤੂੰ ਨਾਗਣ। ਕਾਲੀ ਨਾਗਣ...ਤੈਨੂੰ ਵੱਸ ਕਰਨਾ ਮੇਰੇ ਵਰਗੇ ਨਾਦਾਨ ਸਪੇਰੇ ਦੇ ਵੱਸ ਦਾ ਰੋਗ ਨਹੀਂ ਏ।'' ਉਹ ਚੀਕਿਆ। ''ਦੁਨੀਆਂ ਦੀ ਹਰ ਔਰਤ ਨਾਗਣ ਏਂ ਤੇ ਮਰਦ ਸਪੇਰਾ। ਜੇ ਇਹ ਸਪੇਰਾ ਇਸ਼ਕ ਦੀ ਬੀਨ ਨਾ ਵਜਾਵੇ ਤਾਂ ਇਹ ਨਾਗਣ ਕਦੇ ਇਸ ਦੇ ਕਾਬੂ 'ਚ ਨਾ ਆਵੇ...ਮੇਰੀ ਇਕੱਲੀ ਦੀ ਗੱਲ ਨਹੀਂ ਏ। ਨਾਲੇ ਤੇਰੇ ਇਸ਼ਕ ਵਿਚ ਉਹ ਦਮ ਨਹੀਂ ਰਿਹਾ ਹੁਣ ਜਿਸ ਨਾਲ ਤੂੰ ਮੈਨੂੰ ਪਟਾਰੀ 'ਚ ਪਾ ਸਕੇਂ।'' ਆਖ ਕੇ ਮੈਂ ਹੱਸੀ ਤੇ ਉਹ ਗੁੱਸੇ 'ਚ ਪੈਰ ਪਟਕਦਾ ਹੋਇਆ ਚਲਾ ਗਿਆ। ਫੇਰ ਨਹੀਂ ਆਇਆ। ਬੜਾ ਗੰਦਾ ਲੱਗਦਾ ਏ ਮੈਨੂੰ ਬੰਦਾ ਜਦੋਂ ਕਿਸੇ ਔਰਤ ਖਾਸ ਕਰ ਕੇ ਆਪਣੀ ਬੀਵੀ ਜਾਂ ਮਾਸ਼ੂਕ ਨੂੰ ਬੁਰੀ ਦੱਸਦਾ ਏ। ਕਮਬਖਤ...ਨਾਮੁਰਾਦ, ਔਰਤ ਵੀ ਕੋਈ ਭੰਡਣ ਵਾਲੀ ਚੀਜ਼ ਏ? ਗਰੀਬ ਕੀ ਵਿਗਾੜ ਲਵੇਗੀ ਕਿਸੇ ਦਾ? ਮਰਦ ਸੌ ਜ਼ੁਲਮ ਸਿਤਮ ਵੀ ਕਰੇ ਤਾਂ ਉਸ ਦੀ ਕਦਮਬੋਸੀ ਕਰਨੀ ਨਹੀਂ ਛੱਡਦੀ। ਕਮਬਖਤ। ਸੱਚ ਪੁੱਛੋ ਤਾਂ ਮੈਨੂੰ ਹਰ ਔਰਤ 'ਚੋਂ ਆਪਣੀ ਅੰਮੀ ਨਜ਼ਰ ਆਉਂਦੀ ਏ ਤੇ ਹਰ ਮਰਦ 'ਚੋਂ ਆਪਣਾ ਬਾਪ...।

ਉਸ ਤੋਂ ਬਾਅਦ ਇੱਕ ਹੋਰ ਆਇਆ ਪਾਕਿਸਤਾਨੀ। ਹੁਸੈਨ ਨਾਮ ਸੀ ਉਸ ਦਾ। ਉਸ ਨਾਲ ਵੀ ਮੇਰੀ ਚੰਗੀ ਦੋਸਤੀ ਹੋ ਗਈ ਤੇ ਗੱਲ ਨਿਕਾਹ ਤੱਕ ਪਹੁੰਚ ਗਈ। ਮੇਰੇ ਹੀ ਧੰਦੇ ਵਾਲੀ ਮੇਰੀ ਇੱਕ ਸਹੇਲੀ ਇੱਕ ਵਾਰ ਬੀਮਾਰ ਸੀ ਤੇ ਹਸਪਤਾਲ ਵਿਚ ਦਾਖਿਲ ਸੀ। ਉਹ ਆਪਣੀ ਪੰਜ ਕੁ ਸਾਲ ਦੀ ਫੁੱਲ ਵਰਗੀ ਬੱਚੀ ਨੂੰ ਮੇਰੇ ਕੋਲ ਛੱਡ ਗਈ। ਇੱਕ ਦਿਨ ਹੁਸੈਨ ਰਾਤ ਨੂੰ ਮੇਰੇ ਕੋਲ ਆਇਆ ਤੇ ਬਹੁਤ ਦੇਰ ਤੱਕ ਬੱਚੀ ਨਾਲ ਪਿਆਰ ਕਰਦਾ ਰਿਹਾ।

''ਕਿੰਨੀ ਪਿਆਰੀ ਬੱਚੀ ਏ।'' ਮੈਂ ਸ਼ਰਾਬ ਦੇ ਭਰੇ ਗਿਲਾਸ ਮੇਜ਼ 'ਤੇ ਰੱਖਦੀ ਹੋਈ ਬੋਲੀ।

''ਹਾਂ। ਕੰਜਰੀ ਦੀ ਧੀ ਏ, ਵੱਡੀ ਹੋ ਕੇ ਕਮਾਲ ਦੀ ਕੰਜਰੀ ਬਣੇਗੀ।'' ਕਹਿ ਕੇ ਉਹ ਹੱਸਿਆ।

ਜਿਵੇਂ ਕਿਸੇ ਨੇ ਮੇਰੇ ਕਲੇਜੇ ਵਿਚ ਖੰਜਰ ਖੋਭ ਦਿੱਤਾ ਸੀ। ਗਿਲਾਸ ਮੇਰੇ ਹੱਥੋਂ ਛੁਟ ਕੇ ਜ਼ਮੀਨ 'ਤੇ ਜਾ ਡਿੱਗਾ।

''ਕੀ ਹੋਇਆ?'' ਉਹ ਭੱਜ ਕੇ ਮੇਰੇ ਕੋਲ ਆਇਆ।

''ਕੁਝ ਨਹੀਂ। ਤੂੰ ਇਥੋਂ ਚਲਾ ਜਾ ਹੁਸੈਨ। ਮੇਰੀ ਤਬੀਅਤ ਠੀਕ ਨਹੀਂ ਏ।'' ਮੈਂ ਆਪਣੇ ਸੀਨੇ 'ਤੇ ਹੱਥ ਰੱਖਦਿਆਂ ਕਿਹਾ। ''ਕੀ ਗੱਲ ਏ ਚੰਦਾ?'' ਉਸ ਨੇ ਮੈਨੂੰ ਆਪਣੀਆਂ ਬਾਹਾਂ ਵਿਚ ਲੈਣਾ ਚਾਹਿਆ।

''ਮੈਂ ਕਿਹਾ ਏ ਕਿ ਤੂੰ ਇਥੋਂ ਚਲਾ ਜਾ ਗੈਟ ਆਊਟ।'' ਮੈਂ ਉਸ ਨੂੰ ਧੱਕਾ ਮਾਰਿਆ। ਪਰ ਉਹ ਬੜਾ ਢੀਠ ਸੀ, ਨਾ ਗਿਆ। ਮੈਂ ਕਲੇਜਾ ਫੜੀ ਆਪਣੇ ਬਿਸਤਰ 'ਤੇ ਜਾ ਪਈ। ਉਸ ਰਾਤ ਉਸ ਨੇ ਕਈ ਵਾਰ ਮੇਰੇ ਨਾਲ ਖੇਹ ਖਾਣ ਦੀ ਕੋਸ਼ਿਸ਼ ਕੀਤੀ ਪਰ ਮੈਂ ਹਰ ਵਾਰ ਉਸ ਨੂੰ ਧੱਕਾ ਮਾਰ ਕੇ ਪਰ੍ਹਾਂ ਕਰ ਦਿੰਦੀ। ਅਖੀਰ ਜਦੋਂ ਉਹ ਜ਼ਬਰਦਸਤੀ 'ਤੇ ਉਤਰ ਆਇਆ ਤਾਂ ਮੈਂ ਪੂਰੇ ਜ਼ੋਰ ਨਾਲ ਲੱਤ ਉਸ ਦੇ ਢਿੱਡ ਵਿਚ ਮਾਰੀ ਤੇ ਉਸ ਨੂੰ ਬਿਸਤਰ 'ਚੋਂ ਬਾਹਰ ਸੁੱਟ ਦਿੱਤਾ।

''ਇਸੇ ਵਕਤ ਇਥੋਂ ਚਲਾ ਜਾ...ਵਰਨਾ ਪੁਲਿਸ ਬੁਲਾ ਲਵਾਂਗੀ, ਮੁੜ ਕੇ ਮੈਨੂੰ ਆਪਣੀ ਮਨਹੂਸ ਸੂਰਤ ਨਾ ਵਿਖਾਈਂ।'' ਦਰਵਾਜ਼ਾ ਖੋਲ੍ਹ ਕੇ ਉਸ ਨੂੰ ਬਾਹਰ ਜਾਣ ਦਾ ਇਸ਼ਾਰਾ ਕੀਤਾ। ਉਹ ਚਲਾ ਗਿਆ ਤੇ ਮੁੜ ਕੇ ਮੈਨੂੰ ਦਿਖਾਈ ਨਾ ਦਿੱਤਾ। ਹਾਂ ਇੱਕ ਵਾਰੀ ਬੜਾ ਅਜੀਬ ਵਾਕਿਆ ਹੋਇਆ। ਇੱਕ ਬਾਪ ਤੇ ਬੇਟਾ ਦੋਵੇਂ ਹੀ ਮੇਰੇ ਆਸ਼ਕ ਸਨ। ਪਰ ਮੈਨੂੰ ਪਤਾ ਨਹੀਂ ਸੀ। ਇਹ ਉਸੇ ਜਹੂਦੀ ਦੀ ਗੱਲ ਏ ਜਿਸ ਦਾ ਮੈਂ ਪਹਿਲਾਂ ਜ਼ਿਕਰ ਕੀਤਾ ਸੀ। ਇੱਕ ਦਿਨ ਮਲੂਮ ਨਹੀਂ ਕਿਸ ਤਰ੍ਹਾਂ ਉਸ ਦਾ ਬੇਟਾ ਵੀ ਮੇਰੇ ਕੋਲ ਆ ਗਿਆ। ਰਾਤ ਨੂੰ ਮੇਰੇ ਨਾਲ ਸੌਣ ਲੱਗਾ ਤਾਂ ਲੌਂਡਿਆਂ ਵਾਂਗ ਬੋਲਿਆ,

''ਤੂੰ ਸਭ ਤੋਂ ਪਹਿਲਾਂ ਕਿਸ ਨਾਲ ਸੁੱਤੀ ਸੀ?''

''ਤੇਰੇ ਬਾਪ ਨਾਲ।'' ਮੈਂ ਗੁੱਸੇ 'ਚ ਕਿਹਾ। ਮੈਂ ਤਾਂ ਸਿਰਫ਼ ਮਜ਼ਾਕ ਹੀ ਕੀਤਾ ਸੀ ਪਰ ਦਰਅਸਲ ਸੱਚਮੁੱਚ ਹੀ ਉਸ ਦਾ ਬਾਪ ਵੀ ਮੇਰੇ ਘਰ ਆਂਦਾ ਜਾਂਦਾ ਸੀ। ਇੱਕ ਦਿਨ ਦੋਵੇਂ ਇਕੱਠੇ ਹੀ ਆ ਗਏ। ਉਸ ਦਿਨ ਗਲਤੀ ਮੇਰੀ ਹੀ ਸੀ। ਅਮੂਮਨ ਜਦੋਂ ਵੀ ਕੋਈ ਗਾਹਕ ਮੇਰੇ ਕੋਲ ਹੁੰਦਾ ਸੀ ਤਾਂ ਮੈਂ ਲਾਲ ਚੁੰਨੀ ਵਿੰਡੋ 'ਤੇ ਟੰਗ ਦਿੰਦੀ ਸੀ ਤਾਂ ਕਿ ਬਾਹਰੋਂ ਆਉਣ ਵਾਲਾ ਸਮਝ ਜਾਵੇ ਕਿ ਮੈਂ ਬਿਜ਼ੀ ਹਾਂ। ਉਸ ਦਿਨ ਭੁੱਲ ਗਈ। ਦੋਵੇਂ ਇਕੱਠੇ ਹੀ ਆ ਗਏ। ਬਾਪ ਕਹੇ ਤੇਰੀ ਤਲਾਸ਼ 'ਚ ਆਇਆ ਹਾਂ ਤੇ ਬੇਟਾ ਕਹੇ ਕਿ ਉਹ ਬਾਪ ਦਾ ਪਿੱਛਾ ਕਰ ਰਿਹਾ ਸੀ। ਦੋਵਾਂ ਵਿਚ ਖ਼ੂਬ ਜੰਗ ਹੋਈ। ਬੇਟਾ ਘਰ ਛੱਡ ਕੇ ਚਲਾ ਗਿਆ। ਪਰ ਬੁੱਢਾ ਕਮਾਲ ਕਰ ਗਿਆ। ਮਰਦਾ ਹੋਇਆ ਆਪਣਾ ਮਕਾਨ ਮੇਰੇ ਨਾਮ ਲਗਵਾ ਗਿਆ, ਪਾਗਲ। ਤੇ ਇਹ ਮਕਾਨ ਉਸੇ ਦਾ ਹੀ ਏ। ਮੈਂ ਬਾਵਰਚੀਖਾਨੇ ਦਾ ਇੱਕ ਚਮਚ ਤੱਕ ਨਹੀਂ ਖਰੀਦਿਆ। ਸਭ ਕੁਝ ਉਸੇ ਦਾ ਦਿੱਤਾ ਹੋਇਆ ਏ।''

ਸਿਰਫ ਜਹੂਦੀ ਬੁੱਢਾ ਹੀ ਨਹੀਂ, ਕਈ ਹੋਰ ਵੀ ਸ਼ਾਇਸਤਾ ਇਨਸਾਨ ਮੇਰੀ ਜ਼ਿੰਦਗੀ 'ਚ ਆਏ। ਉਨ੍ਹਾਂ ਵਿਚੋਂ ਇੱਕ ਸੀ ਪ੍ਰੋ. ਖਾਨ। ਬਹੁਤ ਨਫੀਸ ਆਦਮੀ ਸੀ ਉਹ। ਬੀਵੀ ਬਹੁਤ ਹੁਸੀਨ ਸੀ ਉਸ ਦੀ, ਬਲਾ ਹੀ ਖ਼ੂਬਸੂਰਤ ਤੇ ਆਲ੍ਹਾ ਦਰਜੇ ਦੀ ਨੌਕਰੀ ਸੀ ਉਸ ਕੋਲ, ਪਰ ਰੰਡੀਬਾਜ਼ੀ ਦਾ ਬੜਾ ਸ਼ੁਕੀਨ ਸੀ। ਪਤਾ ਨਹੀਂ ਕਿਉਂ ਮੈਂ ਕਦੇ ਵੀ ਉਸ ਤੋਂ ਇੱਕ ਪੈਸਾ ਤੱਕ ਨਹੀਂ ਲਿਆ। ਉਸ ਨੂੰ ਮੇਰੀ ਆਵਾਜ਼ ਬਹੁਤ ਪਸੰਦ ਸੀ। ਮੈਂ ਗਜ਼ਲ ਕਹਿੰਦੀ ਤਾਂ ਉਹ ਅਸ਼ ਅਸ਼ ਕਰ ਉਠਦਾ। ਮੇਰੀ ਆਵਾਜ਼ 'ਚੋਂ ਮੈਨੂੰ ਆਪਣੀ ਅੰਮੀ ਦੀ ਆਵਾਜ਼ ਸੁਣਾਈ ਦਿੰਦੀ ਤੇ ਮੇਰੀ ਗ਼ਜ਼ਲ 'ਚ ਹੋਰ ਦਰਦ ਜਾਗ ਪੈਂਦਾ। ''ਬਹੁਤ ਮਕਬੂਲ ਗ਼ਜ਼ਲ ਗਾਇਕਾ ਬਣ ਸਕਦੀ ਏਂ ਤੂੰ...ਜੇ ਕੋਸ਼ਿਸ਼ ਕਰੇਂ ਤਾਂ ਬਹੁਤ ਸ਼ੋਹਰਤ ਮਿਲ ਸਕਦੀ ਏ।'' ਉਹ ਕਈ ਵਾਰ ਮਸ਼ਵਰਾ ਦਿੰਦਾ। ''ਸ਼ੋਹਰਤਾਂ ਤੇ ਰੁਸਵਾਈਆਂ 'ਚ ਕੋਈ ਜ਼ਿਆਦਾ ਫਰਕ ਨਹੀਂ ਏ ਖਾਨ ਸਾਹਬ, ਦੋਵੇਂ ਸਕੀਆਂ ਭੈਣਾਂ ਨੇ...ਇਕੱਠੀਆਂ ਹੀ ਆਉਂਦੀਆਂ ਨੇ...ਤੇ ਮੈਨੂੰ ਦੋਵਾਂ 'ਚ ਹੁਣ ਕੋਈ ਫਰਕ ਨਹੀਂ ਲੱਗਦਾ।'' ਮੈਂ ਕਿਹਾ ਤਾਂ ਉਸ ਨੇ ਕਈ ਵਾਰੀ ਆਪਣੇ ਮੱਥੇ 'ਤੇ ਹੱਥ ਮਾਰਿਆ।

''ਕਿੰਨੀ ਜ਼ਹੀਨ ਔਰਤ ਏਂ ਤੂੰ। ਫਖਰ ਹੈ ਮੈਨੂੰ ਆਪਣੇ ਆਪ 'ਤੇ ਜੋ ਮੈਂ ਤੇਰੇ ਨਾਲ ਇਸ਼ਕ ਕੀਤਾ। ਸੈਕਸ ਤਾਂ ਕਿਸੇ ਨਾਲ ਵੀ ਕੀਤਾ ਜਾ ਸਕਦਾ ਏ ਪਰ ਇਸ਼ਕ...। ਖਾਸ ਕਰਕੇ ਮੇਰੇ ਵਰਗੇ ਬੰਦੇ ਲਈ ਇਸ਼ਕ ਵਾਸਤੇ ਸਿਰਫ ਜਿਸਮ ਦੀ ਨਹੀਂ ਜ਼ਿਹਨ ਦੀ ਵੀ ਲੋੜ ਹੈ।'' ਉਹ ਵਾਰ ਵਾਰ ਮੇਰੇ ਤੋਂ ਕੁਰਬਾਨ ਹੋ ਰਿਹਾ ਸੀ। ''ਪਰ ਪਿਛਲੇ ਹਫਤੇ ਤਾਂ ਤੁਸੀਂ ਫਰਮਾ ਰਹੇ ਸੀ ਕਿ ਸੈਕਸ ਕਰਨ ਤੋਂ ਬਾਅਦ ਔਰਤ ਮਰਦ ਨੂੰ ਇਸ ਤਰ੍ਹਾਂ ਲੱਗਦੀ ਏ ਜਿਵੇਂ ਆਖਰੀ ਕਸ਼ ਖਿੱਚ ਕੇ ਸੁੱਟੀ ਹੋਈ ਸਿਗਰਟ...ਮਤਲਬ ਬੇਕਾਰ।'' ਜਦੋਂ ਮੈਂ ਕਿਹਾ ਤਾਂ ਉਸ ਨੇ ਦੋਵੇਂ ਹੱਥ ਮੇਰੇ ਅੱਗੇ ਜੋੜ ਦਿੱਤੇ ਕਿ ਗੁਸਤਾਖੀ ਮੁਆਫ। ਇਸੇ ਤਰ੍ਹਾਂ ਕਈ ਦਫਾ ਕਈ ਆਏ ਜਿਨ੍ਹਾਂ ਕੋਲ ਨੋਟਾਂ ਦੀ ਗਰਮੀ ਤਾਂ ਸੀ ਪਰ ਜਜ਼ਬਾਤ ਦਾ ਨਿੱਘ ਨਹੀਂ ਸੀ। ਮੇਰੀ ਅੰਮੀ ਆਖਦੀ ਹੁੰਦੀ ਸੀ ਔਰਤ ਤੇ ਪਾਣੀ ਵਿਚ ਕੋਈ ਫਰਕ ਨਹੀਂ ਹੁੰਦਾ, ਜਿਸ 'ਚ ਘੁਲ ਗਈ, ਉਹੋ ਜਿਹੀ ਹੋ ਗਈ। ਜਾਂ ਹਰ ਰੰਗ 'ਚ ਰੰਗ ਲੈਂਦੀ ਹੈ ਆਪਣੇ ਆਪ ਨੂੰ ਔਰਤ।' ਪਰ ਮੇਰੇ ਤੇ ਕੋਈ ਰੰਗ ਨਾ ਚੜ੍ਹਿਆ ਤੇ ਨਾ ਹੀ ਕਿਸੇ ਪਾਣੀ 'ਚ ਮੈਂ ਘੁਲ ਸਕੀ ਕਦੇ। ਹਾਂ, ਬਲਕਿ ਹਰ ਵਾਰ ਮੇਰੀ ਤਸ਼ਨਗੀ ਵੱਧਦੀ ਗਈ। ਸ਼ਾਇਦ ਮੈਨੂੰ ਪਾਣੀ ਦੀ ਨਹੀਂ ਜ਼ਹਿਰ ਦੀ ਤਲਾਸ਼ ਏ। ਕੋਈ ਅਜਿਹਾ ਡੰਗ ਮਾਰੇ ਮੁੜ ਕੇ ਜ਼ਹਿਰ ਨਾ ਮੰਗਾਂ। ਪਰ ਇਥੇ ਸੱਪਾਂ 'ਚ ਜ਼ਹਿਰ ਕਿੱਥੇ। ਮੈਂ ਕਈ ਨਾਗ ਪੂਛਾਂ ਤੋਂ ਫੜ ਫੜ ਕੇ ਘੁੰਮਾਏ ਸਭ ਪਾਣੀ ਦੇ ਸੱਪ ਨਿਕਲੇ। ਕਿਸੇ 'ਚ ਇੰਨਾ ਜ਼ਹਿਰ ਨਹੀਂ ਸੀ ਜੋ ਮੈਨੂੰ ਡੰਗ ਮਾਰਦਾ। ਹਰ ਜੁਸਤਜੂ ਵਿਚ ਮੈਂ ਨਾਕਾਮਯਾਬ ਹੋਈ ਤੇ ਵਕਤ ਦੀ ਗਰਦੋ ਗ਼ੁਬਾਰ ਵਿਚ ਮੇਰੀਆਂ ਹਸਰਤਾਂ ਦੇ ਸਿਤਾਰੇ ਡੁੱਬਦੇ ਰਹੇ। ਕਹਾਵਤ ਏ ਕਿ 'ਔਰਤ ਤੇ ਜ਼ਮੀਨ ਬੇਖਸਮੀਆਂ ਬੇਸ਼ਕ ਹੋਣ ਪਰ ਬੇਯਾਰ ਕਦੇ ਨਹੀਂ ਹੁੰਦੀਆਂ।' ਕਈ ਵਾਰ ਹੱਸ ਪੈਨੀ ਹਾਂ ਮੈਂ ਇਹ ਜੁਮਲਾ ਸੋਚ ਕੇ। ਖਸਮ ਕੋਈ ਨਹੀਂ ਮਿਲਿਆ ਚਾਮਕੇ ਬੜੇ ਮਿਲੇ। ਸਭ ਦੀ ਇਹੋ ਆਰਜ਼ੂ ਕਿ ਮੈਨੂੰ ਨੰਗੀ ਨੂੰ ਦੇਖਣਾ ਹੈ-ਬੇਨਕਾਬ। ਮਰਦ ਦੀ ਸ਼ੁਰੂ ਤੋਂ ਹਸਰਤ ਹੀ ਇਹ ਹੈ ਕਿ ਕਿਵੇਂ ਨਾ ਕਿਵੇਂ ਔਰਤ ਨੂੰ ਨੰਗੀ ਕੀਤਾ ਜਾਵੇ। ਜਦੋਂ ਫਰਗੀ ਦੀਆਂ ਨੰਗੀ ਦੀਆਂ ਤਸਵੀਰਾਂ ਅਖ਼ਬਾਰਾਂ 'ਚ ਲੱਗੀਆਂ ਤਾਂ ਮੈਂ ਬਹੁਤ ਹੱਸੀ। ਕੁਝ ਦਿਨ ਪਹਿਲਾਂ ਹੀ ਮੈਂ ਟੀ.ਵੀ. ਤੇ ਉਹ ਤੁਹਾਡਾ 'ਮਹਾਂਭਾਰਤ' ਦੇਖਿਆ ਸੀ ਜਿਸ ਵਿਚ ਦਰੋਪਤੀ ਨੂੰ ਪੰਜ ਸੱਤ ਮੁਸ਼ਟੰਡੇ ਫੜ ਕੇ ਨੰਗੀ ਕਰਨ ਦੀ ਕੋਸ਼ਿਸ਼ ਕਰਦੇ ਨੇ। ਫਰਗੀ ਤੇ ਦਰੋਪਤੀ ਮੈਨੂੰ ਇੱਕੋ ਜਿਹੀਆਂ ਲੱਗੀਆਂ। ਵਿਚਾਰੀਆਂ...। ਮਰਦ ਅੱਜ ਵੀ ਉਥੇ ਹੀ ਏ ਜਿਥੇ ਹਜ਼ਾਰਾਂ ਸਾਲ ਪਹਿਲਾਂ ਸੀ ਜੰਗਲੀ। ਸਿਰਫ ਔਰਤ ਨੂੰ ਨੰਗਾ ਕਰਨ ਦੀ ਖਾਹਿਸ਼। ਫੇਰ ਮੈਂ ਕਿਸ ਗਿਣਤੀ 'ਚ ਆਉਂਦੀ ਸੀ। ਨਾਲੇ ਜਿਸਮਾਨੀ ਨੰਗੇਜ ਹੋਰ ਗੱਲ ਏ ਤੇ ਰੂਹਾਨੀ ਹੋਰ। ਜਿਸਮ ਮੇਰਾ ਛਲਣੀ ਹੋ ਗਿਆ ਏ, ਨੰਗੀਆਂ ਨਿਗਾਹਾਂ ਤੋਂ। ਇਹ ਬਦਨਸੀਬ ਮਿੱਟੀ ਪਤਾ ਨਹੀਂ ਕਿੰਨੀ ਵਾਰੀ ਨੰਗੀ ਹੋਈ ਏ। ਸੱਚ ਪੁੱਛੋਂ ਤਾਂ ਨੰਗੀ ਜ਼ਿਆਦਾ ਹੋਈ ਏ ਕੱਪੜੇ ਤਾਂ ਘੱਟ ਹੀ ਨਸੀਬ ਹੋਏ ਨੇ ਗਰੀਬ ਨੂੰ। ਲੋਕਾਂ ਦਾ ਆਮ ਖਿਆਲ ਏ ਕਿ ਮੈਂ ਮਰਦਾਂ ਤੋਂ ਪੈਸਾ ਲੁੱਟਣੀ ਹਾਂ, ਜੇਬਾਂ ਖਾਲੀ ਕਰਦੀ ਹਾਂ ਉਨ੍ਹਾਂ ਦੀਆਂ। ਵੈਸੇ ਤਾਂ ਹਰ ਔਰਤ ਦਾ ਮਕਸਦ ਹੀ ਮਰਦ ਦੀ ਜੇਬ ਖਾਲੀ ਕਰਨਾ ਹੁੰਦਾ ਹੈ। ਚਾਹੇ ਉਹ ਬੀਵੀ ਹੈ ਜਾਂ ਰਖੇਲ ਪਰ ਮੈਂ ਇਸ ਕੰਮ 'ਚ ਕੁਝ ਜ਼ਿਆਦਾ ਹੀ ਬਦਨਾਮ ਹਾਂ। ਮੇਰੇ ਜਿਸਮ ਦੇ ਬਾਵਸਤਾ ਕਈ ਅਫਸਾਨੇ ਜ਼ਮਾਨੇ ਭਰ 'ਚ ਮਸ਼ਹੂਰ ਹੋਏ ਕਿ ਮੈਂ ਬਹੁਤ ਹੁਸੀਨ ਹਾਂ, ਬਹੁਤ ਗੁਦਾਜ਼ ਬਦਨ ਏ ਮੇਰਾ, ਬਹੁਤ ਰੇਸ਼ਮੀ ਹਾਂ, ਮੇਰੀਆਂ ਜ਼ੁਲਫਾਂ ਕਾਲੀਆਂ ਘਟਾਵਾਂ ਨੇ ਤੇ ਕਮਰ ਤੇਜ਼ ਤਲਵਾਰ ਏ, ਮੇਰੀਆਂ ਅੱਖਾਂ 'ਚ ਹਜ਼ਾਰਾਂ ਝੀਲਾਂ ਦੀ ਗਹਿਰਾਈ ਏ...ਵਗੈਰਾ ਵਗੈਰਾ। ਪਰ ਕਦੇ ਕਿਸੇ ਨੇ ਇਹ ਨਹੀਂ ਦੇਖਿਆ ਕਿ ਮੇਰੇ ਅੰਦਰ ਇੱਕ ਸਮੁੰਦਰ ਵੀ ਹੈ, ਅਹਿਸਾਸ ਦਾ ਸਮੁੰਦਰ, ਤੇ ਉਸ ਸਮੁੰਦਰ ਦੀ ਅੱਗ ਤੱਕ ਕੋਈ ਨਹੀਂ ਪਹੁੰਚਿਆ, ਕਿਸੇ ਨੂੰ ਸੇਕ ਤੱਕ ਵੀ ਨਹੀਂ ਆਇਆ ਉਸ ਅੱਗ ਦਾ, ਬੁਝਣੀ ਤਾਂ ਕਿਸ ਤੋਂ ਸੀ। ਗਰਮ ਗੋਸ਼ਤ ਨੂੰ ਨੋਚਣ ਵਾਲੇ ਬਹੁਤ ਮਿਲੇ ਪਰ ਹਰ 'ਤੇ ਕੋਈ ਝਰੀਟ ਨਾ ਪਾ ਸਕਿਆ, ਬਹੁਤ ਲੰਮੀ ਦਾਸਤਾਨ ਏ ਮੇਰੇ ਜ਼ਖ਼ਮਾਂ ਦੀ। ਰਾਤ ਮੁਕ ਜਾਵੇਗੀ, ਕਹਾਣੀ ਨਹੀਂ ਖਤਮ ਹੋਣੀ।'' ਆਖ ਕੇ ਉਸ ਨੇ ਉਬਾਸੀ ਲਈ।

''ਹੁਣ ਤੂੰ ਕੀ ਨਾਮ ਰੱਖੇਂਗੀ ਮੇਰੇ ਅਫਸਾਨੇ ਦਾ.?'' ਕਹਿ ਕੇ ਉਹ ਇਕਦਮ ਚੁੱਪ ਹੋ ਗਈ।

ਮੈਂ ਜਿਵੇਂ ਨੀਂਦ 'ਚੋਂ ਜਾਗੀ। ਦੇਖਿਆ ਵਾਈਨ ਦੀ ਪੂਰੀ ਬੋਤਲ ਖਾਲੀ ਸੀ। ਸਿਗਰਟਾਂ ਦੀ ਡੱਬੀ ਮਰੋੜ ਕੇ ਮੇਜ਼ ਥੱਲੇ ਸੁੱਟੀ ਪਈ ਸੀ। ''ਹਿੰਦੂ ਧਰਮ ਵਿਚ ਗੀਤਾ ਦਾ ਸੰਦੇਸ਼ ਹੈ ਕਿ ਰੂਹ ਅਮਰ ਹੈ। ਸਰੀਰ ਤਾਂ ਚੋਲਾ ਹੈ, ਕੱਪੜਿਆਂ ਵਾਂਗ ਇਨਸਾਨ ਇਸ ਨੂੰ ਬਦਲਦਾ ਹੈ। ਤੂੰ ਤਾਂ ਖ਼ੁਦ ਹੀ ਦੱਸਿਆ ਹੈ ਕਿ ਤੇਰੀ ਰੂਹ ਨੂੰ ਕਿਸੇ ਨੇ ਨਹੀਂ ਛੂਹਿਆ। ਸਿਰਫ ਬਦਨ ਹੀ ਛਲਣੀ ਏ। ਬਦਨ ਤਾਂ ਰੋਜ਼ ਹੀ ਛਲਣੀ ਹੁੰਦੇ ਨੇ ਤਈਅਬਾ...ਰੂਹ ਤੇ ਝਰੀਟ ਕਿਸਮਤ ਨਾਲ ਹੀ ਪੈਂਦੀ ਹੈ।'' ਮੈਂ ਡੂੰਘਾ ਹੌਕਾ ਲਿਆ। ਮੈਂ ਦੇਖਿਆ ਮੇਰਾ ਜੁਆਬ ਸੁਣ ਕੇ ਉਸ ਦੀਆਂ ਸਾਂਵਲੀਆਂ ਗੱਲ੍ਹਾਂ 'ਤੇ ਦੋ ਮੋਤੀ ਆ ਗਿਰੇ ਜੋ ਸ਼ਾਇਦ ਉਸ ਨੇ ਆਪਣੀ ਕਹਾਣੀ ਵੇਲੇ ਪੂਰਾ ਸਮਾਂ ਅੱਖਾਂ ਦੇ ਕਿਸੇ ਕੋਨੇ 'ਡੱਕੀ ਰੱਖੇ ਸਨ।

# ਅਗਨੀਵੀਰਾਂ ਦੇ ਭਵਿੱਖ ਦਾ ਸਵਾਲ ਵੱਡਾ

ਭਾਰਤ ਵਿਚ ਇੱਕ ਪਾਸੇ ਲੂ ਦਾ ਕਹਿਰ ਹੈ, ਦੂਜੇ ਪਾਸੇ ਅੱਗ ਦੇ ਭਬੂਕੇ ਵਾਲੇ ਚੋਣ ਅਖਾੜੇ 'ਚ ਫੌਜ ਦੀ ਅਗਨੀਪਥ ਸਕੀਮ ਵਾਲਾ ਮੁੱਦਾ ਛਿੜਿਆ ਰਿਹਾ। ਇੱਥੋਂ ਤੱਕ ਕਿ ਇਹ ਪਿੰਡ ਪੱਧਰ ਤੱਕ ਵੀ ਖੁੰਢ ਚਰਚਾ ਦਾ ਵਿਸ਼ਾ ਬਣਿਆ ਰਿਹਾ; ਇਸ ਲਈ ਨਹੀਂ ਕਿ ਇਹ ਪਹਿਲੂ ਚੋਣਾਂ ਨੂੰ ਪ੍ਰਭਾਵਿਤ ਕਰੇਗਾ ਸਗੋਂ ਇਸ ਦਾ ਦੂਰਦਰਸ਼ੀ ਅਸਰ ਨੌਜਵਾਨਾਂ ਦੇ ਉੱਜਲ ਭਵਿੱਖ, ਫ਼ੌਜ ਤੇ ਦੇਸ਼ ਦੀ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈ। ਸਵਾਲ ਹੈ: ਕੀ ਅਗਨੀਵੀਰਾਂ ਦਾ ਭਵਿੱਖ ਸੁਰੱਖਿਅਤ ਹੋਵੇਗਾ? ਉਨ੍ਹਾਂ ਨੂੰ ਕਿਤੇ ਦਰ-ਦਰ ਦੀਆਂ ਠੋਕਰਾਂ ਹੀ ਤਾਂ ਨਸੀਬ ਨਹੀਂ ਹੋਣਗੀਆਂ?

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਹਿਲਾਂ

**ਬ੍ਰਿਗ. ਕੁਲਦੀਪ ਸਿੰਘ ਕਾਹਲੋਂ**
**ਫੋਨ: +91-98142-45151**

28 ਮਾਰਚ ਨੂੰ ਇੱਕ ਚੈਨਲ ਦੇ ਪ੍ਰੋਗਰਾਮ ਸਮੇਂ, ਫਿਰ 13 ਮਈ ਨੂੰ ਕੌਮੀ ਪੱਧਰ ਵਾਲੀ ਇੱਕ ਅਖ਼ਬਾਰ ਨੂੰ ਦਿੱਤੀ ਇੰਟਰਵਿਊ ਵਿਚ ਅਗਨੀਵੀਰਾਂ ਦੇ ਸੁਰੱਖਿਅਤ ਭਵਿੱਖ ਬਾਰੇ ਵਾਰ-ਵਾਰ ਭਰੋਸਾ ਦਿੱਤਾ ਕਿ ਜੇਕਰ ਅਗਨੀਪਥ ਸਕੀਮ 'ਚ ਤਰੁਟੀਆਂ ਨਜ਼ਰ ਆਈਆਂ ਤਾਂ ਲੋੜ ਪੈਣ 'ਤੇ ਕੇਂਦਰ ਸਰਕਾਰ ਤਬਦੀਲੀ ਲਈ ਤਿਆਰ ਹੈ। ਉਨ੍ਹਾਂ ਸਕੀਮ ਦਾ ਗੁਣਗਾਨ ਕੀਤਾ ਕਿ ਇਸ ਤਕਨੀਕੀ ਤੇ ਸ਼ਿਲਪ ਵਿਗਿਆਨ ਯੁੱਗ ਵਿਚ 17 ਸਾਲ ਤੋਂ 21 ਸਾਲ ਦੀ ਉਮਰ ਵਾਲੇ ਨਿਪੁੰਨ ਨੌਜਵਾਨਾਂ ਅੰਦਰ ਵਧੇਰੇ ਖ਼ਤਰਾ ਮੁੱਲ ਲੈਣ ਦੀ ਭਾਵਨਾ ਵਧੇਗੀ ਜੋ ਫ਼ੌਜ ਲਈ ਸਹਾਈ ਹੋਵੇਗੀ। ਅਗਨੀਵੀਰਾਂ ਦੇ ਮੁੜ ਵਸੇਬੇ ਲਈ ਪੈਰਾ-ਮਿਲਟਰੀ ਸਮੇਤ ਰਾਖਵਾਂਕਰਨ ਨੀਤੀ ਲਾਗੂ ਹੋਵੇਗੀ।

ਰੱਖਿਆ ਮੰਤਰੀ ਭਾਜਪਾ ਦਾ ਸੰਕਲਪ ਪੱਤਰ ਘੜਨ ਵਾਲੀ ਕਮੇਟੀ ਦੇ ਚੇਅਰਮੈਨ ਸਨ, ਇਸ ਲਈ ਉਨ੍ਹਾਂ ਪਾਸੋਂ ਉਮੀਦ ਕੀਤੀ ਜਾ ਰਹੀ ਸੀ ਕਿ ਚੋਣਾਂ ਪ੍ਰਭਾਵਿਤ ਕਰਨ ਵਾਲੇ ਇਸ ਭਖਦੇ ਮਸਲੇ ਨੂੰ ਮੈਨੀਫੈਸਟੋ 'ਚ ਸ਼ਾਮਲ ਕੀਤਾ ਜਾਵੇਗਾ ਪਰ ਅਜਿਹਾ ਨਹੀਂ ਹੋਇਆ।

ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ 'ਚ ਇਹ ਦਰਜ ਕੀਤਾ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਅਗਨੀਪਥ ਯੋਜਨਾ ਖਾਰਿਜ ਕਰ ਦਿੱਤੀ ਜਾਵੇਗੀ। ਕਾਂਗਰਸ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ 22 ਮਈ ਨੂੰ ਸੋਨੀਪਤ ਵਿਖੇ ਜਲਸੇ ਦੌਰਾਨ ਕਿਹਾ ਕਿ ਅਗਨੀਪਥ ਸਕੀਮ ਨੇ ਫ਼ੌਜ ਨੂੰ ਦੋ ਹਿੱਸਿਆਂ 'ਚ ਵੰਡ ਦਿੱਤਾ ਹੈ। ਇੰਡੀਆ ਗੱਠਜੋੜ ਦੀਆਂ ਚੋਣ ਰੈਲੀਆਂ ਵਿਚ ਵੀ ਇਸ ਸਕੀਮ 'ਤੇ ਲਗਾਮ ਲਾਉਣ ਵਾਲੇ ਦਾਅਵੇ ਕੀਤੇ ਗਏ। ਜੇਲ੍ਹ 'ਚੋਂ ਬਾਹਰ ਕਦਮ ਰੱਖਦਿਆਂ ਸਾਰ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ 10 ਗਾਰੰਟੀਆਂ 'ਚ ਅਗਨੀਪਥ ਸਕੀਮ ਨੂੰ ਸ਼ਾਮਲ ਕਰਦਿਆਂ ਕਿਹਾ, "ਚਾਰ ਸਾਲਾਂ ਲਈ ਨੌਜਵਾਨਾਂ ਨੂੰ ਠੇਕੇ ਦੇ ਆਧਾਰ 'ਤੇ ਭਰਤੀ ਕਰਨ ਨਾਲ ਫ਼ੌਜ ਕਮਜ਼ੋਰ ਹੋਵੇਗੀ। ਇਸ ਵਾਸਤੇ ਇਹ ਸਕੀਮ ਭੰਗ ਕਰ ਦਿੱਤੀ ਜਾਵੇਗੀ।"



ਫ਼ੌਜ 'ਚ 34 ਸਾਲ ਦੀ ਨੌਕਰੀ ਤੋਂ ਬਾਅਦ 5 ਸਾਲਾਂ ਤੋਂ ਵੱਧ ਸਮੇਂ ਲਈ, ਉਹ ਵੀ ਕਾਰਗਿਲ ਲੜਾਈ ਸਮੇਂ ਬਤੌਰ ਡਾਇਰੈਕਟਰ ਸੈਨਿਕ ਭਲਾਈ ਪੰਜਾਬ ਦੇ ਤੌਰ 'ਤੇ ਵੀ ਦੇਸ਼ ਦੇ ਰਖਵਾਲਿਆਂ ਦੀਆਂ ਕਿੱਤਾ ਭਰਪੂਰ ਚੁਣੌਤੀਆਂ, ਮਨੋਵਿਗਿਆਨਕ ਸਥਿਤੀ, ਪਰਿਵਾਰਾਂ ਦੀਆਂ ਸਮੱਸਿਆਵਾਂ ਵਲਵਲੇ ਤੇ ਮੁੜ ਵਸੇਬੇ ਦੀ ਚਿੰਤਾ ਤੇ ਭਲਾਈ ਨਾਲ ਸਬੰਧਿਤ ਕਾਨੂੰਨ ਨਿਯਮਾਂਵਲੀ ਕੇਂਦਰ ਤੇ ਸੂਬਾ ਸਰਕਾਰ ਦੀਆਂ ਨੀਤੀਆਂ, ਰਾਖਵਾਂਕਰਨ ਵਾਲੇ ਨੋਟੀਫਿਕੇਸ਼ਨਾਂ ਭਰਤੀ ਤੇ ਐਕਸ ਸਰਵਿਸਮੈਨ ਦੀ ਪਰਿਭਾਸ਼ਾ ਵਗੈਰਾ ਵਿਸ਼ਿਆਂ ਬਾਰੇ ਸਮੁੱਚੀ ਜਾਣਕਾਰੀ ਹੋਣ ਨਾਤੇ ਮੈਂ ਆਪਣੀ ਪੇਸ਼ੇਵਰ ਤੇ ਇਖ਼ਲਾਕੀ ਜ਼ਿੰਮੇਵਾਰੀ ਸਮਝਦਾ ਹਾਂ ਕਿ ਅਗਨੀਵੀਰ ਵਿਵਾਦਿਤ ਮੁੱਦੇ ਦੀ ਸਮੁੱਚੇ ਤੌਰ 'ਤੇ ਸਮੀਖਿਆ ਕੀਤੀ ਜਾਵੇ। ਇਸ ਨਾਲ ਪਤਾ ਲੱਗ ਸਕੇਗਾ ਕਿ ਇਹ ਯੋਜਨਾ ਨੌਜਵਾਨਾਂ, ਸਮਾਜ, ਫ਼ੌਜ ਤੇ ਦੇਸ਼ ਦੀ ਸੁਰੱਖਿਆ ਦਾ ਪੱਖ ਪੂਰਦੀ ਵੀ ਹੈ ਕਿ ਨਹੀਂ?

ਜਦੋਂ ਰੱਖਿਆ ਮੰਤਰੀ ਨੇ ਤਿੰਨਾਂ ਹਥਿਆਰਬੰਦ ਸੈਨਾਵਾਂ ਦੇ ਮੁਖੀਆਂ ਦੀ ਮੌਜੂਦਗੀ 'ਚ 14 ਜੂਨ 2022 ਨੂੰ ਫ਼ੌਜ 'ਚ ਪੱਕੀ ਭਰਤੀ ਦੀ ਬਜਾਏ ਅਚਨਚੇਤ ਅਗਨੀਪਥ ਯੋਜਨਾ ਦਾ ਐਲਾਨ ਕਰ ਦਿੱਤਾ ਸੀ ਤਾਂ ਤਕਰੀਬਨ ਤਿੰਨ ਸਾਲਾਂ ਤੋਂ ਰੱਖਿਆ ਸੈਨਾਵਾਂ 'ਚ ਪੱਕੀ ਭਰਤੀ ਖੁੱਲ੍ਹਣ ਦੇ ਇੰਤਜ਼ਾਰ 'ਚ ਕਮਰਕੱਸੇ ਕਰੀ ਬੈਠੇ ਨੌਜਵਾਨ ਭੜਕ ਉੱਠੇ। ਬਗੈਰ ਕਿਸੇ ਨਿਸ਼ਚਿਤ ਨੇਤਾ ਤੋਂ ਆਪਮੁਹਾਰੇ ਦੇਸ਼ ਭਰ ਦੇ ਕਈ ਸੂਬਿਆਂ ਦੇ ਨੌਜਵਾਨਾਂ ਵੱਲੋਂ ਅਗਨੀਵੀਰ ਸਕੀਮ ਦੇ ਵਿਰੋਧ 'ਚ ਹਿੰਸਕ ਮੁਜ਼ਾਹਰੇ ਜ਼ੋਰ ਫੜਨ ਲੱਗੇ।

ਫ਼ੌਜ 'ਚ ਭਰਤੀ ਪਰਿਵਰਤਨ ਨੂੰ ਬਗੈਰ ਅਨੁਕੂਲ ਵਾਤਾਵਰਨ ਪੈਦਾ ਕੀਤਿਆਂ ਤੇ ਬਿਨਾਂ ਪ੍ਰਭਾਵਿਤ ਧਿਰਾਂ ਨੂੰ ਭਰੋਸੇ 'ਚ ਲਿਆਂ ਅਗਨੀਪਥ ਸਕੀਮ ਨੂੰ ਤੁਰੰਤ ਲਾਗੂ ਕਰਨ ਲਈ ਸੈਨਾਵਾਂ ਦੇ ਮੁਖੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ। ਦੇਸ਼ ਭਰ ਦੇ ਯੋਗਤਾ ਪ੍ਰਾਪਤ, ਨਸ਼ਾ ਰਹਿਤ, ਭਰਤੀ ਯੋਗ ਨੌਜਵਾਨਾਂ ਅੰਦਰ ਵਿਸ਼ੇਸ਼ ਤੌਰ 'ਤੇ ਬੇਰੁਜ਼ਗਾਰੀ ਸਿਖ਼ਰਾਂ ਤੱਕ ਪਹੁੰਚ ਚੁੱਕੀ ਹੈ। ਇਸ ਵਾਸਤੇ ਸ਼ੁਰੂ 'ਚ ਅਗਨੀਵੀਰਾਂ ਦੀ ਭਰਤੀ ਲਈ ਭਰਵਾਂ ਹੁੰਗਾਰਾ ਤਾਂ ਮਿਲਿਆ ਪਰ ਹੁਣ ਇਹ ਰੁਝਾਨ ਘਟ ਰਿਹਾ ਹੈ ਅਤੇ ਵਿਰੋਧ ਵਧ ਰਿਹਾ ਹੈ।

ਸਰਕਾਰ ਦੀ ਇਹ ਦਲੀਲ ਕਿ ਅਗਨੀਪਥ ਸਕੀਮ ਲਾਗੂ ਕਰਨ ਨਾਲ ਫ਼ੌਜ ਦੀ ਔਸਤਨ ਉਮਰ ਘਟੇਗੀ ਤੇ ਤਕਨੀਕੀ ਯੁੱਗ ਦੇ ਉਤਸ਼ਾਹੀ ਨੌਜਵਾਨਾਂ ਅੰਦਰ ਵਧੇਰੇ ਖ਼ਤਰਾ ਮੁੱਲ ਲੈਣ ਦੀ ਭਾਵਨਾ ਪੈਦਾ ਹੋਵੇਗੀ। ਫਿਰ ਕੀ ਅਗਨੀਵੀਰਾਂ ਦਾ ਭਵਿੱਖ ਵੀ ਸੁਰੱਖਿਅਤ ਹੋਵੇਗਾ। ਇਨ੍ਹਾਂ ਪਹਿਲੂਆਂ 'ਤੇ ਚਰਚਾ ਕਰਨ ਲਈ ਕੱਚੀ ਤੇ ਪੱਕੀ ਭਰਤੀ ਦਾ ਤੁਲਨਾਤਮਿਕ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੋਵੇਗਾ।

ਅਗਨੀਵੀਰ 17 ਸਾਲਾਂ ਤੋਂ 21 ਸਾਲ ਦੀ ਉਮਰ ਦਰਮਿਆਨ ਭਰਤੀ ਕੀਤੇ ਜਾ ਰਹੇ ਹਨ; ਪੱਕੀ ਭਰਤੀ ਲਈ ਵੱਖ-ਵੱਖ ਕਿੱਤਿਆਂ/ਸ਼ਾਖਾਵਾਂ ਲਈ ਭਰਤੀ ਸੀਮਾ 20 ਸਾਲ ਦੇ ਇਰਦ-ਗਿਰਦ ਘੁੰਮਦੀ ਹੈ। ਵਿੱਦਿਅਕ ਯੋਗਤਾ ਦੋਵੇਂ ਧਿਰਾਂ ਦੀ 10 ਜਮਾਤ ਪਾਸ ਜਾਂ ਵੱਧ ਹੈ। ਅਗਨੀਵੀਰਾਂ ਨੂੰ 30000 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਮਿਲਦੀ ਹੈ; ਸਿਪਾਹੀ ਨੂੰ 40000 ਰੁਪਏ ਦੇ ਆਸ-ਪਾਸ। ਅਗਨੀਵੀਰਾਂ ਦੀ 31 ਹਫ਼ਤੇ ਵਾਲੀ ਮੁੱਢਲੀ ਸਿਖਲਾਈ ਤੇ ਪੱਕੇ ਫ਼ੌਜੀਆਂ ਲਈ 44 ਹਫ਼ਤੇ। ਯੂਨਿਟ 'ਚ ਪਹੁੰਚ ਕੇ ਪੱਕੇ ਫ਼ੌਜੀਆਂ ਨੂੰ ਵਿਸ਼ੇਸ਼ ਤੌਰ 'ਤੇ ਟੈਕਨੀਕਲ ਆਰਮ ਜਿਵੇਂ ਸਿਗਨਲ ਇੰਜਨੀਅਰ, ਈ.ਐਮ.ਈ., ਰਾਕੇਟ ਮਿਜ਼ਾਈਲ, ਹਵਾਈ ਸੈਨਾ ਤੇ ਥਲ ਸੈਨਾ 'ਚ ਨਿਪੁੰਨਤਾ ਹਾਸਲ ਕਰਨ ਲਈ 4 ਤੋਂ 8 ਸਾਲ ਦਾ ਸਮਾਂ ਲੱਗਦਾ ਹੈ; ਅਗਨੀਵੀਰਾਂ ਨੂੰ ਚਾਰ ਸਾਲਾਂ ਦੀ ਨੌਕਰੀ ਤੋਂ ਬਾਅਦ 75 ਫ਼ੀਸਦੀ ਨੂੰ ਪੈਨਸ਼ਨ, ਸਿਹਤ, ਕੰਟੀਨ ਸਹੂਲਤਾਂ ਵਗੈਰਾ ਤੋਂ ਵਾਂਝਿਆਂ ਰੱਖਦਿਆਂ ਫ਼ੌਜ ਅਲਵਿਦਾ ਕਹਿ ਦੇਵੇਗੀ। ਫ਼ੌਜ 'ਚ 20-25 ਸਾਲ ਦੀ ਨੌਕਰੀ ਉਪਰੰਤ ਜੇ.ਸੀ.ਓ. ਰੈਂਕ ਪ੍ਰਾਪਤ ਕਰਨ ਯੋਗ ਸੂਬੇਦਾਰ ਮੇਜਰ (ਆਨਰੇਰੀ ਕੈਪਟਨ) ਤੱਕ ਪਹੁੰਚ ਸਕਦੇ ਹਨ; ਅਗਨੀਵੀਰ ਤਾਂ ਰਿੜ੍ਹ-ਰੁੜ੍ਹ ਕੇ ਕੁਝ 15 ਸਾਲ ਤੱਕ ਪਹੁੰਚ ਸਕਣਗੇ। ਅਗਨੀਵੀਰਾਂ ਨੂੰ ਤਾਂ ਬਗੈਰ ਪਲਟਨ ਦੀਆਂ ਰਸਮਾਂ ਰਿਵਾਜ ਤੇ ਕੁਰਬਾਨੀਆਂ ਵਾਲਾ ਜਜ਼ਬਾ ਪੈਦਾ ਕਰਨ ਦੀ ਬਜਾਇ ਤੁਰੰਤ ਉੱਚ ਪਰਬਤੀ ਇਲਾਕਿਆਂ 'ਚ ਤਾਇਨਾਤ ਕਰਨ ਸਦਕਾ ਅਗਨੀਵੀਰ ਅੰਮ੍ਰਿਤਪਾਲ ਸਿੰਘ, ਅਜੇ ਸਿੰਘ, ਅਕਸੈ ਲਕਸ਼ਮਨ ਗਾਵਟੇ ਤੇ ਕੁਝ ਹੋਰ ਸ਼ਹੀਦ ਹੋ ਗਏ। ਪੱਕੇ ਫ਼ੌਜੀਆਂ ਵਿਚੋਂ ਯੋਗ ਉਮੀਦਵਾਰ ਫ਼ੌਜ 'ਚ ਕਮਿਸ਼ਨ ਵੀ ਹਾਸਲ ਕਰ ਸਕਦੇ ਹਨ। ਫਿਰ ਦੇਸ਼ ਲਈ ਮਰ ਮਿਟਣ ਵਾਲੇ ਜਜ਼ਬੇ ਤੇ ਤਕਨੀਕੀ ਪੱਖੋਂ ਅਗਨੀਵੀਰ ਕਿਵੇਂ ਵੱਧ ਕਾਰਗਰ ਸਿੱਧ ਹੋ ਸਕਦੇ ਹਨ?

ਜੇ ਸਕੀਮ ਦਾ ਮਕਸਦ ਫ਼ੌਜ ਦੀ ਔਸਤ ਉਮਰ 32 ਤੋਂ 26 ਸਾਲ ਕਰਨਾ ਸੀ ਤਾਂ ਫਿਰ ਸੰਨ 2020 'ਚ ਕੌਮੀ ਨੀਤੀ 'ਚ ਤਬਦੀਲੀ ਕਰ ਕੇ 2 ਸਾਲ ਉਮਰ ਕਿਉਂ ਵਧਾਈ ਗਈ? ਬਹਾਦਰੀ ਤੇ ਕੌਮੀ ਜਜ਼ਬੇ ਦਾ ਸਬੰਧ ਉਮਰ, ਰੈਂਕ ਤੇ ਨੌਕਰੀ ਨਾਲ ਨਹੀਂ। ਯਾਦ ਰਹੇ ਕਿ ਸੂਬੇਦਾਰ ਜੋਗਿੰਦਰ ਸਿੰਘ, ਹਵਲਦਾਰ ਉਮਰਾਓ ਸਿੰਘ, ਜਮਾਂਦਰ ਨੰਦ ਸਿੰਘ, ਕੈਪਟਨ ਬਾਨਾ ਸਿੰਘ ਅਤੇ ਕਈ ਹੋਰ ਜਿਨ੍ਹਾਂ ਉੱਚ ਦਰਜੇ ਦੀ ਬਹਾਦਰੀ, ਦ੍ਰਿੜਤਾ, ਨਿਸ਼ਠਾ, ਲਗਨ ਤੇ ਫ਼ੌਜ ਦੀਆਂ ਉੱਚਕੋਟੀ ਵਾਲੀਆਂ ਰਵਾਇਤਾਂ ਕਾਇਮ ਰੱਖਣ ਵਾਲੇ ਸਾਰੇ ਦੇ ਸਾਰੇ 40 ਸਾਲ ਦੀ ਉਮਰ ਤੋਂ ਵੱਧ ਵਾਲੇ ਸਨ। ਇਸ ਲਈ ਸਰਕਾਰ ਦਾ ਇਹ ਵਿਚਾਰ ਵੀ ਤਰਕਸੰਗਤ ਨਹੀਂ ਹੈ।

ਕੇਂਦਰ ਸਰਕਾਰ ਤੇ ਪੈਰਾ-ਮਿਲਟਰੀ 'ਚ ਗਰੁੱਪ 'ਸੀ' ਤੇ 'ਡੀ' ਵਾਸਤੇ ਕ੍ਰਮਵਾਰ 10 ਤੋਂ 20 ਫ਼ੀਸਦੀ ਅਤੇ ਅਸਿਸਟੈਂਟ ਕਮਾਂਡੈਂਟ ਬੀ.ਐੱਸ.ਐੱਫ. ਲਈ ਵੱਖਰੀਆਂ 10 ਫ਼ੀਸਦੀ ਅਸਾਮੀਆਂ ਸਾਬਕਾ ਸੈਨਿਕਾਂ ਲਈ ਰਾਖਵੀਆਂ ਹਨ, "ਇਸੇ ਤਰੀਕੇ ਨਾਲ ਪੰਜਾਬ 'ਚ 13 ਫ਼ੀਸਦੀ ਰਾਖਵਾਂਕਰਨ ਨੀਤੀ ਲਾਗੂ ਹੈ। ਭਾਰਤ ਸਰਕਾਰ ਤੇ ਸੂਬਾ ਸਰਕਾਰਾਂ ਵੱਲੋਂ ਜਾਰੀ ਨੋਟੀਫਿਕੇਸ਼ਨਾਂ/ਹਦਾਇਤਾਂ ਅਨੁਸਾਰ ਸਾਬਕਾ ਸੈਨਿਕਾਂ ਵਾਲੀ ਪਰਿਭਾਸ਼ਾ ਤਹਿਤ ਸਾਬਕਾ ਸੈਨਿਕਾਂ ਵਾਲੀ ਮਾਨਤਾ ਉਸ ਨੂੰ ਪ੍ਰਾਪਤ ਹੈ ਜਿਸ ਨੇ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ 'ਚ ਘੱਟੋ-ਘੱਟ 15 ਸਾਲ ਲਈ ਪੈਨਸ਼ਨ ਪ੍ਰਾਪਤ ਨੌਕਰੀ ਕੀਤੀ ਹੋਵੇ ਜਾਂ ਮੈਡੀਕਲ ਡਿਸਏਬਿਲਿਟੀ ਮਿਲੇ।" ਇਸੇ ਤਰੀਕੇ ਨਾਲ 10 ਜਮਾਤਾਂ ਪਾਸ ਪੱਕੇ ਫ਼ੌਜੀਆਂ ਨੂੰ ਬੀ.ਏ. ਦਾ ਸਰਟੀਫਿਕੇਟ ਪੈਨਸ਼ਨ ਭੋਗੀਆਂ ਨੂੰ ਮਿਲਦਾ ਹੈ ਜੋ ਅਗਨੀਵੀਰਾਂ ਲਈ ਲਾਗੂ ਨਹੀਂ।

ਰੱਖਿਆ ਮਾਮਲਿਆਂ ਨਾਲ ਸਬੰਧਿਤ ਸੰਸਦੀ ਸਥਾਈ ਕਮੇਟੀ ਨੇ ਫਰਵਰੀ 2024 ਨੂੰ ਸਰਕਾਰ ਨੂੰ ਸੌਂਪੀ ਰਿਪੋਰਟ ਵਿਚ ਇਹ ਸਪਸ਼ਟ ਕੀਤਾ ਕਿ ਜੋ ਅਗਨੀਵੀਰ ਲਾਈਨ ਆਫ ਡਿਊਟੀ 'ਤੇ ਮਾਰੇ ਜਾਂਦੇ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਪੱਕੇ ਫ਼ੌਜੀਆਂ ਵਾਂਗ ਪੈਨਸ਼ਨ ਤੇ ਬਾਕੀ ਸਹੂਲਤਾਂ ਦਿੱਤੀਆਂ ਜਾਣ। ਅਗਨੀਵੀਰਾਂ ਦਾ ਭਵਿੱਖ ਤਾਂ ਹੀ ਸੁਰੱਖਿਅਤ ਹੋ ਸਕਦਾ ਹੈ, ਜੇਕਰ ਉਨ੍ਹਾਂ ਨੂੰ ਸਾਬਕਾ ਸੈਨਿਕਾਂ ਵਾਲਾ ਦਰਜਾ ਪ੍ਰਾਪਤ ਹੋਵੇ, ਨਹੀਂ ਤਾਂ ਸਾਲ 2026 ਤੋਂ ਇੱਕ ਵਾਰ ਫਿਰ ਉਹ ਸੜਕਾਂ 'ਤੇ ਹੋਣਗੇ ਜੋ ਸਮਾਜ, ਫ਼ੌਜ ਤੇ ਦੇਸ਼ ਦੀ ਸੁਰੱਖਿਆ ਦੇ ਹਿੱਤ ਵਿਚ ਨਹੀਂ ਹੋਵੇਗਾ।

# ਜੰਮੂ ਕਸ਼ਮੀਰ ਵਿਚ ਨਵੀਂ ਸਿਆਸਤ

1983 ਵਿਚ 'ਜਮਾਇਤ-ਏ-ਇਸਲਾਮੀ ਜੰਮੂ ਕਸ਼ਮੀਰ' ਦੇ ਅਮੀਰ ਸਾਦੂਦੀਨ ਤਰਬਲੀ ਪਾਕਿਸਤਾਨ ਦੇ ਤਤਕਾਲੀ ਫ਼ੌਜੀ ਸ਼ਾਸਕ ਜਨਰਲ ਜ਼ਿਆ-ਉਲ-ਹੱਕ ਨਾਲ ਮੁਲਾਕਾਤ ਕਰਨ ਗਏ ਸਨ। ਅਫ਼ਗਾਨਿਸਤਾਨ ਵਿਚ ਸੋਵੀਅਤ ਸੰਘ ਦੀ ਲਾਲ ਫ਼ੌਜ ਖ਼ਿਲਾਫ਼ ਅਮਰੀਕਾ ਦੀ ਜੰਗ ਲੜਨ ਕਰ ਕੇ ਤਰਬਲੀ ਨੇ ਖਾਸਾ ਟੌਹਰ ਟੱਪਾ ਬਣਾਇਆ ਹੋਇਆ ਸੀ। ਜਨਰਲ ਜ਼ਿਆ ਨੇ ਪੇਸ਼ਕਸ਼ ਕੀਤੀ ਕਿ ਜੇ ਜਮਾਇਤ ਕਸ਼ਮੀਰ ਵਿਚ ਹਥਿਆਰਬੰਦ ਬਗ਼ਾਵਤ ਸ਼ੁਰੂ ਕਰ ਦਿੰਦੀ ਹੈ ਤਾਂ ਪਾਕਿਸਤਾਨ ਅਫ਼ਗਾਨਿਸਤਾਨ ਤੋਂ ਫੰਡ ਅਤੇ ਲੜਾਕੂ ਮੁਹੱਈਆ

**ਨਿਰੂਪਮਾ ਸੁਬਰਾਮਣੀਅਨ**

ਕਰਵਾ ਸਕਦਾ ਹੈ ਪਰ ਸਾਦੂਦੀਨ ਤਰਬਲੀ ਨੇ ਇਸ ਪੇਸ਼ਕਸ਼ ਦਾ ਹੁੰਗਾਰਾ ਨਾ ਭਰ ਕੇ ਜਨਰਲ ਦੇ ਗੁਬਾਰੇ ਦੀ ਹਵਾ ਕੱਢ ਦਿੱਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਕਸ਼ਮੀਰੀ ਵਿਦਰੋਹ ਤੋਂ ਨਹੀਂ ਡਰਦੇ ਪਰ ਪਾਕਿਸਤਾਨ ਕੋਲ ਇਸ ਨੂੰ ਅੰਜਾਮ ਤੱਕ ਪਹੁੰਚਾਉਣ ਦੀ ਸਮੱਰਥਾ ਨਹੀਂ। ਪਾਕਿਸਤਾਨ ਪੱਖੀ ਜਮਾਇਤ-ਏ-ਇਸਲਾਮੀ ਦਾ ਨਿਸ਼ਾਨਾ ਤਾਂ ਜੰਮੂ ਕਸ਼ਮੀਰ ਵਿਚ ਇਸਲਾਮੀ ਸ਼ਾਸਨ ਕਾਇਮ ਕਰਨਾ ਸੀ ਪਰ ਇਸ ਦਾ ਵਿਸ਼ਵਾਸ ਸੀ ਕਿ ਉਹ ਚੋਣਾਂ ਵਿਚ ਹਿੱਸਾ ਲੈ ਕੇ ਅਤੇ ਸੱਤਾ ਦੇ ਅਹੁਦਿਆਂ 'ਤੇ ਪਹੁੰਚ ਕੇ ਹੀ ਇਸ ਨੂੰ ਹਾਸਿਲ ਕਰ ਸਕਦੀ ਹੈ; ਇਸ ਦੇ ਨਾਲ ਹੀ ਇਸ ਨੂੰ ਆਪਣਾ ਸਮਾਜੀ-ਧਾਰਮਿਕ ਜਥੇਬੰਦੀ ਦਾ ਕਿਰਦਾਰ ਕਾਇਮ ਰੱਖਣਾ ਪਵੇਗਾ।

1987 ਤੱਕ ਜਮਾਇਤ ਪੰਚਾਇਤ ਸਮੇਤ ਹਰ ਕਿਸਮ ਦੀਆਂ ਚੋਣਾਂ ਵਿਚ ਹਿੱਸਾ ਲੈਂਦੀ ਰਹੀ ਸੀ ਪਰ 1987 ਦੀਆਂ 'ਚੋਰੀ ਕੀਤੀਆਂ' (ਵੱਡੇ ਪੱਧਰ 'ਤੇ ਧਾਂਦਲੀਆਂ) ਅਸੈਂਬਲੀ ਚੋਣਾਂ ਨੇ ਰਿਆਸਤ ਦੀ ਸਿਆਸਤ ਬਦਲ ਦਿੱਤੀ। 1989-90 ਤੱਕ ਜਮਾਇਤ ਦੇ ਸੈਂਕੜੇ ਕਾਰਕੁਨ ਯਾਸੀਨ ਮਲਿਕ ਦੀ ਅਗਵਾਈ ਵਾਲੇ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ (ਜੇ.ਕੇ.ਐੱਲ.ਐੱਫ.) ਵਿਚ ਸ਼ਾਮਲ ਹੋ ਗਏ ਅਤੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐੱਸ.ਆਈ. ਕੋਲੋਂ ਹਥਿਆਰਬੰਦ ਲੜਾਈ ਦੀ ਸਿਖਲਾਈ ਲਈ ਅਸਲ ਕੰਟਰੋਲ ਰੇਖਾ ਪਾਰ ਕਰਨ ਲੱਗ ਪਏ। ਉਂਝ, ਜਮਾਇਤ ਨੂੰ ਆਪਣੀ ਹੋਂਦ ਦਾ ਡਰ ਵੀ ਸੀ ਕਿ ਕਿਤੇ 'ਧਰਮ ਨਿਰਪੱਖ' ਕਸ਼ਮੀਰੀ ਰਾਸ਼ਟਰਵਾਦੀ ਮਿਲੀਟੈਂਟ ਗਰੁੱਪ ਉਸ ਨੂੰ ਹੜੱਪ ਨਾ ਜਾਵੇ।

1987 ਦੀਆਂ ਚੋਣਾਂ ਤੋਂ ਥੋੜ੍ਹੀ ਦੇਰ ਬਾਅਦ ਹੀ ਜਮਾਇਤ ਦਾ ਪ੍ਰਭਾਵਸ਼ਾਲੀ ਆਗੂ ਸੱਯਦ ਮੁਹੰਮਦ ਯੂਸਫ਼ ਸ਼ਾਹ (ਜੋ ਨੈਸ਼ਨਲ ਕਾਨਫਰੰਸ ਦੇ ਉਮੀਦਵਾਰ ਤੋਂ ਚੋਣ ਹਾਰ ਗਿਆ ਸੀ) ਨੇ ਹਿਜ਼ਬੁਲ ਮੁਜਾਹਿਦੀਨ ਵਿਚ ਸ਼ਾਮਿਲ ਹੋਣ ਦਾ ਫ਼ੈਸਲਾ ਕਰ ਲਿਆ। ਸ਼ਾਹ ਨੇ ਆਪਣਾ ਨਾਂ ਬਦਲ ਕੇ ਸੱਯਦ ਸਲਾਹੂਦੀਨ ਰੱਖ ਲਿਆ। ਉਦੋਂ ਤੋਂ ਉਸ ਨੇ ਮਕਬੂਜ਼ਾ ਕਸ਼ਮੀਰ ਵਿਚ ਟਿਕਾਣਾ ਬਣਾਇਆ ਹੋਇਆ ਹੈ ਜਿੱਥੇ ਉਹ ਜਹਾਦੀਆਂ ਦੇ ਸਾਂਝੇ ਸਮੂਹ ਯੂਨਾਈਟਡ ਜਹਾਦ ਕੌਂਸਲ ਦੀ ਅਗਵਾਈ ਕਰ ਰਿਹਾ ਹੈ। ਥੋੜ੍ਹੇ ਸਮੇਂ ਬਾਅਦ ਹੀ ਹਿਜ਼ਬੁਲ ਮੁਜਾਹਿਦੀਨ ਦੀ ਕਮਾਂਡ ਜਮਾਇਤ-ਏ-ਇਸਲਾਮੀ ਦੇ ਕੇਡਰ ਦੇ ਹੱਥਾਂ ਵਿਚ ਆ ਗਈ। ਚਾਰ ਦਹਾਕਿਆਂ ਬਾਅਦ ਹੁਣ ਇਹ ਚੱਕਰ ਪੂਰਾ ਹੋ ਗਿਆ। 14 ਮਈ ਨੂੰ ਜਮਾਇਤ-ਏ-ਇਸਲਾਮੀ ਦੇ ਕਾਇਮ ਮੁਕਾਮ ਅਮੀਰ, ਗ਼ੁਲਾਮ ਕਾਦਿਰ ਵਾਨੀ ਨੇ ਇਹ ਐਲਾਨ ਕਰ ਦਿੱਤਾ ਕਿ ਜੇ ਸਰਕਾਰ ਉਨ੍ਹਾਂ ਦੀ ਜਥੇਬੰਦੀ ਤੋਂ ਪਾਬੰਦੀ ਹਟਾ ਲੈਂਦੀ ਹੈ ਤਾਂ ਜਮਾਇਤ ਮੁੱਖਧਾਰਾ ਸਿਆਸਤ ਵਿਚ ਵਾਪਸ ਆ ਜਾਵੇਗੀ। ਫਰਵਰੀ 2019 ਵਿਚ ਪੁਲਵਾਮਾ ਬੰਬ ਹਮਲੇ ਤੋਂ ਕੁਝ ਦਿਨਾਂ ਬਾਅਦ ਹੀ ਜਥੇਬੰਦੀ ਉੱਪਰ ਪਾਬੰਦੀ ਲਗਾਈ ਗਈ ਸੀ। ਸਮਝਿਆ ਜਾਂਦਾ ਹੈ ਕਿ ਉਸ ਹਮਲੇ ਵਿਚ ਜਮਾਇਤ ਦੀ ਕੋਈ ਸਿੱਧੀ ਭੂਮਿਕਾ ਨਹੀਂ ਸੀ ਪਰ ਇਸ 'ਤੇ ਇਸ ਆਧਾਰ 'ਤੇ ਪਾਬੰਦੀ ਲਾਈ ਕਿ ਉਸ ਦੇ ਅਤਿਵਾਦੀ ਜਥੇਬੰਦੀਆਂ ਨਾਲ ਕਰੀਬੀ ਸਬੰਧ ਹਨ ਅਤੇ ਇਹ ਜੰਮੂ ਕਸ਼ਮੀਰ ਵਿਚ ਅਤਿਵਾਦ, ਜਹਾਦ ਅਤੇ ਵੱਖਵਾਦ ਦੀ ਹਮਾਇਤ ਕਰਦੀ ਹੈ। ਕਿਸੇ ਸਮੇਂ ਜਮਾਇਤ ਦਾ ਸਕੂਲਾਂ, ਮਦਰੱਸਿਆਂ ਅਤੇ ਮਸਜਿਦਾਂ ਦਾ ਕਾਫ਼ੀ ਮਜ਼ਬੂਤ ਤਾਣਾ ਬਾਣਾ ਸੀ ਜੋ ਪਾਬੰਦੀ ਕਰ ਕੇ ਕਾਫ਼ੀ ਹੱਦ ਤੱਕ ਕਮਜ਼ੋਰ ਪੈ ਗਿਆ ਅਤੇ ਇਸ ਦੇ ਕਈ ਆਗੂ ਤੇ ਸੈਂਕੜੇ ਕਾਰਕੁਨ ਜੇਲ੍ਹ ਵਿਚ ਹਨ। ਇਸ ਸਾਲ ਫਰਵਰੀ ਵਿਚ ਪਾਬੰਦੀ ਦੀ ਮਿਆਦ ਵਿਚ ਪੰਜ ਸਾਲਾਂ ਲਈ ਹੋਰ ਵਾਧਾ ਕਰ ਦਿੱਤਾ ਗਿਆ ਸੀ।

ਜੰਮੂ ਕਸ਼ਮੀਰ ਵਿਚ ਐਤਕੀਂ ਲੋਕ ਸਭਾ ਦੇ ਸਾਰੇ ਹਲਕਿਆਂ ਵਿਚ ਮਤਦਾਨ ਦੀ ਦਰ ਆਮ ਨਾਲੋਂ ਕਾਫ਼ੀ ਉੱਚੀ ਰਹੀ ਹੈ ਅਤੇ ਜਮਾਇਤ ਨੇ ਚੋਣਾਂ ਦੇ ਬਾਈਕਾਟ ਦਾ ਸੱਦਾ ਵੀ ਨਹੀਂ ਦਿੱਤਾ। ਗ਼ੁਲਾਮ ਕਾਦਿਰ ਵਾਨੀ ਨੇ ਸ੍ਰੀਨਗਰ ਲੋਕ ਸਭਾ ਹਲਕੇ ਵਿਚ ਮਤਦਾਨ ਕੀਤਾ ਹੈ ਜਿੱਥੇ ਮਤਦਾਨ 38 ਫ਼ੀਸਦੀ ਦਰਜ ਹੋਇਆ ਹੈ। ਵਾਨੀ ਨੇ ਬਾਅਦ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਜਮਾਇਤ ਨੇ ਲੋਕਾਂ ਨੂੰ ਚੋਣਾਂ ਦਾ ਬਾਈਕਾਟ ਕਰਨ ਲਈ ਨਹੀਂ ਕਿਹਾ ਕਿਉਂਕਿ ਜਥੇਬੰਦੀ ਦਾ ਹਮੇਸ਼ਾ ਹੀ ਜਮਹੂਰੀ ਪ੍ਰਕਿਰਿਆ ਵਿਚ ਭਰੋਸਾ ਰਿਹਾ ਹੈ; ਨਾਲੇ ਜਮਾਇਤ ਦੀ ਮਜਲਿਸ-ਏ-ਸ਼ੂਰਾ ਨੇ ਫ਼ੈਸਲਾ ਕੀਤਾ ਹੈ ਕਿ ਜੇ ਜਥੇਬੰਦੀ ਤੋਂ ਪਾਬੰਦੀ ਹਟਾ ਲਈ ਜਾਂਦੀ ਹੈ ਤਾਂ ਇਹ ਅਸੈਂਬਲੀ ਚੋਣਾਂ ਵਿਚ ਹਿੱਸਾ ਲਵੇਗੀ।

ਨਾ ਕੇਵਲ ਜਮਾਇਤ ਸਗੋਂ ਜੰਮੂ ਕਸ਼ਮੀਰ ਵਿਚ ਵੱਖਵਾਦੀ ਸਿਆਸਤ ਅਤੇ ਅਤਿਵਾਦ ਲਈ ਵੀ ਇਹ ਨਵਾਂ ਮੋੜ ਹੈ। ਹਿਜ਼ਬੁਲ ਮੁਜਾਹਿਦੀਨ ਦੀ ਕਮਾਂਡ ਸੰਭਾਲਣ ਅਤੇ ਜੇ.ਕੇ.ਐੱਲ.ਐੱਫ. ਦੀ ਚੜ੍ਹਤ ਡੱਕਣ ਤੋਂ ਬਾਅਦ ਜਮਾਇਤ ਕਸ਼ਮੀਰ ਵਿਚ ਸਰਹੱਦ ਪਾਰ ਜਹਾਦ ਦਾ ਵਾਹਨ ਬਣ ਗਈ ਸੀ; ਇਸ ਦਾ ਤਾਣਾ ਬਾਣਾ ਉਸ ਕਿਸਮ ਦੀ ਇਮਦਾਦ ਮੁਹੱਈਆ ਕਰਵਾਉਂਦਾ ਰਿਹਾ ਜਿਵੇਂ ਕਿਸੇ ਸਮੇਂ ਜਨਰਲ ਜ਼ਿਆ ਨੇ ਸੁਝਾਅ ਦਿੱਤਾ ਸੀ। ਜਦੋਂ 1993 ਵਿਚ ਕੁੱਲ ਜਮਾਤੀ ਹੁਰੀਅਤ ਕਾਨਫਰੰਸ ਬਣੀ ਤਾਂ ਸੱਯਦ ਅਲੀ ਸ਼ਾਹ ਜੀਲਾਨੀ ਇਸ ਦਾ ਬਾਨੀ ਮੈਂਬਰ ਬਣਿਆ ਜੋ ਜਮਾਇਤ ਦਾ ਵੀ ਅਹਿਮ ਮੈਂਬਰ ਸੀ। ਇਸ ਅਰਸੇ ਦੌਰਾਨ ਹੀ ਸਰਕਾਰ ਦੀ ਸ਼ਹਿਯਾਫ਼ਤਾ ਅਤਿਵਾਦ ਵਿਰੋਧੀ ਗਰੁੱਪ ਖੜ੍ਹਾ ਹੋ ਗਿਆ ਜਿਸ ਦੇ ਮੈਂਬਰਾਂ ਨੂੰ ਇਖਵਾਂ ਕਿਹਾ ਜਾਂਦਾ ਸੀ ਅਤੇ ਇਨ੍ਹਾਂ ਤੋਂ ਕਸ਼ਮੀਰੀ ਬਹੁਤ ਭੈਅ ਖਾਂਦੇ ਸਨ; ਇਨ੍ਹਾਂ ਨੇ ਜਮਾਇਤ ਨੂੰ ਬਾਕਾਇਦਾ ਨਿਸ਼ਾਨਾ ਬਣਾਇਆ ਸੀ।

ਜਦੋਂ ਇਹ ਭਰਾ ਮਾਰੂ ਜੰਗ ਤੇਜ਼ ਹੋ ਗਈ ਤਾਂ ਉਸ ਵੇਲੇ ਦੇ ਜਮਾਇਤ ਦੇ ਅਮੀਰ ਗ਼ੁਲਾਮ ਮੁਹੰਮਦ ਭੱਟ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਜਥੇਬੰਦੀ ਕਿਸੇ ਵੀ ਜਹਾਦੀ ਜਥੇਬੰਦੀ ਨਾਲ ਨਹੀਂ ਜੁੜੀ ਹੋਈ। ਉਦੋਂ ਤੋਂ ਹੀ ਜਮਾਇਤ ਅਤੇ ਹਥਿਆਰਬੰਦ ਸੰਘਰਸ਼ ਪੱਖੀ ਜੀਲਾਨੀ ਵਿਚਕਾਰ ਮੱਤਭੇਦ ਪੈਦਾ ਹੋ ਗਏ। ਜੀਲਾਨੀ ਨੇ ਆਪਣੀ ਵੱਖਰੀ ਪਾਰਟੀ ਕਾਇਮ ਕਰ ਲਈ ਜਿਸ ਨੂੰ ਤਹਿਰੀਕ-ਏ-ਹੁਰੀਅਤ ਕਿਹਾ ਜਾਂਦਾ ਸੀ ਅਤੇ ਉਹ ਹੜਤਾਲਾਂ, ਅੰਦੋਲਨ, ਰੋਸ ਪ੍ਰਦਰਸ਼ਨ ਆਦਿ ਮੁਨੱਕਦ ਕਰਨ ਵਾਲਾ ਮੁੱਖ ਕਿਰਦਾਰ ਬਣਿਆ ਰਿਹਾ ਸੀ ਜਿਸ ਕਰ ਕੇ 2007 ਤੋਂ ਲੈ ਕੇ 2018 ਤੱਕ ਕਸ਼ਮੀਰ ਵਿਚ ਹਿੰਸਾ ਦੇ ਕਈ ਦੌਰ ਚੱਲੇ ਸਨ। ਜਮਾਇਤ ਚੋਣਾਂ ਤੋਂ ਲਾਂਭੇ ਰਹੀ; ਹਾਲਾਂਕਿ ਪਰਦੇ ਪਿੱਛੇ ਰਹਿ ਕੇ 1999 ਵਿਚ ਹੋਂਦ ਵਿਚ ਆਈ ਮੁਫ਼ਤੀ ਮੁਹੰਮਦ ਸਈਦ ਦੀ ਪੀਪਲਜ਼ ਡੈਮੋਕਰੈਟਿਕ ਪਾਰਟੀ ਦੀ ਹਮਾਇਤ ਕਰਦੀ ਰਹੀ ਤਾਂ ਕਿ ਨੈਸ਼ਨਲ ਕਾਨਫਰੰਸ ਦਾ ਦਬਦਬਾ ਤੋੜਿਆ ਜਾ ਸਕੇ।

ਇਨ੍ਹਾਂ ਬਦਲੇ ਹੋਏ ਹਾਲਾਤ 'ਚ ਜਮਾਇਤ ਦਾ ਮੀਰਵਾਇਜ਼ ਨਾਲੋਂ ਕਿਤੇ ਵੱਧ ਨੁਕਸਾਨ ਹੋਣ ਦੇ ਆਸਾਰ ਹਨ। ਇੱਕ ਤਾਂ ਇਸ ਦੇ ਜ਼ਿਆਦਾਤਰ ਆਗੂ ਅਤੇ ਸੈਂਕੜੇ ਕਾਰਕੁਨ ਜੇਲ੍ਹ ਵਿਚ ਹਨ। ਪਾਬੰਦੀ ਨੇ ਇਸ ਦੀ ਫੰਡਿੰਗ ਵੀ ਠੱਪ ਕਰ ਦਿੱਤੀ ਹੈ। ਪਾਰਟੀ ਦੀ ਹੋਂਦ ਦਾ ਮੌਜੂਦਾ ਸੰਕਟ 1989-90 ਨਾਲੋਂ ਵੀ ਗੰਭੀਰ ਹੈ। ਮੌਜੂਦਾ ਇੰਚਾਰਜ ਇਨ੍ਹਾਂ ਮੁਸ਼ਕਿਲਾਂ ਲਈ ਸੰਗਠਨ ਦੇ ਜੀਲਾਨੀ ਪੱਖੀ ਗਰੁੱਪ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਪਾਕਿਸਤਾਨ ਵੀ ਇਸ ਦੌਰਾਨ ਆਪਣੇ ਨਿੱਘਰ ਰਹੇ ਅਰਥਚਾਰੇ ਅਤੇ ਦਿਸ਼ਾਹੀਣ ਰਾਜਨੀਤੀ 'ਚ ਉਲਝਣ ਕਾਰਨ ਮੌਕੇ ਦਾ ਲਾਹਾ ਲੈਣ ਦੇ ਯੋਗ ਨਹੀਂ ਜਾਪਦਾ। ਇਕ ਪਾਕਿਸਤਾਨੀ ਸਮੀਖਿਅਕ ਜਮਾਇਤ ਦੇ ਆਜ਼ਾਦ ਜੰਮੂ ਕਸ਼ਮੀਰ ਵਿੰਗ ਨੂੰ 'ਚੱਲੀ ਹੋਈ ਗੋਲੀ' ਦੱਸਦਾ ਹੈ ਜੋ ਭ੍ਰਿਸ਼ਟਾਚਾਰ 'ਚ ਫਸੀ ਹੈ।

ਹਿਜ਼ਬੁਲ ਮੁਜਾਹਿਦੀਨ ਵੀ ਜਾਪਦਾ ਹੈ ਕਿ ਪਹਿਲਾਂ ਜਿੰਨੀ ਅਸਰਦਾਰ ਨਹੀਂ ਰਹੀ। ਜਦੋਂ 2000 'ਚ ਅਬਦੁਲ ਮਜੀਦ ਡਾਰ ਨੇ ਹਿਜ਼ਬ ਵਿਰੁੱਧ ਬਗ਼ਾਵਤ ਕੀਤੀ, ਉਸ ਨੂੰ ਕੱਢ ਦਿੱਤਾ ਗਿਆ। ਮੁਜ਼ੱਫਰਾਬਾਦ ਤੋਂ ਜਾਰੀ ਹਿਜ਼ਬ ਦੇ ਅਧਿਕਾਰਤ ਬਿਆਨ ਵਿਚ ਵਾਨੀ ਨੂੰ ਉਸ ਦੀਆਂ ਚੋਣਾਂ ਦੇ ਹੱਕ ਵਿਚ ਕੀਤੀਆਂ ਟਿੱਪਣੀਆਂ ਲਈ ਨਕਾਰ ਦਿੱਤਾ ਗਿਆ, ਇੱਕ ਪਲ਼ ਲਈ ਅਜਿਹਾ ਲੱਗਾ ਕਿ ਡਾਰ ਵਾਪਸ ਆ ਜਾਵੇਗਾ ਪਰ ਵਾਨੀ ਨੇ ਪਿੱਛੇ ਹਟਣ ਦੀ ਬਜਾਇ ਖੁੱਲ੍ਹੇਆਮ ਦ੍ਰਿੜਤਾ ਕਾਇਮ ਰੱਖਦਿਆਂ ਕਿਹਾ ਕਿ ਜਮਾਇਤ ਪਾਬੰਦੀ ਹਟਾਉਣ ਬਾਰੇ ਨਵੀਂ ਦਿੱਲੀ ਨਾਲ ਗੱਲ ਕਰ ਰਹੀ ਹੈ।

ਸਵਾਲ ਹੈ: ਜਮਾਇਤ-ਏ-ਇਸਲਾਮੀ ਤੋਂ ਪਾਬੰਦੀ ਚੁੱਕਣ ਦਾ ਕੇਂਦਰ ਨੂੰ ਕੀ ਫਾਇਦਾ? ਜੰਮੂ ਕਸ਼ਮੀਰ ਦੀ ਸਿਆਸਤ 'ਚ ਨਵਾਂ ਹਿੱਸੇਦਾਰ ਜੋ ਸ਼ਾਇਦ ਮੁੱਖਧਾਰਾ ਦੀਆਂ ਸਿਆਸੀ ਪਾਰਟੀਆਂ ਨੂੰ 'ਜੰਮੂ ਕਸ਼ਮੀਰ ਅਪਨੀ ਪਾਰਟੀ' ਨਾਲੋਂ ਵੱਧ ਤਕੜੀ ਚੁਣੌਤੀ ਦੇ ਸਕੇ?

ਖ਼ਤਰੇ ਤਾਂ ਬੇਸ਼ੱਕ ਵੱਡੇ ਹਨ, ਖ਼ਾਸ ਤੌਰ 'ਤੇ ਜੇ ਕੋਈ ਕੱਟੜਵਾਦੀ ਧਿਰ ਜਮਾਇਤ-ਏ-ਇਸਲਾਮੀ 'ਤੇ ਮੁੜ ਕਾਬਜ਼ ਹੋ ਜਾਂਦੀ ਹੈ; ਕੁੱਲ ਮਿਲਾ ਕੇ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਜੰਮੂ ਕਸ਼ਮੀਰ ਵਿਚ ਵੱਖਵਾਦੀ ਜਜ਼ਬਾ ਭਾਵੇਂ ਅਜੇ ਵੀ ਜੀਵਤ ਹੋ ਸਕਦਾ ਹੈ ਪਰ ਇਸ ਕੋਲ ਹੁਣ ਰਾਜਨੀਤਕ ਸਰਪ੍ਰਸਤ ਨਹੀਂ ਹਨ।

# ਨਿੱਜੀ ਹਸਪਤਾਲਾਂ ਵਿਚ ਗੈਰਜ਼ਰੂਰੀ ਸਿਜੇਰੀਅਨ ਡਿਲੀਵਰੀ ਦਾ ਕਾਲ਼ਾ ਬਾਜ਼ਾਰ

ਲੇਬਰ ਵਾਰਡ ਦੇ ਬਿਸਤਰੇ 'ਤੇ ਪਈ ਨੀਲਮ ਨੂੰ ਡਾਕਟਰ ਨੇ ਕਿਹਾ ਕਿ ਸਭ ਕੁੱਝ ਵਧੀਆ ਚੱਲ ਰਿਹਾ ਹੈ ਅਤੇ ਅੱਜ ਰਾਤ 10 ਵਜੇ ਤੱਕ ਤੇਰਾ ਬੱਚਾ ਇਸ ਦੁਨੀਆ ਵਿਚ ਕਦਮ ਰੱਖੇਗਾ। ਬੀਤੇ ਨੌਂ ਮਹੀਨਿਆਂ ਤੋਂ ਗਰਭ ਵਿਚ ਆਪਣੇ ਬੱਚੇ ਨੂੰ ਸਾਂਭਦੀ ਨੀਲਮ ਨੂੰ ਇਸੇ ਪਲ ਦੀ ਉਡੀਕ ਸੀ। ਪਰ ਥੋੜ੍ਹੇ ਸਮੇਂ ਬਾਅਦ ਡਾਕਟਰ ਨੀਲਮ ਕੋਲ਼ ਆਉਂਦੀ ਹੈ ਤੇ ਕਹਿੰਦੀ ਹੈ -"ਤੁਹਾਡੇ ਬੱਚੇ ਦੀ ਜਾਨ ਖਤਰੇ ਵਿਚ ਹੈ ਅਤੇ ਸਮਾਂ ਬਹੁਤ ਘੱਟ ਹੈ। ਆਪਰੇਸ਼ਨ ਕਰਨਾ ਪਏਗਾ ਨਹੀਂ ਤਾਂ ਬੱਚਾ ਮਰ ਵੀ ਸਕਦਾ ਹੈ"। ਨੀਲਮ ਇਹ ਸੁਣਨ ਲਈ ਤਿਆਰ ਨਹੀਂ ਸੀ। ਥੋੜ੍ਹੀ ਦੇਰ ਪਹਿਲਾਂ ਨੀਲਮ ਦਾ ਖਿੜਖਿੜਾਉਂਦਾ ਚਿਹਰਾ ਹੁਣ ਡਰ ਦੀ ਮੂਰਤ ਬਣ ਗਿਆ ਸੀ। ਪਿਛਲੇ ਮਹੀਨਿਆਂ ਵਿਚ ਉਸਨੇ ਡਾਕਟਰ ਦੇ ਕਹੇ ਅਨੁਸਾਰ ਆਪਣੀ ਦੇਖ ਰੇਖ ਵਿਚ ਕੋਈ ਕਮੀ ਨਹੀਂ ਛੱਡੀ ਸੀ, ਉਹ ਹੱਕੀ-ਬੱਕੀ ਹੋਈ ਡਾਕਟਰ ਦੀ ਇਸ ਗੱਲ ਦਾ ਕਾਰਣ ਨਹੀਂ ਸਮਝ ਪਾ ਰਹੀ ਸੀ।

**ਅੰਕਿਤ**
**ਫੋਨ: 77629-93720**

ਇਹ ਡਰਾਉਣੀ ਘਟਨਾ ਇਕੱਲੀ ਨੀਲਮ ਦੀ ਕਹਾਣੀ ਨਹੀਂ ਸਗੋਂ ਭਾਰਤ ਵਿਚ ਰੋਜ਼ ਲਗਭਗ 23,000 ਔਰਤਾਂ ਦੇ ਨਾ਼ਲ ਇਹੀ ਹੋ ਰਿਹਾ ਹੈ। ਸਿਜੇਰੀਅਨ ਆਪਰੇਸ਼ਨ ਦੁਆਰਾ ਬੱਚਿਆਂ ਨੂੰ ਜਨਮ ਦੇਣ ਦੀ ਪੀੜ ਨੂੰ ਮਹਿਸੂਸ ਕਰਨਾ ਇਸ ਨੂੰ ਠੀਕ ਢੰਗ ਨਾਲ ਜਾਣੇ ਬਗੈਰ ਸੰਭਵ ਨਹੀਂ ਹੈ। ਪਹਿਲੀ ਵਾਰ ਸੁਣਨ ਵਿਚ ਲੱਗ ਸਕਦਾ ਹੈ ਕਿ ਇਹ ਇੱਕ ਆਮ ਸਰਜਰੀ ਵਾਂਗ ਹੈ ਜੋ ਰੋਜ਼ ਹੁੰਦੀ ਰਹਿੰਦੀ ਹੈ। ਪਰ ਗੱਲ ਉਦੋਂ ਵਿਸ਼ੇਸ਼ ਚਰਚਾ ਦਾ ਮਾਮਲਾ ਬਣ ਜਾਂਦੀ ਹੈ ਜਦੋਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਇਹ ਬਹੁਤ ਗੈਰਜ਼ਰੂਰੀ ਅਪਰੇਸ਼ਨ ਹੈ ਅਤੇ ਅੰਨ੍ਹਾਂ ਪੈਸਾ ਕਮਾਉਣ ਦਾ ਇਕ ਸਾਧਨ ਬਣ ਚੁੱਕੀ ਹੈ।

### ਸਿਜੇਰੀਅਨ, ਜਾਂ ਸੀ-ਸੈਕਸ਼ਨ ਡਿਲੀਵਰੀ ਕੀ ਹੈ?

ਜਦੋਂ ਤੋਂ ਮਨੁੱਖ ਨੇ ਆਧੁਨਿਕ ਯੁੱਗ ਵਿਚ ਕਦਮ ਰੱਖਿਆ ਹੈ, ਉਦੋਂ ਤੋਂ ਲੈ ਕੇ ਅੱਜ ਤੱਕ ਦੇ ਤਕਨੀਕੀ ਵਿਕਾਸ ਨਾ਼ਲ ਇਨਸਾਨ ਲਈ ਦੁਨੀਆ ਦੀ ਕਿਸੇ ਵੀ ਵੱਡੀ ਬਿਮਾਰੀ ਜਾਂ ਸਰੀਰਕ ਪਰੇਸ਼ਾਨੀ ਨਾ਼ਲ ਲੜਨਾ ਕੋਈ ਵੱਡੀ ਗੱਲ ਨਹੀਂ ਹੈ। ਵਿਗਿਆਨ ਦੇ ਇਸ ਹੀ ਵਿਕਾਸ ਦੀ ਦੇਣ ਹੈ ਇਹ ਤਕਨੀਕ - ਸੀ-ਸੈਕਸ਼ਨ ਡਿਲੀਵਰੀ। ਆਮ ਤੌਰ 'ਤੇ ਇੱਕ ਸਿਹਤਮੰਦ ਮਾਂ ਆਪਣੇ ਬੱਚੇ ਨੂੰ ਬਿਨਾਂ ਕਿਸੇ ਵਿਸ਼ੇਸ਼ ਡਾਕਟਰੀ ਮਦਦ ਦੇ ਜਨਮ ਦਿੰਦੀ ਹੈ ਜਿਸਨੂੰ ਕੁਦਰਤੀ ਡਿਲੀਵਰੀ ਵੀ ਕਿਹਾ ਜਾਂਦਾ ਹੈ ਪਰ ਕੁੱਝ ਹਾਲਤਾਂ ਵਿਚ ਅਜਿਹਾ ਵੀ ਹੁੰਦਾ ਹੈ ਕਿ ਜਦੋਂ ਸਰੀਰਕ ਕਮਜ਼ੋਰੀ, ਖ਼ੂਨ ਦੀ ਘਾਟ, ਇਨਫੈਕਸ਼ਨ ਦੇ ਵਧਣ ਜਾਂ ਫੇਰ ਹਾਦਸਿਆਂ ਵਿਚ ਜ਼ਖਮੀ ਹੋਣ ਕਰਕੇ ਬੱਚੇ ਨੂੰ ਕੁਦਰਤੀ ਤੌਰ 'ਤੇ ਜਨਮ ਦੇਣ ਵਿਚ ਮਾਂ ਸਫਲ ਨਹੀਂ ਹੁੰਦੀ। ਅਜਿਹੀ ਹਾਲਤ ਵਿਚ ਸੀ-ਸੈਕਸ਼ਨ ਡਿਲੀਵਰੀ ਕੀਤੀ ਜਾਂਦੀ ਹੈ ਜਿਸ ਵਿਚ ਬੱਚੇਦਾਨੀ ਦੀ ਉਤਲੀ ਚਮੜੀ ਸਮੇਤ ਸੱਤ ਅਲੱਗ-ਅਲੱਗ ਪਰਤਾਂ ਨੂੰ ਚੀਰ ਕੇ ਬੱਚੇ ਨੂੰ ਬਾਹਰ ਕੱਢਿਆ ਜਾਂਦਾ ਹੈ। ਇਹ ਗੱਲ ਸੁਣਨ ਵਿਚ ਜਿੰਨੀ ਦਰਦਨਾਕ ਹੈ ਅਸਲ ਵਿਚ ਇਸ ਤੋਂ ਕਈ ਗੁਣਾਂ ਵੱਧ ਅਸਹਿ ਹੈ। ਪਰ ਜਿੱਥੇ ਉੱਤੇ ਦੱਸੇ ਗਏ ਕਾਰਨਾਂ ਕਰਕੇ ਤਕਨੀਕ ਦੀ ਘਾਟ ਦੇ ਕਾਰਨ ਕਿੰਨੀਆਂ ਹੀ ਔਰਤਾਂ ਅਤੇ ਬੱਚਿਆਂ ਦੀ ਮੌਤ ਹੋ ਜਾਂਦੀ ਹੈ, ਓਥੇ ਤਾਂ ਇਹ ਆਧੁਨਿਕ ਤਕਨੀਕ ਵਿਗਿਆਨ ਦਾ ਇੱਕ ਤੋਹਫਾ ਸਾਬਤ ਹੁੰਦਾ ਹੈ। ਪਰ ਸਵਾਲ ਇਹ ਹੈ ਕਿ ਅੱਜ ਇਸ ਤਕਨੀਕ ਦਾ ਇਸਤੇਮਾਲ ਇਨਸਾਨੀ ਭਲਾਈ ਦੇ ਲਈ ਕਿਸ ਹੱਦ ਤੱਕ ਕੀਤਾ ਜਾ ਰਿਹਾ ਹੈ ਤੇ ਮੁਨਾਫਾ ਕਮਾਉਣ ਲਈ ਕਿਸ ਹੱਦ ਤੱਕ?



ਅੱਜ ਭਾਰਤ ਵਿਚ ਰੋਜ਼ਾਨਾ ਲਗਭਗ 23,000 ਬੱਚੇ ਸਿਜੇਰੀਅਨ ਦੁਆਰਾ ਪੈਦਾ ਹੁੰਦੇ ਨੇ। ਜੇਕਰ ਅਸੀਂ ਇਸ ਗਿਣਤੀ ਨੂੰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਹੋਈਆਂ ਡਿਲੀਵਰੀਆਂ ਵਿਚ ਵੰਡੀਏ, ਤਾਂ ਸਰਕਾਰੀ ਹਸਪਤਾਲਾਂ ਵਿਚ ਹੋਣ ਵਾ਼ਲੀਆਂ ਕੁੱਲ ਡਿਲੀਵਰੀਆਂ 'ਚੋਂ ਸਿਜੇਰੀਅਨ ਡਿਲੀਵਰੀ 14% ਹੈ, ਓਥੇ ਹੀ ਨਿੱਜੀ ਹਸਪਤਾਲਾਂ ਵਿਚ ਇਹ ਗਿਣਤੀ 54 ਤੋਂ 60% ਤੱਕ ਹੈ ਭਾਵ ਨਿੱਜੀ ਹਸਪਤਾਲਾਂ ਵਿਚ ਹੋਣ ਵਾ਼ਲੀਆਂ ਹਰ 100 ਡਿਲੀਵਰੀਆਂ ਵਿਚੋਂ ਲਗਭਗ 60 ਡਿਲੀਵਰੀਆਂ ਸਿਜੇਰੀਅਨ ਦੁਆਰਾ ਕੀਤੀਆਂ ਜਾਂਦੀਆਂ ਹਨ। ਸੂਬਾ ਵਾਰ ਅੰਕੜਿਆਂ ਮੁਤਾਬਕ ਪੰਜਾਬ ਦੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਇਹ ਅਨੁਪਾਤ ਕ੍ਰਮਵਾਰ 34% ਅਤੇ 51% ਹੈ। ਤੇਲੰਗਾਨਾ ਦੇ ਨਿੱਜੀ ਹਸਪਤਾਲਾਂ ਵਿਚ ਹਰ 100 ਵਿਚੋਂ 89 ਬੱਚੇ ਸਿਜੇਰੀਅਨ ਦੁਆਰਾ ਪੈਦਾ ਹੋ ਰਹੇ ਹਨ ਅਤੇ ਬਿਹਾਰ ਦੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਕ੍ਰਮਵਾਰ ਇਹ ਗਿਣਤੀ 6% ਸਰਕਾਰੀ ਹਸਪਤਾਲਾਂ ਵਿਚ ਅਤੇ ਨਿੱਜੀ ਹਸਪਤਾਲਾਂ ਵਿਚ 48.8% ਹੁੰਦੇ ਹਨ।

ਉੱਤੇ ਦਿੱਤੇ ਗਏ ਅੰਕੜਿਆਂ ਨਾ਼ਲ ਇਹ ਗੱਲ ਸਾਫ ਹੈ ਕਿ ਨਿੱਜੀ ਹਸਪਤਾਲਾਂ ਵਿਚ ਸਿਜੇਰੀਅਨ ਦੁਆਰਾ ਹੋਣ ਵਾ਼ਲੀਆਂ ਡਿਲੀਵਰੀਆਂ ਸਰਕਾਰੀ ਹਸਪਤਾਲਾਂ ਦੇ ਮੁਕਾਬਲੇ ਕਰੀਬ ਚਾਰ ਗੁਣਾ ਜ਼ਿਆਦਾ ਹਨ। ਕਈ ਸੂਬਿਆਂ ਵਿਚ ਤਾਂ ਇਹ ਅਨੁਪਾਤ 5 ਤੋਂ 6 ਗੁਣਾਂ ਤੱਕ ਹੈ, ਪਰ ਇਸਦਾ ਮਤਲਬ ਇਹ ਵੀ ਨਹੀਂ ਹੈ ਕਿ ਸਰਕਾਰੀ ਹਸਪਤਾਲਾਂ ਵਿਚ ਸਥਿਤੀ ਬਹੁਤ ਚੰਗੀ ਹੈ। ਨਿੱਜੀ ਹਸਪਤਾਲਾਂ ਵਿਚ ਵਧਦੇ ਸਿਜੇਰੀਅਨ ਦੇ ਮਾਮਲਿਆਂ ਦਾ ਕਾਰਨ ਹੈ ਇਸ ਤੋਂ ਹੋਣ ਵਾ਼ਲੀ ਕਮਾਈ। ਖਰਚੇ ਦੇ ਨਜ਼ਰੀਏ ਤੋਂ ਕੁਦਰਤੀ ਢੰਗ ਨਾ਼ਲ ਜਨਮ ਦੇਣ ਦੇ ਮੁਕਾਬਲੇ ਸਿਜੇਰੀਅਨ ਨਾ਼ਲ ਜਨਮ ਦੇਣ ਵਿਚ ਲਗਭਗ 8 ਤੋਂ 10 ਗੁਣਾਂ ਜ਼ਿਆਦਾ ਖਰਚਾ ਕਰਨਾ ਪੈਂਦਾ ਹੈ। ਭਾਰਤ ਵਿਚ ਸਿਜੇਰੀਅਨ ਆਪਰੇਸ਼ਨਾਂ ਦੇ ਲਈ ਹਸਪਤਾਲ ਵਿਚ ਦਾਖਲ ਹੋਣ ਤੋਂ ਲੈ ਕੇ ਛੁੱਟੀ ਮਿ਼ਲਣ ਤੱਕ ਆਮ ਤੌਰ 'ਤੇ 30 ਤੋਂ 50 ਹਜ਼ਾਰ ਦਾ ਖਰਚਾ ਆ ਜਾਂਦਾ ਹੈ। ਜ਼ਿਆਦਾ ਮਹਿੰਗੇ ਹਸਪਤਾਲਾਂ ਵਿਚ ਤਾਂ ਇਹ ਖਰਚਾ ਹੋਰ ਵੀ ਵਧ ਜਾਂਦਾ ਹੈ, ਇਥੋਂ ਤੱਕ ਕਿ ਲੱਖਾਂ ਤੱਕ ਵੀ ਪਹੁੰਚ ਜਾਂਦਾ ਹੈ। ਇੱਕ ਤਾਂ ਗੈਰ ਜ਼ਰੂਰੀ ਤੌਰ 'ਤੇ ਆਪਰੇਸ਼ਨ ਕੀਤੇ ਜਾਂਦੇ ਹਨ, ਨਾ਼ਲ ਹੀ ਗੈਰ ਜ਼ਰੂਰੀ ਤੌਰ 'ਤੇ ਦਾਖਲ ਰੱਖ ਕੇ ਵੀ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਤਰ੍ਹਾਂ "ਡਾਕਟਰੀ ਸੇਵਾ" ਦੇ ਨਾਂ 'ਤੇ ਡਕੈਤੀ ਕੀਤੀ ਜਾ ਰਹੀ ਹੈ।

ਇੱਥੇ ਕੀਮਤ ਭਾਵੇਂ ਸਰਕਾਰੀ ਹਸਪਤਾਲਾਂ ਵਿਚ ਘੱਟ ਹੈ ਪਰ ਇਨ੍ਹਾਂ ਹਸਪਤਾਲਾਂ ਦੀ ਸਥਿਤੀ ਕਿਸੇ ਸ਼ਰਨਾਰਥੀ ਕੈਂਪ ਤੋਂ ਵੀ ਬਦਤਰ ਹੁੰਦੀ ਹੈ; ਬਿਸਤਰਿਆਂ ਦੀ ਘਾਟ ਕਰਕੇ ਇੱਕ ਬਿਸਤਰੇ 'ਤੇ ਦੋ-ਦੋ ਮਰੀਜ਼ਾਂ ਨੂੰ ਪੈਣਾ ਪੈਂਦਾ ਹੈ। ਇਸ ਤੋਂ ਬਿਨਾਂ ਹੋਰ ਬੁਨਿਆਦੀ ਸਹੂਲਤਾਂ ਦੀ ਅਣਹੋਂਦ ਅਤੇ ਅਮਲੇ ਦੀ ਘਾਟ ਕਰਕੇ ਸਥਿਤੀ ਵਧੇਰੇ ਗੰਭੀਰ ਹੁੰਦੀ ਹੈ।

ਇਸਦੇ ਨਾ਼ਲ ਇੱਕ ਗੱਲ ਸਾਫ ਜ਼ਾਹਰ ਹੋ ਜਾਂਦੀ ਹੈ ਕਿ ਲੱਗਭੱਗ ਅੱਧੇ ਤੋਂ ਜ਼ਿਆਦਾ ਅਪਰੇਸ਼ਨ ਗੈਰ-ਜ਼ਰੂਰੀ ਹੁੰਦੇ ਹਨ, ਜਿੱਥੇ ਇਨ੍ਹਾਂ ਮਾਮਲਿਆਂ ਵਿਚ ਮਾਂਵਾਂ ਬੱਚੇ ਨੂੰ ਕੁਦਰਤੀ ਅਤੇ ਸੁਰੱਖਿਅਤ ਤਰੀਕੇ ਨਾ਼ਲ ਜਨਮ ਦੇ ਸਕਦੀਆਂ ਹਨ ਪਰ ਫੇਰ ਵੀ ਸਿਹਤਮੰਦ ਔਰਤਾਂ ਨੂੰ ਇਸ ਪ੍ਰਕਿਰਿਆ ਲਈ ਬੱਚਾ ਪੈਦਾ ਕਰਨ ਲਈ ਹਸਪਤਾਲ ਵਿਚ ਕਾਫੀ ਨਾਟਕ ਖੇਡਿਆ ਜਾਂਦਾ ਹੈ। ਇੱਥੇ ਹਸਪਤਾਲ ਵਿਚ ਦਾਖਲ ਕਿਸੇ ਗਰਭਵਤੀ ਔਰਤ ਦੀ ਡਿਲੀਵਰੀ ਦੇ ਕੁੱਝ ਘੰਟੇ ਪਹਿਲਾਂ ਸਿਲਸਿਲੇਵਾਰ ਢੰਗ ਨਾ਼ਲ ਅਜਿਹਾ ਮਾਹੌਲ ਬਣਾਇਆ ਜਾਂਦਾ ਹੈ ਜਿਸ ਨਾ਼ਲ ਉਹ ਅਤੇ ਉਸਦਾ ਪਰਿਵਾਰ ਅਪਰੇਸ਼ਨ ਲਈ ਮੰਨ ਜਾਵੇ। ਆਓ ਨੀਲਮ ਦੀ ਕਹਾਣੀ ਤੋਂ ਲੇਬਰ ਰੂਮ ਵਿਚ ਚਲਦੇ ਇਸ ਨਾਟਕ ਨੂੰ ਸਮਝਣ ਦੀ ਕੋਸ਼ਿਸ਼ ਕਰੀਏ -

ਨੀਲਮ ਦੇ ਬੱਚੇ ਦਾ ਜਨਮ ਹੋਣ ਵਿਚ ਹਾਲੇ 5 ਤੋਂ 6 ਦਿਨਾਂ ਦਾ ਸਮਾਂ ਪਿਆ ਹੈ, ਪਰ ਡਾਕਟਰ ਉਸਨੂੰ ਕਹਿੰਦੀ ਹੈ, "ਅੱਜ ਰਾਤ 10 ਵਜੇ ਦੇ ਨੇੜੇ ਤੇਰਾ ਬੱਚਾ ਇਸ ਦੁਨੀਆ ਵਿਚ ਕਦਮ ਰੱਖੇਗਾ, ਸੱਭ ਕੁੱਝ ਵਧੀਆ ਚੱਲ ਰਿਹਾ ਹੈ।" ਰਾਤ ਦਾ ਸਮਾਂ ਲੰਘ ਜਾਂਦਾ ਹੈ ਪਰ ਨੀਲਮ ਦੀ ਡਿਲੀਵਰੀ ਨਹੀਂ ਹੁੰਦੀ। ਕੁੱਝ ਸਮੇਂ ਬਾਅਦ ਡਾਕਟਰ ਮੁੜ ਆਉਂਦੀ ਹੈ ਅਤੇ ਕਹਿੰਦੀ ਹੈ ਕਿ "ਤੇਰੇ ਬੱਚੇ ਦੀ ਜਾਨ ਖਤਰੇ ਵਿਚ ਹੈ ਅਤੇ ਸਮਾਂ ਬਹੁਤ ਘੱਟ ਹੈ, ਅਪਰੇਸ਼ਨ ਕਰਨਾ ਪਵੇਗਾ ਨਹੀਂ ਤਾਂ ਬੱਚਾ ਮਰ ਵੀ ਸਕਦਾ ਹੈ"। ਇਸ ਲਈ ਉਹ ਇਹ ਬਹਾਨਾ ਦਿੰਦੀ ਹੈ ਕਿ ਤੁਹਾਡੇ ਬੱਚੇ ਦੀ ਧੜਕਣ ਠੀਕ ਢੰਗ ਨਾ਼ਲ ਨਹੀਂ ਚੱਲ ਰਹੀ (ਇਸਨੂੰ ਛੱਡ ਕੇ ਦੂਸਰੇ ਝੂਠੇ ਕਾਰਨ ਵੀ ਦਿੱਤੇ ਜਾਂਦੇ ਹਨ, ਜਿਵੇਂ ਗ਼ਲ ਵਿਚ ਪਲਸੈਂਟਾ ਫਸ ਗਿਆ ਹੈ, ਪੁਜ਼ੀਸ਼ਨ ਵਿਗੜ ਗਈ ਹੈ, ਆਦਿ)। ਇਸੇ ਦੌਰਾਨ ਨੀਲਮ ਨੂੰ "ਪਿਟੋਸ਼ਿਨ" ਨਾਂ ਦਾ ਟੀਕਾ ਲਾਇਆ ਜਾਂਦਾ ਹੈ। ਇਹ ਟੀਕਾ ਬਹੁਤ ਹੀ ਗੰਭੀਰ ਸਥਿਤੀ ਵਿਚ ਲਾਇਆ ਜਾਂਦਾ ਹੈ, ਜੋ ਇੱਕ ਉਤਪ੍ਰੇਰਕ ਦਾ ਕੰਮ ਕਰਦਾ ਹੈ। ਇਹ ਬੱਚੇਦਾਨੀ ਦੀਆਂ ਮਾਸਪੇਸ਼ੀਆਂ ਨੂੰ ਸੁੰਗੇੜਦਾ ਤੇ ਮਜ਼ਬੂਤ ਕਰਦਾ ਹੈ ਜਿਸ ਨਾ਼ਲ ਗੈਰਵਾਜਬ ਡਿਲੀਵਰੀ ਦੀ ਪੀੜ ਸ਼ੁਰੂ ਹੋ ਜਾਂਦੀ ਹੈ, ਜੋ ਇੱਕ ਕੁਦਰਤੀ ਡਿਲੀਵਰੀ ਦੀ ਪੀੜ ਤੋਂ ਕਈ ਗੁਣਾ ਜ਼ਿਆਦਾ ਦਰਦਨਾਕ ਹੁੰਦੀ ਹੈ। ਕਾਨੂੰਨੀ ਤੌਰ 'ਤੇ ਇਸ ਟੀਕੇ ਲਈ ਮਾਂ-ਪਿਓ ਦੇ ਦਸਤਖ਼ਤ ਦੀ ਲੋੜ ਹੁੰਦੀ ਹੈ, ਜਿਸਦੇ ਲਈ ਡਾਕਟਰ ਨਵਾਂ ਨਾਟਕ ਕਰਦੇ ਹਨ। ਇਹ ਫੇਰ ਤੋਂ ਜ਼ਿੰਦਗੀ ਅਤੇ ਮੌਤ ਦਾ ਹਵਾਲਾ ਦੇ ਕੇ ਮਾਂ-ਬਾਪ ਨੂੰ ਰਾਜ਼ੀ ਕਰ ਲੈਂਦੇ ਹਨ। ਇਸ ਹਾਲਤ ਵਿਚ ਸੁਭਾਵਿਕ ਹੀ ਪਤੀ-ਪਤਨੀ ਡਾਕਟਰ 'ਤੇ ਭਰੋਸਾ ਕਰ ਕੇ ਇਹੀ ਸੋਚਦੇ ਹਨ ਕਿ ਡਾਕਟਰ ਨੇ ਕਿਹਾ ਹੈ ਤਾਂ ਸਹੀ ਹੀ ਕਿਹਾ ਹੋਵੇਗਾ। ਪਰ ਉਨ੍ਹਾਂ ਦੇ ਇਸੇ ਭਰੋਸੇ ਦਾ ਫਾਇਦਾ ਚੁੱਕਿਆ ਜਾਂਦਾ ਹੈ। ਇਸ ਤੋਂ ਬਾਅਦ ਇਸ ਨਾਟਕ ਦਾ ਅੰਤ ਹੋ ਜਾਂਦਾ ਹੈ ਅਤੇ ਆਪਰੇਸ਼ਨ ਥੀਏਟਰ ਆਪਣੀ ਤਿਆਰੀ ਵਿਚ ਜੁੱਟ ਜਾਂਦੇ ਹਨ। ਇੱਥੋਂ ਨੀਲਮ ਦੇ ਪਰਿਵਾਰ ਲਈ ਅਗਲੇ ਕੁੱਝ ਘੰਟੇ ਤੱਕ ਜਾਰੀ ਰਹਿਣ ਵਾ਼ਲੇ ਇਸ ਵੱਡੇ ਖਰਚੇ ਦੀ ਲੜੀ ਸ਼ੁਰੂ ਹੋ ਜਾਂਦੀ ਹੈ।

ਨੀਲਮ ਦੀ ਕਹਾਣੀ ਵਿਚ ਉੱਨੀ-ਵੀਹ ਦੀ ਗੁੰਜਾਇਸ਼ ਨਾ਼ਲ ਇਹ ਆਪਰੇਸ਼ਨ ਅੱਜ ਲਗਭਗ ਰੋਜ਼ਾਨਾ 23,000 ਦੇ ਕਰੀਬ ਮਾਂਵਾਂ ਨਾ਼ਲ ਹੋ ਰਿਹਾ ਹੈ। ਸਿਜੇਰੀਅਨ ਤੋਂ ਬਾਅਦ 90% ਮਾਵਾਂ ਆਪਣੇ ਅਗਲੇ ਬੱਚੇ ਨੂੰ ਵੀ ਨਾਰਮਲ ਡਿਲੀਵਰੀ ਦੁਆਰਾ ਜਨਮ ਨਹੀਂ ਦੇ ਪਾਉਂਦੀਆਂ। ਆਪਰੇਸ਼ਨ ਦੇ ਬਾਅਦ ਸਰੀਰ ਵਿਚ ਖ਼ੂਨ ਦੀ ਕਾਫੀ ਕਮੀ ਹੁੰਦੀ ਹੈ, ਜਿਸ ਨੂੰ ਗਰੀਬ ਔਰਤਾਂ ਤਾਂ ਅਕਸਰ ਪੂਰਾ ਨਹੀਂ ਕਰ ਪਾਉਂਦੀਆਂ। ਇਸ ਤੋਂ ਬਿਨਾਂ ਗੰਭੀਰ ਦੇਖਭਾਲ ਦੀ ਲੋੜ ਹੁੰਦੀ ਹੈ ਜਿਸਦਾ ਖਰਚਾ ਚੁੱਕਣਾ ਵੀ ਇੱਕ ਹੋਰ ਮੁਸ਼ਕਿਲ ਹੁੰਦੀ ਹੈ। ਪੇਂਡੂ ਖੇਤਰਾਂ ਵਿਚ ਜਿੱਥੇ ਸਰਕਾਰੀ ਸਿਹਤ ਸਹੂਲਤਾਂ ਦੀ ਕਾਫੀ ਘਾਟ ਹੈ, ਜਿੱਥੇ ਔਰਤਾਂ ਨੂੰ ਡਿਲੀਵਰੀ ਲਈ ਦੂਰ ਸ਼ਹਿਰ ਦੇ ਗੇੜੇ ਕੱਢਣੇ ਪੈਂਦੇ ਨੇ, ਓਥੇ ਉਹ ਅਕਸਰ ਨਿੱਜੀ ਹਸਪਤਾਲਾਂ ਦੇ ਇਸ ਨਾਟਕ ਅਤੇ ਗੋਰਖਧੰਦੇ ਵਿਚ ਫਸ ਕੇ ਰਹਿ ਜਾਂਦੇ ਹਨ।

ਪਰ ਇਹ ਕਹਾਣੀ ਸਿਰਫ ਲੇਬਰ ਰੂਮ 'ਤੇ ਹੀ ਖਤਮ ਨਹੀਂ ਹੋ ਜਾਂਦੀ। ਅੱਜ ਪੂਰੀ ਦੁਨੀਆ ਵਿਚ ਥਾਂ-ਥਾਂ ਨਿੱਜੀ ਹਸਪਤਾਲਾਂ ਦਾ ਇੱਕ ਜਾ਼ਲ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦੇ ਇਲਾਜ ਲਈ ਕੋਈ ਆਮ ਆਦਮੀ ਸਰਕਾਰੀ ਹਸਪਤਾਲਾਂ ਤੋਂ ਉਮੀਦ ਨਹੀਂ ਕਰ ਸਕਦਾ। ਜਿੱਥੇ ਦੇਸ਼ ਦੀਆਂ ਚੰਗੀਆਂ ਸਿਹਤ ਸਹੂਲਤਾਂ ਦੀਆਂ ਤਾਰੀਫਾਂ ਕਰਨ ਵਾ਼ਲੇ ਆਗੂ ਖੁਦ ਆਪਣੇ ਇਲਾਜ ਲਈ ਵਿਦੇਸ਼ ਸ਼ਰਨ ਲੈਂਦੇ ਹਨ, ਓਥੇ ਆਮ ਲੋਕਾਂ ਲਈ ਕੀ ਉਮੀਦ ਹੋ ਸਕਦੀ ਹੈ? ਪਰ ਅੱਜ ਸਿਹਤ ਪ੍ਰਬੰਧ ਦੇ ਬਾਜ਼ਾਰ ਬਣ ਜਾਣ ਲਈ ਕੌਣ ਜ਼ਿੰਮੇਵਾਰ ਹੈ? ਅੱਜ ਆਪਾਂ ਇਕ ਅਜਿਹੇ ਸਮਾਜ ਵਿਚ ਜੀ ਰਹੇ ਹਾਂ, ਜਿੱਥੇ ਕਿਸੇ ਵੀ ਚੀਜ਼ ਦੀ ਪੈਦਾਵਾਰ ਮੁਨਾਫਾ ਕਮਾਉਣ ਲਈ ਹੁੰਦੀ ਹੈ। ਉਸੇ ਤਰ੍ਹਾਂ ਵਿਗਿਆਨ ਦੀ ਹਰ ਬਿਹਤਰੀਨ ਖੋਜ ਵੀ ਮੁਨਾਫਾਖੋਰਾਂ ਦੇ ਢਹੇ ਚੜ੍ਹ ਕੇ ਮੁਨਾਫਾ ਕਮਾਉਣ ਦਾ ਇੱਕ ਔਜ਼ਾਰ ਬਣ ਕੇ ਰਹਿ ਜਾਂਦੀ ਹੈ। ਇਸ ਲਈ ਇਹ ਓਦੋਂ ਤੱਕ ਖਤਮ ਨਹੀਂ ਹੋ ਸਕਦਾ, ਜਦੋਂ ਤੱਕ ਇਸ ਮੁਨਾਫਾਖੋਰ ਨਿਜ਼ਾਮ ਦੀ ਥਾਂ ਅਜਿਹਾ ਸਮਾਜਵਾਦੀ ਸਮਾਜ ਨਹੀਂ ਸਿਰਜਿਆ ਜਾਂਦਾ ਜਿੱਥੇ ਵਿਗਿਆਨ ਅਤੇ ਪੈਦਾਵਾਰ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇ ਅਤੇ ਸਾਰੀਆਂ ਸਹੂਲਤਾਂ ਆਮ ਲੋਕਾਂ ਦੀ ਪਹੁੰਚ ਵਿਚ ਹੋਣ।

# ਉੱਤਰ ਭਾਰਤ ਵਿਚ ਗਰਮੀ ਦਾ ਕਹਿਰ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਲੰਘੇ ਸਪਤਾਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਠਾਣੇ ਵਿਚ ਪੈਂਦੇ ਆਪਣੇ ਪਿੰਡ ਦੀ ਫੇਰੀ ਨੇ ਮੈਨੂੰ ਪੰਜਾਬ ਵਿਚ ਪੈ ਰਹੀ ਅੰਤਾਂ ਦੀ ਗਰਮੀ ਤੋਂ ਜਾਣੂ ਕਰਵਾਇਆ। ਪੈਦਲ, ਸਾਈਕਲ ਸਵਾਰ ਤੇ ਸਕੂਟਰਾਂ ਜਾਂ ਮੋਟਰ ਸਾਈਕਲਾਂ ਵਾਲੇ ਆਪਣੇ ਦੁਪੱਟੇ ਜਾਂ ਪਗੜੀ ਦੇ ਲੜ ਨਾਲ ਮੂੰਹ ਢਕ ਕੇ ਅੱਗੇ ਵਧ ਰਹੇ ਸਨ। ਕੰਬਾਈਨਾਂ ਨਾਲ ਵੱਢੀ ਕਣਕ ਦੇ ਖੇਤਾਂ ਵਿਚ ਰਹਿ ਗਏ ਜੁੰਡਿਆਂ ਨੂੰ ਲਾਈ ਅੱਗ ਦਾ ਧੂੰਆਂ ਰਸਤਿਆਂ ਵਿਚ ਪਸਰਿਆ ਪਿਆ ਸੀ। ਮੈਂ ਇਹ ਵੀ ਜਾਣਦਾ ਸਾਂ ਕਿ ਮੌਸਮ ਵਿਭਾਗ ਨੇ ਚੇਤਾਵਨੀ ਦੇ ਰੱਖੀ ਹੈ। ਇਹ ਵਾਲੀ ਲੂ ਕੇਵਲ ਪੰਜਾਬੀਆਂ ਦੀ ਜਾਨ ਦਾ ਖੌਅ ਨਹੀਂ ਸੀ ਬਣੀ, ਦਿੱਲੀ, ਹਰਿਆਣਾ ਤੇ ਰਾਜਸਥਾਨ ਵੀ ਲਪੇਟ ਵਿਚ ਆ ਚੁੱਕੇ ਸਨ। ਪਸ਼ੂ ਪੰਛੀਆਂ ਦੀ ਪਿਆਸ ਮਿਟਾਉਣ ਵਾਲੇ ਟੋਭਿਆਂ ਦਾ ਪਾਣੀ ਸੁੱਕ ਚੁੱਕਾ ਸੀ।

ਇੱਕ ਪਿੰਡ ਦੇ ਤੂੜੀ ਵਾਲੇ ਕੁੱਪ ਸੜੇ ਹੋਏ ਮਿਲੇ ਤੇ ਇੱਕ ਦੀਆਂ ਜੂਹਾਂ ਵਿਚ ਉਡਣੇ ਪੰਛੀ ਬੇਸੁੱਧ ਪਏ। ਵੱਡੇ ਰੁੱਖਾਂ ਦੀ ਕਟਾਈ ਨੇ ਵਾਤਾਵਰਣ ਦੀ ਗਰਮੀ ਵਿਚ ਅੰਤਾਂ ਦਾ ਵਾਧਾ ਕੀਤਾ ਹੋਇਆ ਹੈ। ਮਾਨਵ ਜਾਤੀ ਤਾਂ ਕੋਈ ਨਾ ਕੋਈ ਅਹੁੜ ਪਹੁੜ ਕਰ ਲੈਂਦੀ ਹੈ। ਇਨ੍ਹਾਂ ਜੀਵਾਂ ਦਾ ਕੋਈ ਰਖਵਾਲਾ ਨਹੀਂ। ਉਹ ਦਿਨ ਲੱਦ ਗਏ ਜਦ ਪਿੰਡਾਂ ਦੀਆਂ ਸੁਆਣੀਆਂ ਆਪਣੇ ਘਰਾਂ ਦੀਆਂ ਛੱਤਾਂ ਉੱਤੇ ਚੋਗਾ ਖਿਲਾਰ ਕੇ ਪੰਛੀਆਂ ਲਈ ਲੋੜੀਂਦਾ ਪਾਣੀ ਦਾ ਕਸੋਰਾ ਰੱਖ ਦਿੰਦੀਆਂ ਸਨ। ਦਾਲ, ਦਲੀਆ, ਚੌਲ, ਬਾਜਰਾ, ਫਰੂਟ ਤੇ ਰੋਟੀ ਦੇ ਟੁਕੜੇ ਚੁਗਚੁਗਾ ਕੇ ਪੰਛੀ ਨੌਂ ਬਰ ਨੌਂ ਰਹਿੰਦੇ ਹਨ। ਨਵੀਂ ਪੀੜ੍ਹੀ ਦਾ ਏਸ ਪਾਸੇ ਧਿਆਨ ਹੀ ਨਹੀਂ। ਉਹ ਤਾਂ ਆਪੋ ਆਪਣੇ ਮਸ਼ੀਨੀ ਯੰਤਰਾਂ ਨਾਲ ਖੇਡਣ ਵਿਚ ਰੁੱਝੇ ਰਹਿੰਦੇ ਹਨ। ਉਹ ਨਹੀਂ ਜਾਣਦੇ ਕਿ ਇੱਕ ਦਿਨ ਉਨ੍ਹਾਂ ਵੀ ਬੁਢਾਪੇ ਦਾ ਸ਼ਿਕਾਰ ਹੋਣਾ ਹੈ। ਸੜਕਾਂ ਦੇ ਖੱਬੇ ਸੱਜੇ ਵਾਲੇ ਰੁੱਖਾਂ ਨੂੰ ਕਟਵਾਉਣਾ ਉਨ੍ਹਾਂ ਦੀਆਂ ਮੋਟਰ ਗੱਡੀਆਂ ਦੀ ਲੋੜ ਹੈ। ਮੌਸਮ ਵਿਭਾਗ ਵਲੋਂ ਜਾਰੀ ਕੀਤੀ ਗਈ ਲਾਲ ਤੇ ਸੰਗਤਰੀ ਚੇਤਾਵਨੀ (ਰੈੱਡ ਤੇ ਔਰੈਂਜ ਐਲਰਟ) ਉਨ੍ਹਾਂ ਲਈ ਕੋਈ ਅਰਥ ਨਹੀਂ ਰਖਦੀ।



ਤਾਜ਼ਾ ਖਬਰਾਂ ਅਨੁਸਾਰ ਰਾਜਸਥਾਨ ਦੇ ਤਿੰਨ ਸ਼ਹਿਰਾਂ ਵਿਚ ਤਾਪਮਾਨ 50 ਡਿਗਰੀ ਸੈਲਸੀਅਸ ਪਾਰ ਕਰ ਚੁੱਕਾ ਹੈ, ਚੁਰੂ ਸ਼ਹਿਰ ਦੇ 50.5 ਸਮੇਤ 50.3 ਡਿਗਰੀ ਤੱਕ ਤਾਂ ਹਰਿਆਣਾ ਦਾ ਸਿਰਸਾ ਹੀ ਪਹੁੰਚ ਚੁੱਕਾ ਹੈ ਜਿਹੜਾ ਚਾਰ ਵਿਅਕਤੀਆਂ ਦੀ ਜਾਨ ਵੀ ਲੈ ਚੁੱਕਿਆ ਹੈ। ਹੋਰ ਤਾਂ ਹੋਰ ਪੰਜਾਬ ਦੇ ਬਠਿੰਡਾ ਸ਼ਹਿਰ ਦਾ ਤਾਪਮਾਨ 49.3 ਡਿਗਰੀ 'ਤੇ ਪਹੁੰਚਿਆ ਦੱਸਿਆ ਜਾਂਦਾ ਹੈ; ਆਮ ਤਾਪਮਾਨ ਨਾਲੋਂ ਅੱਠ ਡਿਗਰੀ ਵੱਧ। ਏਥੇ ਵੀ ਚਾਰ ਵਿਅਕਤੀਆਂ ਦੀ ਮੌਤ ਹੋਈ ਦੱਸੀ ਜਾਂਦੀ ਹੈ।

ਜੱਟ ਦਾ ਪੁੱਤ ਕੀ ਕਰੇ? ਉਸਦੀ ਸਬਜ਼ੀਆਂ ਦੀ ਫਸਲ ਪਾਣੀ ਮੰਗ ਰਹੀ ਹੈ ਤੇ ਰੱਬ ਅੱਗ ਵਰ੍ਹਾ ਰਿਹਾ ਹੈ। ਮੌਸਮ ਤੇ ਵਾਤਾਵਰਣ ਵਿਗਿਆਨੀ ਦੋ ਦਹਾਕਿਆਂ ਤੋਂ ਦੁਨੀਆਂ ਦੇ ਕਈ ਸ਼ਹਿਰਾਂ ਨੂੰ ਸ਼ਹਿਰੀ ਤਪਸ਼ ਟਾਪੂ (ਅਰਬਨ ਹੀਟ ਆਈਲੈਂਡ) ਬਣਨ ਦੀ ਭਵਿੱਖਬਾਣੀ ਕਰ ਰਹੇ ਹਨ। ਕੱਲ੍ਹ ਨੂੰ ਉੱਤਰੀ ਭਾਰਤ ਦੇ ਸਬੰਧਤ ਸ਼ਹਿਰਾਂ ਉੱਤੇ ਵੀ ਇਹੀਓ ਫਤਵਾ ਦਾਇਰ ਹੋ ਸਕਦਾ ਹੈ। ਅਤਿ ਲੋੜੀਂਦੀਆਂ ਵਸਤੂਆਂ ਦੀ ਉਪਜ ਕਰਨ ਵਾਲੇ 'ਪਰੋਡਕਸ਼ਨ ਹੱਬ' ਵਜੋਂ ਜਾਣੇ ਜਾਂਦੇ ਸ਼ਹਿਰ ਉਚੇਚਾ ਧਿਆਨ ਮੰਗਦੇ ਹਨ। ਮੰਨਿਆ, ਆਬਾਦੀ ਵਿਚ ਹੋ ਰਿਹਾ ਵਾਧਾ ਅਜਿਹੀਆਂ ਸਥਿਤੀਆਂ ਪੈਦਾ ਕਰ ਰਿਹਾ ਹੈ, ਪਰ ਕੀ ਇਹ ਮਸਲਾ ਏਨਾ ਹੀ ਗੰਭੀਰ ਹੈ ਕਿ ਇਸ ਉੱਤੇ ਕਾਬੂ ਨਹੀਂ ਪਾਇਆ ਜਾ ਸਕਦਾ?

ਜੇ ਅਸੀਂ ਵਾਤਾਵਰਣ ਦੀ ਸਾਂਭ ਸੰਭਾਲ ਨਾ ਕੀਤੀ ਤਾਂ ਸਿਰ ਉੱਤੇ ਕੇਵਲ ਮੌਤ ਹੀ ਨਹੀਂ ਮੰਡਰਾਉਣੀ ਇਸਦਾ ਰੂਪ ਵੀ ਏਨਾ ਭਿਆਨਕ ਹੋ ਜਾਵੇਗਾ ਕਿ ਸਿਹਤ ਵਿਗਿਆਨੀਆਂ ਦੇ ਵੱਸੋਂ ਬਾਹਰ ਜਾ ਸਕਦਾ ਹੈ। ਪਰਿਵਾਰ ਨਿਯੋਜਨ ਲਈ ਚੀਨ ਵਰਗੇ ਤਾਨਾਸ਼ਾਹੀਆਂ ਤੋਂ ਸਬਕ ਸਿਖੀਏ। ਉੱਕਾ ਗੁਰੇਜ਼ ਨਾ ਕਰੀਏ। ਇਸੇ ਵਿਚ ਹੀ ਭਲਾ ਹੈ।

### ਲੋਕ ਸਭਾ ਚੋਣਾਂ, ਰਾਜਨੀਤੀ ਤੇ ਚੋਣ ਪਰਚਾਰ

ਹੁਣ ਜਦੋਂ ਚੋਣ ਦੰਗਲ ਦੇ ਵੱਖੋ ਵੱਖਰੇ ਰੂਪ ਵੀ ਸਾਹਮਣੇ ਆ ਚੁੱਕੇ ਹਨ, ਚੋਣ ਪ੍ਰਚਾਰ ਬੰਦ ਹੋ ਚੁੱਕਾ ਹੈ ਤੇ ਵੋਟਾਂ ਪੈ ਚੁੱਕੀਆਂ ਹਨ। ਰਾਜਨੀਤੀ ਦੇ ਇੱਕ ਦੋ ਰੂਪਾਂ ਬਾਰੇ ਗੱਲ ਕਰਨ ਦਾ ਕੋਈ ਹਰਜ ਨਹੀਂ। ਦੋ ਦਹਾਕੇ ਪੁਰਾਣੇ ਰਣਜੀਤ ਸਿੰਘ ਹੱਤਿਆ ਮਾਮਲੇ ਵਿਚ ਰਾਮ ਰਹੀਮ ਦਾ ਅੱਜ ਦੇ ਦਿਨ ਬਰੀ ਹੋਣਾ ਇਨ੍ਹਾਂ ਵਿਚੋਂ ਪ੍ਰਮੁੱਖ ਹੈ ਜਦ ਕਿ ਦਲੀਲਾਂ ਪਹਿਲਾਂ ਹੀ ਮੁਕੰਮਲ ਹੋ ਚੁੱਕੀਆਂ ਸਨ। ਇਹ ਵੀ ਸਬੱਬ ਦੀ ਗੱਲ ਹੈ ਕਿ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦੀ ਦੂਜੀ ਬਰਸੀ ਇਨ੍ਹਾਂ ਦਿਨਾਂ ਵਿਚ ਪੈਂਦੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਵਲੋਂ ਇੱਕ ਇਸ਼ਤਿਹਾਰ ਰਾਹੀਂ ਮੂਸੇਵਾਲਾ ਦੇ ਗੁਣਾਂ ਨੂੰ ਅੱਜ ਦੇ ਦਿਨ ਉਭਾਰਨਾ ਵੀ ਏਸ ਤਰ੍ਹਾਂ ਦਾ ਕਰਤੱਵ ਹੈ। ਇਹ ਪਾਰਟੀ ਉਦੋਂ ਕਿਹੜੀ ਨੀਂਦ ਸੁੱਤੀ ਹੋਈ ਸੀ ਜਦੋਂ ਬੀਜੇਪੀ ਵਾਲੇ ਪੰਡਤ ਨਹਿਰੂ ਤੇ ਇੰਦਰਾ ਗਾਂਧੀ ਦੀਆਂ ਪ੍ਰਾਪਤੀਆਂ ਨੂੰ ਆਪਣੀ ਸੱਤਾਂ ਸਾਲਾਂ ਦੀ ਬਾਦਸ਼ਾਹਤ ਦਾ ਗੁਣਗਾਇਨ ਕਰਕੇ ਮਧੋਲ ਰਹੀ ਸੀ। ਰਾਹੁਲ ਗਾਂਧੀ ਨੂੰ ਸ਼ਹਿਜ਼ਾਦਾ ਕਹਿਣਾ ਤੇ ਕਾਂਗਰਸ ਪਾਰਟੀ ਦੇ ਇਕੱਠਾਂ ਨੂੰ ਮੁਜਰਾ ਕਹਿਣਾ ਹਾਲੀ ਕੱਲ੍ਹ ਦੀ ਗੱਲ ਹੈ। ਕੋਈ ਬਿਸਕੁਟ ਵੇਚਣ ਵਾਲਾ ਤਾਂ ਆਪਣੇ ਗਾਹਕ ਨੂੰ ਸ਼ਹਿਜ਼ਾਦਾ ਜਾਂ ਬਾਦਸ਼ਾਹ ਆਖੇ ਤਾਂ ਏਨਾ ਮਾੜਾ ਨਹੀਂ ਲਗਦਾ ਸਿਆਸੀ ਲੀਡਰ ਦਾ ਅਜਿਹੇ ਵਿਸ਼ੇਸ਼ਣ ਵਰਤਣਾ ਕਿੰਨਾ ਕੁ ਸ਼ੋਭਦਾ ਹੈ? ਉੱਤਰ ਮਿਲ ਹੀ ਜਾਣਾ ਹੈ! ਦੋ ਦਿਨ ਦੀ ਖੇਡ ਹੈ!!

**ਅੰਤਿਕਾ**

ਸੁਰਜੀਤ ਪਾਤਰ॥
ਮੈਂ ਤਾਂ ਸੜਕ 'ਤੇ ਵਿਛੀ ਬਿਰਖਾਂ ਦੀ ਛਾਂ ਹਾਂ
ਮੈਂ ਨਹੀਂ ਮਿਟਣਾ ਸੌ ਵਾਰ ਲੰਘ ਮਸਲ ਕੇ।

# ਹਾਕੀ ਦਾ ਜੁਝਾਰੂ ਖਿਡਾਰੀ ਸੀ ਸੁਰਜੀਤ ਸਿੰਘ


ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com


ਸੁਰਜੀਤ ਸਿੰਘ ਰੰਧਾਵਾ ਹਾਕੀ ਦਾ ਮਹਾਨ ਫੁੱਲ ਬੈਕ ਖਿਡਾਰੀ ਸੀ। ਉਸ ਨੂੰ ਚੀਨ ਦੀ ਕੰਧ ਕਿਹਾ ਜਾਂਦਾ ਸੀ। 1978 ਦੀਆਂ ਏਸ਼ਿਆਈ ਖੇਡਾਂ ਸਮੇਂ ਇਕ ਕੁਮੈਂਟੇਟਰ ਨੇ ਤਾਂ ਇਥੋਂ ਤਕ ਕਹਿ ਦਿੱਤਾ ਸੀ ਕਿ ਇਕ ਪਾਸੇ ਪਾਕਿਸਤਾਨ ਦੀ ਟੀਮ ਹੈ ਤੇ ਦੂਜੇ ਪਾਸੇ ਇੰਡੀਆ ਦਾ ਫੁੱਲ ਬੈਕ ਸੁਰਜੀਤ ਸਿੰਘ। ਸੁਰਜੀਤ ਸਿੰਘ 'ਕੱਲਾ ਹੀ ਪੂਰੀ ਪਾਕਿਸਤਾਨੀ ਟੀਮ ਨੂੰ ਡੱਕੀ ਖੜ੍ਹਾ ਹੈ!

1973 ਦੇ ਵਿਸ਼ਵ ਹਾਕੀ ਕੱਪ ਵਿਚ ਉਸ ਨੇ ਐਸੀ ਖੇਡ ਖੇਡੀ ਕਿ ਉਸ ਨੂੰ ਵਰਲਡ ਹਾਕੀ ਇਲੈਵਨ ਦਾ ਮੈਂਬਰ ਨਾਮਜ਼ਦ ਕੀਤਾ ਗਿਆ। 1974 ਵਿਚ ਤਹਿਰਾਨ ਦੀਆਂ ਏਸ਼ਿਆਈ ਖੇਡਾਂ ਸਮੇਂ ਉਹ ਏਸ਼ੀਅਨ ਆਲ ਸਟਾਰਜ਼ ਟੀਮ ਵਿਚ ਚੁਣਿਆ ਗਿਆ। ਬਰੱਸਲਜ਼ ਵਿਚ ਏਸ਼ੀਆ ਤੇ ਯੂਰਪ ਦੀਆਂ ਟੀਮਾਂ ਵਿਚਕਾਰ ਮੈਚ ਹੋਇਆ ਤਾਂ ਉਸ ਨੇ ਏਨੀ ਵਧੀਆ ਖੇਡ ਵਿਖਾਈ ਕਿ ਵਿਸ਼ਵ ਮੀਡੀਆ ਨੇ ਉਸ ਨੂੰ ਦੁਨੀਆ ਦਾ ਸਰਵੋਤਮ ਫੁੱਲ ਬੈਕ ਖਿਡਾਰੀ ਕਿਹਾ। 1975 ਵਿਚ ਉਸ ਨੇ ਕੁਆਲਾਲੰਪੁਰ ਦਾ ਤੀਜਾ ਵਿਸ਼ਵ ਕੱਪ ਖੇਡਿਆ ਜਿਥੇ ਭਾਰਤੀ ਟੀਮ ਨੂੰ ਜਿੱਤ ਨਸੀਬ ਹੋਈ। ਸੁਰਜੀਤ ਹੋਰਾਂ ਨੇ ਫਾਈਨਲ ਮੈਚ ਵਿਚ ਪਾਕਿਸਤਾਨ ਦੀ ਟੀਮ ਨੂੰ ਹਰਾ ਕੇ ਹਾਕੀ ਦਾ ਵਿਸ਼ਵ ਕੱਪ ਜਿੱਤਿਆ ਜੋ ਭਾਰਤੀ ਟੀਮ ਹੁਣ ਤਕ ਇਕੋ ਵਾਰ ਜਿੱਤ ਸਕੀ। 1976 'ਚ ਉਹ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਵਿਚ ਖੇਡਿਆ। 1970ਵਿਆਂ ਦੌਰਾਨ ਉਹ ਹਾਕੀ ਦਾ ਸਭ ਤੋਂ ਤਕੜਾ ਫੁੱਲ ਬੈਕ ਖਿਡਾਰੀ ਮੰਨਿਆ ਜਾਂਦਾ ਰਿਹਾ।

ਉਹ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਟੀਮਾਂ ਤੋਂ ਲੈ ਕੇ ਭਾਰਤੀ ਟੀਮਾਂ ਵੱਲੋਂ ਏਸ਼ੀਅਨ ਖੇਡਾਂ, ਓਲੰਪਿਕ ਖੇਡਾਂ, ਵਿਸ਼ਵ ਹਾਕੀ ਕੱਪਾਂ, ਕੌਮਾਂਤਰੀ ਟੂਰਨਾਮੈਂਟਾਂ ਤੇ ਹਾਕੀ ਦੀਆਂ ਚੈਂਪੀਅਨ ਟਰਾਫੀਆਂ ਵਿਚ ਖੇਡਦਾ ਰਿਹਾ। ਉਸ ਦਾ ਜਨਮ ਪਿੰਡ ਦਾਖਲਾ, ਜ਼ਿਲ੍ਹਾ ਗੁਰਦਾਸਪੁਰ ਵਿਚ 10 ਅਕਤੂਬਰ 1951 ਨੂੰ ਹੋਇਆ। ਇਹ ਪਿੰਡ ਬਟਾਲੇ ਲਾਗੇ ਹੈ ਜਿਸ ਦਾ ਨਾਂ ਓਲੰਪੀਅਨ ਸੁਰਜੀਤ ਸਿੰਘ ਦੀ ਮ੍ਰਿਤੂ ਪਿੱਛੋਂ ਉਹਦੀ ਯਾਦ ਵਿਚ 'ਸੁਰਜੀਤ ਸਿੰਘ ਵਾਲਾ' ਰੱਖ ਦਿੱਤਾ ਗਿਆ। ਲਾਗਲੇ ਸ਼ਹਿਰ ਬਟਾਲੇ ਦੇ ਚੌਕ ਵਿਚ ਉਸ ਦਾ ਬੁੱਤ ਸਥਾਪਤ ਕੀਤਾ ਗਿਆ। ਜਲੰਧਰ ਦੇ ਬਰਟਲਨ ਪਾਰਕ ਵਿਚ ਓਲੰਪੀਅਨ ਸੁਰਜੀਤ ਸਿੰਘ ਸਟੇਡੀਅਮ ਬਣਾਇਆ ਗਿਆ ਜਿਥੇ ਉਹਦੀ ਯਾਦ ਵਿਚ ਹਰ ਸਾਲ ਹਾਕੀ ਦਾ ਉੱਚ ਪੱਧਰੀ ਟੂਰਨਾਮੈਂਟ ਹੁੰਦਾ ਹੈ। ਜਲੰਧਰ ਵਿਚ ਹੀ ਸੁਰਜੀਤ ਸਿੰਘ ਸੁਸਾਇਟੀ ਵੱਲੋਂ ਹਾਕੀ ਦੀ ਅਕੈਡਮੀ ਚੱਲ ਰਹੀ ਹੈ ਜਿਸ ਨੇ ਭਾਰਤੀ ਹਾਕੀ ਟੀਮਾਂ ਨੂੰ ਸਭ ਤੋਂ ਵੱਧ ਖਿਡਾਰੀ ਦਿੱਤੇ ਹਨ। ਉਹ ਪੰਜਾਬ ਦਾ ਮਾਣ ਸੀ ਭਾਰਤ ਦੀ ਸ਼ਾਨ। ਉਸ ਨੂੰ ਅਰਜਨਾ ਅਵਾਰਡ ਨਾਲ ਸਨਮਾਨਿਆ ਗਿਆ ਸੀ।

ਉਸ ਨੇ ਮੁਢਲੀ ਵਿੱਦਿਆ ਖ਼ਾਲਸਾ ਸਕੂਲ ਬਟਾਲਾ ਤੋਂ ਹਾਸਲ ਕੀਤੀ ਸੀ। ਉਸੇ ਸਕੂਲ ਦੀ ਹਾਕੀ ਟੀਮ ਵਿਚ ਉਹ ਸੈਂਟਰ ਫਾਰਵਰਡ ਖੇਡਣ ਲੱਗਾ। ਫਿਰ ਸਪੋਰਟਸ ਸਕੂਲ ਜਲੰਧਰ ਚਲਾ ਗਿਆ। 1967 ਵਿਚ ਉਸ ਨੇ ਪੰਜਾਬ ਵੱਲੋਂ ਸਕੂਲਾਂ ਦੀਆਂ ਨੈਸ਼ਨਲ ਖੇਡਾਂ 'ਚ ਹਿੱਸਾ ਲੈਂਦਿਆਂ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ। 1968 ਵਿਚ ਉਹ ਸਪੋਰਟਸ ਕਾਲਜ ਜਲੰਧਰ ਗਿਆ ਜਿਥੋਂ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ 'ਚ ਚੁਣਿਆ ਗਿਆ। ਅਗਲੇ ਸਾਲ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਖੇਡਿਆ। 1971 ਵਿਚ ਉਸ ਨੇ ਕੰਬਾਈਂਡ ਯੂਨੀਵਰਸਿਟੀਜ਼ ਦੀ ਟੀਮ ਦਾ ਮੈਂਬਰ ਬਣ ਕੇ ਆਸਟ੍ਰੇਲੀਆ ਦਾ ਟੂਰ ਕੀਤਾ।

ਮੈਂ ਉਸ ਨੂੰ ਪਹਿਲੀ ਵਾਰ 1971 'ਚ ਮਿਲਿਆ। ਮੈਂ ਪਟਿਆਲੇ ਐੱਨ.ਆਈ.ਐੱਸ. ਵਿਚ ਓਰੀਐਂਟਲ ਕੋਰਸ ਕਰਨ ਗਿਆ ਸਾਂ। ਉਥੇ ਹੀ ਆਸਟ੍ਰੇਲੀਆ ਦੇ ਟੂਰ ਵਾਸਤੇ ਕੰਬਾਈਂਡ ਯੂਨੀਵਰਸਿਟੀਜ਼ ਦੀ ਹਾਕੀ ਟੀਮ ਦਾ ਕੋਚਿੰਗ ਕੈਂਪ ਚੱਲ ਰਿਹਾ ਸੀ। ਸੁਰਜੀਤ ਉਸ ਕੈਂਪ ਵਿਚ ਸ਼ਾਮਲ ਸੀ। ਇਕ ਦਿਨ ਕੰਟੀਨ ਵਿਚ ਸਾਡਾ ਮੇਲ ਹੋ ਗਿਆ। ਉਹ ਸ਼ੁਕੀਨ ਬਣਿਆ ਕੱਢਵੀਂ ਜੁੱਤੀ ਪਾਈ ਬੈਠਾ ਸੀ। ਅਸੀਂ 'ਕੱਠਿਆਂ ਚਾਹ ਪੀਤੀ।

ਉਦੋਂ ਮੈਂ ਖੇਡਾਂ ਖਿਡਾਰੀਆਂ ਬਾਰੇ ਲਿਖਣਾ ਸ਼ੁਰੂ ਕੀਤਾ ਹੋਇਆ ਸੀ। ਮੇਰੀਆਂ ਉਹਦੇ ਨਾਲ ਰਸਮੀ ਗੱਲਾਂ ਹੋਈਆਂ। ਉਹ ਧੀਮਾ ਬੋਲਦਾ ਸੀ। ਮਝੈਲਾਂ ਵਾਲਾ ਲਹਿਜ਼ਾ ਸੀ। ਮੁੱਛਾਂ ਦੀ ਲੂੰਈਂ ਫੁੱਟ ਰਹੀ ਸੀ ਤੇ ਸੰਗ ਸੰਗਾਅ ਉਹਦੇ ਮੇਘਲੇ ਰੰਗ 'ਚ ਘੁਲੀ ਹੋਈ ਸੀ। ਭਰਵੱਟੇ ਸੰਘਣੇ ਸਨ। ਗੁੱਟ ਮੋਟੇ, ਮੱਥਾ ਛੋਟਾ ਤੇ ਨੱਕ ਵੱਡਾ। ਮੈਂ ਉਹਦਾ ਮੁਢਲਾ ਖਾਕਾ ਡਾਇਰੀ 'ਚ ਨੋਟ ਕਰ ਲਿਆ। ਅਜੇ ਉਭਰਦਾ ਖਿਡਾਰੀ ਹੋਣ ਕਰਕੇ ਉਦੋਂ ਹੀ ਉਹਦੇ ਬਾਰੇ ਕੁਝ ਲਿਖਣਾ ਮੈਂ ਮੁਨਾਸਿਬ ਨਾ ਸਮਝਿਆ। ਇਕ ਦਿਨ ਮੈਂ ਉਸ ਨੂੰ ਕੋਚ ਬਾਲਕ੍ਰਿਸ਼ਨ ਸਿੰਘ ਕੋਲੋਂ ਪੈਨਲਟੀ ਕਾਰਨਰ ਲਾਉਣ ਦੀ ਸਿਖਲਾਈ ਲੈਂਦੇ ਵੇਖਿਆ। ਉਹ ਬੜਾ ਸਿਰੜੀ ਤੇ ਗੰਭੀਰ ਸੀ ਜੋ ਹਨ੍ਹੇਰਾ ਪੈਣ ਤਕ ਪੈਨਲਟੀ ਕਾਰਨਰ ਲਾਉਣ ਦੀ ਪ੍ਰੈਕਟਿਸ ਕਰਦਾ ਰਿਹਾ। ਉਹਦੀ ਲਗਨ ਵੇਖ ਕੇ ਮੈਂ ਅੰਦਾਜ਼ਾ ਲਾ ਲਿਆ ਸੀ ਕਿ ਉਹ ਕਿਸੇ ਦਿਨ ਕਮਾਲ ਦੀ ਸ਼ੈਅ ਬਣੇਗਾ। ਬਾਅਦ ਵਿਚ ਉਹ ਕਮਾਲ ਦੀ ਸ਼ੈਅ ਬਣ ਵੀ ਗਿਆ।

ਆਸਟ੍ਰੇਲੀਆ ਦੇ ਟੂਰ ਤੋਂ ਉਹਦੀ ਚੜ੍ਹਤ ਦੇ ਦਿਨ ਸ਼ੁਰੂ ਹੋ ਗਏ। ਉਹ ਜਿੰਨਾ ਚਿਰ ਜੀਵਿਆ, ਭਾਰਤ ਤੇ ਏਸ਼ੀਆ ਦਾ ਹੀ ਨਹੀਂ ਸਗੋਂ ਦੁਨੀਆ ਦਾ ਵਧੀਆ ਫੁੱਲ ਬੈਕ ਖਿਡਾਰੀ ਮੰਨਿਆ ਜਾਂਦਾ ਰਿਹਾ। ਪਹਿਲਾਂ ਪ੍ਰਿਥੀਪਾਲ ਸਿੰਘ ਨੂੰ ਪੈਨਲਟੀ ਕਾਰਨਰ ਲਾਉਣ ਦਾ ਬਾਦਸ਼ਾਹ ਕਿਹਾ ਜਾਂਦਾ ਸੀ ਪਿਛੋਂ ਇਹੀ ਖ਼ਿਤਾਬ ਸੁਰਜੀਤ ਸਿੰਘ ਨੂੰ ਮਿਲਿਆ। ਉਹਦੇ ਕੋਲੋਂ ਬਾਲ ਕੱਢਣੀ ਸੌਖੀ ਨਹੀਂ ਸੀ ਹੁੰਦੀ। ਵਿਰੋਧੀ ਖਿਡਾਰੀਆਂ ਲਈ ਉਹ ਫਾਟਕ ਬਣ ਜਾਂਦਾ ਸੀ। ਉਹ ਉਹਦੇ ਲਾਗੇ ਲੱਗਣੋਂ ਤ੍ਰਹਿੰਦੇ ਸਨ।

ਉਹ ਨਿਸਬਤਨ ਭਾਰੀ ਹਾਕੀ ਵਰਤਦਾ ਸੀ। ਸੀ ਵੀ ਕੱਦ ਕਾਠ ਦਾ ਤਕੜਾ। ਰੰਗ ਰਤਾ ਪੱਕਾ ਸੀ ਤੇ ਹੱਡ ਗੋਡੇ ਮੋਟੇ। ਵੇਖਣ ਨੂੰ ਵੈਲੀਆਂ ਵਰਗਾ ਲੱਗਦਾ ਸੀ ਪਰ ਸੀਗਾ ਸਾਊ। ਮਿਲਣ ਗਿਲਣ ਵਾਲਿਆਂ ਨੂੰ ਆਪਣੇ ਸਾਊ ਸੁਭਾਅ ਨਾਲ ਮੋਹ ਲੈਂਦਾ ਸੀ। ਉਸ ਦੀਆਂ ਕਈ ਗੱਲਾਂ ਪ੍ਰਿਥੀਪਾਲ ਸਿੰਘ ਨਾਲ ਮਿਲਦੀਆਂ ਸਨ। ਦੋਵੇਂ ਜਜ਼ਬਾਤੀ ਸਨ ਪਰ ਮੈਦਾਨ ਵਿਚ ਠਰ੍ਹੰਮੇ ਨਾਲ ਖੇਡਦੇ ਤੇ ਘਬਰਾਹਟ ਤੋਂ ਬਚੇ ਰਹਿੰਦੇ। ਆਣ ਅਣਖ ਵਜੋਂ ਦੋਹਾਂ ਦਾ ਵਤੀਰਾ ਇਕੋ ਜਿਹਾ ਸੀ। ਨਾ ਪ੍ਰਿਥੀਪਾਲ ਸਿੰਘ ਵਧਵੀਂ ਘਟਵੀਂ ਸਹਾਰਦਾ ਸੀ, ਨਾ ਸੁਰਜੀਤ ਸਿੰਘ। ਇਹੋ ਕਾਰਨ ਸੀ ਕਿ ਬਿਊਨਿਸ ਏਅਰਜ਼ ਦੇ ਵਿਸ਼ਵ ਹਾਕੀ ਕੱਪ ਦੀ ਤਿਆਰੀ ਸਮੇਂ ਉਹ, ਬਲਦੇਵ ਸਿੰਘ ਤੇ ਵਰਿੰਦਰ ਸਿੰਘ ਸਮੇਤ ਕੋਚਿੰਗ ਕੈਂਪ 'ਚੋਂ ਬੋਰੀਆ ਬਿਸਤਰਾ ਚੁੱਕ ਲਿਆਇਆ ਸੀ।

ਇਕ ਖੇਡ ਅਧਿਕਾਰੀ ਦੇ ਪੰਜਾਬੀ ਖਿਡਾਰੀਆਂ ਬਾਰੇ ਕਹੇ ਲਫ਼ਜ਼ ਸੁਰਜੀਤ ਹੋਰਾਂ ਨੇ ਨਹੀਂ ਸਨ ਸਹਾਰੇ ਤੇ ਉਹ ਰੋਸ ਵਜੋਂ ਕੋਚਿੰਗ ਕੈਂਪ ਵਿਚੋਂ ਵਾਕ ਆਊਟ ਕਰ ਗਏ ਸਨ। ਬਾਅਦ ਵਿਚ ਬਲਦੇਵ ਸਿੰਘ ਤੇ ਵਰਿੰਦਰ ਸਿੰਘ ਤਾਂ ਭਾਰਤੀ ਟੀਮ ਵਿਚ ਪਾ ਲਏ ਗਏ ਪਰ ਸੁਰਜੀਤ ਸਿੰਘ ਨੂੰ ਬਾਹਰ ਰੱਖਿਆ ਗਿਆ। ਨਤੀਜਾ ਬਿਊਨਿਸ ਏਅਰਜ਼ ਵਿਚ ਨਮੋਸ਼ੀ ਵਾਲੀਆਂ ਹਾਰਾਂ ਦਾ ਨਿਕਲਿਆ।

ਹਾਕੀ ਦੇ ਸਿਰ 'ਤੇ ਉਸ ਨੂੰ ਭਾਰਤੀ ਰੇਲਵੇ ਦੀ ਨੌਕਰੀ ਮਿਲ ਗਈ ਸੀ ਤੇ ਉਹ ਕਾਲਜ ਦੀ ਪੜ੍ਹਾਈ ਵਿਚੇ ਛੱਡ ਕੇ ਸੈਂਟਰਲ ਰੇਲਵੇ 'ਚ



ਕਮੱਰਸ਼ਲ ਇੰਸਪੈਕਟਰ ਲੱਗ ਗਿਆ ਸੀ। ਉਹ ਪੰਜਾਬ ਵੱਲੋਂ ਹਾਕੀ ਦੀ ਨੈਸ਼ਨਲ ਚੈਂਪੀਅਨਸ਼ਿਪ ਪਹਿਲਾਂ ਹੀ ਖੇਡ ਚੁੱਕਾ ਸੀ। 1973 ਤੋਂ ਉਹ ਭਾਰਤੀ ਰੇਲਵੇਜ਼ ਵੱਲੋਂ ਦੇਸ਼ ਦੇ ਪ੍ਰਸਿੱਧ ਹਾਕੀ ਟੂਰਨਾਮੈਂਟ ਖੇਡਣ ਲੱਗਾ। ਉਸੇ ਸਾਲ ਉਹ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ। 22 ਸਾਲ ਦੀ ਉਮਰ ਵਿਚ ਉਹ ਐਮਸਟਰਡਮ ਦਾ ਦੂਜਾ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਖੇਡਿਆ।

ਐਮਸਟਰਡਮ ਦੇ ਵਿਸ਼ਵ ਕੱਪ ਦਾ ਫਾਈਨਲ ਮੈਚ ਨੀਦਰਲੈਂਡਜ਼ ਤੇ ਭਾਰਤ ਵਿਚਕਾਰ ਹੋਇਆ। ਪਹਿਲੇ ਪੰਜ-ਸੱਤ ਮਿੰਟਾਂ ਵਿਚ ਹੀ ਸੁਰਜੀਤ ਸਿੰਘ ਨੇ ਪੈਨਲਟੀ ਕਾਰਨਰ ਦੇ ਦੋ ਗੋਲ ਦਾਗ ਦਿੱਤੇ। ਪਿਛੇ ਦੇਸ਼ ਵਿਚ ਕੁਮੈਂਟਰੀ ਸੁਣਦੇ ਹਾਕੀ ਪ੍ਰੇਮੀਆਂ ਦਾ ਸੇਰ ਸੇਰ ਲਹੂ ਵਧ ਗਿਆ। ਅਸੀਂ ਉਦੋਂ ਢੁੱਡੀਕੇ ਕਾਲਜ ਦੇ ਖੇਡ ਮੈਦਾਨ 'ਚ ਕੁਮੈਂਟਰੀ ਸੁਣ ਰਹੇ ਸਾਂ। ਕਈਆਂ ਨੇ ਖ਼ੁਸ਼ੀ 'ਚ ਪੁੱਠੀਆਂ ਛਾਲਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸੁਰਜੀਤ ਦੇ ਇਸ ਕਾਰਨਾਮੇ ਨੇ ਉਹਦਾ ਨਾਂ ਕੁਲ ਦੁਨੀਆਂ 'ਚ ਧੁੰਮਾਅ ਦਿੱਤਾ। ਬਦਕਿਸਮਤੀ ਭਾਰਤ ਦੀ ਕਿ ਦੋ ਗੋਲਾਂ ਦੀ ਬੜ੍ਹਤ ਦੇ ਬਾਵਜੂਦ ਭਾਰਤੀ ਟੀਮ ਮੈਚ ਹਾਰ ਗਈ। ਸੁਰਜੀਤ ਦੇ ਕਹਿਣ ਮੂਜਬ ਦੋ ਗੋਲਾਂ ਦੀ ਲੀਡ ਲੈਣ ਪਿੱਛੋਂ ਸਾਨੂੰ ਖੇਡ ਦੀ ਰਫ਼ਤਾਰ ਮੱਠੀ ਕਰਨੀ ਚਾਹੀਦੀ ਸੀ ਪਰ ਅਸੀਂ ਜੋਸ਼ ਤੇ ਖ਼ੁਸ਼ੀ ਵਿਚ ਤੇਜ਼ ਖੇਡਦੇ ਰਹੇ, ਅੰਤ ਹਾਰ ਗਏ।

ਤੀਜਾ ਵਰਲਡ ਕੱਪ ਕੁਆਲਾਲੰਪੁਰ ਵਿਚ ਹੋਇਆ। ਉਦੋਂ ਭਾਰਤੀ ਟੀਮ ਦਾ ਕੋਚ/ਮੈਨੇਜਰ ਬਲਬੀਰ ਸਿੰਘ ਸੀਨੀਅਰ ਸੀ। ਉਸ ਨੇ ਆਪਣੀ ਪੁਸਤਕ 'ਗੋਲਡਨ ਹੈਟ ਟ੍ਰਿਕ' ਵਿਚ ਲਿਖਿਆ ਕਿ ਸੁਰਜੀਤ ਸਿੰਘ ਪਹਿਲੇ ਮੈਚ ਵਿਚ ਆਪਣੀ ਅਸਲੀ ਫਾਰਮ 'ਚ ਨਹੀਂ ਸੀ ਲੱਗ ਰਿਹਾ। ਉਥੇ ਉਸ ਦੀ ਜਰਸੀ ਦਾ ਨੰਬਰ 4 ਸੀ। ਉਸ ਨੂੰ ਵਹਿਮ ਹੋ ਗਿਆ ਕਿ ਨੰਬਰ 4 ਉਹਦੇ ਲਈ ਮਨਹੂਸ ਹੈ। ਜਦੋਂ ਉਸ ਨੇ ਇਹ ਗੱਲ ਟੀਮ ਦੇ ਡਾਕਟਰ ਰਾਜਿੰਦਰ ਕਾਲੜਾ ਨੂੰ ਦੱਸੀ ਤਾਂ ਡਾਕਟਰ ਨੇ ਇਸ ਦਾ ਮਨੋਵਿਗਿਆਨਕ ਇਲਾਜ ਕਰਦਿਆਂ ਕਿਸੇ ਭਾਰਤੀ ਕੋਲੋਂ ਗੁੜ ਤੇ ਤਿਲ ਮੰਗਾਏ ਜੋ ਮੰਤਰ ਕੇ ਸੁਰਜੀਤ ਨੂੰ ਖਾਣ ਲਈ ਦੇ ਦਿੱਤੇ। ਉਹਦਾ ਵਹਿਮ ਦੂਰ ਹੋ ਗਿਆ ਤੇ ਉਹ ਆਪਣੇ ਅਸਲੀ ਰੂਪ ਵਿਚ ਖੇਡਣ ਲੱਗਾ। ਇੰਜ ਵਹਿਮ ਦਾ ਇਲਾਜ ਵਹਿਮ ਨਾਲ ਹੀ ਹੋਇਆ!

1976 ਦੀਆਂ ਓਲੰਪਿਕ ਖੇਡਾਂ ਲਈ ਪਟਿਆਲੇ ਕੋਚਿੰਗ ਕੈਂਪ ਲੱਗਾ ਤਾਂ ਮੈਂ ਖਿਡਾਰੀਆਂ ਨੂੰ ਮਿਲਣ ਗਿਆ। ਸੁਰਜੀਤ ਸਿੰਘ ਗਿੱਟਾ ਬੰਨ੍ਹੀ ਹਾਕੀ ਖਿਡਾਰਨ ਚੰਚਲ ਕੋਹਲੀ ਕੋਲ ਬੈਠਾ ਸੀ। ਬਾਅਦ ਵਿਚ ਉਨ੍ਹਾਂ ਦਾ ਵਿਆਹ ਹੋ ਗਿਆ। ਗੱਲਾਂ ਬਾਤਾਂ ਹੋਈਆਂ ਤਾਂ ਉਸ ਨੇ ਦੱਸਿਆ, "ਇਹ ਮੇਰੀ ਗੁੱਡ ਲੱਕ ਸੀ ਕਿ ਮੈਂ ਐਮਸਟਰਡਮ ਦਾ ਵਰਲਡ ਕੱਪ ਠੀਕ ਖੇਡ ਗਿਆ। ਵਰਨਾ ਵਿਦੇਸ਼ਾਂ 'ਚ ਖੇਡਣ ਲਈ ਬੜੇ ਤਜਰਬੇ ਦੀ ਲੋੜ ਹੁੰਦੀ ਆ। ਐਮਸਟਰਡਮ ਵਿਚ ਮੈਂ ਪਾਲ ਲਿਤਜਨ ਨੂੰ ਛੱਡ ਕੇ ਸਭ ਤੋਂ ਬਹੁਤੇ ਗੋਲ ਕੀਤੇ। ਤਹਿਰਾਨ ਦੀਆਂ ਏਸ਼ੀਅਨ ਗੇਮਜ਼ ਵਿਚ ਮੈਂ ਟਾਪ ਸਕੋਰਰ ਸਾਂ। ਸੀਲੋਨ ਵਿਰੁੱਧ ਮੈਂ ਹੈਟ ਟ੍ਰਿਕ ਮਾਰਿਆ। 1975 'ਚ ਨਿਊਜ਼ੀਲੈਂਡ ਦਾ ਟੂਰ ਲਾਉਂਦਿਆਂ ਮੈਂ 17 ਗੋਲ ਕੀਤੇ। ਅੱਜ ਕੱਲ੍ਹ ਤਾਂ ਬਹੁਤੇ ਮੈਚਾਂ ਦਾ ਫੈਸਲਾ ਹੁੰਦਾ ਈ ਪੈਨਲਟੀ ਕਾਰਨਰ ਦੇ ਗੋਲਾਂ ਨਾਲ ਆ। ਵਧੀਆ ਖਿਡਾਰੀ ਬਣਨ ਲਈ ਮਿਹਨਤ ਦੀ ਬੜੀ ਲੋੜ ਐ। ਮਿਹਨਤ ਕਰਨ ਵਾਲੇ ਨੂੰ ਚਾਨਸ ਜ਼ਰੂਰ ਮਿਲਦਾ। ਇਹ ਜੁਦੀ ਗੱਲ ਐ ਉਹ ਸਾਂਭੇ ਜਾਂ ਨਾ।"

ਸੁਰਜੀਤ ਸਿੰਘ ਦੇ ਖੇਡ ਕੈਰੀਅਰ ਵਿਚ ਕਦੇ ਉਹਨੂੰ ਭਾਰਤੀ ਟੀਮ ਵਿਚ ਪਾਉਣਾ ਪਿਆ ਤੇ ਕਦੇ ਬਾਹਰ ਰੱਖਣਾ ਪਿਆ। 'ਜਬੈ ਬਾਣ ਲਾਗੇ ਤਬੈ ਰੋਸ ਜਾਗੇ' ਦੇ ਕਥਨ ਅਨੁਸਾਰ ਉਸ ਨੇ ਹਾਕੀ ਹੋਰ ਰੋਹ ਨਾਲ ਅਪਨਾਈ ਜਿਸ ਕਰਕੇ ਹਾਕੀ ਅਧਿਕਾਰੀਆਂ ਵੱਲੋਂ ਉਸ ਨੂੰ ਮੁੜ ਮੁੜ ਟੀਮਾਂ ਵਿਚ ਪਾਉਣ ਲਈ ਮਜਬੂਰ ਹੋਣਾ ਪੈਂਦਾ ਰਿਹਾ। 1978 ਵਿਚ ਉਸ ਨੂੰ ਮੁੜ ਟੀਮ 'ਚ ਪਾਇਆ ਤਾਂ ਬੈਂਕਾਕ ਦੀਆਂ ਏਸ਼ਿਆਈ ਖੇਡਾਂ ਵਿਚ ਫਿਰ ਸਭ ਤੋਂ ਵੱਧ ਗੋਲ ਕੀਤੇ।

ਬੈਂਕਾਕ ਏਸ਼ੀਆਡ ਖੇਡਣ ਪਿਛੋਂ ਉਸ ਨੂੰ ਭਾਰਤੀ ਟੀਮ ਦਾ ਕਪਤਾਨ ਬਣਾ ਦਿੱਤਾ ਗਿਆ। ਉਸ ਦੀ ਕਪਤਾਨੀ ਵਿਚ ਭਾਰਤੀ ਟੀਮ ਮਾਸਕੋ ਵਿਖੇ ਪ੍ਰੀ ਓਲੰਪਿਕ ਹਾਕੀ ਟੂਰਨਾਮੈਂਟ ਖੇਡਣ ਗਈ ਜਿਥੇ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਮਾਸਕੋ ਦੀਆਂ ਓਲੰਪਿਕ ਖੇਡਾਂ-1980 ਸਮੇਂ ਉਸ ਨੂੰ ਫਿਰ ਨਜ਼ਰਅੰਦਾਜ਼ ਕਰ ਦਿੱਤਾ ਗਿਆ। 1981-82 ਵਿਚ ਬੰਬਈ ਦੇ ਪੰਜਵੇਂ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਸਮੇਂ ਉਸ ਨੂੰ ਫਿਰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ। ਮੈਂ ਉਹ ਕੱਪ ਕਵਰ ਕਰਨ ਲਈ ਬੰਬਈ ਗਿਆ ਤਾਂ ਉਥੇ ਸਾਡਾ ਨਿੱਤ ਦਾ ਮੇਲ-ਜੋਲ ਹੋਣ ਲੱਗਾ।

ਮੈਨੂੰ ਯਾਦ ਹੈ ਇਕ ਦਿਨ ਭਾਰਤ, ਪਾਕਿਸਤਾਨ, ਆਸਟ੍ਰੇਲੀਆ ਤੇ ਹਾਲੈਂਡ ਦੀਆਂ ਟੀਮਾਂ ਦੇ ਕਪਤਾਨ ਹੋਟਲ ਦੀ ਲਾਬੀ 'ਚ ਬੈਠੇ ਸਨ। ਭਾਰਤ ਦਾ ਸੁਰਜੀਤ ਗੁਰਦਾਸਪੁਰੀਆ ਤੇ ਪਾਕਿਸਤਾਨ ਦਾ ਅਖ਼ਤਰ ਰਸੂਲ ਲਾਇਲਪੁਰੀਆ ਪੰਜਾਬੀ 'ਚ ਗੱਲਾਂ ਕਰਨ ਲੱਗ ਪਏ। ਅਖ਼ਤਰ ਰਸੂਲ ਕਹਿਣ ਲੱਗਾ, "ਸੁਰਜੀਤ ਆਪਾਂ ਹੋਰ ਨੀ ਕਿਸੇ ਤੋਂ ਲਈਦੇ। ਆਪਾਂ ਨੂੰ ਖੂੰਜੇ ਲਾਇਆ ਤਾਂ ਪਾਲ ਲਿਤਜਨ ਦੇ ਪੈਨਲਟੀ ਕਾਰਨਰ ਈ ਲਾਉਣਗੇ।" ਸੁਰਜੀਤ ਦਾ ਉੱਤਰ ਸੀ, "ਕੋਈ ਨੀ ਭਾਅ ਆਪਾਂ ਕਿਹੜਾ ਰੱਬ ਦੇ ਮਾਂਹ ਮਾਰੇ ਨੇ?"

ਉਹ ਮੈਚ ਵੇਖਦਾ ਖਿਡਾਰੀਆਂ ਬਾਰੇ ਆਪਮੁਹਾਰਾ ਤਬਸਰਾ ਕਰੀ ਜਾਂਦਾ। ਕਿਸੇ ਨੂੰ ਖ਼ਿਤਾਬ ਬਖਸ਼ਦਾ, "ਇਹ ਬੜੀ ਕੁੱਤੀ ਸ਼ੈਅ ਈ।" ਤੇ ਕਿਸੇ ਨੂੰ ਕਹਿੰਦਾ, "ਇਹ ਬੜਾ ਅਸਤਰ ਏ!" ਖਿਡਾਰੀਆਂ ਦੇ ਵੀ ਨਿਹੰਗ ਸਿੰਘਾਂ ਵਾਂਗ ਆਪਣੇ ਹੀ ਬੋਲੇ ਹੁੰਦੇ ਨੇ।

ਬੰਬਈ ਦੇ ਵਿਸ਼ਵ ਕੱਪ ਤੋਂ ਕੁਝ ਮਹੀਨਿਆਂ ਬਾਅਦ ਹੀ ਨਵੀਂ ਦਿੱਲੀ ਦੀਆਂ ਏਸ਼ਿਆਈ ਖੇਡਾਂ ਸਨ। ਸੁਰਜੀਤ ਸਿੰਘ ਨੂੰ ਫਿਰ ਟੀਮ ਵਿਚ ਨਾ ਪਾਇਆ ਗਿਆ। ਭਾਰਤੀ ਟੀਮ ਪਾਕਿਸਤਾਨੀ ਟੀਮ ਹੱਥੋਂ 7-1 ਗੋਲਾਂ ਦੇ ਵੱਡੇ ਫਰਕ ਨਾਲ ਹਾਰੀ। ਮੈਂ ਪ੍ਰੈੱਸ ਸੈਂਟਰ 'ਚ ਬੈਠਾ ਅਖ਼ਬਾਰੀ ਰਿਪੋਰਟ ਲਿਖ ਰਿਹਾ ਸਾਂ ਕਿ ਸੁਰਜੀਤ ਮੇਰੇ ਕੋਲ ਆਇਆ ਤੇ ਆਖਣ ਲੱਗਾ, "ਮੈਨੂੰ ਰਾਜੀਵ ਗਾਂਧੀ ਨੇ ਬੁਲਾਇਐ। ਮੈਂ ਜਾ ਕੇ ਹਾਕੀ ਦੀ ਅੰਦਰਲੀ ਸਟੋਰੀ ਦੱਸ ਰਿਹਾਂ।" ਉਸ ਨੂੰ ਭਾਰਤੀ ਟੀਮ ਦੇ ਬੁਰੀ ਤਰ੍ਹਾਂ ਹਾਰ ਜਾਣ ਦਾ ਡਾਢਾ ਦੁੱਖ ਸੀ। ਉਹ ਮਨ ਦਾ ਭਾਰ ਹੌਲਾ ਕਰਨਾ ਚਾਹੁੰਦਾ ਸੀ।

ਉਸ ਨੇ ਕੁਝ ਸਮਾਂ ਭਾਰਤੀ ਰੇਲਵੇਜ਼ ਵੱਲੋਂ ਖੇਡਣ ਪਿਛੋਂ ਭਾਰਤੀ ਏਅਰ ਲਾਈਨਜ਼ ਵੱਲੋਂ ਖੇਡਣਾ ਸ਼ੁਰੂ ਕਰ ਦਿੱਤਾ ਸੀ। ਅਖ਼ੀਰ ਉਹ ਪੰਜਾਬ ਪੁਲਿਸ ਵੱਲੋਂ ਖੇਡਣ ਲੱਗਾ। ਉਹ ਲਗਭਗ ਪੰਦਰਾਂ ਸਾਲ ਸਰਗਰਮ ਹਾਕੀ ਖੇਡਿਆ ਤੇ ਹਾਕੀ ਦੇ ਹਲਕਿਆਂ ਵਿਚ ਬੜਾ ਨਾਂ ਕਮਾਇਆ। ਪਈ ਸੁਰਜੀਤ ਸੁਰਜੀਤ ਹੁੰਦੀ ਰਹੀ ਤੇ ਨਵੇਂ ਮੁੰਡੇ ਉਹਦੀਆਂ ਰੀਸਾਂ ਕਰਦੇ ਰਹੇ।

ਉਹਦੇ ਰਿਟਾਇਰ ਹੋਣ ਪਿੱਛੋਂ ਪ੍ਰਸ਼ੰਸਕਾਂ ਨੇ ਉਹਦੇ ਲਈ ਬੈਨੀਫਿਟ ਮੈਚ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਸੁਰਜੀਤ ਖ਼ੁਦ ਉਨ੍ਹਾਂ ਤਿਆਰੀਆਂ ਵਿਚ ਸ਼ਾਮਲ ਸੀ। ਉਹ ਤੇ ਉਹਦੇ ਦੋ ਸਾਥੀ ਕਾਰ ਵਿਚ ਅੰਮ੍ਰਿਤਸਰ ਤੋਂ ਜਲੰਧਰ ਮੁੜ ਰਹੇ ਸਨ ਕਿ 7 ਜਨਵਰੀ 1984 ਦੀ ਕਕਰੀਲੀ ਰਾਤ ਨੂੰ ਬਿਧੀਪੁਰ ਫਾਟਕ ਲਾਗੇ ਭਿਆਨਕ ਹਾਦਸਾ ਵਾਪਰ ਗਿਆ। ਅਗਲੇ ਦਿਨ ਅਖ਼ਬਾਰਾਂ ਦੀ ਮੁੱਖ ਖ਼ਬਰ ਸੀ: ਹਾਕੀ ਵਾਲਾ ਸੁਰਜੀਤ ਹਾਦਸੇ ਵਿਚ ਹਲਾਕ। ਉਹ ਆਪਣੇ ਪਿੱਛੇ ਪਤਨੀ ਚੰਚਲ ਰੰਧਾਵਾ, ਪੁੱਤਰ ਸਰਬਰਿੰਦਰ ਤੇ ਧੀ ਇੰਦਰਪ੍ਰੀਤ ਨੂੰ ਧਾਹੀਂ ਮਾਰਦਿਆਂ ਛੱਡ ਗਿਆ।

ਜਿਨ੍ਹਾਂ ਨੇ ਉਹਦੀ ਦੇਹ ਸੰਭਾਲੀ ਉਹ ਦੱਸਦੇ ਸਨ ਕਿ ਸੁਰਜੀਤ ਦੀਆਂ ਮੁੱਠੀਆਂ ਵਿਚ ਮਿੱਟੀ ਸੀ ਜਿਸ ਤੋਂ ਜਾਪਦਾ ਸੀ ਕਿ ਉਸ ਨੇ ਆਖ਼ਰੀ ਵਾਰ ਉੱਠਣ ਲਈ ਹੱਥ ਪੈਰ ਮਾਰੇ ਹੋਣਗੇ, ਪੂਰਾ ਤਾਣ ਲਾਇਆ ਹੋਵੇਗਾ ਪਰ ਉਠ ਨਹੀਂ ਸੀ ਸਕਿਆ ਅਤੇ ਕੋਰੇ ਮਾਰੀ ਰਾਤ ਵਿਚ ਸਦਾ ਲਈ ਅੱਖਾਂ ਮੀਟ ਗਿਆ ਸੀ।

ਨਹੀਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਜੋਗੀਆ...।

---

# ਨਾ ਮਾਇਆ ਮਿਲ਼ੀ ਨਾ ਰਾਮ..!

ਰੂਸ ਦੇ ਇੱਕ ਛੋਟੇ ਕਿਸਾਨ ਨੂੰ ਕਿਸੇ ਸਲਾਹ ਦਿੱਤੀ ਕੇ ਜੇ ਵੱਡਾ ਬਣਨਾ ਏ ਤਾਂ ਸਾਇਬੇਰੀਆਂ ਜਾ ਕੇ ਕੋਈ ਵੱਡਾ ਫਾਰਮ ਖਰੀਦ..ਜ਼ਮੀਨ ਕਾਫੀ ਸਸਤੀ ਏ..!

ਸਾਰਾ ਕੁਝ ਵੇਚ ਵੱਟ ਓਥੇ ਅੱਪੜ ਗਿਆ..

ਦਲਾਲ ਨੇ ਖਰੀਦੋ-ਫਰੋਖਤ ਵਾਲੀ ਪ੍ਰਕਿਰਿਆ ਸਮਝਾਈ...। ਆਖਣ ਲੱਗਾ "ਕੱਲ ਸਵਖਤੇ ਤੋਂ ਦੌੜ ਕੇ ਜਿੰਨੀ ਜ਼ਮੀਨ ਵੀ ਗਾਹ ਸਕਦਾ ਏ ਉਹ ਤੇਰੀ ਹੋਊ..ਪਰ ਸ਼ਰਤ ਏ ਕੇ ਸੂਰਜ ਡੁੱਬਣ ਤੋਂ ਪਹਿਲਾਂ ਜਿਥੋਂ ਦੌੜ ਸ਼ੁਰੂ ਕੀਤੀ ਹੋਵੇਗੀ ਐਨ ਓਥੇ ਵਾਪਿਸ ਮੁੜਨਾ ਪੈਣਾ!

ਅਗਲੇ ਦਿਨ ਰੋਟੀ ਪਾਣੀ ਪੱਲੇ ਬੰਨ੍ਹ ਦੌੜ ਸ਼ੁਰੂ ਕਰ ਦਿੱਤੀ। ਜਿੰਨਾ ਅੱਗੇ ਜਾਈ ਜਾਵੇ ਉੰਨੀ ਹੀ ਹੋਰ ਉਪਜਾਊ ਜ਼ਮੀਨ ਦਿਸਦੀ ਜਾਵੇ..

ਹੋਰ ਜ਼ਮੀਨ ਦੇ ਲਾਲਚ ਵਿਚ ਰਫਤਾਰ ਵਧਾ ਦਿੱਤੀ..ਰੋਟੀ ਵਾਲਾ ਡੱਬਾ ਤੇ ਪਾਣੀ ਵਾਲੀ ਬੋਤਲ ਵੀ ਇਹ ਸੋਚ ਸਿੱਟ ਦਿੱਤੀ ਕੇ ਇਨ੍ਹਾਂ ਦਾ ਭਾਰ ਵੀ ਦੌੜਨ ਵਿਚ ਰੁਕਾਵਟ ਪਾ ਰਿਹਾ ਏ..!

ਅਖੀਰ ਮੁੜਦੇ ਹੋਏ ਨੂੰ ਭੁੱਖ ਪਿਆਸ ਸਤਾਉਣ ਲੱਗੀ..ਪਰ ਖਾਵੇ ਪੀਵੇ ਕੀ..ਕੋਲ ਰੋਟੀ ਪਾਣੀ ਵੀ ਤੇ ਨਹੀਂ ਸੀ..। ਉੱਤੋਂ ਸੂਰਜ ਡੁੱਬੀ ਜਾ ਰਿਹਾ ਸੀ। ਅਖੀਰ ਮੰਜ਼ਿਲ ਤੋਂ ਕੁਝ ਕਦਮ ਪਹਿਲਾਂ ਨਿਢਾਲ ਹੋ ਕੇ ਡਿੱਗ ਪਿਆ ਤੇ ਕਹਾਣੀ ਮੁੱਕ ਗਈ..।

ਨਾ ਮਾਇਆ ਮਿਲ਼ੀ ਨਾ ਰਾਮ..!

ਬਟਾਲੇ ਇੱਕ ਜਾਣਕਾਰ ਦੀ ਸਰਕਾਰੀ ਨੌਕਰੀ ਦੇ ਨਾਲ ਨਾਲ ਕਿੰਨੀ ਸਾਰੀ ਜ਼ਮੀਨ ਇੱਕ ਸ਼ੈੱਲਰ ਤੇ ਆੜ੍ਹਤ ਵੀ ਸੀ..! ਇੱਕ ਰਾਤ ਰੇਲਵੇ ਦੀ ਜ਼ਮੀਨ 'ਤੇ ਆਂਡਿਆਂ ਦਾ ਸਟਾਲ ਖੋਲ੍ਹ ਸਵੇਰੇ ਕੋਰਟ ਵਿਚੋਂ ਸਟੇਅ ਲੈ ਲਿਆ..!

ਪਿਤਾ ਜੀ ਨੇ ਸਮਝਾਇਆ ਕਿ ਭੱਜ ਦੌੜ ਵਾਲੀ ਇਸ ਭੱਠੀ ਵਿਚ ਬਿਨਾ ਵਜ੍ਹਾ ਆਪਣੇ ਆਪ ਨੂੰ ਝੋਕੀ ਜਾਣਾ ਕੋਈ ਸਮਝਦਾਰੀ ਨਹੀਂ..

ਪਰ ਹੋਰ ਇਕੱਠਾ ਕਰਨ ਦੇ ਜਨੂੰਨ ਨੇ ਐਸੀ ਮੱਤ ਮਾਰੀ ਕਿ ਇੱਕ ਦਿਨ ਇਸੇ ਚੱਕਰ ਵਿਚ ਸਕੂਟਰ ਟਾਹਲੀ ਵਿਚ ਜਾ ਵੱਜਾ ਤੇ ਸਾਰਾ ਕੁਝ ਇਥੇ ਧਰਿਆ ਧਰਾਇਆ ਰਹਿ ਗਿਆ!

ਦੋਸਤੋ ਤਰੱਕੀ ਕਰਨੀ ਹਰੇਕ ਦਾ ਹੱਕ ਏ..ਪਰ ਰਾਤਾਂ ਦੀ ਨੀਂਦ ਅਤੇ ਦਿਨ ਦਾ ਚੈਨ ਦਾਅ 'ਤੇ ਲਾ ਕੇ ਤੈਅ ਕੀਤਾ ਰਸਤਾ ਅਖੀਰ ਕਬਰਾਂ ਤੱਕ ਜਾ ਕੇ ਹੀ ਮੁੱਕਦਾ ਏ..ਫੇਰ ਆਪ ਮੋਏ ਜੱਗ ਪਰਲੋ..!

ਕੁਝ ਵਰ੍ਹਿਆਂ ਮਗਰੋਂ ਤੇ ਢਿੱਡੋਂ ਜੰਮੇ ਵੀ ਭੋਗ ਪਾਉਣੋਂ ਹਟ ਜਾਂਦੇ ਨੇ। ਤੀਜੀ ਪੀੜ੍ਹੀ ਮਗਰੋਂ ਜ਼ਮੀਨ ਦੀਆਂ ਫਰਦਾਂ ਵਿਚੋਂ ਨਾਮ ਵੀ ਕੱਟ ਦਿੱਤਾ ਜਾਂਦਾ!

ਦੱਸਦੇ ਇੱਕ ਧੰਨਵਾਨ ਸ਼ਾਹੂਕਾਰ ਨੇ ਮੁਨਸ਼ੀ ਕੋਲ ਸੱਦ ਲਿਆ। ਪੁੱਛਣ ਲੱਗਾ ਹਿਸਾਬ-ਕਿਤਾਬ ਲਗਾ ਕੇ ਦੱਸ ਆਪਣੇ ਕੋਲ ਕਿੰਨੀ ਕੁ ਦੌਲਤ ਏ..?

ਤਿੰਨ ਦਿਨਾਂ ਬਾਅਦ ਆਖਣ ਲੱਗਾ ਸ਼ਾਹ ਜੀ ਸੱਤ ਪੀੜ੍ਹੀਆਂ ਤਾਂ ਆਰਾਮ ਨਾਲ ਬਹਿ ਕੇ ਖਾ ਪੀ ਲੈਣਗੀਆਂ ਪਰ ਅੱਠਵੀਂ ਪੀੜ੍ਹੀ ਨੂੰ ਥੋੜੀ ਮੁਸ਼ਕਿਲ ਆ ਸਕਦੀ ਏ!

ਸ਼ਾਹੂਕਾਰ ਬੇਚੈਨ ਰਹਿਣ ਲੱਗਾ। ਦਿਨ ਰਾਤ ਬੱਸ ਅੱਠਵੀਂ ਪੀੜ੍ਹੀ ਦਾ ਫਿਕਰ ਖਾਈ ਜਾਵੇ। ਘਰ ਦੇ ਇੱਕ ਸਿਆਣੇ ਕੋਲ ਲੈ ਗਏ..ਉਹ ਆਖਣ ਲੱਗਾ ਸ਼ਾਹ ਜੀ ਇੱਕ ਕੰਮ ਕਰਨਾ ਪਊ..ਆਹ ਅੱਧਾ ਕਿੱਲੋ ਆਟਾ ਜਿਹੜੀ ਬੁੱਢੀ ਉਸ ਨੁੱਕਰ ਵਾਲੇ ਘਰ ਕੱਪੜੇ ਸਿਉਂਦੀ ਏ ਉਸਨੂੰ ਦੇ ਆਵੋ..ਮੁਸ਼ਕਿਲ ਹੱਲ ਹੋ ਜਾਵੇਗੀ!

ਅਗਲੇ ਦਿਨ ਬੁੱਢੀ ਦੇ ਦਵਾਰ ਆਟੇ ਵਾਲੀ ਪੋਟਲੀ ਦਿੰਦਾ ਹੋਇਆ ਆਖਣ ਲੱਗਾ ਕਿ ਮਾਤਾ ਰੋਟੀਆਂ ਪਕਾ ਲਵੀਂ..! ਅੱਗੋਂ ਆਂਹਦੀ..ਵੇ ਪੁੱਤਰ ਸੁਵੇਰੇ ਖਾਧੀ ਸੀ..ਦੁਪਹਿਰ ਜੋਗੀ ਬਣੀ ਪਈ ਏ..ਤੇ ਆਥਣ ਵੇਲੇ ਜੋਗਾ ਆਟਾ ਬਥੇਰਾ..!

ਆਖਣ ਲੱਗਾ ਤਾਂ ਵੀ ਰੱਖ ਲੈ..ਕੱਲ੍ਹ ਨੂੰ ਫੇਰ ਕੰਮ ਆਵੇਗਾ..!

ਅੱਗੋਂ ਆਂਹਦੀ "ਵੇ ਪੁੱਤ ਮੈਨੂੰ ਪੂਰਾ ਯਕੀਨ ਏ ਜਿਸਨੇ ਅੱਜ ਦਾ ਬੰਦੋਬਸਤ ਕੀਤਾ..ਕੱਲ੍ਹ ਨੂੰ ਵੀ ਭੁੱਖਾ ਨਹੀਂ ਸਵਾਊ..ਨਹੀਂ ਚਾਹੀਦਾ ਮੈਨੂੰ ਤੇਰਾ ਆਟਾ..।"

ਪੋਟਲੀ ਉਂਝ ਦੀ ਉਂਝ ਹੀ ਮੋੜ ਲਿਆਂਦੀ ਤੇ ਸਿਆਣੇ ਨੂੰ ਸੁਨੇਹਾ ਘੱਲ ਦਿੱਤਾ ਕੇ ਮੇਰੀ ਮੁਸ਼ਕਲ ਹੱਲ ਹੋ ਗਈ..! ਦੋਸਤੋ ਅਕਸਰ ਹੀ ਕਿੰਨੇ ਸਾਰੇ ਮਿਲ ਹੀ ਜਾਂਦੇ ਨੇ ਜਿਹੜੇ ਅੱਠਵੀਂ ਪੀੜ੍ਹੀ ਦੇ ਫਿਕਰ ਵਿਚ ਬੱਸ ਦਿਨ ਰਾਤ ਨੱਸੀ ਤੁਰੀ ਜਾ ਰਹੇ ਨੇ..ਬਿਨਾ ਰੁਕਿਆਂ..ਲਗਾਤਾਰ..!

ਇਸ ਗੇੜ ਵਿਚੋਂ ਨਿੱਕਲਣਾ ਏ ਤਾਂ ਕੱਪੜੇ ਸਿਉਂਦੀ ਮਾਈ ਵਾਲਾ ਸੰਕਲਪ ਮਨ ਵਿਚ ਵਸਾਉਣਾ ਪੈਣਾ ਕਿ ਜਿਹੜਾ ਪੱਥਰ ਦੀ ਇੱਕ ਸਿਲ ਵਿਚ ਕੈਦ ਜੰਤੂ ਵਾਸਤੇ ਅੰਨ ਪੈਦਾ ਕਰ ਸਕਦਾ..ਭਲਾ ਸਾਨੂੰ ਭੁਖਿਆਂ ਕਿਓਂ ਰੱਖੂ..! ਜ਼ਿੰਦਗੀ ਆਪ ਤੇ ਹੌਲੀ ਫੁੱਲ ਏ..ਅਸਲ ਭਾਰ ਤੇ ਖਾਹਿਸ਼ਾਂ ਸੱਧਰਾਂ ਦਾ ਹੀ ਪਾਇਆ ਹੋਇਆ ਏ!

*-ਹਰਪ੍ਰੀਤ ਸਿੰਘ ਜਵੰਦਾ*

*ਡਾ. ਕੁਲਦੀਪ ਕੌਰ ਮਾਸ ਕਮਿਊਨੀਕੇਸ਼ਨ ਅਤੇ ਪੱਤਰਕਾਰੀ ਦੀ ਪ੍ਰੋਫੈਸਰ ਹੈ। ਆਪਣੇ ਪੰਦਰਾਰੋਜ਼ਾ ਕਾਲਮ 'ਸੰਸਾਰ ਸਿਨੇਮਾ ਦੀਆਂ ਵਿਲੱਖਣ ਹਸਤੀਆਂ' ਤਹਿਤ ਉਹ ਸੰਸਾਰ ਸਿਨੇਮਾ ਵਿਚ ਨਵੀਆਂ ਲੀਹਾਂ ਪਾਉਣ ਵਾਲੀਆਂ ਲਹਿਰਾਂ, ਫਿਲਮਾਂ ਅਤੇ ਫਿਲਮਸਾਜ਼ਾਂ ਬਾਰੇ ਚਰਚਾ ਕਰਨਗੇ। ਪਿਛਲੀ ਵਾਰ ਸੰਸਾਰ ਪ੍ਰਸਿੱਧ ਫਿਲਮ ਨਿਰਦੇਸ਼ਕ ਜਾਂ ਲਾਕ ਗੋਦਾਦ ਅਤੇ 1960 ਵਿਚ ਬਣਾਈ ਉਸ ਦੀ ਅਹਿਮ ਫਿਲਮ 'ਬਰੈੱਥਲੈਸ' ਬਾਰੇ ਚਰਚਾ ਕੀਤੀ ਗਈ ਸੀ। ਇਸ ਵਾਰ ਗੋਦਾਦ ਦੀ ਫਿਲਮ 'ਮਾਸਕੁਲਿਨ ਫੈਮਿਨਿਨ' ਬਾਰੇ ਚਰਚਾ ਕੀਤੀ ਗਈ ਹੈ ਜੋ ਵੀਅਤਨਾਮ ਦੀ ਜੰਗ 'ਤੇ ਬੜੀ ਤਿੱਖੀ ਟਿੱਪਣੀ ਹੈ। ਗੋਦਾਦ ਆਪਣੀ ਫਿਲਮਸਾਜ਼ੀ ਦੌਰਾਨ ਤਾਉਮਰ ਤਜਰਬੇ ਕਰਦਾ ਰਿਹਾ। ਇਸ ਦੌਰਾਨ ਬਹੁਤ ਵਾਰ ਉਸ ਦਾ ਟਕਰਾਓ ਉਸ ਦੇ ਸਮਕਾਲੀ ਸਿਆਸੀ ਵਰਤਾਰਿਆਂ ਅਤੇ ਕਲਾ ਦੇ ਪੁਰਾਣੇ ਮੱਠਾਂ ਨਾਲ ਹੁੰਦਾ ਰਿਹਾ ਪਰ ਉਸ ਅੰਦਰਲਾ ਸਿਰਜਕ ਸਿਨੇਮਾ ਦੀ ਸਕਰੀਨ 'ਤੇ ਬਹੁ-ਪਰਤੀ ਕੋਲਾਜਾਂ ਦੀ ਟੁੱਟਦੀ ਬਣਦੀ ਦੁਨੀਆ ਲਗਾਤਾਰ ਸਿਰਜਦਾ ਰਿਹਾ। ਉਸ ਨੇ ਫਿਲਮਾਂ ਬਣਾਉਣ ਅਤੇ ਸਿਆਸੀ ਸਰਗਰਮੀਆਂ ਵਿਚ ਸ਼ਮੂਲੀਅਤ ਦਾ ਸੰਤੁਲਨ ਪੂਰੀ ਉਮਰ ਬਰਕਰਾਰ ਰੱਖਿਆ।*

# ਗੋਦਾਦ ਦੀ ਫਿਲਮ 'ਮਾਸਕੁਲਿਨ ਫੈਮਿਨਿਨ'

*"ਜੇ ਤੁਸੀਂ ਇੱਕ ਬੰਦੇ ਨੂੰ ਮਾਰਦੇ ਹੋ ਤਾਂ ਤੁਸੀਂ ਕਾਤਿਲ ਹੋ।*

*ਜੇ ਤੁਸੀਂ ਲੱਖਾਂ ਲੋਕਾਂ ਨੂੰ ਕਤਲ ਕਰਦੇ ਹੋ ਤਾਂ ਤੁਸੀਂ ਯੋਧਾ ਹੋ।*

*ਜੇ ਤੁਸੀਂ ਸਭ ਨੂੰ ਕਤਲ ਕਰਦੇ ਹੋ ਤਾਂ ਤੁਸੀਂ ਰੱਬ ਹੋ।*

*... ਤੇ ਮੇਰਾ ਇਸ ਰੱਬ 'ਤੇ ਕੋਈ ਯਕੀਨ ਨਹੀਂ।" -ਜਾਨ ਲਾਕ ਗੋਦਾਦ ਦੀ ਫਿਲਮ 'ਮੈਸਕੁਲਿਨ ਫੈਮਿਨਿਨ ਦਾ ਮੁੱਖ ਪਾਤਰ ਪਾਲ)*

ਗੋਦਾਦ ਦੀ ਫਿਲਮਸਾਜ਼ੀ ਕਿਸੇ ਸਿਨੇਮਈ ਬੰਦੇਜ ਵਿਚ ਕੰਮ ਨਹੀਂ ਕਰਦੀ। ਫਿਲਮ

## ਸੰਸਾਰ ਸਿਨੇਮਾ ਦੀਆਂ ਵਿਲੱਖਣ ਹਸਤੀਆਂ

02



**ਡਾ. ਕੁਲਦੀਪ ਕੌਰ**
**ਫੋਨ: +91-98554-04330**

'ਮੈਸਕੁਲਿਨ ਫੈਮਿਨਿਨ' (1966) ਵਿਚ ਉਹ ਕੁਝ ਅਜਿਹੇ ਨੌਜਵਾਨਾਂ ਦਾ ਚਿਤਰਨ ਕਰਦਾ ਹੈ ਜੋ ਆਪਣੀ ਰੋਜ਼ੀ-ਰੋਟੀ ਕਮਾਉਣ, ਰਿਸ਼ਤਿਆਂ ਦੀਆਂ ਪੇਚਦਗੀਆਂ ਅਤੇ ਸਿਆਸੀ ਅਸਥਿਰਤਾ ਦੇ ਮਾਹੌਲ ਵਿਚ ਜ਼ਿੰਦਗੀ ਦਾ ਅਰਥ ਤਲਾਸ਼ਣ ਦੀ ਕੋਸ਼ਿਸ਼ ਕਰ ਰਹੇ ਹਨ। ਫਿਲਮ ਦਾ ਮੁੱਖ ਕਿਰਦਾਰ ਪਾਲ ਮਾਰਕਸਵਾਦੀ ਹੈ ਪਰ ਉਸ ਦੇ ਆਸ-ਪਾਸ ਪੂਰਾ ਮਾਹੌਲ ਖਪਤਕਾਰੀ ਵਾਲਾ ਹੈ। ਇਸ ਫਿਲਮ ਦੇ ਮੁੱਖ ਕਿਰਦਾਰਾਂ ਪਾਲ ਅਤੇ ਮੈਡੇਲਿਨ ਬਾਰੇ ਟਿੱਪਣੀ ਕਰਦਿਆਂ ਗੋਦਾਦ ਇੱਕ ਇੰਟਰਵਿਊ ਵਿਚ ਕਹਿੰਦਾ ਹੈ ਕਿ ਇਹ ਦੋਵੇਂ ਕ੍ਰਮਵਾਰ ਮਾਰਕਸ ਅਤੇ ਕੋਕਾ-ਕੋਲਾ ਦੀਆਂ ਔਲਾਦਾਂ ਹਨ।

ਇਹਨਾਂ ਦੋਵਾਂ ਦੀ ਆਪਸੀ ਕਸ਼ਮਕਸ਼ ਓਪਰੀ ਨਜ਼ਰੇ ਇਹਨਾਂ ਦੇ ਕੰਮ ਕਰਨ ਦੀਆਂ ਹਾਲਤਾਂ ਦੀ ਉਪਜ ਲੱਗਦੀ ਹੈ ਪਰ ਜੇਕਰ ਥੋੜ੍ਹਾ ਗਹਿਰਾਈ ਨਾਲ ਦੇਖਿਆ ਜਾਵੇ ਤਾਂ ਇਹ ਦਰਅਸਲ ਵਿਚਾਰਧਾਰਕ ਵਖਰੇਂਵਾ ਹੈ। ਇਹ ਉਹਨਾਂ ਦੇ ਰਿਸ਼ਤੇ ਵਿਚਲੀ ਅਨਿਸ਼ਚਿਤਤਾ ਅਤੇ ਬੇਚੈਨੀ ਦਾ ਕਾਰਨ ਤਾਂ ਬਣਦਾ ਹੀ ਹੈ, ਨਾਲ ਹੀ 1960 ਦੇ ਦਹਾਕੇ ਦੇ ਫਰਾਂਸ ਦੇ ਨੌਜਵਾਨਾਂ ਵਿਚ ਫੈਲੀ ਸਮਾਜਿਕ ਅਲਹਿਦਗੀ ਅਤੇ ਸਿਆਸੀ ਵਰਤਾਰੇ ਨਾਲ ਨਾਰਾਜ਼ਗੀ ਨੂੰ ਵੀ ਚਿਤਰਦਾ ਹੈ।

ਗੋਦਾਦ ਦੀਆਂ ਹੋਰ ਫਿਲਮਾਂ ਵਾਂਗ ਇਹ ਫਿਲਮ ਵੀ ਇਸ ਪੱਖੋਂ ਵੱਖਰੀ ਹੈ ਕਿ ਜਿੱਥੇ ਜ਼ਿਆਦਾਤਰ ਫਿਲਮਾਂ, ਸਾਹਿਤ ਅਤੇ ਕਲਾ ਦੇ ਖੇਤਰ ਦੀਆਂ ਕਿਰਤਾਂ ਵਿਚ ਮੁਹੱਬਤਾਂ ਦੀਆਂ ਕਹਾਣੀਆਂ ਦੇ ਕਿਰਦਾਰ ਇੱਕ-ਦੂਜੇ ਦੀ ਬੇਥਵੀ ਤਾਰੀਫ, ਅੰਬਰਾਂ ਤੋਂ ਤਾਰੇ ਤੋੜਨ ਅਤੇ ਸਾਗਰਾਂ 'ਚੋਂ ਮੋਤੀ ਲੱਭਣ ਦੀਆਂ ਬਿਨਾਂ ਸਿਰ ਪੈਰ ਕਹਾਣੀਆਂ ਘੜਨ ਜਾਂ ਫਿਰ ਉਹਨਾਂ ਦੁਆਰਾ ਇੱਕ-ਦੂਜੇ ਲਈ ਮਰਨ ਮਾਰਨ ਦੇ ਕਿੱਸਿਆਂ ਤੱਕ ਮਹਿਦੂਦ ਹੋ ਕੇ ਰਹਿ ਜਾਂਦੇ ਹਨ, ਗੋਦਾਦ ਪਿਆਰ ਦੀਆਂ ਜ਼ਮੀਨੀ ਹਕੀਕਤਾਂ ਨੂੰ ਉਹਨਾਂ ਦੀ ਸਾਰੀ ਕਰੂਰਤਾ, ਬੋਰੀਅਤ, ਉਪਰਾਮਤਾ ਅਤੇ ਬੇਥਵੇਪਣ ਨਾਲ ਸਿਰਜਦਾ ਹੈ। ਉਹ ਪਿਆਰ ਦੇ ਆਲੇ ਦੁਆਲੇ ਸਿਰਜੇ ਆਭਾ ਮੰਡਲ ਦੇ ਗੁਬਾਰੇ ਵਿਚ ਸੂਈ ਖੋਭਦਿਆਂ ਪੁੱਛਦਾ ਹੈ: ਕੀ ਮਾੜੀਆਂ ਸਿਆਸੀ ਹਾਲਤਾਂ ਅਤੇ ਸਮਾਜਿਕ ਬੇਇਨਸਾਫੀ 'ਤੇ ਟਿਕੇ ਸਮਾਜਾਂ ਵਿਚ ਪਿਆਰ ਆਦਰਸ਼ਵਾਦੀ ਤੇ ਨੈਤਿਕ ਹੋ ਸਕਦਾ ਹੈ? ਉਹ ਹਾਲੀਵੁੱਡੀ ਫਿਲਮਸਾਜ਼ਾਂ ਨੂੰ ਪੁੱਛਦਾ ਹੈ: ਕੀ ਪਿਆਰ-ਮੁਹੱਬਤ ਇਹਨਾਂ ਖਿਆਲੀ ਪਟਕਥਾਵਾਂ ਵਾਂਗ ਹੀ ਪਨਪਦੇ, ਵਿਗਸਦੇ ਅਤੇ ਖਤਮ ਹੋ ਜਾਂਦੇ ਹਨ? ਕੀ ਸਹੀ ਮਾਇਨਿਆਂ ਵਿਚ ਮਰਦ-ਔਰਤ ਦਾ ਪਿਆਰ ਉਹਨਾਂ ਦੀਆਂ ਭਾਵਨਾਤਮਿਕ ਤੰਦਾਂ, ਇੱਕ-ਦੂਜੇ ਨਾਲ ਮਾਨਸਿਕ-ਸਰੀਰਕ ਨੇੜਤਾ ਜਾਂ ਫਿਰ ਉਹਨਾਂ ਦੀਆਂ ਨਿੱਜੀ ਸੋਚਾਂ ਦੇ ਇਰਦ-ਗਿਰਦ ਬੁਣਿਆ ਜਾਂਦਾ ਹੈ?

ਗੋਦਾਦ ਦੀਆਂ ਫਿਲਮਾਂ ਦੇ ਕਿਰਦਾਰ ਇਸ ਪੱਖੋਂ ਬੇਹੱਦ ਵਿਲੱਖਣ ਹਨ ਕਿ ਉਹਨਾਂ ਲਈ ਪਿਆਰ ਦੋ ਮਨੁੱਖਾਂ ਦੀ ਵਿਅਗਤੀਗਤ ਸਫਲਤਾ ਜਾਂ ਸਮਝਦਾਰੀ ਦੀ ਜਗ੍ਹਾ ਮਨੁੱਖਤਾ ਦੀ ਹਸਤੀ ਅਤੇ ਹੋਣੀ ਲਈ ਤਤਪਰ ਵਿਚਾਰਧਾਰਕ ਪਰਿਪਕਤਾ ਵਿਚੋਂ ਉਪਜਦਾ ਹੈ। ਇਸ ਫਿਲਮ ਵਿਚ ਮਰਦ ਅਤੇ ਔਰਤ ਦੇ ਆਪਸੀ ਰਿਸ਼ਤੇ ਦੀ ਕਲਪਨਾ ਵਿਚੋਂ ਨਾ ਤਾਂ ਵਿਸ਼ਵ ਪੱਧਰ ਦੇ ਵਰਤਾਰਿਆਂ ਅਤੇ ਤਰਾਸਦੀਆਂ ਨੂੰ ਖਾਰਿਜ ਕਰਦਾ ਹੈ ਅਤੇ ਨਾ ਹੀ ਉਹ ਉਹਨਾਂ ਨੂੰ ਪੋਸਟ-ਮਾਡਰਨਿਜ਼ਮ ਦੇ ਖਪਤਵਾਦੀ ਸੱਭਿਆਚਾਰ ਵਿਚ ਧਸਣ ਦਿੰਦਾ ਹੈ ਬਲਿਕ ਉਸ ਦੇ ਕਿਰਦਾਰ ਪੈਰਿਸ ਦੀਆਂ ਗਲੀਆਂ, ਕੈਫਿਆਂ ਅਤੇ ਰੇਲ ਸਟੇਸ਼ਨਾਂ 'ਤੇ ਰੋਜ਼ਾਨਾ ਦੇ ਕੰਮ-ਕਾਰ ਕਰਦਿਆਂ ਵੀ ਆਪਸੀ ਗੱਲਬਾਤ ਵਿਚ ਵੀਅਤਨਾਮ ਵਿਚ ਸੁੱਟੇ ਜਾ ਰਹੇ ਬੰਬਾਂ ਬਾਰੇ, ਉਸ ਵਕਤ ਦੇ ਸਿਆਸੀ ਸਵਾਲਾਂ ਅਤੇ ਸਮਾਜਿਕ-ਆਰਥਿਕ ਵਰਤਾਰਿਆਂ ਦੀ ਚੀਰ-ਫਾੜ ਵਿਚ ਰੁੱਝੇ ਰਹਿੰਦੇ ਹਨ। ਉਹ ਸਿਆਸੀ ਤੌਰ 'ਤੇ ਚੇਤੰਨ ਪਰ ਜ਼ਿੰਦਗੀ ਤੋਂ ਲਗਾਤਾਰ ਮਾਤ ਖਾ ਰਹੇ ਕਿਰਦਾਰ ਸਿਰਜਦਾ ਹੈ। ਇਹ ਵੱਖਰੀ ਗੱਲ ਹੈ ਕਿ ਇਹਨਾਂ ਕਿਰਦਾਰਾਂ ਦੇ ਆਸ-ਪਾਸ ਦੀਆਂ ਹਾਲਤਾਂ ਇੰਨੀਆਂ ਬੇਤੁਕੀਆਂ ਅਤੇ ਅਚਾਨਕ ਬਦਲਦੀਆਂ ਹਨ ਕਿ ਉਹਨਾਂ ਲਈ ਸਹੀ ਮੌਕੇ 'ਤੇ ਸਹੀ ਕਦਮ ਚੁੱਕਣਾ ਅਸੰਭਵ ਹੋ ਜਾਂਦਾ ਹੈ। ਇਹ ਫਿਲਮ ਬਣਨ ਦਾ ਸਮਾਂ ਦੂਜੀ ਵਿਸ਼ਵ ਜੰਗ ਤੋਂ ਬਾਅਦ ਦਾ ਹੋਣ ਕਾਰਨ ਸ਼ਹਿਰਾਂ ਵਿਚ ਖਾਸ ਤਰ੍ਹਾਂ ਦੀ ਹੜਬੜੀ ਹੈ। ਇਹੀ ਹੜਬੜੀ ਇਹਨਾਂ ਸ਼ਹਿਰਾਂ ਦੇ ਬਾਸ਼ਿੰਦਿਆਂ ਦੇ ਕਾਰ-ਵਿਹਾਰ ਵਿਚ ਉਤਰ ਆਈ ਹੈ।

ਫਿਲਮ ਦੇ ਮੁੱਖ ਕਿਰਦਾਰਾਂ ਵਾਂਗ ਫਿਲਮ ਦੀ ਪਟਕਥਾ, ਸੰਰਚਨਾ ਅਤੇ ਇਸ ਦੀਆਂ ਘਟਨਾਵਾਂ ਵੀ ਕਿਸੇ ਖਾਸ ਲੈਅ ਜਾਂ ਕ੍ਰਮ ਵਿਚ ਨਹੀਂ ਵਾਪਰਦੀਆਂ ਬਲਿਕ ਆਪਸ ਵਿਚ ਇਹਨਾਂ ਦਾ ਕੋਈ ਸਿੱਧਾ-ਸਿੱਧਾ ਸਬੰਧ ਵੀ ਨਜ਼ਰ ਨਹੀਂ ਆਉਂਦਾ। ਫਿਲਮ ਦੀ ਜ਼ਿਆਦਾਤਰ ਫੁਟੇਜ ਵਿਚ ਪਾਲ ਕਿਸੇ ਅਣਪਛਾਤੀ ਔਰਤ ਨਾਲ ਗੱਲਬਾਤ







*ਫਿਲਮਸਾਜ਼ ਜਾਂ ਲਾਕ ਗੋਦਾਦ ਦੀ ਫਿਲਮ 'ਮਾਸਕੁਲਿਨ ਫੈਮਿਨਿਨ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼।*

ਕਰਦਾ ਨਜ਼ਰ ਆਉਂਦਾ ਹੈ ਜਿਸ ਦੀ ਪਛਾਣ ਗੋਦਾਦ ਕਿਤੇ ਵੀ ਸਪਸ਼ਟ ਨਹੀਂ ਕਰਦਾ। ਫਿਲਮ ਵਿਚ ਸਮਾਂ ਵੀ ਨਿਰੰਤਰ ਅੱਗੇ ਵੱਲ ਨਹੀਂ ਵਧਦਾ ਤੇ ਬਹੁਤ ਵਾਰ ਇਹ ਤੈਅ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਕਿਹੜੀ ਘਟਨਾ ਫਿਲਮ ਵਿਚ ਪਹਿਲਾਂ ਵਾਪਰੀ ਹੈ ਅਤੇ ਕਿਹੜੀ ਬਾਅਦ ਵਿਚ। ਸਮੇਂ ਨੂੰ ਇੰਝ ਟੁਕੜਿਆਂ ਵਿਚ ਭੰਨਣਾ ਕਿਉਂਕਿ ਗੋਦਾਦ ਦੀ ਸੰਪਾਦਨਾ ਦਾ ਕੇਂਦਰੀ ਨੁਕਤਾ ਹੈ, ਦ੍ਰਿਸ਼ਾਂ ਦਾ ਕੋਲਾਜ ਦਰਸ਼ਕਾਂ ਨੂੰ ਫਿਲਮ ਨੂੰ ਨਿਸ਼ਚਿਤ ਫਰੇਮ ਜਾਂ ਸਿਨੇਮਈ ਪਰਿਭਾਸ਼ਾ ਅਨੁਸਾਰ ਪੂਰਵ-ਅਨੁਮਾਨ ਲਗਾਉਣ ਤੋਂ ਲਗਾਤਾਰ ਰੋਕਦਾ ਹੈ। ਉਦਾਹਰਨ ਦੇ ਤੌਰ 'ਤੇ ਉਹ ਦ੍ਰਿਸ਼ ਦੇਖੋ ਜਿੱਥੇ ਪਾਲ ਲੋਕਾਂ ਦੀ ਭੀੜ ਵਿਚ ਸੜਕ 'ਤੇ ਤੁਰਿਆ ਜਾ ਰਿਹਾ ਹੈ ਕਿ ਕੋਈ ਅਜਨਬੀ ਉਸ 'ਤੇ ਚਾਕੂ ਤਾਣ ਲੈਂਦਾ ਹੈ ਤੇ ਡਰਾਉਣ ਦੀ ਕੋਸ਼ਿਸ ਕਰਦਾ ਹੈ। ਇਸ ਤੋਂ ਪਹਿਲਾਂ ਕਿ ਪਾਲ ਇਸ ਹਾਲਤ ਨਾਲ ਨਜਿੱਠਣ ਲਈ ਕੁਝ ਸੋਚੇ, ਉਹ ਇਨਸਾਨ ਉਸੇ ਚਾਕੂ ਨਾਲ ਖੁਦ ਨੂੰ ਮਾਰ ਲੈਂਦਾ ਹੈ ਤੇ ਪਾਲ ਹੱਕਾ-ਬੱਕਾ ਰਹਿ ਜਾਂਦਾ ਹੈ। ਹਾਲਾਤ ਦੀ ਤਰਾਸਦੀ ਦੇਖੋ, ਜਦ ਉਹ ਆਪਣੇ ਦੋਸਤਾਂ ਨਾਲ ਇਸ ਖੁਦਕੁਸ਼ੀ ਬਾਰੇ ਗੱਲਬਾਤ ਕਰਦਾ ਹੈ ਤਾਂ ਉਹਨਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਹੁੰਦਾ ਤੇ ਨਾ ਹੀ ਉਹ ਇਸ ਖੁਦਕੁਸ਼ੀ ਬਾਰੇ ਹੋਰ ਤੱਥ ਜਾਣਨ ਦੀ ਕੋਸ਼ਿਸ ਕਰਦੇ ਹਨ। ਇਸ ਦੇ ਨਾਲ ਹੀ ਗੋਦਾਦ ਦਰਸ਼ਕਾਂ ਲਈ ਵੀ ਇਹ ਘਟਨਾ ਬੁਝਾਰਤ ਦੇ ਰੂਪ ਵਿਚ ਛੱਡ ਦਿੰਦਾ ਹੈ ਪਰ ਸਵਾਲ ਪੈਦਾ ਹੁੰਦਾ ਹੈ ਕਿ ਆਖਿਰ ਇਹ ਕਿਹੋ ਜਿਹੇ ਸਮਾਜ ਹਨ ਜਿਹਨਾਂ ਵਿਚ ਇਨਸਾਨ ਇੰਦਾਂ ਅਣਪਛਾਤੀ ਮੌਤ ਮਰ ਜਾਂਦੇ ਹਨ। ਇਸ ਤੋਂ ਵੀ ਵੱਡਾ ਸਵਾਲ ਫਿਲਮ ਦਰਸ਼ਕਾਂ ਲਈ ਇਹ ਛੱਡ ਜਾਂਦੀ ਹੈ ਕਿ ਇਹਨਾਂ ਸਮਾਜਾਂ ਨੂੰ ਬਦਲਣ ਲਈ ਕੀ ਕੀਤਾ ਜਾ ਸਕਦਾ ਹੈ?


ਇੱਥੇ ਇੱਕ ਪਾਸੇ ਤਕਨੀਕੀ ਵਿਕਾਸ ਅਤੇ ਆਧੁਨਿਕ ਸਨਅਤੀਕਰਨ ਰਾਹੀ ਇਨਸਾਨਾਂ ਨੂੰ ਵੱਧ ਤੋਂ ਵੱਧ ਪੂੰਜੀ ਕਮਾਉਣ ਅਤੇ ਸਾਂਭਣ ਵਿਚ ਖਪਤ ਕਰਨ ਵਾਲਾ ਮੌਜੂਦਾ ਸਿਆਸੀ-ਸਮਾਜਿਕ ਪ੍ਰਬੰਧ ਹੈ ਤਾਂ ਦੂਜੇ ਪਾਸੇ ਉਹਨਾਂ ਦੀ ਮਨੁੱਖੀ ਸੰਭਾਵਨਾਵਾਂ ਅਤੇ ਸਮਰੱਥਾਵਾਂ ਵਿਗਸਣ, ਮੌਲਣ ਤੇ ਪਾਲਣ ਦੇ ਮੌਕੇ ਦੇਣ ਵਾਲਾ, ਸਾਂਝੇ ਸੋਮਿਆਂ ਤੇ ਸਾਂਝੀ ਹਸਤੀ-ਹੋਣੀ ਵਾਲਾ ਮਾਰਕਸਵਾਦੀ ਫਲਸਫਾ ਹੈ। ਗੋਦਾਦ ਦਾ ਸਿਨੇਮਾ ਅਜਿਹੇ ਦ੍ਰਿਸ਼ਾਂ ਦੀ ਨਿਰੰਤਰਤਾ ਦਾ ਸਿਨੇਮਾ ਹੈ ਜਿੱਥੇ ਇਹਨਾਂ ਦੋਵਾਂ ਪ੍ਰਬੰਧਾਂ ਦੁਆਰਾ ਘੜੇ ਇਨਸਾਨ ਇੱਕ-ਦੂਜੇ ਨਾਲ ਪਿਆਰ ਦਾ ਰਿਸ਼ਤਾ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਵਾਰ-ਵਾਰ ਅਸਫਲ ਹੋ ਰਹੇ ਹਨ। ਸਾਰੀ ਫਿਲਮ ਇਸ ਰਿਸ਼ਤੇ ਵਿਚਲੀਆਂ ਵਿਸੰਗਤੀਆਂ, ਵਿਰੋਧਾਭਾਸਾਂ ਅਤੇ ਵਿਚਾਰਧਾਰਕ ਵਿੱਥਾਂ ਦੀ ਦ੍ਰਿਸ਼ਾਵਲੀ ਹੈ।

ਪਾਲ ਅਤੇ ਮੈਡੇਲਿਨ ਦੇ ਰਿਸ਼ਤੇ ਦੇ ਚਿਤਰਨ ਰਾਹੀਂ ਗੋਦਾਦ ਫਰਾਂਸ ਦੇ ਰਵਾਇਤੀ ਮੁੱਲਾਂ ਦੇ ਆਧੁਨਿਕ ਵਿਚਾਰਧਾਰਵਾਂ ਨਾਲ ਹੁੰਦਾ ਟਕਰਾਉ ਵੀ ਚਿਤਰਦਾ ਹੈ। ਮੈਡੇਲਿਨ, ਪਾਲ ਨਾਲ ਆਪਣੇ ਰਿਸ਼ਤੇ ਸਬੰਧੀ ਸ਼ਸ਼ੋਪੰਜ ਵਿਚ ਰਹਿੰਦੀ ਹੈ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਇਹ ਰਿਸ਼ਤਾ ਟਿਕਣਾ ਨਹੀਂ। ਉਹ ਖੁਦ ਗਾਇਕਾ ਬਣਨ ਲਈ ਜੱਦੋ-ਜਹਿਦ ਕਰ ਰਹੀ ਹੈ ਤੇ ਉਸ ਨੂੰ ਪਾਲ 'ਤੇ ਇਸ ਲਈ ਵੀ ਜ਼ਿਆਦਾ ਵਿਸ਼ਵਾਸ ਨਹੀਂ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਕਿਸੇ ਲਈ ਸੰਗੀਤ ਨੂੰ ਪਿਆਰ ਕਰਨਾ ਸਮਾਜ ਨੂੰ ਪਿਆਰ ਕਰਨ ਤੋਂ ਬਿਲਕੁੱਲ ਨਿੱਜੀ ਹੋ ਸਕਦਾ ਹੈ। ਗੋਦਾਦ ਦਾ ਸਿਨੇਮਾ ਕਿਉਂਕਿ 'ਨਿੱਜੀ ਵੀ ਸਿਆਸੀ ਹੈ' ਦਾ ਸਿਨੇਮਾ ਹੈ, ਉਹ ਮੈਡੇਲਿਨ ਸਾਹਮਣੇ ਨੈਤਿਕ ਦਵੰਦ ਵਾਲੀ ਹਾਲਤ ਪੈਦਾ ਕਰ ਦਿੰਦਾ ਹੈ। ਇਸ ਕਾਰਨ ਉਹ ਲਗਾਤਾਰ ਪਾਲ ਨਾਲ ਬਹਿਸਦੀ ਰਹਿੰਦੀ ਹੈ ਤੇ ਪਾਲ ਨੂੰ ਰਿਸ਼ਤੇ ਬਾਰੇ ਭੰਬਲਭੂਸੇ ਵਿਚ ਪਾਈ ਰੱਖਦੀ ਹੈ। ਇਸ ਦਾ ਫਾਇਦਾ ਚੁੱਕਦਿਆਂ ਉਸ ਦੀ ਦੋਸਤ ਕੈਥਲੀਨ ਪਾਲ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਦੀ ਹੈ ਜਿਸ ਨੂੰ ਪਾਲ ਇਹ ਕਹਿੰਦਿਆਂ ਹੈਰਾਨ ਕਰ ਦਿੰਦਾ ਹੈ, "ਮੈਨੂੰ ਮੈਡੇਲਿਨ ਦੀ ਫਿਕਰ ਰਹਿੰਦੀ ਹੈ।"

ਪਾਲ ਖੁਦ ਵੀ ਕਈ ਤਰ੍ਹਾਂ ਦੀਆਂ ਵਿਚਾਰਧਾਰਕ ਅਤੇ ਮਾਨਸਿਕ ਦੁਚਿਤੀਆਂ 'ਚ ਘਿਰਿਆ ਹੋਇਆ ਹੈ। ਉਹ ਵੀਅਤਨਾਮ 'ਤੇ ਹਮਲੇ ਕਾਰਨ ਸਾਮਰਾਜਵਾਦੀ ਅਮਰੀਕਾ ਦਾ ਸਖਤ ਆਲੋਚਕ ਹੈ ਪਰ ਇੱਕ ਦਿਨ ਜਦ ਉਹ ਅਤੇ ਉਸ ਦੇ ਦੋਸਤ ਟਰੇਨ ਵਿਚ ਸਫਰ ਕਰ ਰਹੇ ਹੁੰਦੇ ਹਨ ਤਾਂ ਇੱਕ ਫਰੈਂਚ ਔਰਤ ਉੱਥੇ ਬੈਠੇ ਕਾਲੀ ਨਸਲ ਦੇ ਬੰਦੇ ਨੂੰ ਗਾਲਾਂ ਕੱਢਦੀ ਹੈ ਅਤੇ ਉਸ 'ਤੇ ਹਮਲਾ ਕਰ ਦਿੰਦੀ ਹੈ। ਇਸ ਘਟਨਾ 'ਤੇ ਪਾਲ ਅਤੇ ਉਸ ਦੇ ਦੋਸਤ ਚੁੱਪ ਰਹਿੰਦੇ ਹਨ। ਇਉਂ ਗੋਦਾਦ ਫਰਾਂਸੀਸੀ ਸਮਾਜ ਨੂੰ ਘੁਣ ਵਾਂਗ ਖਾ ਰਹੇ ਨਸਲਵਾਦ ਨੂੰ ਨੰਗਾ ਕਰਦਾ ਹੈ ਤੇ ਇਸ ਨੂੰ ਇੰਝ 'ਆਮ ਵਰਤਾਰਾ' ਬਣਾ ਦਿੱਤੇ ਜਾਣ 'ਤੇ ਕਟਾਕਸ਼ ਕਰਦਾ ਹੈ। ਸਮਾਜ ਦੇ ਜ਼ਿਆਦਾਤਰ ਮੈਂਬਰ ਇਸ ਬਾਰੇ ਇੰਦਾਂ ਚੁੱਪ ਧਾਰ ਲੈਂਦੇ ਹਨ ਜਿਵੇਂ ਇਹ ਕਿਸੇ ਅਣਲਿਖਤ ਕਾਨੂੰਨ ਦਾ ਹਿੱਸਾ ਹੋਵੇ। ਇਉਂ ਫਿਲਮ ਹਥਿਆਰਬੰਦ ਇਨਕਲਾਬ ਦੇ ਸਮਰਥਕਾਂ ਦੀ ਆਪਣੇ ਖੁਦ ਦੇ ਸਮਾਜਾਂ ਵਿਚ ਪਈ ਸੰਸਥਾਈ ਹਿੰਸਾ ਬਾਰੇ ਚੁੱਪ 'ਤੇ ਵੀ ਸਵਾਲ ਕਰਦੀ ਹੈ।

ਫਿਲਮ ਦੇ ਇੱਕ ਅਹਿਮ ਸੀਨ ਵਿਚ ਪਾਲ ਅਤੇ ਉਸ ਦੇ ਦੋਸਤ ਫਿਲਮਾਂ ਬਣਾਉਣ ਦੇ ਢੰਗ-ਤਰੀਕਿਆਂ ਅਤੇ ਉਹਨਾਂ ਵਿਚਲੇ ਪਿਆਰ-ਦ੍ਰਿਸ਼ਾਂ ਬਾਰੇ ਕਈ ਟਿੱਪਣੀਆਂ ਕਰਦੇ ਹਨ; ਉਹੀ ਫਰੈਂਚ ਸਮਾਜ ਜਿਹੜਾ ਆਪਣੀਆਂ ਸਰਕਾਰਾਂ ਦੁਆਰਾ ਅਲਜੀਰੀਆ ਦੇ ਲੋਕਾਂ ਦੇ ਕਤਲੇਆਮ ਅਤੇ ਉਪਨਿਵੇਸ਼ਵਾਦੀ ਨੀਤੀਆਂ ਬਾਰੇ ਕੋਈ ਆਵਾਜ਼ ਨਹੀਂ ਚੁੱਕਦਾ, ਫਿਲਮ ਦੇ ਪਿਆਰ-ਦ੍ਰਿਸ਼ਾਂ ਨੂੰ ਹਿੰਸਾਤਮਕ ਅਤੇ ਘ੍ਰਿਣਾ ਭਰਪੂਰ ਦੱਸਦਿਆਂ ਵਿਰੋਧ 'ਤੇ ਉੱਤਰ ਆਉਂਦਾ ਹੈ। ਫਿਲਮ ਵਿਚ ਅਜਿਹੇ ਸਿਆਸੀ ਦ੍ਰਿਸ਼ਾਂ ਅਤੇ ਤਸਵੀਰਾਂ ਦੀ ਭਰਮਾਰ ਹੈ ਜਿਸ ਦੀ ਵਿਆਖਿਆ ਗੋਦਾਦ ਨੂੰ ਬੌਧਿਕ ਫਿਲਮਸਾਜ਼ ਵਜੋਂ ਸਥਾਪਿਤ ਕਰਦੀ ਹੈ।

ਫਿਲਮ ਦੇ ਨਾਮ 'ਮਾਸਕੁਲਿਨ ਫੈਮਿਨਿਨ' ਰਾਹੀਂ ਵੀ ਗੋਦਾਦ ਫਿਲਮਾਂ ਜਾਂ ਕਿਤਾਬਾਂ ਨੂੰ ਨਾਮ ਤੋਂ ਸਮਝਣ ਦੀ ਧਾਰਨਾ ਪਲਟਾ ਦਿੰਦਾ ਹੈ। ਫਿਲਮ ਲਿੰਗ ਵਰਤਾਰੇ ਜਾਂ ਲਿੰਗਕ ਸਿਆਸਤ ਨਾਲ ਸਬੰਧਿਤ ਨਹੀਂ। ਗੋਦਾਦ ਇਸ ਫਿਲਮ ਦੇ ਅੰਤ 'ਤੇ ਪਾਲ ਦੀ ਮੌਤ ਦਾ ਦ੍ਰਿਸ਼ ਸਿਰਜਦਾ ਹੈ ਜਿਹੜਾ ਬਿਲਕੁੱਲ ਪਾਲ ਦੇ ਸਾਹਮਣੇ ਖੁਦਕੁਸ਼ੀ ਕਰ ਗਏ ਅਜਨਬੀ ਦੀ ਮੌਤ ਦੇ ਦ੍ਰਿਸ਼ ਵਰਗਾ ਹੈ। ਗੋਦਾਦ ਮੁਤਾਬਿਕ ਜਿਹੜੇ ਸਮਾਜ ਸਨਅਤੀਕਰਨ ਅਤੇ ਸ਼ਹਿਰੀਕਰਨ ਦੇ ਆਧੁਨਿਕ ਦੌਰਾਂ ਵਿਚੋਂ ਗੁਜ਼ਰ ਰਹੇ ਹੁੰਦੇ ਹਨ, ਉਹਨਾਂ ਵਿਚ ਮੌਤ ਮਹਿਜ਼ ਖਬਰ, ਸੰਵਾਦ ਜਾਂ ਘਟਨਾ ਤੋਂ ਵੱਧ ਕੁਝ ਨਹੀਂ ਰਹਿੰਦੀ ਭਾਵੇਂ ਮਰਨ ਵਾਲਾ ਬੰਦਾ ਪਾਲ ਵਾਂਗ ਚੇਤੰਨ, ਸਿਆਸੀ ਅਤੇ ਬੌਧਿਕ ਹੀ ਕਿਉਂ ਨਾ ਹੋਵੇ!



*ਫਿਲਮ 'ਮਾਸਕੁਲਿਨ ਫੈਮਿਨਿਨ' ਦੀ ਇਕ ਹੋਰ ਝਲਕ।*

# Reliable

*Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**